ੴ

# Siri Guru Granth Sahib Ji

## Volume 5 of 5

Siri Guru Granth Sahib Ang: 1144-1430
Volume Pages: 2974-3714

With English translation
by Dr. Sant Singh Khalsa

Edition: 2.5, November 2015
© 2015 SikhNet Inc. and Dr. Sant Singh Khalsa

SikhNet
1A Ram Das Guru Pl.
Espanola, NM, 87532
United States

www.SikhNet.com
support@sikhnet.com

| | |
|---|---|
| ਭੈਰਉ ਮਹਲਾ ੫ ॥ | Bhairao, Fifth Mehl: |
| ਨਾਮੁ ਹਮਾਰੈ ਅੰਤਰਜਾਮੀ ॥ | The Naam, the Name of the Lord, is the Inner-knower of my heart. |
| ਨਾਮੁ ਹਮਾਰੈ ਆਵੈ ਕਾਮੀ ॥ | The Naam is so useful to me. |
| ਰੋਮਿ ਰੋਮਿ ਰਵਿਆ ਹਰਿ ਨਾਮੁ ॥ | The Lord's Name permeates each and every hair of mine. |
| ਸਤਿਗੁਰ ਪੂਰੈ ਕੀਨੋ ਦਾਨੁ ॥੧॥ | The Perfect True Guru has given me this gift. ‖1‖ |
| ਨਾਮੁ ਰਤਨੁ ਮੇਰੈ ਭੰਡਾਰ ॥ | The Jewel of the Naam is my treasure. |
| ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥ | It is inaccessible, priceless, infinite and incomparable. ‖1‖Pause‖ |
| ਨਾਮੁ ਹਮਾਰੈ ਨਿਹਚਲ ਧਨੀ ॥ | The Naam is my unmoving, unchanging Lord and Master. |
| ਨਾਮ ਕੀ ਮਹਿਮਾ ਸਭ ਮਹਿ ਬਨੀ ॥ | The glory of the Naam spreads over the whole world. |
| ਨਾਮੁ ਹਮਾਰੈ ਪੂਰਾ ਸਾਹੁ ॥ | The Naam is my perfect master of wealth. |
| ਨਾਮੁ ਹਮਾਰੈ ਬੇਪਰਵਾਹੁ ॥੨॥ | The Naam is my independence. ‖2‖ |
| ਨਾਮੁ ਹਮਾਰੈ ਭੋਜਨ ਭਾਉ ॥ | The Naam is my food and love. |
| ਨਾਮੁ ਹਮਾਰੈ ਮਨ ਕਾ ਸੁਆਉ ॥ | The Naam is the objective of my mind. |
| ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ | By the Grace of the Saints, I never forget the Naam. |
| ਨਾਮੁ ਲੈਤ ਅਨਹਦ ਪੂਰੇ ਨਾਦ ॥੩॥ | Repeating the Naam, the Unstruck Sound-current of the Naad resounds. ‖3‖ |
| ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥ | By God's Grace, I have obtained the nine treasures of the Naam. |
| ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥ | By Guru's Grace, I am tuned in to the Naam. |
| ਧਨਵੰਤੇ ਸੇਈ ਪਰਧਾਨ ॥ | They alone are wealthy and supreme, |
| ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥ | O Nanak, who have the treasure of the Naam. ‖4‖17‖30‖ |
| ਭੈਰਉ ਮਹਲਾ ੫ ॥ | Bhairao, Fifth Mehl: |
| ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ | You are my Father, and You are my Mother. |
| ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥ | You are my Soul, my Breath of Life, the Giver of Peace. |
| ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ | You are my Lord and Master; I am Your slave. |

| | |
|---|---|
| ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥੧॥ | Without You, I have no one at all. ‖1‖ |
| ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ | Please bless me with Your Mercy, God, and give me this gift, |
| ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥੧॥ ਰਹਾਉ ॥ | that I may sing Your Praises, day and night. ‖1‖Pause‖ |
| ਹਮ ਤੇਰੇ ਜੰਤ ਤੂ ਬਜਾਵਨਹਾਰਾ ॥ | I am Your musical instrument, and You are the Musician. |
| ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥ | I am Your beggar; please bless me with Your charity, O Great Giver. |
| ਤਉ ਪਰਸਾਦਿ ਰੰਗ ਰਸ ਮਾਣੇ ॥ | By Your Grace, I enjoy love and pleasures. |
| ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥ | You are deep within each and every heart. ‖2‖ |
| ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥ | By Your Grace, I chant the Name. |
| ਸਾਧਸੰਗਿ ਤੁਮਰੇ ਗੁਣ ਗਾਉ ॥ | In the Saadh Sangat, the Company of the Holy, I sing Your Glorious Praises. |
| ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥ | In Your Mercy, You take away our pains. |
| ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥ | By Your Mercy, the heart-lotus blossoms forth. ‖3‖ |
| ਹਉ ਬਲਿਹਾਰਿ ਜਾਉ ਗੁਰਦੇਵ ॥ | I am a sacrifice to the Divine Guru. |
| ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥ | The Blessed Vision of His Darshan is fruitful and rewarding; His service is immaculate and pure. |
| ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ | Be Merciful to me, O my Lord God and Master, |
| ਗੁਣ ਗਾਵੈ ਨਾਨਕੁ ਨਿਤ ਤੇਰੇ ॥੪॥੧੮॥੩੧॥ | that Nanak may continually sing Your Glorious Praises. ‖4‖18‖31‖ |
| ਭੈਰਉ ਮਹਲਾ ੫ ॥ | Bhairao, Fifth Mehl: |
| ਸਭ ਤੇ ਊਚ ਜਾ ਕਾ ਦਰਬਾਰੁ ॥ | His Regal Court is the highest of all. |
| ਸਦਾ ਸਦਾ ਤਾ ਕਉ ਜੋਹਾਰੁ ॥ | I humbly bow to Him, forever and ever. |
| ਊਚੇ ਤੇ ਊਚਾ ਜਾ ਕਾ ਥਾਨ ॥ | His place is the highest of the high. |
| ਕੋਟਿ ਅਘਾ ਮਿਟਹਿ ਹਰਿ ਨਾਮ ॥੧॥ | Millions of sins are erased by the Name of the Lord. ‖1‖ |

| | |
|---|---|
| ਤਿਸੁ ਸਰਣਾਈ ਸਦਾ ਸੁਖੁ ਹੋਇ ॥ | In His Sanctuary, we find eternal peace. |
| ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥ | He Mercifully unites us with Himself. ‖1‖Pause‖ |
| ਜਾ ਕੇ ਕਰਤਬ ਲਖੇ ਨ ਜਾਹਿ ॥ | His wondrous actions cannot even be described. |
| ਜਾ ਕਾ ਭਰਵਾਸਾ ਸਭ ਘਟ ਮਾਹਿ ॥ | All hearts rest their faith and hope in Him. |
| ਪ੍ਰਗਟ ਭਇਆ ਸਾਧੂ ਕੈ ਸੰਗਿ ॥ | He is manifest in the Saadh Sangat, the Company of the Holy. |
| ਭਗਤ ਅਰਾਧਹਿ ਅਨਦਿਨੁ ਰੰਗਿ ॥੨॥ | The devotees lovingly worship and adore Him night and day. ‖2‖ |
| ਦੇਦੇ ਤੋਟਿ ਨਹੀ ਭੰਡਾਰ ॥ | He gives, but His treasures are never exhausted. |
| ਖਿਨ ਮਹਿ ਥਾਪਿ ਉਥਾਪਨਹਾਰ ॥ | In an instant, He establishes and disestablishes. |
| ਜਾ ਕਾ ਹੁਕਮੁ ਨ ਮੇਟੈ ਕੋਇ ॥ | No one can erase the Hukam of His Command. |
| ਸਿਰਿ ਪਾਤਿਸਾਹਾ ਸਾਚਾ ਸੋਇ ॥੩॥ | The True Lord is above the heads of kings. ‖3‖ |
| ਜਿਸ ਕੀ ਓਟ ਤਿਸੈ ਕੀ ਆਸਾ ॥ | He is my Anchor and Support; I place my hopes in Him. |

## ੧੧੪੫ — 1145

| | |
|---|---|
| ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥ | I place my pain and pleasure before Him. |
| ਰਾਖਿ ਲੀਨੋ ਸਭੁ ਜਨ ਕਾ ਪੜਦਾ ॥ | He covers the faults of His humble servant. |
| ਨਾਨਕੁ ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥ | Nanak sings His Praises. ‖4‖19‖32‖ |

### ਭੈਰਉ ਮਹਲਾ ੫ ॥ — Bhairao, Fifth Mehl:

| | |
|---|---|
| ਰੋਵਨਹਾਰੀ ਰੋਜੁ ਬਨਾਇਆ ॥ | The whiner whines every day. |
| ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥ | His attachment to his household and entanglements cloud his mind. |
| ਬੂਝਿ ਬੈਰਾਗੁ ਕਰੇ ਜੇ ਕੋਇ ॥ | If someone becomes detached through understanding, |
| ਜਨਮ ਮਰਣ ਫਿਰਿ ਸੋਗੁ ਨ ਹੋਇ ॥੧॥ | he will not have to suffer in birth and death again. ‖1‖ |
| ਬਿਖਿਆ ਕਾ ਸਭੁ ਧੰਧੁ ਪਸਾਰੁ ॥ | All of his conflicts are extensions of his corruption. |

| | |
|---|---|
| ਵਿਰਲੈ ਕੀਨੋ ਨਾਮ ਅਧਾਰੁ ॥੧॥ ਰਹਾਉ ॥ | How rare is that person who takes the Naam as his Support. \|\|1\|\|Pause\|\| |
| ਤ੍ਰਿਬਿਧਿ ਮਾਇਆ ਰਹੀ ਬਿਆਪਿ ॥ | The three-phased Maya infects all. |
| ਜੋ ਲਪਟਾਨੋ ਤਿਸੁ ਦੂਖ ਸੰਤਾਪ ॥ | Whoever clings to it suffers pain and sorrow. |
| ਸੁਖੁ ਨਾਹੀ ਬਿਨੁ ਨਾਮ ਧਿਆਏ ॥ | There is no peace without meditating on the Naam, the Name of the Lord. |
| ਨਾਮ ਨਿਧਾਨੁ ਬਡਭਾਗੀ ਪਾਏ ॥੨॥ | By great good fortune, the treasure of the Naam is received. \|\|2\|\| |
| ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥ | One who loves the actor in his mind, |
| ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥ | later regrets it when the actor takes off his costume. |
| ਮੇਘ ਕੀ ਛਾਇਆ ਜੈਸੇ ਬਰਤਨਹਾਰ ॥ | The shade from a cloud is transitory, |
| ਤੈਸੋ ਪਰਪੰਚੁ ਮੋਹ ਬਿਕਾਰ ॥੩॥ | like the worldly paraphernalia of attachment and corruption. \|\|3\|\| |
| ਏਕ ਵਸਤੁ ਜੇ ਪਾਵੈ ਕੋਇ ॥ | If someone is blessed with the singular substance, |
| ਪੂਰਨ ਕਾਜੁ ਤਾਹੀ ਕਾ ਹੋਇ ॥ | then all of his tasks are accomplished to perfection. |
| ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ | One who obtains the Naam, by Guru's Grace |
| ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥ | - O Nanak, his coming into the world is certified and approved. \|\|4\|\|20\|\|33\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਸੰਤ ਕੀ ਨਿੰਦਾ ਜੋਨੀ ਭਵਨਾ ॥ | Slandering the Saints, the mortal wanders in reincarnation. |
| ਸੰਤ ਕੀ ਨਿੰਦਾ ਰੋਗੀ ਕਰਨਾ ॥ | Slandering the Saints, he is diseased. |
| ਸੰਤ ਕੀ ਨਿੰਦਾ ਦੂਖ ਸਹਾਮ ॥ | Slandering the Saints, he suffers in pain. |
| ਡਾਨੁ ਦੈਤ ਨਿੰਦਕ ਕਉ ਜਾਮ ॥੧॥ | The slanderer is punished by the Messenger of Death. \|\|1\|\| |
| ਸੰਤਸੰਗਿ ਕਰਹਿ ਜੋ ਬਾਦੁ ॥ | Those who argue and fight with the Saints |
| ਤਿਨ ਨਿੰਦਕ ਨਾਹੀ ਕਿਛੁ ਸਾਦੁ ॥੧॥ ਰਹਾਉ ॥ | - those slanderers find no happiness at all. \|\|1\|\|Pause\|\| |
| ਭਗਤ ਕੀ ਨਿੰਦਾ ਕੰਧੁ ਛੇਦਾਵੈ ॥ | Slandering the devotees, the wall of the mortal's body is shattered. |

| | |
|---|---|
| ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥ | Slandering the devotees, he suffers in hell. |
| ਭਗਤ ਕੀ ਨਿੰਦਾ ਗਰਭ ਮਹਿ ਗਲੈ ॥ | Slandering the devotees, he rots in the womb. |
| ਭਗਤ ਕੀ ਨਿੰਦਾ ਰਾਜ ਤੇ ਟਲੈ ॥੨॥ | Slandering the devotees, he loses his realm and power. \|\|2\|\| |
| ਨਿੰਦਕ ਕੀ ਗਤਿ ਕਤਹੂ ਨਾਹਿ ॥ | The slanderer finds no salvation at all. |
| ਆਪਿ ਬੀਜਿ ਆਪੇ ਹੀ ਖਾਹਿ ॥ | He eats only that which he himself has planted. |
| ਚੋਰ ਜਾਰ ਜੂਆਰ ਤੇ ਬੁਰਾ ॥ | He is worse than a thief, a lecher, or a gambler. |
| ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥ | The slanderer places an unbearable burden upon his head. \|\|3\|\| |
| ਪਾਰਬ੍ਰਹਮ ਕੇ ਭਗਤ ਨਿਰਵੈਰ ॥ | The devotees of the Supreme Lord God are beyond hate and vengeance. |
| ਸੋ ਨਿਸਤਰੈ ਜੋ ਪੂਜੈ ਪੈਰ ॥ | Whoever worships their feet is emancipated. |
| ਆਦਿ ਪੁਰਖਿ ਨਿੰਦਕੁ ਭੋਲਾਇਆ ॥ | The Primal Lord God has deluded and confused the slanderer. |
| ਨਾਨਕ ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥ | O Nanak, the record of one's past actions cannot be erased. \|\|4\|\|21\|\|34\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਨਾਮੁ ਹਮਾਰੈ ਬੇਦ ਅਰੁ ਨਾਦ ॥ | The Naam, the Name of the Lord, is for me the Vedas and the Sound-current of the Naad. |
| ਨਾਮੁ ਹਮਾਰੈ ਪੂਰੇ ਕਾਜ ॥ | Through the Naam, my tasks are perfectly accomplished. |
| ਨਾਮੁ ਹਮਾਰੈ ਪੂਜਾ ਦੇਵ ॥ | The Naam is my worship of deities. |
| ਨਾਮੁ ਹਮਾਰੈ ਗੁਰ ਕੀ ਸੇਵ ॥੧॥ | The Naam is my service to the Guru. \|\|1\|\| |
| ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ | The Perfect Guru has implanted the Naam within me. |
| ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ ॥ | The highest task of all is the Name of the Lord, Har, Har. \|\|1\|\|Pause\|\| |
| ਨਾਮੁ ਹਮਾਰੈ ਮਜਨ ਇਸਨਾਨੁ ॥ | The Naam is my cleansing bath and purification. |
| ਨਾਮੁ ਹਮਾਰੈ ਪੂਰਨ ਦਾਨੁ ॥ | The Naam is my perfect donation of charity. |
| ਨਾਮੁ ਲੈਤ ਤੇ ਸਗਲ ਪਵੀਤ ॥ | Those who repeat the Naam are totally purified. |
| ਨਾਮੁ ਜਪਤ ਮੇਰੇ ਭਾਈ ਮੀਤ ॥੨॥ | Those who chant the Naam are my friends and Siblings of Destiny. \|\|2\|\| |

| | |
|---|---|
| ਨਾਮੁ ਹਮਾਰੈ ਸਉਣ ਸੰਜੋਗ ॥ | The Naam is my auspicious omen and good fortune. |
| ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥ | The Naam is the sublime food which satisfies me. |
| ਨਾਮੁ ਹਮਾਰੈ ਸਗਲ ਆਚਾਰ ॥ | The Naam is my good conduct. |
| ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥ | The Naam is my immaculate occupation. \|\|3\|\| |
| ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ | All those humble beings whose minds are filled with the One God |
| ਸਗਲ ਜਨਾ ਕੀ ਹਰਿ ਹਰਿ ਟੇਕ ॥ | have the Support of the Lord, Har, Har. |
| ਮਨਿ ਤਨਿ ਨਾਨਕ ਹਰਿ ਗੁਣ ਗਾਉ ॥ | O Nanak, sing the Glorious Praises of the Lord with your mind and body. |
| ਸਾਧਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥ | In the Saadh Sangat, the Company of the Holy, the Lord bestows His Name. \|\|4\|\|22\|\|35\|\| |

## ੧੧੪੬ — 1146

| | |
|---|---|
| ਭੈਰਉ ਮਹਲਾ ੫ ॥ | Bhairao, Fifth Mehl: |
| ਨਿਰਧਨ ਕਉ ਤੁਮ ਦੇਵਹੁ ਧਨਾ ॥ | You bless the poor with wealth, O Lord. |
| ਅਨਿਕ ਪਾਪ ਜਾਹਿ ਨਿਰਮਲ ਮਨਾ ॥ | Countless sins are taken away, and the mind becomes immaculate and pure. |
| ਸਗਲ ਮਨੋਰਥ ਪੂਰਨ ਕਾਮ ॥ | All the mind's desires are fulfilled, and one's tasks are perfectly accomplished. |
| ਭਗਤ ਅਪੁਨੇ ਕਉ ਦੇਵਹੁ ਨਾਮ ॥੧॥ | You bestow Your Name upon Your devotee. \|\|1\|\| |
| ਸਫਲ ਸੇਵਾ ਗੋਪਾਲ ਰਾਇ ॥ | Service to the Lord, our Sovereign King, is fruitful and rewarding. |
| ਕਰਨ ਕਰਾਵਨਹਾਰ ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ ॥੧॥ ਰਹਾਉ ॥ | Our Lord and Master is the Creator, the Cause of causes; no one is turned away from His Door empty-handed. \|\|1\|\|Pause\|\| |
| ਰੋਗੀ ਕਾ ਪ੍ਰਭ ਖੰਡਹੁ ਰੋਗੁ ॥ | God eradicates the disease from the diseased person. |
| ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥ | God takes away the sorrows of the suffering. |
| ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥ | And those who have no place at all - You seat them upon the place. |
| ਦਾਸ ਅਪਨੇ ਕਉ ਭਗਤੀ ਲਾਵਹੁ ॥੨॥ | You link Your slave to devotional worship. \|\|2\|\| |
| ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥ | God bestows honor on the dishonored. |

| | |
|---|---|
| ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥ | He makes the foolish and ignorant become clever and wise. |
| ਸਗਲ ਭਇਆਨ ਕਾ ਭਉ ਨਸੈ ॥ | The fear of all fear disappears. |
| ਜਨ ਅਪਨੇ ਕੈ ਹਰਿ ਮਨਿ ਬਸੈ ॥੩॥ | The Lord dwells within the mind of His humble servant. \|\|3\|\| |
| ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ | The Supreme Lord God is the Treasure of Peace. |
| ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥ | The Ambrosial Name of the Lord is the essence of reality. |
| ਕਰਿ ਕਿਰਪਾ ਸੰਤ ਟਹਲੈ ਲਾਏ ॥ | Granting His Grace, He enjoins the mortals to serve the Saints. |
| ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥ | O Nanak, such a person merges in the Saadh Sangat, the Company of the Holy. \|\|4\|\|23\|\|36\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਸੰਤ ਮੰਡਲ ਮਹਿ ਹਰਿ ਮਨਿ ਵਸੈ ॥ | In the Realm of the Saints, the Lord dwells in the mind. |
| ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥ | In the Realm of the Saints, all sins run away. |
| ਸੰਤ ਮੰਡਲ ਮਹਿ ਨਿਰਮਲ ਰੀਤਿ ॥ | In the Realm of the Saints, one's lifestyle is immaculate. |
| ਸੰਤਸੰਗਿ ਹੋਇ ਏਕ ਪਰੀਤਿ ॥੧॥ | In the Society of the Saints, one comes to love the One Lord. \|\|1\|\| |
| ਸੰਤ ਮੰਡਲੁ ਤਹਾ ਕਾ ਨਾਉ ॥ | That alone is called the Realm of the Saints, |
| ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥ | where only the Glorious Praises of the Supreme Lord God are sung. \|\|1\|\|Pause\|\| |
| ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥ | In the Realm of the Saints, birth and death are ended. |
| ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥ | In the Realm of the Saints, the Messenger of Death cannot touch the mortal. |
| ਸੰਤਸੰਗਿ ਹੋਇ ਨਿਰਮਲ ਬਾਣੀ ॥ | In the Society of the Saints, one's speech becomes immaculate |
| ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥ | In the realm of the saints, the Lord's Name is chanted. \|\|2\|\| |
| ਸੰਤ ਮੰਡਲ ਕਾ ਨਿਹਚਲ ਆਸਨੁ ॥ | The Realm of the Saints is the eternal, ever-stable place. |
| ਸੰਤ ਮੰਡਲ ਮਹਿ ਪਾਪ ਬਿਨਾਸਨੁ ॥ | In the Realm of the Saints, sins are destroyed. |
| ਸੰਤ ਮੰਡਲ ਮਹਿ ਨਿਰਮਲ ਕਥਾ ॥ | In the Realm of the Saints, the immaculate sermon is spoken. |
| ਸੰਤਸੰਗਿ ਹਉਮੈ ਦੁਖ ਨਸਾ ॥੩॥ | In the Society of the Saints, the pain of egotism runs away. \|\|3\|\| |

| | |
|---|---|
| ਸੰਤ ਮੰਡਲ ਕਾ ਨਹੀ ਬਿਨਾਸੁ ॥ | The Realm of the Saints cannot be destroyed. |
| ਸੰਤ ਮੰਡਲ ਮਹਿ ਹਰਿ ਗੁਣਤਾਸੁ ॥ | In the Realm of the Saints, is the Lord, the Treasure of Virtue. |
| ਸੰਤ ਮੰਡਲ ਠਾਕੁਰ ਬਿਸ੍ਰਾਮੁ ॥ | The Realm of the Saints is the resting place of our Lord and Master. |
| ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥ | O Nanak, He is woven into the fabric of His devotees, through and through. \|\|4\|\|24\|\|37\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਰੋਗੁ ਕਵਨੁ ਜਾਂ ਰਾਖੈ ਆਪਿ ॥ | Why worry about disease, when the Lord Himself protects us? |
| ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥ | That person whom the Lord protects, does not suffer pain and sorrow. |
| ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥ | That person, upon whom God showers His Mercy |
| ਤਿਸੁ ਊਪਰ ਤੇ ਕਾਲੁ ਪਰਹਰੈ ॥੧॥ | - Death hovering above him is turned away. \|\|1\|\| |
| ਸਦਾ ਸਖਾਈ ਹਰਿ ਹਰਿ ਨਾਮੁ ॥ | The Name of the Lord, Har, Har, is forever our Help and Support. |
| ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੈ ਜਾਮੁ ॥੧॥ ਰਹਾਉ ॥ | When He comes to mind, the mortal finds lasting peace, and the Messenger of Death cannot even approach him. \|\|1\|\|Pause\|\| |
| ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥ | When this being did not exist, who created him then? |
| ਕਵਨ ਮੂਲ ਤੇ ਕਿਆ ਪ੍ਰਗਟਾਇਆ ॥ | What has been produced from the source? |
| ਆਪਹਿ ਮਾਰਿ ਆਪਿ ਜੀਵਾਲੈ ॥ | He Himself kills, and He Himself rejuvenates. |
| ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥੨॥ | He cherishes His devotees forever. \|\|2\|\| |
| ਸਭ ਕਿਛੁ ਜਾਣਹੁ ਤਿਸ ਕੈ ਹਾਥ ॥ | Know that everything is in His Hands. |
| ਪ੍ਰਭੁ ਮੇਰੋ ਅਨਾਥ ਕੋ ਨਾਥ ॥ | My God is the Master of the masterless. |
| ਦੁਖ ਭੰਜਨੁ ਤਾ ਕਾ ਹੈ ਨਾਉ ॥ | His Name is the Destroyer of pain. |
| ਸੁਖ ਪਾਵਹਿ ਤਿਸ ਕੇ ਗੁਣ ਗਾਉ ॥੩॥ | Singing His Glorious Praises, you shall find peace. \|\|3\|\| |
| ਸੁਣਿ ਸੁਆਮੀ ਸੰਤਨ ਅਰਦਾਸਿ ॥ | O my Lord and Master, please listen to the prayer of Your Saint. |

| | |
|---|---|
| ਜੀਉ ਪ੍ਰਾਨ ਧਨੁ ਤੁਮ੍ਰੈ ਪਾਸਿ ॥ | I place my soul, my breath of life and wealth before You. |
| ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥ | All this world is Yours; it meditates on You. |
| **੧੧੪੭** | **1147** |
| ਕਰਿ ਕਿਰਪਾ ਨਾਨਕ ਸੁਖੁ ਪਾਏ ॥੪॥੨੫॥੩੮॥ | Please shower Nanak with Your Mercy and bless him with peace. \|\|4\|\|25\|\|38\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਤੇਰੀ ਟੇਕ ਰਹਾ ਕਲਿ ਮਾਹਿ ॥ | With Your Support, I survive in the Dark Age of Kali Yuga. |
| ਤੇਰੀ ਟੇਕ ਤੇਰੇ ਗੁਣ ਗਾਹਿ ॥ | With Your Support, I sing Your Glorious Praises. |
| ਤੇਰੀ ਟੇਕ ਨ ਪੋਹੈ ਕਾਲੁ ॥ | With Your Support, death cannot even touch me. |
| ਤੇਰੀ ਟੇਕ ਬਿਨਸੈ ਜੰਜਾਲੁ ॥੧॥ | With Your Support, my entanglements vanish. \|\|1\|\| |
| ਦੀਨ ਦੁਨੀਆ ਤੇਰੀ ਟੇਕ ॥ | In this world and the next, I have Your Support. |
| ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥ | The One Lord, our Lord and Master, is all-pervading. \|\|1\|\|Pause\|\| |
| ਤੇਰੀ ਟੇਕ ਕਰਉ ਆਨੰਦ ॥ | With Your Support, I celebrate blissfully. |
| ਤੇਰੀ ਟੇਕ ਜਪਉ ਗੁਰ ਮੰਤ ॥ | With Your Support, I chant the Guru's Mantra. |
| ਤੇਰੀ ਟੇਕ ਤਰੀਐ ਭਉ ਸਾਗਰੁ ॥ | With Your Support, I cross over the terrifying world-ocean. |
| ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥ | The Perfect Lord, our Protector and Savior, is the Ocean of Peace. \|\|2\|\| |
| ਤੇਰੀ ਟੇਕ ਨਾਹੀ ਭਉ ਕੋਇ ॥ | With Your Support, I have no fear. |
| ਅੰਤਰਜਾਮੀ ਸਾਚਾ ਸੋਇ ॥ | The True Lord is the Inner-knower, the Searcher of hearts. |
| ਤੇਰੀ ਟੇਕ ਤੇਰਾ ਮਨਿ ਤਾਣੁ ॥ | With Your Support, my mind is filled with Your Power. |
| ਈਹਾਂ ਊਹਾਂ ਤੂ ਦੀਬਾਣੁ ॥੩॥ | Here and there, You are my Court of Appeal. \|\|3\|\| |
| ਤੇਰੀ ਟੇਕ ਤੇਰਾ ਭਰਵਾਸਾ ॥ | I take Your Support, and place my faith in You. |
| ਸਗਲ ਧਿਆਵਹਿ ਪ੍ਰਭ ਗੁਣਤਾਸਾ ॥ | All meditate on God, the Treasure of Virtue. |
| ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥ | Chanting and meditating on You, Your slaves celebrate in bliss. |

| | |
|---|---|
| ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੬॥੩੯॥ | Nanak meditates in remembrance on the True Lord, the Treasure of Virtue. \|\|4\|\|26\|\|39\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਪ੍ਰਥਮੇ ਛੋਡੀ ਪਰਾਈ ਨਿੰਦਾ ॥ | First, I gave up slandering others. |
| ਉਤਰਿ ਗਈ ਸਭ ਮਨ ਕੀ ਚਿੰਦਾ ॥ | All the anxiety of my mind was dispelled. |
| ਲੋਭੁ ਮੋਹੁ ਸਭੁ ਕੀਨੋ ਦੂਰਿ ॥ | Greed and attachment were totally banished. |
| ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ | I see God ever-present, close at hand; I have become a great devotee. \|\|1\|\| |
| ਐਸੋ ਤਿਆਗੀ ਵਿਰਲਾ ਕੋਇ ॥ | Such a renunciate is very rare. |
| ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ | Such a humble servant chants the Name of the Lord, Har, Har. \|\|1\|\|Pause\|\| |
| ਅਹੰਬੁਧਿ ਕਾ ਛੋਡਿਆ ਸੰਗੁ ॥ | I have forsaken my egotistical intellect. |
| ਕਾਮ ਕ੍ਰੋਧ ਕਾ ਉਤਰਿਆ ਰੰਗੁ ॥ | The love of sexual desire and anger has vanished. |
| ਨਾਮ ਧਿਆਏ ਹਰਿ ਹਰਿ ਹਰੇ ॥ | I meditate on the Naam, the Name of the Lord, Har, Har. |
| ਸਾਧ ਜਨਾ ਕੈ ਸੰਗਿ ਨਿਸਤਰੇ ॥੨॥ | In the Company of the Holy, I am emancipated. \|\|2\|\| |
| ਬੈਰੀ ਮੀਤ ਹੋਏ ਸੰਮਾਨ ॥ | Enemy and friend are all the same to me. |
| ਸਰਬ ਮਹਿ ਪੂਰਨ ਭਗਵਾਨ ॥ | The Perfect Lord God is permeating all. |
| ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ | Accepting the Will of God, I have found peace. |
| ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ | The Perfect Guru has implanted the Name of the Lord within me. \|\|3\|\| |
| ਕਰਿ ਕਿਰਪਾ ਜਿਸੁ ਰਾਖੈ ਆਪਿ ॥ | That person, whom the Lord, in His Mercy, saves |
| ਸੋਈ ਭਗਤੁ ਜਪੈ ਨਾਮ ਜਾਪ ॥ | that devotee chants and meditates on the Naam. |
| ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ | That person, whose mind is illumined, and who obtains understanding through the Guru |
| ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥ | - says Nanak, he is totally fulfilled. \|\|4\|\|27\|\|40\|\| |

| | |
|---|---|
| ਭੈਰਉ ਮਹਲਾ ੫ ॥ | Bhairao, Fifth Mehl: |
| ਸੁਖੁ ਨਾਹੀ ਬਹੁਤੈ ਧਨਿ ਖਾਟੇ ॥ | There is no peace in earning lots of money. |
| ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥ | There is no peace in watching dances and plays. |
| ਸੁਖੁ ਨਾਹੀ ਬਹੁ ਦੇਸ ਕਮਾਏ ॥ | There is no peace in conquering lots of countries. |
| ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥ | All peace comes from singing the Glorious Praises of the Lord, Har, Har. \|\|1\|\| |
| ਸੂਖ ਸਹਜ ਆਨੰਦ ਲਹਹੁ ॥ | You shall obtain peace, poise and bliss, |
| ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ ਰਹਾਉ ॥ | when you find the Saadh Sangat, the Company of the Holy, by great good fortune. As Gurmukh, utter the Name of the Lord, Har, Har. \|\|1\|\|Pause\|\| |
| ਬੰਧਨ ਮਾਤ ਪਿਤਾ ਸੁਤ ਬਨਿਤਾ ॥ | Mother, father, children and spouse - all place the mortal in bondage. |
| ਬੰਧਨ ਕਰਮ ਧਰਮ ਹਉ ਕਰਤਾ ॥ | Religious rituals and actions done in ego place the mortal in bondage. |
| ਬੰਧਨ ਕਾਟਨਹਾਰੁ ਮਨਿ ਵਸੈ ॥ | If the Lord, the Shatterer of bonds, abides in the mind, |
| ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥ | then peace is obtained, dwelling in the home of the self deep within. \|\|2\|\| |
| ਸਭਿ ਜਾਚਿਕ ਪ੍ਰਭ ਦੇਵਨਹਾਰ ॥ | Everyone is a beggar; God is the Great Giver. |
| ਗੁਣ ਨਿਧਾਨ ਬੇਅੰਤ ਅਪਾਰ ॥ | The Treasure of Virtue is the Infinite, Endless Lord. |
| ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥ | That person, unto whom God grants His Mercy |
| ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥੩॥ | - that humble being chants the Name of the Lord, Har, Har. \|\|3\|\| |
| ਗੁਰ ਅਪਨੇ ਆਗੈ ਅਰਦਾਸਿ ॥ | I offer my prayer to my Guru. |
| ਕਰਿ ਕਿਰਪਾ ਪੁਰਖ ਗੁਣਤਾਸਿ ॥ | O Primal Lord God, Treasure of Virtue, please bless me with Your Grace. |
| ਕਹੁ ਨਾਨਕ ਤੁਮਰੀ ਸਰਣਾਈ ॥ | Says Nanak, I have come to Your Sanctuary. |
| ਜਿਉ ਭਾਵੈ ਤਿਉ ਰਖਹੁ ਗੁਸਾਈ ॥੪॥੨੮॥੪੧॥ | If it pleases You, please protect me, O Lord of the World. \|\|4\|\|28\|\|41\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਗੁਰ ਮਿਲਿ ਤਿਆਗਿਓ ਦੂਜਾ ਭਾਉ ॥ | Meeting with the Guru, I have forsaken the love of duality. |

| ੧੧੪੮ | 1148 |
|---|---|
| ਗੁਰਮੁਖਿ ਜਪਿਓ ਹਰਿ ਕਾ ਨਾਉ ॥ | As Gurmukh, I chant the Name of the Lord. |
| ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ | My anxiety is gone, and I am in love with the Naam, the Name of the Lord. |
| ਜਨਮ ਜਨਮ ਕਾ ਸੋਇਆ ਜਾਗਾ ॥੧॥ | I was asleep for countless lifetimes, but I have now awakened. \|\|1\|\| |
| ਕਰਿ ਕਿਰਪਾ ਅਪਨੀ ਸੇਵਾ ਲਾਏ ॥ | Granting His Grace, He has linked me to His service. |
| ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥ | In the Saadh Sangat, the Company of the Holy, all pleasures are found. \|\|1\|\|Pause\|\| |
| ਰੋਗ ਦੋਖ ਗੁਰ ਸਬਦਿ ਨਿਵਾਰੇ ॥ | The Word of the Guru's Shabad has eradicated disease and evil. |
| ਨਾਮ ਅਉਖਧੁ ਮਨ ਭੀਤਰਿ ਸਾਰੇ ॥ | My mind has absorbed the medicine of the Naam. |
| ਗੁਰ ਭੇਟਤ ਮਨਿ ਭਇਆ ਅਨੰਦ ॥ | Meeting with the Guru, my mind is in bliss. |
| ਸਰਬ ਨਿਧਾਨ ਨਾਮ ਭਗਵੰਤ ॥੨॥ | All treasures are in the Name of the Lord God. \|\|2\|\| |
| ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ | My fear of birth and death and the Messenger of Death has been dispelled. |
| ਸਾਧਸੰਗਤਿ ਊਂਧ ਕਮਲ ਬਿਗਾਸ ॥ | In the Saadh Sangat, the inverted lotus of my heart has blossomed forth. |
| ਗੁਣ ਗਾਵਤ ਨਿਹਚਲੁ ਬਿਸ੍ਰਾਮ ॥ | Singing the Glorious Praises of the Lord, I have found eternal, abiding peace. |
| ਪੂਰਨ ਹੋਏ ਸਗਲੇ ਕਾਮ ॥੩॥ | All my tasks are perfectly accomplished. \|\|3\|\| |
| ਦੁਲਭ ਦੇਹ ਆਈ ਪਰਵਾਨੁ ॥ | This human body, so difficult to obtain, is approved by the Lord. |
| ਸਫਲ ਹੋਈ ਜਪਿ ਹਰਿ ਹਰਿ ਨਾਮੁ ॥ | Chanting the Name of the Lord, Har, Har, it has become fruitful. |
| ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ | Says Nanak, God has blessed me with His Mercy. |
| ਸਾਸਿ ਗਿਰਾਸਿ ਜਪਉ ਹਰਿ ਹਰੀ ॥੪॥੨੯॥੪੨॥ | With every breath and morsel of food, I meditate on the Lord, Har, Har. \|\|4\|\|29\|\|42\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਸਭ ਤੇ ਊਚਾ ਜਾ ਕਾ ਨਾਉ ॥ | His Name is the Highest of all. |
| ਸਦਾ ਸਦਾ ਤਾ ਕੇ ਗੁਣ ਗਾਉ ॥ | Sing His Glorious Praises, forever and ever. |

| | |
|---|---|
| ਜਿਸੁ ਸਿਮਰਤ ਸਗਲਾ ਦੁਖੁ ਜਾਇ ॥ | Meditating in remembrance on Him, all pain is dispelled. |
| ਸਰਬ ਸੂਖ ਵਸਹਿ ਮਨਿ ਆਇ ॥੧॥ | All pleasures come to dwell in the mind. ‖1‖ |
| ਸਿਮਰਿ ਮਨਾ ਤੂ ਸਾਚਾ ਸੋਇ ॥ | O my mind, meditate in remembrance on the True Lord. |
| ਹਲਤਿ ਪਲਤਿ ਤੁਮਰੀ ਗਤਿ ਹੋਇ ॥੧॥ ਰਹਾਉ ॥ | In this world and the next, you shall be saved. ‖1‖Pause‖ |
| ਪੁਰਖ ਨਿਰੰਜਨ ਸਿਰਜਨਹਾਰ ॥ | The Immaculate Lord God is the Creator of all. |
| ਜੀਅ ਜੰਤ ਦੇਵੈ ਆਹਾਰ ॥ | He gives sustenance to all beings and creatures. |
| ਕੋਟਿ ਖਤੇ ਖਿਨ ਬਖਸਨਹਾਰ ॥ | He forgives millions of sins and mistakes in an instant. |
| ਭਗਤਿ ਭਾਇ ਸਦਾ ਨਿਸਤਾਰ ॥੨॥ | Through loving devotional worship, one is emancipated forever. ‖2‖ |
| ਸਾਚਾ ਧਨੁ ਸਾਚੀ ਵਡਿਆਈ ॥ | True wealth and true glorious greatness, |
| ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥ | and eternal, unchanging wisdom, are obtained from the Perfect Guru. |
| ਕਰਿ ਕਿਰਪਾ ਜਿਸੁ ਰਾਖਨਹਾਰਾ ॥ | When the Protector, the Savior Lord, bestows His Mercy, |
| ਤਾ ਕਾ ਸਗਲ ਮਿਟੈ ਅੰਧਿਆਰਾ ॥੩॥ | all spiritual darkness is dispelled. ‖3‖ |
| ਪਾਰਬ੍ਰਹਮ ਸਿਉ ਲਾਗੋ ਧਿਆਨ ॥ | I focus my meditation on the Supreme Lord God. |
| ਪੂਰਨ ਪੂਰਿ ਰਹਿਓ ਨਿਰਬਾਨ ॥ | The Lord of Nirvaanaa is totally pervading and permeating all. |
| ਭ੍ਰਮ ਭਉ ਮੇਟਿ ਮਿਲੇ ਗੋਪਾਲ ॥ | Eradicating doubt and fear, I have met the Lord of the World. |
| ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥ | The Guru has become merciful to Nanak. ‖4‖30‖43‖ |
| ਭੈਰਉ ਮਹਲਾ ੫ ॥ | Bhairao, Fifth Mehl: |
| ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥ | Meditating in remembrance on Him, the mind is illumined. |
| ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥ | Suffering is eradicated, and one comes to dwell in peace and poise. |
| ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥ | They alone receive it, unto whom God gives it. |
| ਪੂਰੇ ਗੁਰ ਕੀ ਪਾਏ ਸੇਵ ॥੧॥ | They are blessed to serve the Perfect Guru. ‖1‖ |
| ਸਰਬ ਸੁਖਾ ਪ੍ਰਭ ਤੇਰੋ ਨਾਉ ॥ | All peace and comfort are in Your Name, God. |

| | |
|---|---|
| ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥ | Twenty-four hours a day, O my mind, sing His Glorious Praises. \|\|1\|\|Pause\|\| |
| ਜੋ ਇਛੈ ਸੋਈ ਫਲੁ ਪਾਏ ॥ | You shall receive the fruits of your desires, |
| ਹਰਿ ਕਾ ਨਾਮੁ ਮੰਨਿ ਵਸਾਏ ॥ | when the Name of the Lord comes to dwell in the mind. |
| ਆਵਣ ਜਾਣ ਰਹੇ ਹਰਿ ਧਿਆਇ ॥ | Meditating on the Lord, your comings and goings cease. |
| ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥੨॥ | Through loving devotional worship, lovingly focus your attention on God. \|\|2\|\| |
| ਬਿਨਸੇ ਕਾਮ ਕ੍ਰੋਧ ਅਹੰਕਾਰ ॥ | Sexual desire, anger and egotism are dispelled. |
| ਤੂਟੇ ਮਾਇਆ ਮੋਹ ਪਿਆਰ ॥ | Love and attachment to Maya are broken. |
| ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ | Lean on God's Support, day and night. |
| ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥ | The Supreme Lord God has given this gift. \|\|3\|\| |
| ਕਰਨ ਕਰਾਵਨਹਾਰ ਸੁਆਮੀ ॥ | Our Lord and Master is the Creator, the Cause of causes. |
| ਸਗਲ ਘਟਾ ਕੇ ਅੰਤਰਜਾਮੀ ॥ | He is the Inner-knower, the Searcher of all hearts. |
| ਕਰਿ ਕਿਰਪਾ ਅਪਨੀ ਸੇਵਾ ਲਾਇ ॥ | Bless me with Your Grace, Lord, and link me to Your service. |
| ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥ | Slave Nanak has come to Your Sanctuary. \|\|4\|\|31\|\|44\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਲਾਜ ਮਰੈ ਜੋ ਨਾਮੁ ਨ ਲੇਵੈ ॥ | One who does not repeat the Naam, the Name of the Lord, shall die of shame. |
| ਨਾਮ ਬਿਹੂਨ ਸੁਖੀ ਕਿਉ ਸੋਵੈ ॥ | Without the Name, how can he ever sleep in peace? |
| ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ | The mortal abandons meditative remembrance of the Lord, and then wishes for the state of supreme salvation; |
| **੧੧੪੯** | 1149 |
| ਮੂਲ ਬਿਨਾ ਸਾਖਾ ਕਤ ਆਹੈ ॥੧॥ | but without roots, how can there be any branches? \|\|1\|\| |
| ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥ | O my mind, meditate on the Guru, the Lord of the Universe. |

| | |
|---|---|
| ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ ਰਹਾਉ ॥ | The filth of countless incarnations shall be washed away. Breaking your bonds, you shall be united with the Lord. \|\|1\|\|Pause\|\| |
| ਤੀਰਥਿ ਨਾਇ ਕਹਾ ਸੁਚਿ ਸੈਲੁ ॥ | How can a stone be purified by bathing at a sacred shrine of pilgrimage? |
| ਮਨ ਕਉ ਵਿਆਪੈ ਹਉਮੈ ਮੈਲੁ ॥ | The filth of egotism clings to the mind. |
| ਕੋਟਿ ਕਰਮ ਬੰਧਨ ਕਾ ਮੂਲੁ ॥ | Millions of rituals and actions taken are the root of entanglements. |
| ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥ | Without meditating and vibrating on the Lord, the mortal gathers only worthless bundles of straw. \|\|2\|\| |
| ਬਿਨੁ ਖਾਏ ਬੂਝੈ ਨਹੀ ਭੂਖ ॥ | Without eating, hunger is not satisfied. |
| ਰੋਗੁ ਜਾਇ ਤਾਂ ਉਤਰਹਿ ਦੂਖ ॥ | When the disease is cured, then the pain goes away. |
| ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ | The mortal is engrossed in sexual desire, anger, greed and attachment. |
| ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥ | He does not meditate on God, that God who created him. \|\|3\|\| |
| ਧਨੁ ਧਨੁ ਸਾਧ ਧੰਨੁ ਹਰਿ ਨਾਉ ॥ | Blessed, blessed is the Holy Saint, and blessed is the Name of the Lord. |
| ਆਠ ਪਹਰ ਕੀਰਤਨੁ ਗੁਣ ਗਾਉ ॥ | Twenty-four hours a day, sing the Kirtan, the Glorious Praises of the Lord. |
| ਧਨੁ ਹਰਿ ਭਗਤਿ ਧਨੁ ਕਰਣੈਹਾਰ ॥ | Blessed is the devotee of the Lord, and blessed is the Creator Lord. |
| ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥ | Nanak seeks the Sanctuary of God, the Primal, the Infinite. \|\|4\|\|32\|\|45\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਗੁਰ ਸੁਪ੍ਰਸੰਨ ਹੋਏ ਭਉ ਗਏ ॥ | When the Guru was totally pleased, my fear was taken away. |
| ਨਾਮ ਨਿਰੰਜਨ ਮਨ ਮਹਿ ਲਏ ॥ | I enshrine the Name of the Immaculate Lord within my mind. |
| ਦੀਨ ਦਇਆਲ ਸਦਾ ਕਿਰਪਾਲ ॥ | He is Merciful to the meek, forever Compassionate. |
| ਬਿਨਸਿ ਗਏ ਸਗਲੇ ਜੰਜਾਲ ॥੧॥ | All my entanglements are finished. \|\|1\|\| |
| ਸੂਖ ਸਹਜ ਆਨੰਦ ਘਨੇ ॥ | I have found peace, poise, and myriads of pleasures. |

| | |
|---|---|
| ਸਾਧਸੰਗਿ ਮਿਟੇ ਭੈ ਭਰਮਾ ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥੧॥ ਰਹਾਉ ॥ | In the Saadh Sangat, the Company of the Holy, fear and doubt are dispelled. My tongue chants the Ambrosial Name of the Lord, Har, Har. \|\|1\|\|Pause\|\| |
| ਚਰਨ ਕਮਲ ਸਿਉ ਲਾਗੋ ਹੇਤੁ ॥ | I have fallen in love with the Lord's Lotus Feet. |
| ਖਿਨ ਮਹਿ ਬਿਨਸਿਓ ਮਹਾ ਪਰੇਤੁ ॥ | In an instant, the terrible demons are destroyed. |
| ਆਠ ਪਹਰ ਹਰਿ ਹਰਿ ਜਪੁ ਜਾਪਿ ॥ | Twenty-four hours a day, I meditate and chant the Name of the Lord, Har, Har. |
| ਰਾਖਨਹਾਰ ਗੋਵਿਦ ਗੁਰ ਆਪਿ ॥੨॥ | The Guru is Himself the Savior Lord, the Lord of the Universe. \|\|2\|\| |
| ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ | He Himself cherishes His servant forever. |
| ਭਗਤ ਜਨਾ ਕੇ ਸਾਸ ਨਿਹਾਰੈ ॥ | He watches over every breath of His humble devotee. |
| ਮਾਨਸ ਕੀ ਕਹੁ ਕੇਤਕ ਬਾਤ ॥ | Tell me, what is the nature of human beings? |
| ਜਮ ਤੇ ਰਾਖੈ ਦੇ ਕਰਿ ਹਾਥ ॥੩॥ | The Lord extends His Hand, and saves them from the Messenger of Death. \|\|3\|\| |
| ਨਿਰਮਲ ਸੋਭਾ ਨਿਰਮਲ ਰੀਤਿ ॥ | Immaculate is the Glory, and Immaculate is the way of life, |
| ਪਾਰਬ੍ਰਹਮੁ ਆਇਆ ਮਨਿ ਚੀਤਿ ॥ | of those who remember the Supreme Lord God in their minds. |
| ਕਰਿ ਕਿਰਪਾ ਗੁਰਿ ਦੀਨੋ ਦਾਨੁ ॥ | The Guru, in His Mercy, has granted this Gift. |
| ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥ | Nanak has obtained the treasure of the Naam, the Name of the Lord. \|\|4\|\|33\|\|46\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਕਰਣ ਕਾਰਣ ਸਮਰਥੁ ਗੁਰੁ ਮੇਰਾ ॥ | My Guru is the All-powerful Lord, the Creator, the Cause of causes. |
| ਜੀਅ ਪ੍ਰਾਣ ਸੁਖਦਾਤਾ ਨੇਰਾ ॥ | He is the Soul, the Breath of Life, the Giver of Peace, always near. |
| ਭੈ ਭੰਜਨ ਅਬਿਨਾਸੀ ਰਾਇ ॥ | He is the Destroyer of fear, the Eternal, Unchanging, Sovereign Lord King. |
| ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥ | Gazing upon the Blessed Vision of His Darshan, all fear is dispelled. \|\|1\|\| |
| ਜਤ ਕਤ ਪੇਖਉ ਤੇਰੀ ਸਰਣਾ ॥ | Wherever I look, is the Protection of Your Sanctuary. |
| ਬਲਿ ਬਲਿ ਜਾਈ ਸਤਿਗੁਰ ਚਰਣਾ ॥੧॥ ਰਹਾਉ ॥ | I am a sacrifice, a sacrifice to the Feet of the True Guru. \|\|1\|\|Pause\|\| |

| | |
|---|---|
| ਪੂਰਨ ਕਾਮ ਮਿਲੇ ਗੁਰਦੇਵ ॥ | My tasks are perfectly accomplished, meeting the Divine Guru. |
| ਸਭਿ ਫਲਦਾਤਾ ਨਿਰਮਲ ਸੇਵ ॥ | He is the Giver of all rewards. Serving Him, I am immaculate. |
| ਕਰੁ ਗਹਿ ਲੀਨੇ ਅਪੁਨੇ ਦਾਸ ॥ | He reaches out with His Hand to His slaves. |
| ਰਾਮ ਨਾਮੁ ਰਿਦ ਦੀਓ ਨਿਵਾਸ ॥੨॥ | The Name of the Lord abides in their hearts. \|\|2\|\| |
| ਸਦਾ ਅਨੰਦੁ ਨਾਹੀ ਕਿਛੁ ਸੋਗੁ ॥ | They are forever in bliss, and do not suffer at all. |
| ਦੂਖੁ ਦਰਦੁ ਨਹ ਬਿਆਪੈ ਰੋਗੁ ॥ | No pain, sorrow or disease afflicts them. |
| ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ | Everything is Yours, O Creator Lord. |
| ਪਾਰਬ੍ਰਹਮ ਗੁਰ ਅਗਮ ਅਪਾਰ ॥੩॥ | The Guru is the Supreme Lord God, the Inaccessible and Infinite. \|\|3\|\| |
| ਨਿਰਮਲ ਸੋਭਾ ਅਚਰਜ ਬਾਣੀ ॥ | His Glorious Grandeur is immaculate, and the Bani of His Word is wonderful! |
| ਪਾਰਬ੍ਰਹਮ ਪੂਰਨ ਮਨਿ ਭਾਣੀ ॥ | The Perfect Supreme Lord God is pleasing to my mind. |
| ਜਲਿ ਥਲਿ ਮਹੀਅਲਿ ਰਵਿਆ ਸੋਇ ॥ | He is permeating the waters, the lands and the skies. |
| ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥ | O Nanak, everything comes from God. \|\|4\|\|34\|\|47\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥ | My mind and body are imbued with the Love of the Lord's Feet. |
| **੧੧੫੦** | **1150** |
| ਸਰਬ ਮਨੋਰਥ ਪੂਰਨ ਕਰਣੇ ॥ | All the desires of my mind have been perfectly fulfilled. |
| ਆਠ ਪਹਰ ਗਾਵਤ ਭਗਵੰਤੁ ॥ | Twenty-four hours a day, I sing of the Lord God. |
| ਸਤਿਗੁਰਿ ਦੀਨੋ ਪੂਰਾ ਮੰਤੁ ॥੧॥ | The True Guru has imparted this perfect wisdom. \|\|1\|\| |
| ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ | Very fortunate are those who love the Naam, the Name of the Lord. |
| ਤਿਸ ਕੈ ਸੰਗਿ ਤਰੈ ਸੰਸਾਰੁ ॥੧॥ ਰਹਾਉ ॥ | Associating with them, we cross over the world-ocean. \|\|1\|\|Pause\|\| |
| ਸੋਈ ਗਿਆਨੀ ਜਿ ਸਿਮਰੈ ਏਕ ॥ | They are spiritual teachers, who meditate in remembrance on the One Lord. |

| | |
|---|---|
| ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥ | Wealthy are those who have a discriminating intellect. |
| ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ | Noble are those who remember their Lord and Master in meditation. |
| ਸੋ ਪਤਿਵੰਤਾ ਜਿ ਆਪੁ ਪਛਾਨੀ ॥੨॥ | Honorable are those who understand their own selves. \|\|2\|\| |
| ਗੁਰ ਪਰਸਾਦਿ ਪਰਮ ਪਦੁ ਪਾਇਆ ॥ | By Guru's Grace, I have obtained the supreme status. |
| ਗੁਣ ਗੋੁਪਾਲ ਦਿਨੁ ਰੈਨਿ ਧਿਆਇਆ ॥ | Day and night I meditate on the Glories of God. |
| ਤੂਟੇ ਬੰਧਨ ਪੂਰਨ ਆਸਾ ॥ | My bonds are broken, and my hopes are fulfilled. |
| ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥ | The Feet of the Lord now abide in my heart. \|\|3\|\| |
| ਕਹੁ ਨਾਨਕ ਜਾ ਕੇ ਪੂਰਨ ਕਰਮਾ ॥ | Says Nanak, one whose karma is perfect |
| ਸੋ ਜਨੁ ਆਇਆ ਪ੍ਰਭ ਕੀ ਸਰਨਾ ॥ | that humble being enters the Sanctuary of God. |
| ਆਪਿ ਪਵਿਤੁ ਪਾਵਨ ਸਭਿ ਕੀਨੇ ॥ | He himself is pure, and he sanctifies all. |
| ਰਾਮ ਰਸਾਇਣੁ ਰਸਨਾ ਚੀਨੑੇ ॥੪॥੩੫॥੪੮॥ | His tongue chants the Name of the Lord, the Source of Nectar. \|\|4\|\|35\|\|48\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ | Repeating the Naam, the Name of the Lord, no obstacles block the way. |
| ਨਾਮੁ ਸੁਣਤ ਜਮੁ ਦੂਰਹੁ ਭਾਗੈ ॥ | Listening to the Naam, the Messenger of Death runs far away. |
| ਨਾਮੁ ਲੈਤ ਸਭ ਦੂਖਹ ਨਾਸੁ ॥ | Repeating the Naam, all pains vanish. |
| ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥ | Chanting the Naam, the Lord's Lotus Feet dwell within. \|\|1\|\| |
| ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥ | Meditating, vibrating the Name of the Lord, Har, Har, is unobstructed devotional worship. |
| ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ ਰਹਾਉ ॥ | Sing the Glorious Praises of the Lord with loving affection and energy. \|\|1\|\|Pause\|\| |
| ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ | Meditating in remembrance on the Lord, the Eye of Death cannot see you. |
| ਹਰਿ ਸਿਮਰਤ ਦੈਤ ਦੇਉ ਨ ਪੋਹੈ ॥ | Meditating in remembrance on the Lord, demons and ghosts shall not touch you. |

ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥
Meditating in remembrance on the Lord, attachment and pride shall not bind you.

ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥
Meditating in remembrance on the Lord, you shall not be consigned to the womb of reincarnation. ||2||

ਹਰਿ ਸਿਮਰਨ ਕੀ ਸਗਲੀ ਬੇਲਾ ॥
Any time is a good time to meditate in remembrance on the Lord.

ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥
Among the masses, only a few meditate in remembrance on the Lord.

ਜਾਤਿ ਅਜਾਤਿ ਜਪੈ ਜਨੁ ਕੋਇ ॥
Social class or no social class, anyone may meditate on the Lord.

ਜੋ ਜਾਪੈ ਤਿਸ ਕੀ ਗਤਿ ਹੋਇ ॥੩॥
Whoever meditates on Him is emancipated. ||3||

ਹਰਿ ਕਾ ਨਾਮੁ ਜਪੀਐ ਸਾਧਸੰਗਿ ॥
Chant the Name of the Lord in the Saadh Sangat, the Company of the Holy.

ਹਰਿ ਕੇ ਨਾਮ ਕਾ ਪੂਰਨ ਰੰਗੁ ॥
Perfect is the Love of the Lord's Name.

ਨਾਨਕ ਕਉ ਪ੍ਰਭ ਕਿਰਪਾ ਧਾਰਿ ॥
O God, shower Your Mercy on Nanak,

ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥੪॥੩੬॥੪੯॥
that he may think of you with each and every breath. ||4||36||49||

## ਭੈਰਉ ਮਹਲਾ ੫ ॥

## Bhairao, Fifth Mehl:

ਆਪੇ ਸਾਸਤੁ ਆਪੇ ਬੇਦੁ ॥
He Himself is the Shaastras, and He Himself is the Vedas.

ਆਪੇ ਘਟਿ ਘਟਿ ਜਾਣੈ ਭੇਦੁ ॥
He knows the secrets of each and every heart.

ਜੋਤਿ ਸਰੂਪ ਜਾ ਕੀ ਸਭ ਵਥੁ ॥
He is the Embodiment of Light; all beings belong to Him.

ਕਰਣ ਕਾਰਣ ਪੂਰਨ ਸਮਰਥੁ ॥੧॥
The Creator, the Cause of causes, the Perfect All-powerful Lord. ||1||

ਪ੍ਰਭ ਕੀ ਓਟ ਗਹਹੁ ਮਨ ਮੇਰੇ ॥
Grab hold of the Support of God, O my mind.

ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ ॥
As Gurmukh, worship and adore His Lotus Feet; enemies and pains shall not even approach you. ||1||Pause||

ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥
He Himself is the Essence of the forests and fields, and all the three worlds.

ਜਾ ਕੈ ਸੂਤਿ ਪਰੋਇਆ ਸੰਸਾਰੁ ॥
The universe is strung on His Thread.

ਆਪੇ ਸਿਵ ਸਕਤੀ ਸੰਜੋਗੀ ॥
He is the Uniter of Shiva and Shakti - mind and matter.

ਆਪਿ ਨਿਰਬਾਣੀ ਆਪੇ ਭੋਗੀ ॥੨॥
He Himself is in the detachment of Nirvaanaa, and He Himself is the Enjoyer. ||2||

ਜਤ ਕਤ ਪੇਖਉ ਤਤ ਤਤ ਸੋਇ ॥
Wherever I look, there He is.

ਤਿਸੁ ਬਿਨੁ ਦੂਜਾ ਨਾਹੀ ਕੋਇ ॥
Without Him, there is no one at all.

ਸਾਗਰੁ ਤਰੀਐ ਨਾਮ ਕੈ ਰੰਗਿ ॥
In the Love of the Naam, the world-ocean is crossed.

ਗੁਣ ਗਾਵੈ ਨਾਨਕੁ ਸਾਧਸੰਗਿ ॥੩॥
Nanak sings His Glorious Praises in the Saadh Sangat, the Company of the Holy. ||3||

ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥
Liberation, the ways and means of enjoyment and union are under His Control.

ਊਣਾ ਨਾਹੀ ਕਿਛੁ ਜਨ ਤਾ ਕੈ ॥
His humble servant lacks nothing.

ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥
That person, with whom the Lord, in His Mercy, is pleased

ਨਾਨਕ ਦਾਸ ਸੇਈ ਜਨ ਧੰਨ ॥੪॥੩੭॥੫੦॥
- O slave Nanak, that humble servant is blessed. ||4||37||50||

ਭੈਰਉ ਮਹਲਾ ੫ ॥
Bhairao, Fifth Mehl:

ਭਗਤਾ ਮਨਿ ਆਨੰਦੁ ਗੋਬਿੰਦ ॥
The minds of the Lord's devotee are filled with bliss.

ਅਸਥਿਤਿ ਭਏ ਬਿਨਸੀ ਸਭ ਚਿੰਦ ॥
They become stable and permanent, and all their anxiety is gone.

**੧੧੫੧**

1151

ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥
Their fears and doubts are dispelled in an instant.

ਪਾਰਬ੍ਰਹਮੁ ਵਸਿਆ ਮਨਿ ਆਇ ॥੧॥
The Supreme Lord God comes to dwell in their minds. ||1||

ਰਾਮ ਰਾਮ ਸੰਤ ਸਦਾ ਸਹਾਇ ॥
The Lord is forever the Help and Support of the Saints.

ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥
Inside the home of the heart, and outside as well, the Transcendent Lord is always with us, permeating and pervading all places. ||1||Pause||

ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥
The Lord of the World is my wealth, property, youth and ways and means.

ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥
He continually cherishes and brings peace to my soul and breath of life.

ਅਪਨੇ ਦਾਸ ਕਉ ਦੇ ਰਾਖੈ ਹਾਥ ॥
He reaches out with His Hand and saves His slave.

| | |
|---|---|
| ਨਿਮਖ ਨ ਛੋਡੈ ਸਦ ਹੀ ਸਾਥ ॥੨॥ | He does not abandon us, even for an instant; He is always with us. \|\|2\|\| |
| ਹਰਿ ਸਾ ਪ੍ਰੀਤਮੁ ਅਵਰੁ ਨ ਕੋਇ ॥ | There is no other Beloved like the Lord. |
| ਸਾਰਿ ਸਮ੍ਹਾਲੇ ਸਾਚਾ ਸੋਇ ॥ | The True Lord takes care of all. |
| ਮਾਤ ਪਿਤਾ ਸੁਤ ਬੰਧੁ ਨਰਾਇਣੁ ॥ | The Lord is our Mother, Father, Son and Relation. |
| ਆਦਿ ਜੁਗਾਦਿ ਭਗਤ ਗੁਣ ਗਾਇਣੁ ॥੩॥ | Since the beginning of time, and throughout the ages, His devotees sing His Glorious Praises. \|\|3\|\| |
| ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ ॥ | My mind is filled with the Support and the Power of the Lord. |
| ਏਕ ਬਿਨਾ ਦੂਜਾ ਨਹੀ ਹੋਰੁ ॥ | Without the Lord, there is no other at all. |
| ਨਾਨਕ ਕੈ ਮਨਿ ਇਹੁ ਪੁਰਖਾਰਥੁ ॥ | Nanak's mind is encouraged by this hope, |
| ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥ | that God will accomplish my objectives in life. \|\|4\|\|38\|\|51\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥ | Fear itself becomes afraid, when the mortal remembers the Lord's Name in meditation. |
| ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥ | All the diseases of the three gunas - the three qualities - are cured, and tasks of the Lord's slaves are perfectly accomplished. \|\|1\|\|Pause\|\| |
| ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ ॥ | The people of the Lord always sing His Glorious Praises; they attain His Perfect Mansion. |
| ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮ ਰਾਇ ਜਾਮ ॥੧॥ | Even the Righteous Judge of Dharma and the Messenger of Death yearn, day and night, to be sanctified by the Blessed Vision of the Lord's humble servant. \|\|1\|\| |
| ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥ | Sexual desire, anger, intoxication, egotism, slander and egotistical pride are eradicated in the Saadh Sangat, the Company of the Holy. |
| ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥ | By great good fortune, such Saints are met. Nanak is forever a sacrifice to them. \|\|2\|\|39\|\|52\|\| |

| | |
|---|---|
| ਭੈਰਉ ਮਹਲਾ ੫ ॥ | Bhairao, Fifth Mehl: |
| ਪੰਚ ਮਜਮੀ ਜੋ ਪੰਚਨ ਰਾਖੈ ॥ | One who harbors the five thieves, becomes the embodiment of these five. |
| ਮਿਥਿਆ ਰਸਨਾ ਨਿਤ ਉਠਿ ਭਾਖੈ ॥ | He gets up each day and tells lies. |
| ਚਕ੍ਰ ਬਣਾਇ ਕਰੈ ਪਾਖੰਡ ॥ | He applies ceremonial religious marks to his body, but practices hypocrisy. |
| ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥੧॥ | He wastes away in sadness and pain, like a lonely widow. ‖1‖ |
| ਹਰਿ ਕੇ ਨਾਮ ਬਿਨਾ ਸਭ ਝੂਠੁ ॥ | Without the Name of the Lord, everything is false. |
| ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥ | Without the Perfect Guru, liberation is not obtained. In the Court of the True Lord, the faithless cynic is plundered. ‖1‖Pause‖ |
| ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ | One who does not know the Lord's Creative Power is polluted. |
| ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥ | Ritualistically plastering one's kitchen square does not make it pure in the Eyes of the Lord. |
| ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ | If a person is polluted within, he may wash himself everyday on the outside, |
| ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥ | but in the Court of the True Lord, he forfeits his honor. ‖2‖ |
| ਮਾਇਆ ਕਾਰਣਿ ਕਰੈ ਉਪਾਉ ॥ | He works for the sake of Maya, |
| ਕਬਹਿ ਨ ਘਾਲੈ ਸੀਧਾ ਪਾਉ ॥ | but he never places his feet on the right path. |
| ਜਿਨਿ ਕੀਆ ਤਿਸੁ ਚੀਤਿ ਨ ਆਣੈ ॥ | He never even remembers the One who created him. |
| ਕੂੜੀ ਕੂੜੀ ਮੁਖਹੁ ਵਖਾਣੈ ॥੩॥ | He speaks falsehood, only falsehood, with his mouth. ‖3‖ |
| ਜਿਸ ਨੋ ਕਰਮੁ ਕਰੇ ਕਰਤਾਰੁ ॥ | That person, unto whom the Creator Lord shows Mercy, |
| ਸਾਧਸੰਗਿ ਹੋਇ ਤਿਸੁ ਬਿਉਹਾਰੁ ॥ | deals with the Saadh Sangat, the Company of the Holy. |
| ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ | One who lovingly worships the Lord's Name, |
| ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥ | says Nanak - no obstacles ever block his way. ‖4‖40‖53‖ |

| ਭੈਰਉ ਮਹਲਾ ੫ ॥ | Bhairao, Fifth Mehl: |
|---|---|
| ਨਿੰਦਕ ਕਉ ਫਿਟਕੇ ਸੰਸਾਰੁ ॥ | The entire universe curses the slanderer. |
| ਨਿੰਦਕ ਕਾ ਝੂਠਾ ਬਿਉਹਾਰੁ ॥ | False are the dealings of the slanderer. |
| ਨਿੰਦਕ ਕਾ ਮੈਲਾ ਆਚਾਰੁ ॥ | The slanderer's lifestyle is filthy and polluted. |
| ਦਾਸ ਅਪੁਨੇ ਕਉ ਰਾਖਨਹਾਰੁ ॥੧॥ | The Lord is the Saving Grace and the Protector of His slave. ‖1‖ |
| ਨਿੰਦਕੁ ਮੁਆ ਨਿੰਦਕ ਕੈ ਨਾਲਿ ॥ | The slanderer dies with the rest of the slanderers. |
| ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ ਰਹਾਉ ॥ | The Supreme Lord God, the Transcendent Lord, protects and saves His humble servant. Death roars and thunders over the head of the slanderer. ‖1‖Pause‖ |

## ੧੧੫੨ / 1152

| ਨਿੰਦਕ ਕਾ ਕਹਿਆ ਕੋਇ ਨ ਮਾਨੈ ॥ | No one believes what the slanderer says. |
|---|---|
| ਨਿੰਦਕ ਝੂਠੁ ਬੋਲਿ ਪਛੁਤਾਨੇ ॥ | The slanderer tells lies, and later regrets and repents. |
| ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥ | He wrings his hands, and hits his head against the ground. |
| ਨਿੰਦਕ ਕਉ ਦਈ ਛੋਡੈ ਨਾਹਿ ॥੨॥ | The Lord does not forgive the slanderer. ‖2‖ |
| ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ | The Lord's slave does not wish anyone ill. |
| ਨਿੰਦਕ ਕਉ ਲਾਗੈ ਦੁਖ ਸਾਂਗੈ ॥ | The slanderer suffers, as if stabbed by a spear. |
| ਬਗੁਲੇ ਜਿਉ ਰਹਿਆ ਪੰਖ ਪਸਾਰਿ ॥ | Like a crane, he spreads his feathers, to look like a swan. |
| ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥੩॥ | When he speaks with his mouth, then he is exposed and driven out. ‖3‖ |
| ਅੰਤਰਜਾਮੀ ਕਰਤਾ ਸੋਇ ॥ | The Creator is the Inner-knower, the Searcher of hearts. |
| ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥ | That person, whom the Lord makes His Own, becomes stable and steady. |
| ਹਰਿ ਕਾ ਦਾਸੁ ਸਾਚਾ ਦਰਬਾਰਿ ॥ | The Lord's slave is true in the Court of the Lord. |
| ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥ | Servant Nanak speaks, after contemplating the essence of reality. ‖4‖41‖54‖ |

| | |
|---|---|
| ਭੈਰਉ ਮਹਲਾ ੫ ॥ | Bhairao, Fifth Mehl: |
| ਦੁਇ ਕਰ ਜੋਰਿ ਕਰਉ ਅਰਦਾਸਿ ॥ | With my palms pressed together, I offer this prayer. |
| ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥ | My soul, body and wealth are His property. |
| ਸੋਈ ਮੇਰਾ ਸੁਆਮੀ ਕਰਨੈਹਾਰੁ ॥ | He is the Creator, my Lord and Master. |
| ਕੋਟਿ ਬਾਰ ਜਾਈ ਬਲਿਹਾਰ ॥੧॥ | Millions of times, I am a sacrifice to Him. \|\|1\|\| |
| ਸਾਧੂ ਧੂਰਿ ਪੁਨੀਤ ਕਰੀ ॥ | The dust of the feet of the Holy brings purity. |
| ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥ | Remembering God in meditation, the mind's corruption is eradicated, and the filth of countless incarnations is washed away. \|\|1\|\|Pause\|\| |
| ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥ | All treasures are in His household. |
| ਜਾ ਕੀ ਸੇਵਾ ਪਾਈਐ ਮਾਨੁ ॥ | Serving Him, the mortal attains honor. |
| ਸਗਲ ਮਨੋਰਥ ਪੂਰਨਹਾਰ ॥ | He is the Fulfiller of the mind's desires. |
| ਜੀਅ ਪ੍ਰਾਨ ਭਗਤਨ ਆਧਾਰ ॥੨॥ | He is the Support of the soul and the breath of life of His devotees. \|\|2\|\| |
| ਘਟ ਘਟ ਅੰਤਰਿ ਸਗਲ ਪ੍ਰਗਾਸ ॥ | His Light shines in each and every heart. |
| ਜਪਿ ਜਪਿ ਜੀਵਹਿ ਭਗਤ ਗੁਣਤਾਸ ॥ | Chanting and meditating on God, the Treasure of Virtue, His devotees live. |
| ਜਾ ਕੀ ਸੇਵ ਨ ਬਿਰਥੀ ਜਾਇ ॥ | Service to Him does not go in vain. |
| ਮਨ ਤਨ ਅੰਤਰਿ ਏਕੁ ਧਿਆਇ ॥੩॥ | Deep within your mind and body, meditate on the One Lord. \|\|3\|\| |
| ਗੁਰ ਉਪਦੇਸਿ ਦਇਆ ਸੰਤੋਖੁ ॥ | Following the Guru's Teachings, compassion and contentment are found. |
| ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥ | This Treasure of the Naam, the Name of the Lord, is the immaculate object. |
| ਕਰਿ ਕਿਰਪਾ ਲੀਜੈ ਲੜਿ ਲਾਇ ॥ | Please grant Your Grace, O Lord, and attach me to the hem of Your robe. |
| ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥ | Nanak meditates continually on the Lord's Lotus Feet. \|\|4\|\|42\|\|55\|\| |
| ਭੈਰਉ ਮਹਲਾ ੫ ॥ | Bhairao, Fifth Mehl: |
| ਸਤਿਗੁਰ ਅਪੁਨੇ ਸੁਨੀ ਅਰਦਾਸਿ ॥ | The True Guru has listened to my prayer. |

| | |
|---|---|
| ਕਾਰਜੁ ਆਇਆ ਸਗਲਾ ਰਾਸਿ ॥ | All my affairs have been resolved. |
| ਮਨ ਤਨ ਅੰਤਰਿ ਪ੍ਰਭੁ ਧਿਆਇਆ ॥ | Deep within my mind and body, I meditate on God. |
| ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥ | The Perfect Guru has dispelled all my fears. \|\|1\|\| |
| ਸਭ ਤੇ ਵਡ ਸਮਰਥ ਗੁਰਦੇਵ ॥ | The All-powerful Divine Guru is the Greatest of all. |
| ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥ | Serving Him, I obtain all comforts. \|\|Pause\|\| |
| ਜਾ ਕਾ ਕੀਆ ਸਭੁ ਕਿਛੁ ਹੋਇ ॥ | Everything is done by Him. |
| ਤਿਸ ਕਾ ਅਮਰੁ ਨ ਮੇਟੈ ਕੋਇ ॥ | No one can erase His Eternal Decree. |
| ਪਾਰਬ੍ਰਹਮੁ ਪਰਮੇਸਰੁ ਅਨੂਪੁ ॥ | The Supreme Lord God, the Transcendent Lord, is incomparably beautiful. |
| ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥ | The Guru is the Image of Fulfillment, the Embodiment of the Lord. \|\|2\|\| |
| ਜਾ ਕੈ ਅੰਤਰਿ ਬਸੈ ਹਰਿ ਨਾਮੁ ॥ | The Name of the Lord abides deep within him. |
| ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ | Wherever he looks, he sees the Wisdom of God. |
| ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ | His mind is totally enlightened and illuminated. |
| ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥ | Within that person, the Supreme Lord God abides. \|\|3\|\| |
| ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ | I humbly bow to that Guru forever. |
| ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥ | I am forever a sacrifice to that Guru. |
| ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ | I wash the feet of the Guru, and drink in this water. |
| ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥ | Chanting and meditating forever on Guru Nanak, I live. \|\|4\|\|43\|\|56\|\| |

## ੧੧੫੩ / 1153

| | |
|---|---|
| ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩ | Raag Bhairao, Fifth Mehl, Partaal, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥ | God is the Compassionate Cherisher. Who can count His Glorious Virtues? |

ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ ॥੧॥ ਰਹਾਉ ॥

Countless colors, and countless waves of joy; He is the Master of all. ||1||Pause||

ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ ॥

Endless spiritual wisdom, endless meditations, endless chants, intense meditations and austere self-disciplines.

ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ ॥੧॥

Countless virtues, musical notes and playful sports; countless silent sages enshrine Him in their hearts. ||1||

ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥

Countless melodies, countless instruments, countless tastes, each and every instant. Countless mistakes and countless diseases are removed by hearing His Praise.

ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥੨॥੧॥੫੭॥੮॥੨੧॥੭॥੫੭॥੯੩॥

O Nanak, serving the Infinite, Divine Lord, one earns all the rewards and merits of performing the six rituals, fasts, worship services, pilgrimages to sacred rivers, and journeys to sacred shrines. ||2||1||57||8||21||7||57||93||

ਭੈਰਉ ਅਸਟਪਦੀਆ ਮਹਲਾ ੧ ਘਰੁ ੨

Bhairao, Ashtapadees, First Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥

The Lord is in the soul, and the soul is in the Lord. This is realized through the Guru's Teachings.

ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥

The Ambrosial Word of the Guru's Bani is realized through the Word of the Shabad. Sorrow is dispelled, and egotism is eliminated. ||1||

ਨਾਨਕ ਹਉਮੈ ਰੋਗ ਬੁਰੇ ॥

O Nanak, the disease of egotism is so very deadly.

ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥

Wherever I look, I see the pain of the same disease. The Primal Lord Himself bestows the Shabad of His Word. ||1||Pause||

ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥

When the Appraiser Himself appraises the mortal, then he is not tested again.

ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥੨॥

Those who are blessed with His Grace meet with the Guru. They alone are true, who are pleasing to God. ||2||

ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥

Air, water and fire are diseased; the world with its enjoyments is diseased.

ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥

Mother, father, Maya and the body are diseased; those united with their relatives are diseased. ||3||

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥

Brahma, Vishnu and Shiva are diseased; the whole world is diseased.

ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥

Those who remember the Lord's Feet and contemplate the Word of the Guru's Shabad are liberated. ||4||

ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥

The seven seas are diseased, along with the rivers; the continents and the nether regions of the underworlds are full of disease.

ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥

The people of the Lord dwell in Truth and peace; He blesses them with His Grace everywhere. ||5||

ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥

The six Shaastras are diseased, as are the many who follow the different religious orders.

ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥

What can the poor Vedas and Bibles do? People do not understand the One and Only Lord. ||6||

ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥

Eating sweet treats, the mortal is filled with disease; he finds no peace at all.

ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥

Forgetting the Naam, the Name of the Lord, they walk on other paths, and at the very last moment, they regret and repent. ||7||

ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥

Wandering around at sacred shrines of pilgrimage, the mortal is not cured of his disease. Reading scripture, he gets involved in useless arguments.

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥

The disease of duality is so very deadly; it causes dependence on Maya. ||8||

ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥

One who becomes Gurmukh and praises the True Shabad with the True Lord in his mind is cured of his disease.

ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥

O Nanak, the humble servant of the Lord is immaculate, night and day; he bears the insignia of the Lord's Grace. ||9||1||

| ੧੧੫੪ | 1154 |
|---|---|
| ਭੈਰਉ ਮਹਲਾ ੩ ਘਰੁ ੨ | Bhairao, Third Mehl, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤਿਨਿ ਕਰਤੈ ਇਕੁ ਚਲਤੁ ਉਪਾਇਆ ॥ | The Creator has staged His Wondrous Play. |
| ਅਨਹਦ ਬਾਣੀ ਸਬਦੁ ਸੁਣਾਇਆ ॥ | I listen to the Unstruck Sound-current of the Shabad, and the Bani of His Word. |
| ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ | The self-willed manmukhs are deluded and confused, while the Gurmukhs understand. |
| ਕਾਰਣੁ ਕਰਤਾ ਕਰਦਾ ਆਇਆ ॥੧॥ | The Creator creates the Cause that causes. \|\|1\|\| |
| ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ | Deep within my being, I meditate on the Word of the Guru's Shabad. |
| ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥੧॥ ਰਹਾਉ ॥ | I shall never forsake the Name of the Lord. \|\|1\|\|Pause\|\| |
| ਪਿਤਾ ਪ੍ਰਹਲਾਦੁ ਪੜਣ ਪਠਾਇਆ ॥ | Prahlaad's father sent him to school, to learn to read. |
| ਲੈ ਪਾਟੀ ਪਾਧੇ ਕੈ ਆਇਆ ॥ | He took his writing tablet and went to the teacher. |
| ਨਾਮ ਬਿਨਾ ਨਹ ਪੜਉ ਅਚਾਰ ॥ | He said, "I shall not read anything except the Naam, the Name of the Lord. |
| ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥ | Write the Lord's Name on my tablet."\|\|2\|\| |
| ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥ | Prahlaad's mother said to her son, |
| ਪਰਵਿਰਤਿ ਨ ਪੜਹੁ ਰਹੀ ਸਮਝਾਇ ॥ | "I advise you not to read anything except what you are taught." |
| ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥ | He answered, "The Great Giver, my Fearless Lord God is always with me. |
| ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥ | If I were to forsake the Lord, then my family would be disgraced."\|\|3\|\| |
| ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ॥ | "Prahlaad has corrupted all the other students. |
| ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥ | He does not listen to what I say, and he does his own thing. |

| | |
|---|---|
| ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ | He instigated devotional worship in the townspeople." |
| ਦੁਸਟ ਸਭਾ ਕਾ ਕਿਛੁ ਨ ਵਸਾਈ ॥੪॥ | The gathering of the wicked people could not do anything against him. ‖4‖ |
| ਸੰਡੈ ਮਰਕੈ ਕੀਈ ਪੂਕਾਰ ॥ | Sanda and Marka, his teachers, made the complaint. |
| ਸਭੇ ਦੈਤ ਰਹੇ ਝਖ ਮਾਰਿ ॥ | All the demons kept trying in vain. |
| ਭਗਤ ਜਨਾ ਕੀ ਪਤਿ ਰਾਖੈ ਸੋਈ ॥ | The Lord protected His humble devotee, and preserved his honor. |
| ਕੀਤੇ ਕੈ ਕਹਿਐ ਕਿਆ ਹੋਈ ॥੫॥ | What can be done by mere created beings? ‖5‖ |
| ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥ | Because of his past karma, the demon ruled over his kingdom. |
| ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥ | He did not realize the Lord; the Lord Himself confused him. |
| ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥ | He started an argument with his son Prahlaad. |
| ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥੬॥ | The blind one did not understand that his death was approaching. ‖6‖ |
| ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥ | Prahlaad was placed in a cell, and the door was locked. |
| ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥ | The fearless child was not afraid at all. He said, "Within my being, is the Guru, the Lord of the World." |
| ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥ | The created being tried to compete with his Creator, but he assumed this name in vain. |
| ਜੋ ਧੁਰਿ ਲਿਖਿਆ ਸੁੋ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ॥੭॥ | That which was predestined for him has come to pass; he started an argument with the Lord's humble servant. ‖7‖ |
| ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥ | The father raised the club to strike down Prahlaad, saying, |
| ਕਹਾਂ ਤੁਮ੍ਾਰਾ ਜਗਦੀਸ ਗੁਸਾਈ ॥ | "Where is your God, the Lord of the Universe, now?" |
| ਜਗਜੀਵਨੁ ਦਾਤਾ ਅੰਤਿ ਸਖਾਈ ॥ | He replied, "The Life of the World, the Great Giver, is my Help and Support in the end. |
| ਜਹ ਦੇਖਾ ਤਹ ਰਹਿਆ ਸਮਾਈ ॥੮॥ | Wherever I look, I see Him permeating and prevailing."‖8‖ |

| | |
|---|---|
| ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥ | Tearing down the pillars, the Lord Himself appeared. |
| ਅਹੰਕਾਰੀ ਦੈਤੁ ਮਾਰਿ ਪਚਾਇਆ ॥ | The egotistical demon was killed and destroyed. |
| ਭਗਤਾ ਮਨਿ ਆਨੰਦੁ ਵਜੀ ਵਧਾਈ ॥ | The minds of the devotees were filled with bliss, and congratulations poured in. |
| ਅਪਨੇ ਸੇਵਕ ਕਉ ਦੇ ਵਡਿਆਈ ॥੯॥ | He blessed His servant with glorious greatness. \|\|9\|\| |
| ਜੰਮਣੁ ਮਰਣਾ ਮੋਹੁ ਉਪਾਇਆ ॥ | He created birth, death and attachment. |
| ਆਵਣੁ ਜਾਣਾ ਕਰਤੈ ਲਿਖਿ ਪਾਇਆ ॥ | The Creator has ordained coming and going in reincarnation. |
| ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥ | For the sake of Prahlaad, the Lord Himself appeared. |
| ਭਗਤਾ ਕਾ ਬੋਲੁ ਆਗੈ ਆਇਆ ॥੧੦॥ | The word of the devotee came true. \|\|10\|\| |
| ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ | The gods proclaimed the victory of Lakshmi, and said, |
| ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥ | "O mother, make this form of the Man-lion disappear!" |
| ਲਖਿਮੀ ਭਉ ਕਰੈ ਨ ਸਾਕੈ ਜਾਇ ॥ | Lakshmi was afraid, and did not approach. |
| **੧੧੫੫** | **1155** |
| ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥ | The humble servant Prahlaad came and fell at the Lord's Feet. \|\|11\|\| |
| ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ | The True Guru implanted the treasure of the Naam within. |
| ਰਾਜੁ ਮਾਲੁ ਝੂਠੀ ਸਭ ਮਾਇਆ ॥ | Power, property and all Maya is false. |
| ਲੋਭੀ ਨਰ ਰਹੇ ਲਪਟਾਇ ॥ | But still, the greedy people continue clinging to them. |
| ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥ | Without the Name of the Lord, the mortals are punished in His Court. \|\|12\|\| |
| ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥ | Says Nanak, everyone acts as the Lord makes them act. |

| | |
|---|---|
| ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥ | They alone are approved and accepted, who focus their consciousness on the Lord. |
| ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ | He has made His devotees His Own. |
| ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥ | The Creator has appeared in His Own Form. \|\|13\|\|1\|\|2\|\| |
| ਭੈਰਉ ਮਹਲਾ ੩ ॥ | Bhairao, Third Mehl: |
| ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥ | Serving the Guru, I obtain the Ambrosial Fruit; my egotism and desire have been quenched. |
| ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥੧॥ | The Name of the Lord dwells within my heart and mind, and the desires of my mind are quieted. \|\|1\|\| |
| ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥ | O Dear Lord, my Beloved, please bless me with Your Mercy. |
| ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ ॥੧॥ ਰਹਾਉ ॥ | Night and day, Your humble servant begs for Your Glorious Praises; through the Word of the Guru's Shabad, he is saved. \|\|1\|\|Pause\|\| |
| ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ ॥ | The Messenger of Death cannot even touch the humble Saints; it does not cause them even an iota of suffering or pain. |
| ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥੨॥ | Those who enter Your Sanctuary, Lord, save themselves, and save all their ancestors as well. \|\|2\|\| |
| ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥ | You Yourself save the honor of Your devotees; this is Your Glory, O Lord. |
| ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥ | You cleanse them of the sins and the pains of countless incarnations; You love them without even an iota of duality. \|\|3\|\| |
| ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥ | I am foolish and ignorant, and understand nothing. You Yourself bless me with understanding. |
| ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥੪॥ | You do whatever You please; nothing else can be done at all. \|\|4\|\| |

| | |
|---|---|
| ਜਗਤੁ ਉਪਾਇ ਤੁਧੁ ਧੰਧੈ ਲਾਇਆ ਭੂੰਡੀ ਕਾਰ ਕਮਾਈ ॥ | Creating the world, You have linked all to their tasks - even the evil deeds which men do. |
| ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥੫॥ | They lose this precious human life in the gamble, and do not understand the Word of the Shabad. ‖5‖ |
| ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥ | The self-willed manmukhs die, understanding nothing; they are enveloped by the darkness of evil-mindedness and ignorance. |
| ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥ | They do not cross over the terrible world-ocean; without the Guru, they drown and die. ‖6‖ |
| ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ ॥ | True are those humble beings who are imbued with the True Shabad; the Lord God unites them with Himself. |
| ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥੭॥ | Through the Word of the Guru's Bani, they come to understand the Shabad. They remain lovingly focused on the True Lord. ‖7‖ |
| ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ ॥ | You Yourself are Immaculate and Pure, and pure are Your humble servants who contemplate the Word of the Guru's Shabad. |
| ਨਾਨਕੁ ਤਿਨ ਕੈ ਸਦ ਬਲਿਹਾਰੈ ਰਾਮ ਨਾਮੁ ਉਰਿ ਧਾਰੇ ॥੮॥੨॥੩॥ | Nanak is forever a sacrifice to those, who enshrine the Lord's Name within their hearts. ‖8‖2‖3‖ |
| ਭੈਰਉ ਮਹਲਾ ੫ ਅਸਟਪਦੀਆ ਘਰੁ ੨ | Bhairao, Fifth Mehl, Ashtapadees, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ | He alone is a great king, who keeps the Naam, the Name of the Lord, within his heart. |
| ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ | One who keeps the Naam in his heart - his tasks are perfectly accomplished. |
| ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ | One who keeps the Naam in his heart, obtains millions of treasures. |
| ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥ | Without the Naam, life is useless. ‖1‖ |
| ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ | I praise that person, who has the capital of the Lord's Wealth. |

| | |
|---|---|
| ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥ | He is very fortunate, on whose forehead the Guru has placed His Hand. \|\|1\|\|Pause\|\| |
| ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥ | One who keeps the Naam in his heart, has many millions of armies on his side. |
| ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥ | One who keeps the Naam in his heart, enjoys peace and poise. |
| **੧੧੫੬** | **1156** |
| ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ | One who keeps the Naam in his heart becomes cool and calm. |
| ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥ | Without the Naam, both life and death are cursed. \|\|2\|\| |
| ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ | One who keeps the Naam in his heart is Jivan-mukta, liberated while yet alive. |
| ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥ | One who keeps the Naam in his heart knows all ways and means. |
| ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥ | One who keeps the Naam in his heart obtains the nine treasures. |
| ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥ | Without the Naam, the mortal wanders, coming and going in reincarnation. \|\|3\|\| |
| ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ | One who keeps the Naam in his heart is carefree and independent. |
| ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥ | One who keeps the Naam in his heart always earns a profit. |
| ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ | One who keeps the Naam in his heart has a large family. |
| ਨਾਮ ਬਿਨਾ ਮਨਮੁਖ ਗਾਵਾਰਾ ॥੪॥ | Without the Naam, the mortal is just an ignorant, self-willed manmukh. \|\|4\|\| |
| ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ | One who keeps the Naam in his heart has a permanent position. |
| ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥ | One who keeps the Naam in his heart is seated on the throne. |
| ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ | One who keeps the Naam in his heart is the true king. |

| | |
|---|---|
| ਨਾਮਹੀਣ ਨਾਹੀ ਪਤਿ ਵੇਸਾਹੁ ॥੫॥ | Without the Naam, no one has any honor or respect. ‖5‖ |
| ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ | One who keeps the Naam in his heart is famous everywhere. |
| ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥ | One who keeps the Naam in his heart is the Embodiment of the Creator Lord. |
| ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ | One who keeps the Naam in his heart is the highest of all. |
| ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥ | Without the Naam, the mortal wanders in reincarnation. ‖6‖ |
| ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ | One who keeps the Naam in his heart sees the Lord manifested in His Creation. |
| ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥ | One who keeps the Naam in his heart - his darkness is dispelled. |
| ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ | One who keeps the Naam in his heart is approved and accepted. |
| ਨਾਮ ਬਿਨਾ ਫਿਰਿ ਆਵਣ ਜਾਣੁ ॥੭॥ | Without the Naam, the mortal continues coming and going in reincarnation. ‖7‖ |
| ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ | He alone receives the Naam, who is blessed by the Lord's Mercy. |
| ਸਾਧਸੰਗਤਿ ਮਹਿ ਲਖੇ ਗੋੁਪਾਲ ॥ | In the Saadh Sangat, the Company of the Holy, the Lord of the World is understood. |
| ਆਵਣ ਜਾਣ ਰਹੇ ਸੁਖੁ ਪਾਇਆ ॥ | Coming and going in reincarnation ends, and peace is found. |
| ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥ | Says Nanak, my essence has merged in the Essence of the Lord. ‖8‖1‖4‖ |
| ਭੈਰਉ ਮਹਲਾ ੫ ॥ | Bhairao, Fifth Mehl: |
| ਕੋਟਿ ਬਿਸਨ ਕੀਨੇ ਅਵਤਾਰ ॥ | He created millions of incarnations of Vishnu. |
| ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥ | He created millions of universes as places to practice righteousness. |
| ਕੋਟਿ ਮਹੇਸ ਉਪਾਇ ਸਮਾਏ ॥ | He created and destroyed millions of Shivas. |
| ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥ | He employed millions of Brahmas to create the worlds. ‖1‖ |
| ਐਸੋ ਧਣੀ ਗੁਵਿੰਦੁ ਹਮਾਰਾ ॥ | Such is my Lord and Master, the Lord of the Universe. |

| | |
|---|---|
| ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥ | I cannot even describe His Many Virtues. \|\|1\|\|Pause\|\| |
| ਕੋਟਿ ਮਾਇਆ ਜਾ ਕੈ ਸੇਵਕਾਇ ॥ | Millions of Mayas are His maid-servants. |
| ਕੋਟਿ ਜੀਅ ਜਾ ਕੀ ਸਿਹਜਾਇ ॥ | Millions of souls are His beds. |
| ਕੋਟਿ ਉਪਾਰਜਨਾ ਤੇਰੈ ਅੰਗਿ ॥ | Millions of universes are the limbs of His Being. |
| ਕੋਟਿ ਭਗਤ ਬਸਤ ਹਰਿ ਸੰਗਿ ॥੨॥ | Millions of devotees abide with the Lord. \|\|2\|\| |
| ਕੋਟਿ ਛਤ੍ਰਪਤਿ ਕਰਤ ਨਮਸਕਾਰ ॥ | Millions of kings with their crowns and canopies bow before Him. |
| ਕੋਟਿ ਇੰਦ੍ਰ ਠਾਢੇ ਹੈ ਦੁਆਰ ॥ | Millions of Indras stand at His Door. |
| ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥ | Millions of heavenly paradises are within the scope of His Vision. |
| ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥ | Millions of His Names cannot even be appraised. \|\|3\|\| |
| ਕੋਟਿ ਪੂਰੀਅਤ ਹੈ ਜਾ ਕੈ ਨਾਦ ॥ | Millions of celestial sounds resound for Him. |
| ਕੋਟਿ ਅਖਾਰੇ ਚਲਿਤ ਬਿਸਮਾਦ ॥ | His Wondrous Plays are enacted on millions of stages. |
| ਕੋਟਿ ਸਕਤਿ ਸਿਵ ਆਗਿਆਕਾਰ ॥ | Millions of Shaktis and Shivas are obedient to Him. |
| ਕੋਟਿ ਜੀਅ ਦੇਵੈ ਆਧਾਰ ॥੪॥ | He gives sustenance and support to millions of beings. \|\|4\|\| |
| ਕੋਟਿ ਤੀਰਥ ਜਾ ਕੇ ਚਰਨ ਮਝਾਰ ॥ | In His Feet are millions of sacred shrines of pilgrimage. |
| ਕੋਟਿ ਪਵਿਤ੍ਰ ਜਪਤ ਨਾਮ ਚਾਰ ॥ | Millions chant His Sacred and Beautiful Name. |
| ਕੋਟਿ ਪੂਜਾਰੀ ਕਰਤੇ ਪੂਜਾ ॥ | Millions of worshippers worship Him. |
| ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥ | Millions of expanses are His; there is no other at all. \|\|5\|\| |
| ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥ | Millions of swan-souls sing His Immaculate Praises. |
| ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥ | Millions of Brahma's sons sing His Praises. |
| ਕੋਟਿ ਪਰਲਉ ਓਪਤਿ ਨਿਮਖ ਮਾਹਿ ॥ | He creates and destroys millions, in an instant. |
| ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥ | Millions are Your Virtues, Lord - they cannot even be counted. \|\|6\|\| |
| ਕੋਟਿ ਗਿਆਨੀ ਕਥਹਿ ਗਿਆਨੁ ॥ | Millions of spiritual teachers teach His spiritual wisdom. |
| ਕੋਟਿ ਧਿਆਨੀ ਧਰਤ ਧਿਆਨੁ ॥ | Millions of meditators focus on His meditation. |
| ਕੋਟਿ ਤਪੀਸਰ ਤਪ ਹੀ ਕਰਤੇ ॥ | Millions of austere penitents practice austerities. |

| ੧੧੫੭ | 1157 |
|---|---|
| ਕੋਟਿ ਮੁਨੀਸਰ ਮੋੁਨਿ ਮਹਿ ਰਹਤੇ ॥੭॥ | Millions of silent sages dwell in silence. ‖7‖ |
| ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥ | Our Eternal, Imperishable, Incomprehensible Lord and Master, the Inner-knower, the Searcher of hearts, is permeating all hearts. |
| ਜਤ ਕਤ ਦੇਖਉ ਤੇਰਾ ਵਾਸਾ ॥ | Wherever I look, I see Your Dwelling, O Lord. |
| ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥ | The Guru has blessed Nanak with enlightenment. ‖8‖2‖5‖ |
| ਭੈਰਉ ਮਹਲਾ ੫ ॥ | Bhairao, Fifth Mehl: |
| ਸਤਿਗੁਰਿ ਮੋ ਕਉ ਕੀਨੋ ਦਾਨੁ ॥ | The True Guru has blessed me with this gift. |
| ਅਮੋਲ ਰਤਨੁ ਹਰਿ ਦੀਨੋ ਨਾਮੁ ॥ | He has given me the Priceless Jewel of the Lord's Name. |
| ਸਹਜ ਬਿਨੋਦ ਚੋਜ ਆਨੰਤਾ ॥ | Now, I intuitively enjoy endless pleasures and wondrous play. |
| ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥ | God has spontaneously met with Nanak. ‖1‖ |
| ਕਹੁ ਨਾਨਕ ਕੀਰਤਿ ਹਰਿ ਸਾਚੀ ॥ | Says Nanak, True is the Kirtan of the Lord's Praise. |
| ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥੧॥ ਰਹਾਉ ॥ | Again and again, my mind remains immersed in it. ‖1‖Pause‖ |
| ਅਚਿੰਤ ਹਮਾਰੈ ਭੋਜਨ ਭਾਉ ॥ | Spontaneously, I feed on the Love of God. |
| ਅਚਿੰਤ ਹਮਾਰੈ ਲੀਚੈ ਨਾਉ ॥ | Spontaneously, I take God's Name. |
| ਅਚਿੰਤ ਹਮਾਰੈ ਸਬਦਿ ਉਧਾਰ ॥ | Spontaneously, I am saved by the Word of the Shabad. |
| ਅਚਿੰਤ ਹਮਾਰੈ ਭਰੇ ਭੰਡਾਰ ॥੨॥ | Spontaneously, my treasures are filled to overflowing. ‖2‖ |
| ਅਚਿੰਤ ਹਮਾਰੈ ਕਾਰਜ ਪੂਰੇ ॥ | Spontaneously, my works are perfectly accomplished. |
| ਅਚਿੰਤ ਹਮਾਰੈ ਲਥੇ ਵਿਸੂਰੇ ॥ | Spontaneously, I am rid of sorrow. |
| ਅਚਿੰਤ ਹਮਾਰੈ ਬੈਰੀ ਮੀਤਾ ॥ | Spontaneously, my enemies have become friends. |
| ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥ | Spontaneously, I have brought my mind under control. ‖3‖ |
| ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ | Spontaneously, God has comforted me. |
| ਅਚਿੰਤ ਹਮਾਰੀ ਪੂਰਨ ਆਸਾ ॥ | Spontaneously, my hopes have been fulfilled. |

| | |
|---|---|
| ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ | Spontaneously, I have totally realized the essence of reality. |
| ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥ | Spontaneously, I have been blessed with the Guru's Mantra. \|\|4\|\| |
| ਅਚਿੰਤ ਹਮਾਰੇ ਬਿਨਸੇ ਬੈਰ ॥ | Spontaneously, I am rid of hatred. |
| ਅਚਿੰਤ ਹਮਾਰੇ ਮਿਟੇ ਅੰਧੇਰ ॥ | Spontaneously, my darkness has been dispelled. |
| ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ | Spontaneously, the Kirtan of the Lord's Praise seems so sweet to my mind. |
| ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥ | Spontaneously, I behold God in each and every heart. \|\|5\|\| |
| ਅਚਿੰਤ ਮਿਟਿਓ ਹੈ ਸਗਲੋ ਭਰਮਾ ॥ | Spontaneously, all my doubts have been dispelled. |
| ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥ | Spontaneously, peace and celestial harmony fill my mind. |
| ਅਚਿੰਤ ਹਮਾਰੈ ਅਨਹਤ ਵਾਜੈ ॥ | Spontaneously, the Unstruck Melody of the Sound-current resounds within me. |
| ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥ | Spontaneously, the Lord of the Universe has revealed Himself to me. \|\|6\|\| |
| ਅਚਿੰਤ ਹਮਾਰੈ ਮਨੁ ਪਤੀਆਨਾ ॥ | Spontaneously, my mind has been pleased and appeased. |
| ਨਿਹਚਲ ਧਨੀ ਅਚਿੰਤੁ ਪਛਾਨਾ ॥ | I have spontaneously realized the Eternal, Unchanging Lord. |
| ਅਚਿੰਤੋ ਉਪਜਿਓ ਸਗਲ ਬਿਬੇਕਾ ॥ | Spontaneously, all wisdom and knowledge has welled up within me. |
| ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥ | Spontaneously, the Support of the Lord, Har, Har, has come into my hands. \|\|7\|\| |
| ਅਚਿੰਤ ਪ੍ਰਭੁ ਧੁਰਿ ਲਿਖਿਆ ਲੇਖੁ ॥ | Spontaneously, God has recorded my pre-ordained destiny. |
| ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥ | Spontaneously, the One Lord and Master God has met me. |
| ਚਿੰਤ ਅਚਿੰਤਾ ਸਗਲੀ ਗਈ ॥ | Spontaneously, all my cares and worries have been taken away. |
| ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥ | Nanak, Nanak, Nanak, has merged into the Image of God. \|\|8\|\|3\|\|6\|\| |

| | |
|---|---|
| ਭੈਰਉ ਬਾਣੀ ਭਗਤਾ ਕੀ ॥<br>ਕਬੀਰ ਜੀਉ ਘਰੁ ੧ | Bhairao, The Word Of The Devotees,<br>Kabeer Jee, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਇਹੁ ਧਨੁ ਮੇਰੇ ਹਰਿ ਕੋ ਨਾਉ ॥ | The Name of the Lord - this alone is my wealth. |
| ਗਾਂਠਿ ਨ ਬਾਧਉ ਬੇਚਿ ਨ ਖਾਉ ॥੧॥ ਰਹਾਉ ॥ | I do not tie it up to hide it, nor do I sell it to make my living. \|\|1\|\|Pause\|\| |
| ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥ | The Name is my crop, and the Name is my field. |
| ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥ | As Your humble servant, I perform devotional worship to You; I seek Your Sanctuary. \|\|1\|\| |
| ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ | The Name is Maya and wealth for me; the Name is my capital. |
| ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥ | I do not forsake You; I do not know any other at all. \|\|2\|\| |
| ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ ॥ | The Name is my family, the Name is my brother. |
| ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ ॥੩॥ | The Name is my companion, who will help me in the end. \|\|3\|\| |
| ਮਾਇਆ ਮਹਿ ਜਿਸੁ ਰਖੈ ਉਦਾਸੁ ॥ | One whom the Lord keeps detached from Maya |
| ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥ | - says Kabeer, I am his slave. \|\|4\|\|1\|\| |
| ਨਾਂਗੇ ਆਵਨੁ ਨਾਂਗੇ ਜਾਨਾ ॥ | Naked we come, and naked we go. |
| ਕੋਇ ਨ ਰਹਿਹੈ ਰਾਜਾ ਰਾਨਾ ॥੧॥ | No one, not even the kings and queens, shall remain. \|\|1\|\| |
| **੧੧੫੮** | **1158** |
| ਰਾਮੁ ਰਾਜਾ ਨਉ ਨਿਧਿ ਮੇਰੈ ॥ | The Sovereign Lord is the nine treasures for me. |
| ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ ਰਹਾਉ ॥ | The possessions and the spouse to which the mortal is lovingly attached, are Your wealth, O Lord. \|\|1\|\|Pause\|\| |
| ਆਵਤ ਸੰਗ ਨ ਜਾਤ ਸੰਗਾਤੀ ॥ | They do not come with the mortal, and they do not go with him. |

| | |
|---|---|
| ਕਹਾ ਭਇਓ ਦਰਿ ਬਾਂਧੇ ਹਾਥੀ ॥੨॥ | What good does it do him, if he has elephants tied up at his doorway? \|\|2\|\| |
| ਲੰਕਾ ਗਢੁ ਸੋਨੇ ਕਾ ਭਇਆ ॥ | The fortress of Sri Lanka was made out of gold, |
| ਮੂਰਖੁ ਰਾਵਨੁ ਕਿਆ ਲੇ ਗਇਆ ॥੩॥ | but what could the foolish Raawan take with him when he left? \|\|3\|\| |
| ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ | Says Kabeer, think of doing some good deeds. |
| ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥ | In the end, the gambler shall depart empty-handed. \|\|4\|\|2\|\| |
| ਮੈਲਾ ਬ੍ਰਹਮਾ ਮੈਲਾ ਇੰਦੁ ॥ | Brahma is polluted, and Indra is polluted. |
| ਰਵਿ ਮੈਲਾ ਮੈਲਾ ਹੈ ਚੰਦੁ ॥੧॥ | The sun is polluted, and the moon is polluted. \|\|1\|\| |
| ਮੈਲਾ ਮਲਤਾ ਇਹੁ ਸੰਸਾਰੁ ॥ | This world is polluted with pollution. |
| ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥ | Only the One Lord is Immaculate; He has no end or limitation. \|\|1\|\|Pause\|\| |
| ਮੈਲੇ ਬ੍ਰਹਮੰਡਾਇ ਕੈ ਈਸ ॥ | The rulers of kingdoms are polluted. |
| ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥ | Nights and days, and the days of the month are polluted. \|\|2\|\| |
| ਮੈਲਾ ਮੋਤੀ ਮੈਲਾ ਹੀਰੁ ॥ | The pearl is polluted, the diamond is polluted. |
| ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥ | Wind, fire and water are polluted. \|\|3\|\| |
| ਮੈਲੇ ਸਿਵ ਸੰਕਰਾ ਮਹੇਸ ॥ | Shiva, Shankara and Mahaysh are polluted. |
| ਮੈਲੇ ਸਿਧ ਸਾਧਿਕ ਅਰੁ ਭੇਖ ॥੪॥ | The Siddhas, seekers and strivers, and those who wear religious robes, are polluted. \|\|4\|\| |
| ਮੈਲੇ ਜੋਗੀ ਜੰਗਮ ਜਟਾ ਸਹੇਤਿ ॥ | The Yogis and wandering hermits with their matted hair are polluted. |
| ਮੈਲੀ ਕਾਇਆ ਹੰਸ ਸਮੇਤਿ ॥੫॥ | The body, along with the swan-soul, is polluted. \|\|5\|\| |
| ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥ | Says Kabeer, those humble beings are approved and pure, who know the Lord. \|\|6\|\|3\|\| |
| ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ | Let your mind be Mecca, and your body the temple of worship. |

| | |
|---|---|
| ਬੋਲਨਹਾਰੁ ਪਰਮ ਗੁਰੁ ਏਹੀ ॥੧॥ | Let the Supreme Guru be the One who speaks. \|\|1\|\| |
| ਕਹੁ ਰੇ ਮੁਲਾਂ ਬਾਂਗ ਨਿਵਾਜ ॥ | O Mullah, utter the call to prayer. |
| ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥ | The one mosque has ten doors. \|\|1\|\|Pause\|\| |
| ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ | So slaughter your evil nature, doubt and cruelty; |
| ਭਾਖਿ ਲੇ ਪੰਚੈ ਹੋਇ ਸਬੂਰੀ ॥੨॥ | consume the five demons and you shall be blessed with contentment. \|\|2\|\| |
| ਹਿੰਦੂ ਤੁਰਕ ਕਾ ਸਾਹਿਬੁ ਏਕ ॥ | Hindus and Muslims have the same One Lord and Master. |
| ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥ | What can the Mullah do, and what can the Shaykh do? \|\|3\|\| |
| ਕਹਿ ਕਬੀਰ ਹਉ ਭਇਆ ਦਿਵਾਨਾ ॥ | Says Kabeer, I have gone insane. |
| ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥ | Slaughtering, slaughtering my mind, I have merged into the Celestial Lord. \|\|4\|\|4\|\| |
| ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥ | When the stream flows into the Ganges, then it becomes the Ganges. \|\|1\|\| |
| ਬਿਗਰਿਓ ਕਬੀਰਾ ਰਾਮ ਦੁਹਾਈ ॥ | Just so, Kabeer has changed. |
| ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥ | He has become the Embodiment of Truth, and he does not go anywhere else. \|\|1\|\|Pause\|\| |
| ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ | Associating with the sandalwood tree, the tree nearby is changed; |
| ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥ | that tree begins to smell just like the sandalwood tree. \|\|2\|\| |
| ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ | Coming into contact with the philosophers' stone, copper is transformed; |
| ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥ | that copper is transformed into gold. \|\|3\|\| |
| ਸੰਤਨ ਸੰਗਿ ਕਬੀਰਾ ਬਿਗਰਿਓ ॥ | In the Society of the Saints, Kabeer is transformed; |
| ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥ | that Kabeer is transformed into the Lord. \|\|4\|\|5\|\| |

| | |
|---|---|
| ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ | Some apply ceremonial marks to their foreheads, hold malas in their hands, and wear religious robes. |
| ਲੋਗਨ ਰਾਮੁ ਖਿਲਉਨਾ ਜਾਨਾਂ ॥੧॥ | Some people think that the Lord is a play-thing. \|\|1\|\| |
| ਜਉ ਹਉ ਬਉਰਾ ਤਉ ਰਾਮ ਤੋਰਾ ॥ | If I am insane, then I am Yours, O Lord. |
| ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥ | How can people know my secret? \|\|1\|\|Pause\|\| |
| ਤੋਰਉ ਨ ਪਾਤੀ ਪੂਜਉ ਨ ਦੇਵਾ ॥ | I do not pick leaves as offerings, and I do not worship idols. |
| ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥ | Without devotional worship of the Lord, service is useless. \|\|2\|\| |
| ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ | I worship the True Guru; forever and ever, I surrender to Him. |
| ਐਸੀ ਸੇਵ ਦਰਗਹ ਸੁਖੁ ਪਾਵਉ ॥੩॥ | By such service, I find peace in the Court of the Lord. \|\|3\|\| |
| ਲੋਗੁ ਕਹੈ ਕਬੀਰੁ ਬਉਰਾਨਾ ॥ | People say that Kabeer has gone insane. |
| ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥ | Only the Lord realizes the secret of Kabeer. \|\|4\|\|6\|\| |
| ਉਲਟਿ ਜਾਤਿ ਕੁਲ ਦੋਊ ਬਿਸਾਰੀ ॥ | Turning away from the world, I have forgotten both my social class and ancestry. |
| ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥ | My weaving now is in the most profound celestial stillness. \|\|1\|\| |
| ਹਮਰਾ ਝਗਰਾ ਰਹਾ ਨ ਕੋਊ ॥ | I have no quarrel with anyone. |

## ੧੧੫੯ 1159

| | |
|---|---|
| ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥ | I have abandoned both the Pandits, the Hindu religious scholars, and the Mullahs, the Muslim priests. \|\|1\|\|Pause\|\| |
| ਬੁਨਿ ਬੁਨਿ ਆਪ ਆਪੁ ਪਹਿਰਾਵਉ ॥ | I weave and weave, and wear what I weave. |
| ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥ | Where egotism does not exist, there I sing God's Praises. \|\|2\|\| |
| ਪੰਡਿਤ ਮੁਲਾਂ ਜੋ ਲਿਖਿ ਦੀਆ ॥ | Whatever the Pandits and Mullahs have written, |

| | |
|---|---|
| ਛਾਡਿ ਚਲੇ ਹਮ ਕਛੂ ਨ ਲੀਆ ॥੩॥ | I reject; I do not accept any of it. ‖3‖ |
| ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ | My heart is pure, and so I have seen the Lord within. |
| ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥ | Searching, searching within the self, Kabeer has met the Lord. ‖4‖7‖ |
| ਨਿਰਧਨ ਆਦਰੁ ਕੋਈ ਨ ਦੇਇ ॥ | No one respects the poor man. |
| ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥੧॥ ਰਹਾਉ ॥ | He may make thousands of efforts, but no one pays any attention to him. ‖1‖Pause‖ |
| ਜਉ ਨਿਰਧਨੁ ਸਰਧਨ ਕੈ ਜਾਇ ॥ | When the poor man goes to the rich man, |
| ਆਗੇ ਬੈਠਾ ਪੀਠਿ ਫਿਰਾਇ ॥੧॥ | and sits right in front of him, the rich man turns his back on him. ‖1‖ |
| ਜਉ ਸਰਧਨੁ ਨਿਰਧਨ ਕੈ ਜਾਇ ॥ | But when the rich man goes to the poor man, |
| ਦੀਆ ਆਦਰੁ ਲੀਆ ਬੁਲਾਇ ॥੨॥ | the poor man welcomes him with respect. ‖2‖ |
| ਨਿਰਧਨੁ ਸਰਧਨੁ ਦੋਨਉ ਭਾਈ ॥ | The poor man and the rich man are both brothers. |
| ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥ | God's pre-ordained plan cannot be erased. ‖3‖ |
| ਕਹਿ ਕਬੀਰ ਨਿਰਧਨੁ ਹੈ ਸੋਈ ॥ | Says Kabeer, he alone is poor, |
| ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥ | who does not have the Naam, the Name of the Lord, in his heart. ‖4‖8‖ |
| ਗੁਰ ਸੇਵਾ ਤੇ ਭਗਤਿ ਕਮਾਈ ॥ | Serving the Guru, devotional worship is practiced. |
| ਤਬ ਇਹ ਮਾਨਸ ਦੇਹੀ ਪਾਈ ॥ | Then, this human body is obtained. |
| ਇਸ ਦੇਹੀ ਕਉ ਸਿਮਰਹਿ ਦੇਵ ॥ | Even the gods long for this human body. |
| ਸੋ ਦੇਹੀ ਭਜੁ ਹਰਿ ਕੀ ਸੇਵ ॥੧॥ | So vibrate that human body, and think of serving the Lord. ‖1‖ |
| ਭਜਹੁ ਗੋਬਿੰਦ ਭੂਲਿ ਮਤ ਜਾਹੁ ॥ | Vibrate, and meditate on the Lord of the Universe, and never forget Him. |
| ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥ | This is the blessed opportunity of this human incarnation. ‖1‖Pause‖ |
| ਜਬ ਲਗੁ ਜਰਾ ਰੋਗੁ ਨਹੀ ਆਇਆ ॥ | As long as the disease of old age has not come to the body, |
| ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥ | and as long as death has not come and seized the body, |

| | |
|---|---|
| ਜਬ ਲਗੁ ਬਿਕਲ ਭਈ ਨਹੀ ਬਾਨੀ ॥ | and as long as your voice has not lost its power, |
| ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥ | O mortal being, vibrate and meditate on the Lord of the World. \|\|2\|\| |
| ਅਬ ਨ ਭਜਸਿ ਭਜਸਿ ਕਬ ਭਾਈ ॥ | If you do not vibrate and meditate on Him now, when will you, O Sibling of Destiny? |
| ਆਵੈ ਅੰਤੁ ਨ ਭਜਿਆ ਜਾਈ ॥ | When the end comes, you will not be able to vibrate and meditate on Him. |
| ਜੋ ਕਿਛੁ ਕਰਹਿ ਸੋਈ ਅਬ ਸਾਰੁ ॥ | Whatever you have to do - now is the best time to do it. |
| ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥ | Otherwise, you shall regret and repent afterwards, and you shall not be carried across to the other side. \|\|3\|\| |
| ਸੋ ਸੇਵਕੁ ਜੋ ਲਾਇਆ ਸੇਵ ॥ | He alone is a servant, whom the Lord enjoins to His service. |
| ਤਿਨ ਹੀ ਪਾਏ ਨਿਰੰਜਨ ਦੇਵ ॥ | He alone attains the Immaculate Divine Lord. |
| ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ | Meeting with the Guru, his doors are opened wide, |
| ਬਹੁਰਿ ਨ ਆਵੈ ਜੋਨੀ ਬਾਟ ॥੪॥ | and he does not have to journey again on the path of reincarnation. \|\|4\|\| |
| ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ | This is your chance, and this is your time. |
| ਘਟ ਭੀਤਰਿ ਤੂ ਦੇਖੁ ਬਿਚਾਰਿ ॥ | Look deep into your own heart, and reflect on this. |
| ਕਹਤ ਕਬੀਰੁ ਜੀਤਿ ਕੈ ਹਾਰਿ ॥ | Says Kabeer, you can win or lose. |
| ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥ | In so many ways, I have proclaimed this out loud. \|\|5\|\|1\|\|9\|\| |
| ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ | In the City of God, sublime understanding prevails. |
| ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ | There, you shall meet with the Lord, and reflect on Him. |
| ਈਤ ਊਤ ਕੀ ਸੋਝੀ ਪਰੈ ॥ | Thus, you shall understand this world and the next. |
| ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ | What is the use of claiming that you own everything, if you only die in the end? \|\|1\|\| |
| ਨਿਜ ਪਦ ਊਪਰਿ ਲਾਗੋ ਧਿਆਨੁ ॥ | I focus my meditation on my inner self, deep within. |
| ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥ | The Name of the Sovereign Lord is my spiritual wisdom. \|\|1\|\|Pause\|\| |
| ਮੂਲ ਦੁਆਰੈ ਬੰਧਿਆ ਬੰਧੁ ॥ | In the first chakra, the root chakra, I have grasped the reins and tied them. |

| | |
|---|---|
| ਰਵਿ ਊਪਰਿ ਗਹਿ ਰਾਖਿਆ ਚੰਦੁ ॥ | I have firmly placed the moon above the sun. |
| ਪਛਮ ਦੁਆਰੈ ਸੂਰਜੁ ਤਪੈ ॥ | The sun blazes forth at the western gate. |
| ਮੇਰ ਡੰਡ ਸਿਰ ਊਪਰਿ ਬਸੈ ॥੨॥ | Through the central channel of the Shushmanaa, it rises up above my head. \|\|2\|\| |
| ਪਸਚਮ ਦੁਆਰੇ ਕੀ ਸਿਲ ਓੜ ॥ | There is a stone at that western gate, |
| ਤਿਹ ਸਿਲ ਊਪਰਿ ਖਿੜਕੀ ਅਉਰ ॥ | and above that stone, is another window. |
| ਖਿੜਕੀ ਊਪਰਿ ਦਸਵਾ ਦੁਆਰੁ ॥ | Above that window is the Tenth Gate. |
| ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥ | Says Kabeer, it has no end or limitation. \|\|3\|\|2\|\|10\|\| |
| ਸੋ ਮੁਲਾਂ ਜੋ ਮਨ ਸਿਉ ਲਰੈ ॥ | He alone is a Mullah, who struggles with his mind, |
| ਗੁਰ ਉਪਦੇਸਿ ਕਾਲ ਸਿਉ ਜੁਰੈ ॥ | and through the Guru's Teachings, fights with death. |
| ਕਾਲ ਪੁਰਖ ਕਾ ਮਰਦੈ ਮਾਨੁ ॥ | He crushes the pride of the Messenger of Death. |
| ਤਿਸੁ ਮੁਲਾ ਕਉ ਸਦਾ ਸਲਾਮੁ ॥੧॥ | Unto that Mullah, I ever offer greetings of respect. \|\|1\|\| |
| **੧੧੬੦** | **1160** |
| ਹੈ ਹਜੂਰਿ ਕਤ ਦੂਰਿ ਬਤਾਵਹੁ ॥ | God is present, right here at hand; why do you say that He is far away? |
| ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥ | Tie up your disturbing passions, and find the Beauteous Lord. \|\|1\|\|Pause\|\| |
| ਕਾਜੀ ਸੋ ਜੁ ਕਾਇਆ ਬੀਚਾਰੈ ॥ | He alone is a Qazi, who contemplates the human body, |
| ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ | and through the fire of the body, is illumined by God. |
| ਸੁਪਨੈ ਬਿੰਦੁ ਨ ਦੇਈ ਝਰਨਾ ॥ | He does not lose his semen, even in his dreams; |
| ਤਿਸੁ ਕਾਜੀ ਕਉ ਜਰਾ ਨ ਮਰਨਾ ॥੨॥ | for such a Qazi, there is no old age or death. \|\|2\|\| |
| ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥ | He alone is a sultan and a king, who shoots the two arrows, |
| ਬਾਹਰਿ ਜਾਤਾ ਭੀਤਰਿ ਆਨੈ ॥ | gathers in his outgoing mind, |
| ਗਗਨ ਮੰਡਲ ਮਹਿ ਲਸਕਰੁ ਕਰੈ ॥ | and assembles his army in the realm of the mind's sky, the Tenth Gate. |
| ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥੩॥ | The canopy of royalty waves over such a sultan. \|\|3\|\| |

| | |
|---|---|
| ਜੋਗੀ ਗੋਰਖੁ ਗੋਰਖੁ ਕਰੈ ॥ | The Yogi cries out, "Gorakh, Gorakh". |
| ਹਿੰਦੂ ਰਾਮ ਨਾਮੁ ਉਚਰੈ ॥ | The Hindu utters the Name of Raam. |
| ਮੁਸਲਮਾਨ ਕਾ ਏਕੁ ਖੁਦਾਇ ॥ | The Muslim has only One God. |
| ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥ | The Lord and Master of Kabeer is all-pervading. ‖4‖3‖11‖ |
| ਮਹਲਾ ੫ ॥ | Fifth Mehl: |
| ਜੋ ਪਾਥਰ ਕਉ ਕਹਤੇ ਦੇਵ ॥ | Those who call a stone their god |
| ਤਾ ਕੀ ਬਿਰਥਾ ਹੋਵੈ ਸੇਵ ॥ | their service is useless. |
| ਜੋ ਪਾਥਰ ਕੀ ਪਾਂਈ ਪਾਇ ॥ | Those who fall at the feet of a stone god |
| ਤਿਸ ਕੀ ਘਾਲ ਅਜਾਂਈ ਜਾਇ ॥੧॥ | - their work is wasted in vain. ‖1‖ |
| ਠਾਕੁਰੁ ਹਮਰਾ ਸਦ ਬੋਲੰਤਾ ॥ | My Lord and Master speaks forever. |
| ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ | God gives His gifts to all living beings. ‖1‖Pause‖ |
| ਅੰਤਰਿ ਦੇਉ ਨ ਜਾਨੈ ਅੰਧੁ ॥ | The Divine Lord is within the self, but the spiritually blind one does not know this. |
| ਭ੍ਰਮ ਕਾ ਮੋਹਿਆ ਪਾਵੈ ਫੰਧੁ ॥ | Deluded by doubt, he is caught in the noose. |
| ਨ ਪਾਥਰੁ ਬੋਲੈ ਨਾ ਕਿਛੁ ਦੇਇ ॥ | The stone does not speak; it does not give anything to anyone. |
| ਫੋਕਟ ਕਰਮ ਨਿਹਫਲ ਹੈ ਸੇਵ ॥੨॥ | Such religious rituals are useless; such service is fruitless. ‖2‖ |
| ਜੇ ਮਿਰਤਕ ਕਉ ਚੰਦਨੁ ਚੜਾਵੈ ॥ | If a corpse is anointed with sandalwood oil, |
| ਉਸ ਤੇ ਕਹਹੁ ਕਵਨ ਫਲ ਪਾਵੈ ॥ | what good does it do? |
| ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ | If a corpse is rolled in manure, |
| ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥ | what does it lose from this? ‖3‖ |
| ਕਹਤ ਕਬੀਰ ਹਉ ਕਹਉ ਪੁਕਾਰਿ ॥ | Says Kabeer, I proclaim this out loud |
| ਸਮਝਿ ਦੇਖੁ ਸਾਕਤ ਗਾਵਾਰ ॥ | behold, and understand, you ignorant, faithless cynic. |
| ਦੂਜੈ ਭਾਇ ਬਹੁਤੁ ਘਰ ਗਾਲੇ ॥ | The love of duality has ruined countless homes. |

| | |
|---|---|
| ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥ | The Lord's devotees are forever in bliss. ‖4‖4‖12‖ |
| ਜਲ ਮਹਿ ਮੀਨ ਮਾਇਆ ਕੇ ਬੇਧੇ ॥ | The fish in the water is attached to Maya. |
| ਦੀਪਕ ਪਤੰਗ ਮਾਇਆ ਕੇ ਛੇਦੇ ॥ | The moth fluttering around the lamp is pierced through by Maya. |
| ਕਾਮ ਮਾਇਆ ਕੁੰਚਰ ਕਉ ਬਿਆਪੈ ॥ | The sexual desire of Maya afflicts the elephant. |
| ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥ | The snakes and bumble bees are destroyed through Maya. ‖1‖ |
| ਮਾਇਆ ਐਸੀ ਮੋਹਨੀ ਭਾਈ ॥ | Such are the enticements of Maya, O Siblings of Destiny. |
| ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥ | As many living beings as there are, have been deceived. ‖1‖Pause‖ |
| ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ | The birds and the deer are imbued with Maya. |
| ਸਾਕਰ ਮਾਖੀ ਅਧਿਕ ਸੰਤਾਪੇ ॥ | Sugar is a deadly trap for the flies. |
| ਤੁਰੇ ਉਸਟ ਮਾਇਆ ਮਹਿ ਭੇਲਾ ॥ | Horses and camels are absorbed in Maya. |
| ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥ | The eighty-four Siddhas, the beings of miraculous spiritual powers, play in Maya. ‖2‖ |
| ਛਿਅ ਜਤੀ ਮਾਇਆ ਕੇ ਬੰਦਾ ॥ | The six celibates are slaves of Maya. |
| ਨਵੈ ਨਾਥ ਸੂਰਜ ਅਰੁ ਚੰਦਾ ॥ | So are the nine masters of Yoga, and the sun and the moon. |
| ਤਪੇ ਰਖੀਸਰ ਮਾਇਆ ਮਹਿ ਸੂਤਾ ॥ | The austere disciplinarians and the Rishis are asleep in Maya. |
| ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥ | Death and the five demons are in Maya. ‖3‖ |
| ਸੁਆਨ ਸਿਆਲ ਮਾਇਆ ਮਹਿ ਰਾਤਾ ॥ | Dogs and jackals are imbued with Maya. |
| ਬੰਤਰ ਚੀਤੇ ਅਰੁ ਸਿੰਘਾਤਾ ॥ | Monkeys, leopards and lions, |
| ਮਾਂਜਾਰ ਗਾਡਰ ਅਰੁ ਲੂਬਰਾ ॥ | cats, sheep, foxes, |
| ਬਿਰਖ ਮੂਲ ਮਾਇਆ ਮਹਿ ਪਰਾ ॥੪॥ | trees and roots are planted in Maya. ‖4‖ |
| ਮਾਇਆ ਅੰਤਰਿ ਭੀਨੇ ਦੇਵ ॥ | Even the gods are drenched with Maya, |
| ਸਾਗਰ ਇੰਦ੍ਰਾ ਅਰੁ ਧਰਤੇਵ ॥ | as are the oceans, the sky and the earth. |

| | |
|---|---|
| ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ | Says Kabeer, whoever has a belly to fill, is under the spell of Maya. |
| ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥ | The mortal is emancipated only when he meets the Holy Saint. \|\|5\|\|5\|\|13\|\| |
| ਜਬ ਲਗੁ ਮੇਰੀ ਮੇਰੀ ਕਰੈ ॥ | As long as he cries out, Mine! Mine!, |
| ਤਬ ਲਗੁ ਕਾਜੁ ਏਕੁ ਨਹੀ ਸਰੈ ॥ | none of his tasks are accomplished. |
| ਜਬ ਮੇਰੀ ਮੇਰੀ ਮਿਟਿ ਜਾਇ ॥ | When such possessiveness is erased and removed, |
| **੧੧੬੧** | **1161** |
| ਤਬ ਪ੍ਰਭ ਕਾਜੁ ਸਵਾਰਹਿ ਆਇ ॥੧॥ | then God comes and resolves his affairs. \|\|1\|\| |
| ਐਸਾ ਗਿਆਨੁ ਬਿਚਾਰੁ ਮਨਾ ॥ | Contemplate such spiritual wisdom, O mortal man. |
| ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥੧॥ ਰਹਾਉ ॥ | Why not meditate in remembrance on the Lord, the Destroyer of pain? \|\|1\|\|Pause\|\| |
| ਜਬ ਲਗੁ ਸਿੰਘੁ ਰਹੈ ਬਨ ਮਾਹਿ ॥ | As long as the tiger lives in the forest, |
| ਤਬ ਲਗੁ ਬਨੁ ਫੂਲੈ ਹੀ ਨਾਹਿ ॥ | the forest does not flower. |
| ਜਬ ਹੀ ਸਿਆਰੁ ਸਿੰਘ ਕਉ ਖਾਇ ॥ | But when the jackal eats the tiger, |
| ਫੂਲਿ ਰਹੀ ਸਗਲੀ ਬਨਰਾਇ ॥੨॥ | then the entire forest flowers. \|\|2\|\| |
| ਜੀਤੋ ਬੂਡੈ ਹਾਰੋ ਤਿਰੈ ॥ | The victorious are drowned, while the defeated swim across. |
| ਗੁਰ ਪਰਸਾਦੀ ਪਾਰਿ ਉਤਰੈ ॥ | By Guru's Grace, one crosses over and is saved. |
| ਦਾਸੁ ਕਬੀਰੁ ਕਹੈ ਸਮਝਾਇ ॥ | Slave Kabeer speaks and teaches: |
| ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥ | remain lovingly absorbed, attuned to the Lord alone. \|\|3\|\|6\|\|14\|\| |
| ਸਤਰਿ ਸੈਇ ਸਲਾਰ ਹੈ ਜਾ ਕੇ ॥ | He has 7,000 commanders, |
| ਸਵਾ ਲਾਖੁ ਪੈਕਾਬਰ ਤਾ ਕੇ ॥ | and hundreds of thousands of prophets; |
| ਸੇਖ ਜੁ ਕਹੀਅਹਿ ਕੋਟਿ ਅਠਾਸੀ ॥ | He is said to have 88,000,000 shaykhs, |
| ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥ | and 56,000,000 attendants. \|\|1\|\| |

| | |
|---|---|
| ਮੋ ਗਰੀਬ ਕੀ ਕੋ ਗੁਜਰਾਵੈ ॥ | I am meek and poor - what chance do I have of being heard there? |
| ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ ॥ | His Court is so far away; only a rare few attain the Mansion of His Presence. \|\|1\|\|Pause\|\| |
| ਤੇਤੀਸ ਕਰੋੜੀ ਹੈ ਖੇਲ ਖਾਨਾ ॥ | He has 33,000,000 play-houses. |
| ਚਉਰਾਸੀ ਲਖ ਫਿਰੈ ਦਿਵਾਨਾਂ ॥ | His beings wander insanely through 8.4 million incarnations. |
| ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥ | He bestowed His Grace on Adam, the father of mankind, |
| ਉਨਿ ਭੀ ਭਿਸਤਿ ਘਨੇਰੀ ਪਾਈ ॥੨॥ | who then lived in paradise for a long time. \|\|2\|\| |
| ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥ | Pale are the faces of those whose hearts are disturbed. |
| ਛੋਡਿ ਕਤੇਬ ਕਰੈ ਸੈਤਾਨੀ ॥ | They have forsaken their Bible, and practice Satanic evil. |
| ਦੁਨੀਆ ਦੋਸੁ ਰੋਸੁ ਹੈ ਲੋਈ ॥ | One who blames the world, and is angry with people, |
| ਅਪਨਾ ਕੀਆ ਪਾਵੈ ਸੋਈ ॥੩॥ | shall receive the fruits of his own actions. \|\|3\|\| |
| ਤੁਮ ਦਾਤੇ ਹਮ ਸਦਾ ਭਿਖਾਰੀ ॥ | You are the Great Giver, O Lord; I am forever a beggar at Your Door. |
| ਦੇਉ ਜਬਾਬੁ ਹੋਇ ਬਜਗਾਰੀ ॥ | If I were to deny You, then I would be a wretched sinner. |
| ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥ | Slave Kabeer has entered Your Shelter. |
| ਭਿਸਤੁ ਨਜੀਕਿ ਰਾਖੁ ਰਹਮਾਨਾ ॥੪॥੭॥੧੫॥ | Keep me near You, O Merciful Lord God - that is heaven for me. \|\|4\|\|7\|\|15\|\| |
| ਸਭੁ ਕੋਈ ਚਲਨ ਕਹਤ ਹੈ ਊਹਾਂ ॥ | Everyone speaks of going there, |
| ਨਾ ਜਾਨਉ ਬੈਕੁੰਠੁ ਹੈ ਕਹਾਂ ॥੧॥ ਰਹਾਉ ॥ | but I do not even know where heaven is. \|\|1\|\|Pause\|\| |
| ਆਪ ਆਪ ਕਾ ਮਰਮੁ ਨ ਜਾਨਾਂ ॥ | One who does not even know the mystery of his own self, |
| ਬਾਤਨ ਹੀ ਬੈਕੁੰਠੁ ਬਖਾਨਾਂ ॥੧॥ | speaks of heaven, but it is only talk. \|\|1\|\| |
| ਜਬ ਲਗੁ ਮਨ ਬੈਕੁੰਠ ਕੀ ਆਸ ॥ | As long as the mortal hopes for heaven, |
| ਤਬ ਲਗੁ ਨਾਹੀ ਚਰਨ ਨਿਵਾਸ ॥੨॥ | he will not dwell at the Lord's Feet. \|\|2\|\| |
| ਖਾਈ ਕੋਟੁ ਨ ਪਰਲ ਪਗਾਰਾ ॥ | Heaven is not a fort with moats and ramparts, and walls plastered with mud; |

| | |
|---|---|
| ਨਾ ਜਾਨਉ ਬੈਕੁੰਠ ਦੁਆਰਾ ॥੩॥ | I do not know what heaven's gate is like. \|\|3\|\| |
| ਕਹਿ ਕਮੀਰ ਅਬ ਕਹੀਐ ਕਾਹਿ ॥ | Says Kabeer, now what more can I say? |
| ਸਾਧਸੰਗਤਿ ਬੈਕੁੰਠੈ ਆਹਿ ॥੪॥੮॥੧੬॥ | The Saadh Sangat, the Company of the Holy, is heaven itself. \|\|4\|\|8\|\|16\|\| |
| ਕਿਉ ਲੀਜੈ ਗਢੁ ਬੰਕਾ ਭਾਈ ॥ | How can the beautiful fortress be conquered, O Siblings of Destiny? |
| ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥ | It has double walls and triple moats. \|\|1\|\|Pause\|\| |
| ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥ | It is defended by the five elements, the twenty-five categories, attachment, pride, jealousy and the awesomely powerful Maya. |
| ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥ | The poor mortal being does not have the strength to conquer it; what should I do now, O Lord? \|\|1\|\| |
| ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥ | Sexual desire is the window, pain and pleasure are the gate-keepers, virtue and sin are the gates. |
| ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥ | Anger is the great supreme commander, full of argument and strife, and the mind is the rebel king there. \|\|2\|\| |
| ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥ | Their armor is the pleasure of tastes and flavors, their helmets are worldly attachments; they take aim with their bows of corrupt intellect. |
| ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥ | The greed that fills their hearts is the arrow; with these things, their fortress is impregnable. \|\|3\|\| |
| ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥ | But I have made divine love the fuse, and deep meditation the bomb; I have launched the rocket of spiritual wisdom. |
| ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥ | The fire of God is lit by intuition, and with one shot, the fortress is taken. \|\|4\|\| |
| ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥ | Taking truth and contentment with me, I begin the battle and storm both the gates. |
| ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥ | In the Saadh Sangat, the Company of the Holy, and by Guru's Grace, I have captured the king of the fortress. \|\|5\|\| |

| ੧੧੬੨ | 1162 |
|---|---|
| ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥ | With the army of God's devotees, and Shakti, the power of meditation, I have snapped the noose of the fear of death. |
| ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥ | Slave Kabeer has climbed to the top of the fortress; I have obtained the eternal, imperishable domain. \|\|6\|\|9\|\|17\|\| |
| ਗੰਗ ਗੁਸਾਇਨਿ ਗਹਿਰ ਗੰਭੀਰ ॥ | The mother Ganges is deep and profound. |
| ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥ | Tied up in chains, they took Kabeer there. \|\|1\|\| |
| ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ | My mind was not shaken; why should my body be afraid? |
| ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥ | My consciousness remained immersed in the Lotus Feet of the Lord. \|\|1\|\|Pause\|\| |
| ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ | The waves of the Ganges broke the chains, |
| ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥ | and Kabeer was seated on a deer skin. \|\|2\|\| |
| ਕਹਿ ਕੰਬੀਰ ਕੋਊ ਸੰਗ ਨ ਸਾਥ ॥ | Says Kabeer, I have no friend or companion. |
| ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥ | On the water, and on the land, the Lord is my Protector. \|\|3\|\|10\|\|18\|\| |
| ਭੈਰਉ ਕਬੀਰ ਜੀਉ ਅਸਟਪਦੀ ਘਰੁ ੨ | Bhairao, Kabeer Jee, Ashtapadees, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਅਗਮ ਦ੍ਰੁਗਮ ਗੜਿ ਰਚਿਓ ਬਾਸ ॥ | God constructed a fortress, inaccessible and unreachable, in which He dwells. |
| ਜਾ ਮਹਿ ਜੋਤਿ ਕਰੇ ਪਰਗਾਸ ॥ | There, His Divine Light radiates forth. |
| ਬਿਜੁਲੀ ਚਮਕੈ ਹੋਇ ਅਨੰਦੁ ॥ | Lightning blazes, and bliss prevails there, |
| ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥੧॥ | where the Eternally Young Lord God abides. \|\|1\|\| |
| ਇਹੁ ਜੀਉ ਰਾਮ ਨਾਮ ਲਿਵ ਲਾਗੈ ॥ | This soul is lovingly attuned to the Lord's Name. |
| ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥ | It is saved from old age and death, and its doubt runs away. \|\|1\|\|Pause\|\| |

| | |
|---|---|
| ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ | Those who believe in high and low social classes, |
| ਹਉਮੈ ਗਾਵਨਿ ਗਾਵਹਿ ਗੀਤ ॥ | only sing songs and chants of egotism. |
| ਅਨਹਦ ਸਬਦ ਹੋਤ ਝੁਨਕਾਰ ॥ | The Unstruck Sound-current of the Shabad, the Word of God, resounds in that place, |
| ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥੨॥ | where the Supreme Lord God abides. \|\|2\|\| |
| ਖੰਡਲ ਮੰਡਲ ਮੰਡਲ ਮੰਡਾ ॥ | He creates planets, solar systems and galaxies; |
| ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥ | He destroys the three worlds, the three gods and the three qualities. |
| ਅਗਮ ਅਗੋਚਰੁ ਰਹਿਆ ਅਭ ਅੰਤ ॥ | The Inaccessible and Unfathomable Lord God dwells in the heart. |
| ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥ | No one can find the limits or the secrets of the Lord of the World. \|\|3\|\| |
| ਕਦਲੀ ਪੁਹਪ ਧੂਪ ਪਰਗਾਸ ॥ | The Lord shines forth in the plantain flower and the sunshine. |
| ਰਜ ਪੰਕਜ ਮਹਿ ਲੀਓ ਨਿਵਾਸ ॥ | He dwells in the pollen of the lotus flower. |
| ਦੁਆਦਸ ਦਲ ਅਭ ਅੰਤਰਿ ਮੰਤ ॥ | The Lord's secret is within the twelve petals of the heart-lotus. |
| ਜਹ ਪਉੜੇ ਸ੍ਰੀ ਕਮਲਾ ਕੰਤ ॥੪॥ | The Supreme Lord, the Lord of Lakshmi dwells there. \|\|4\|\| |
| ਅਰਧ ਉਰਧ ਮੁਖਿ ਲਾਗੋ ਕਾਸੁ ॥ | He is like the sky, stretching across the lower, upper and middle realms. |
| ਸੁੰਨ ਮੰਡਲ ਮਹਿ ਕਰਿ ਪਰਗਾਸੁ ॥ | In the profoundly silent celestial realm, He radiates forth. |
| ਊਹਾਂ ਸੂਰਜ ਨਾਹੀ ਚੰਦ ॥ | Neither the sun nor the moon are there, |
| ਆਦਿ ਨਿਰੰਜਨੁ ਕਰੈ ਅਨੰਦ ॥੫॥ | but the Primal Immaculate Lord celebrates there. \|\|5\|\| |
| ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ | Know that He is in the universe, and in the body as well. |
| ਮਾਨ ਸਰੋਵਰਿ ਕਰਿ ਇਸਨਾਨੁ ॥ | Take your cleansing bath in the Mansarovar Lake. |
| ਸੋਹੰ ਸੋ ਜਾ ਕਉ ਹੈ ਜਾਪ ॥ | Chant "Sohang" - "He is me." |
| ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥ | He is not affected by either virtue or vice. \|\|6\|\| |
| ਅਬਰਨ ਬਰਨ ਘਾਮ ਨਹੀ ਛਾਮ ॥ | He is not affected by either high or low social class, sunshine or shade. |
| ਅਵਰ ਨ ਪਾਈਐ ਗੁਰ ਕੀ ਸਾਮ ॥ | He is in the Guru's Sanctuary, and nowhere else. |

| | |
|---|---|
| ਟਾਰੀ ਨ ਟਰੈ ਆਵੈ ਨ ਜਾਇ ॥ | He is not diverted by diversions, comings or goings. |
| ਸੁੰਨ ਸਹਜ ਮਹਿ ਰਹਿਓ ਸਮਾਇ ॥੭॥ | Remain intuitively absorbed in the celestial void. \|\|7\|\| |
| ਮਨ ਮਧੇ ਜਾਨੈ ਜੇ ਕੋਇ ॥ | One who knows the Lord in the mind |
| ਜੋ ਬੋਲੈ ਸੋ ਆਪੈ ਹੋਇ ॥ | whatever he says, comes to pass. |
| ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ | One who firmly implants the Lord's Divine Light, and His Mantra within the mind |
| ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥ | - says Kabeer, such a mortal crosses over to the other side. \|\|8\|\|1\|\| |
| ਕੋਟਿ ਸੂਰ ਜਾ ਕੈ ਪਰਗਾਸ ॥ | Millions of suns shine for Him, |
| ਕੋਟਿ ਮਹਾਦੇਵ ਅਰੁ ਕਬਿਲਾਸ ॥ | millions of Shivas and Kailash mountains. |
| ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ | Millions of Durga goddesses massage His Feet. |
| ਬ੍ਰਹਮਾ ਕੋਟਿ ਬੇਦ ਉਚਰੈ ॥੧॥ | Millions of Brahmas chant the Vedas for Him. \|\|1\|\| |
| ਜਉ ਜਾਚਉ ਤਉ ਕੇਵਲ ਰਾਮ ॥ | When I beg, I beg only from the Lord. |
| ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥ | I have nothing to do with any other deities. \|\|1\|\|Pause\|\| |
| ਕੋਟਿ ਚੰਦ੍ਰਮੇ ਕਰਹਿ ਚਰਾਕ ॥ | Millions of moons twinkle in the sky. |
| **੧੧੬੩** | **1163** |
| ਸੁਰ ਤੇਤੀਸਉ ਜੇਵਹਿ ਪਾਕ ॥ | Three hundred thirty million gods eat the Lord's offerings. |
| ਨਵ ਗ੍ਰਹ ਕੋਟਿ ਠਾਢੇ ਦਰਬਾਰ ॥ | The nine stars, a million times over, stand at His Door. |
| ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥ | Millions of Righteous Judges of Dharma are His gate-keepers. \|\|2\|\| |
| ਪਵਨ ਕੋਟਿ ਚਉਬਾਰੇ ਫਿਰਹਿ ॥ | Millions of winds blow around Him in the four directions. |
| ਬਾਸਕ ਕੋਟਿ ਸੇਜ ਬਿਸਥਰਹਿ ॥ | Millions of serpents prepare His bed. |
| ਸਮੁੰਦ ਕੋਟਿ ਜਾ ਕੇ ਪਾਨੀਹਾਰ ॥ | Millions of oceans are His water-carriers. |
| ਰੋਮਾਵਲਿ ਕੋਟਿ ਅਠਾਰਹ ਭਾਰ ॥੩॥ | The eighteen million loads of vegetation are His Hair. \|\|3\|\| |
| ਕੋਟਿ ਕਮੇਰ ਭਰਹਿ ਭੰਡਾਰ ॥ | Millions of treasurers fill His Treasury. |
| ਕੋਟਿਕ ਲਖਮੀ ਕਰੈ ਸੀਗਾਰ ॥ | Millions of Lakshmis adorn themselves for Him. |
| ਕੋਟਿਕ ਪਾਪ ਪੁੰਨ ਬਹੁ ਹਿਰਹਿ ॥ | Many millions of vices and virtues look up to Him. |

ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥ — Millions of Indras serve Him. ||4||

ਛਪਨ ਕੋਟਿ ਜਾ ਕੈ ਪ੍ਰਤਿਹਾਰ ॥ — Fifty-six million clouds are His.
ਨਗਰੀ ਨਗਰੀ ਖਿਅਤ ਅਪਾਰ ॥ — In each and every village, His infinite fame has spread.
ਲਟ ਛੂਟੀ ਵਰਤੈ ਬਿਕਰਾਲ ॥ — Wild demons with dishevelled hair move about.
ਕੋਟਿ ਕਲਾ ਖੇਲੈ ਗੋਪਾਲ ॥੫॥ — The Lord plays in countless ways. ||5||

ਕੋਟਿ ਜਗ ਜਾ ਕੈ ਦਰਬਾਰ ॥ — Millions of charitable feasts are held in His Court,
ਗੰਧ੍ਰਬ ਕੋਟਿ ਕਰਹਿ ਜੈਕਾਰ ॥ — and millions of celestial singers celebrate His victory.
ਬਿਦਿਆ ਕੋਟਿ ਸਭੈ ਗੁਨ ਕਹੈ ॥ — Millions of sciences all sing His Praises.
ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥ — Even so, the limits of the Supreme Lord God cannot be found. ||6||

ਬਾਵਨ ਕੋਟਿ ਜਾ ਕੈ ਰੋਮਾਵਲੀ ॥
ਰਾਵਨ ਸੈਨਾ ਜਹ ਤੇ ਛਲੀ ॥ — Rama, with millions of monkeys, conquered Raawan's army.
ਸਹਸ ਕੋਟਿ ਬਹੁ ਕਹਤ ਪੁਰਾਨ ॥ — Billions of Puraanas greatly praise Him;
ਦੁਰਜੋਧਨ ਕਾ ਮਥਿਆ ਮਾਨੁ ॥੭॥ — He humbled the pride of Duryodhan. ||7||

ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ — Millions of gods of love cannot compete with Him.
ਅੰਤਰ ਅੰਤਰਿ ਮਨਸਾ ਹਰਹਿ ॥ — He steals the hearts of mortal beings.
ਕਹਿ ਕਬੀਰ ਸੁਨਿ ਸਾਰਿਗਪਾਨ ॥ — Says Kabeer, please hear me, O Lord of the World.
ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥ — I beg for the blessing of fearless dignity. ||8||2||18||20||

ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧ — Bhairao, The Word Of Naam Dayv Jee, First House:

ੴ ਸਤਿਗੁਰ ਪ੍ਰਸਾਦਿ ॥ — One Universal Creator God. By The Grace Of The True Guru:

ਰੇ ਜਿਹਬਾ ਕਰਉ ਸਤ ਖੰਡ ॥ — O my tongue, I will cut you into a hundred pieces,
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥ — if you do not chant the Name of the Lord. ||1||

ਰੰਗੀ ਲੇ ਜਿਹਬਾ ਹਰਿ ਕੈ ਨਾਇ ॥ — O my tongue, be imbued with the Lord's Name.
ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥ — Meditate on the Name of the Lord, Har, Har, and imbue yourself with this most excellent color. ||1||Pause||

| | |
|---|---|
| ਮਿਥਿਆ ਜਿਹਬਾ ਅਵਰੇਂ ਕਾਮ ॥ | O my tongue, other occupations are false. |
| ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥ | The state of Nirvaanaa comes only through the Lord's Name. \|\|2\|\| |
| ਅਸੰਖ ਕੋਟਿ ਅਨ ਪੂਜਾ ਕਰੀ ॥ | The performance of countless millions of other devotions |
| ਏਕ ਨ ਪੂਜਸਿ ਨਾਮੈ ਹਰੀ ॥੩॥ | is not equal to even one devotion to the Name of the Lord. \|\|3\|\| |
| ਪ੍ਰਣਵੈ ਨਾਮਦੇਉ ਇਹੁ ਕਰਣਾ ॥ | Prays Naam Dayv, this is my occupation. |
| ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥ | O Lord, Your Forms are endless. \|\|4\|\|1\|\| |
| ਪਰ ਧਨ ਪਰ ਦਾਰਾ ਪਰਹਰੀ ॥ | One who stays away from others' wealth and others' spouses |
| ਤਾ ਕੈ ਨਿਕਟਿ ਬਸੈ ਨਰਹਰੀ ॥੧॥ | - the Lord abides near that person. \|\|1\|\| |
| ਜੋ ਨ ਭਜੰਤੇ ਨਾਰਾਇਣਾ ॥ | Those who do not meditate and vibrate on the Lord |
| ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥ | - I do not even want to see them. \|\|1\|\|Pause\|\| |
| ਜਿਨ ਕੈ ਭੀਤਰਿ ਹੈ ਅੰਤਰਾ ॥ | Those whose inner beings are not in harmony with the Lord, |
| ਜੈਸੇ ਪਸੁ ਤੈਸੇ ਓਇ ਨਰਾ ॥੨॥ | are nothing more than beasts. \|\|2\|\| |
| ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥ | Prays Naam Dayv, a man without a nose |
| ਨਾ ਸੋਹੈ ਬਤੀਸ ਲਖਨਾ ॥੩॥੨॥ | does not look handsome, even if he has the thirty-two beauty marks. \|\|3\|\|2\|\| |
| ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥ | Naam Dayv milked the brown cow, and brought a cup of milk and a jug of water to his family god. \|\|1\|\| |
| ਦੂਧੁ ਪੀਉ ਗੋਬਿੰਦੇ ਰਾਇ ॥ | "Please drink this milk, O my Sovereign Lord God. |
| ਦੂਧੁ ਪੀਉ ਮੇਰੋ ਮਨੁ ਪਤੀਆਇ ॥ | Drink this milk and my mind will be happy. |
| ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥ | Otherwise, my father will be angry with me."\|\|1\|\|Pause\|\| |
| ਸੋੁਇਨ ਕਟੋਰੀ ਅੰਮ੍ਰਿਤ ਭਰੀ ॥ | Taking the golden cup, Naam Dayv filled it with the ambrosial milk, |

| | |
|---|---|
| ਲੈ ਨਾਮੈ ਹਰਿ ਆਗੈ ਧਰੀ ॥੨॥ | and placed it before the Lord. ‖2‖ |
| ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥ | The Lord looked upon Naam Dayv and smiled. "This one devotee abides within my heart."‖3‖ |
| ਦੂਧੁ ਪੀਆਇ ਭਗਤੁ ਘਰਿ ਗਇਆ ॥ | The Lord drank the milk, and the devotee returned home. |
| **੧੧੬੪** | **1164** |
| ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥ | Thus did Naam Dayv come to receive the Blessed Vision of the Lord's Darshan. ‖4‖3‖ |
| ਮੈ ਬਉਰੀ ਮੇਰਾ ਰਾਮੁ ਭਤਾਰੁ ॥ | I am crazy - the Lord is my Husband. |
| ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥ | I decorate and adorn myself for Him. ‖1‖ |
| ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥ | Slander me well, slander me well, slander me well, O people. |
| ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥ | My body and mind are united with my Beloved Lord. ‖1‖Pause‖ |
| ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥ | Do not engage in any arguments or debates with anyone. |
| ਰਸਨਾ ਰਾਮ ਰਸਾਇਨੁ ਪੀਜੈ ॥੨॥ | With your tongue, savor the Lord's sublime essence. ‖2‖ |
| ਅਬ ਜੀਅ ਜਾਨਿ ਐਸੀ ਬਨਿ ਆਈ ॥ | Now, I know within my soul, that such an arrangement has been made; |
| ਮਿਲਉ ਗੁਪਾਲ ਨੀਸਾਨੁ ਬਜਾਈ ॥੩॥ | I will meet with my Lord by the beat of the drum. ‖3‖ |
| ਉਸਤਤਿ ਨਿੰਦਾ ਕਰੈ ਨਰੁ ਕੋਈ ॥ | Anyone can praise or slander me. |
| ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥ | Naam Dayv has met the Lord. ‖4‖4‖ |
| ਕਬਹੂ ਖੀਰਿ ਖਾਡ ਘੀਉ ਨ ਭਾਵੈ ॥ | Sometimes, people do not appreciate milk, sugar and ghee. |
| ਕਬਹੂ ਘਰ ਘਰ ਟੂਕ ਮਗਾਵੈ ॥ | Sometimes, they have to beg for bread from door to door. |
| ਕਬਹੂ ਕੂਰਨੁ ਚਨੇ ਬਿਨਾਵੈ ॥੧॥ | Sometimes, they have to pick out the grain from the chaff. ‖1‖ |
| ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥ | As the Lord keeps us, so do we live, O Siblings of Destiny. |

| | |
|---|---|
| ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥ | The Lord's Glory cannot even be described. \|\|1\|\|Pause\|\| |
| ਕਬਹੂ ਤੁਰੇ ਤੁਰੰਗ ਨਚਾਵੈ ॥ | Sometimes, people prance around on horses. |
| ਕਬਹੂ ਪਾਇ ਪਨਹੀਓ ਨ ਪਾਵੈ ॥੨॥ | Sometimes, they do not even have shoes for their feet. \|\|2\|\| |
| ਕਬਹੂ ਖਾਟ ਸੁਪੇਦੀ ਸੁਵਾਵੈ ॥ | Sometimes, people sleep on cozy beds with white sheets. |
| ਕਬਹੂ ਭੂਮਿ ਪੈਆਰੁ ਨ ਪਾਵੈ ॥੩॥ | Sometimes, they do not even have straw to put down on the ground. \|\|3\|\| |
| ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥ | Naam Dayv prays, only the Naam, the Name of the Lord, can save us. |
| ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥ | One who meets the Guru, is carried across to the other side. \|\|4\|\|5\|\| |
| ਹਸਤ ਖੇਲਤ ਤੇਰੇ ਦੇਹੁਰੇ ਆਇਆ ॥ | Laughing and playing, I came to Your Temple, O Lord. |
| ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥ | While Naam Dayv was worshipping, he was grabbed and driven out. \|\|1\|\| |
| ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ | I am of a low social class, O Lord; |
| ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥ | why was I born into a family of fabric dyers? \|\|1\|\|Pause\|\| |
| ਲੈ ਕਮਲੀ ਚਲਿਓ ਪਲਟਾਇ ॥ | I picked up my blanket and went back, |
| ਦੇਹੁਰੈ ਪਾਛੈ ਬੈਠਾ ਜਾਇ ॥੨॥ | to sit behind the temple. \|\|2\|\| |
| ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ | As Naam Dayv uttered the Glorious Praises of the Lord, |
| ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥ | the temple turned around to face the Lord's humble devotee. \|\|3\|\|6\|\| |
| ਭੈਰਉ ਨਾਮਦੇਉ ਜੀਉ ਘਰੁ ੨ | Bhairao, Naam Dayv Jee, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜੈਸੀ ਭੂਖੇ ਪ੍ਰੀਤਿ ਅਨਾਜ ॥ | As the hungry person loves food, |
| ਤ੍ਰਿਖਾਵੰਤ ਜਲ ਸੇਤੀ ਕਾਜ ॥ | and the thirsty person is obsessed with water, |

| | |
|---|---|
| ਜੈਸੀ ਮੂੜ ਕੁਟੰਬ ਪਰਾਇਣ ॥ | and as the fool is attached to his family |
| ਐਸੀ ਨਾਮੇ ਪ੍ਰੀਤਿ ਨਰਾਇਣ ॥੧॥ | - just so, the Lord is very dear to Naam Dayv. \|\|1\|\| |
| ਨਾਮੇ ਪ੍ਰੀਤਿ ਨਾਰਾਇਣ ਲਾਗੀ ॥ | Naam Dayv is in love with the Lord. |
| ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥ | He has naturally and intuitively become detached from the world. \|\|1\|\|Pause\|\| |
| ਜੈਸੀ ਪਰ ਪੁਰਖਾ ਰਤ ਨਾਰੀ ॥ | Like the woman who falls in love with another man, |
| ਲੋਭੀ ਨਰੁ ਧਨ ਕਾ ਹਿਤਕਾਰੀ ॥ | and the greedy man who loves only wealth, |
| ਕਾਮੀ ਪੁਰਖ ਕਾਮਨੀ ਪਿਆਰੀ ॥ | and the sexually promiscuous man who loves women and sex, |
| ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥ | just so, Naam Dayv is in love with the Lord. \|\|2\|\| |
| ਸਾਈ ਪ੍ਰੀਤਿ ਜਿ ਆਪੇ ਲਾਏ ॥ | But that alone is real love, which the Lord Himself inspires; |
| ਗੁਰ ਪਰਸਾਦੀ ਦੁਬਿਧਾ ਜਾਏ ॥ | by Guru's Grace, duality is eradicated. |
| ਕਬਹੁ ਨ ਤੂਟਸਿ ਰਹਿਆ ਸਮਾਇ ॥ | Such love never breaks; through it, the mortal remains merged in the Lord. |
| ਨਾਮੇ ਚਿਤੁ ਲਾਇਆ ਸਚਿ ਨਾਇ ॥੩॥ | Naam Dayv has focused his consciousness on the True Name. \|\|3\|\| |
| ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ | Like the love between the child and its mother, |
| ਐਸਾ ਹਰਿ ਸੇਤੀ ਮਨੁ ਰਾਤਾ ॥ | so is my mind imbued with the Lord. |
| ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥ | Prays Naam Dayv, I am in love with the Lord. |
| ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥ | The Lord of the Universe abides within my consciousness. \|\|4\|\|1\|\|7\|\| |
| ਘਰ ਕੀ ਨਾਰਿ ਤਿਆਗੈ ਅੰਧਾ ॥ | The blind fool abandons the wife of his own home, |
| **੧੧੬੫** | **1165** |
| ਪਰ ਨਾਰੀ ਸਿਉ ਘਾਲੈ ਧੰਧਾ ॥ | and has an affair with another woman. |
| ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥ | He is like the parrot, who is pleased to see the simbal tree; |
| ਅੰਤ ਕੀ ਬਾਰ ਮੂਆ ਲਪਟਾਨਾ ॥੧॥ | but in the end, he dies, stuck to it. \|\|1\|\| |
| ਪਾਪੀ ਕਾ ਘਰੁ ਅਗਨੇ ਮਾਹਿ ॥ | The home of the sinner is on fire. |

| | |
|---|---|
| ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥ | It keeps burning, and the fire cannot be extinguished. \|\|1\|\|Pause\|\| |
| ਹਰਿ ਕੀ ਭਗਤਿ ਨ ਦੇਖੈ ਜਾਇ ॥ | He does not go to see where the Lord is being worshipped. |
| ਮਾਰਗੁ ਛੋਡਿ ਅਮਾਰਗਿ ਪਾਇ ॥ | He abandons the Lord's Path, and takes the wrong path. |
| ਮੂਲਹੁ ਭੂਲਾ ਆਵੈ ਜਾਇ ॥ | He forgets the Primal Lord God, and is caught in the cycle of reincarnation. |
| ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥ | He throws away the Ambrosial Nectar, and gathers poison to eat. \|\|2\|\| |
| ਜਿਉ ਬੇਸ੍ਵਾ ਕੇ ਪਰੈ ਅਖਾਰਾ ॥ | He is like the prostitute, who comes to dance, |
| ਕਾਪਰੁ ਪਹਿਰਿ ਕਰਹਿ ਸੀਗਾਰਾ ॥ | wearing beautiful clothes, decorated and adorned. |
| ਪੂਰੇ ਤਾਲ ਨਿਹਾਲੇ ਸਾਸ ॥ | She dances to the beat, exciting the breath of those who watch her. |
| ਵਾ ਕੇ ਗਲੇ ਜਮ ਕਾ ਹੈ ਫਾਸ ॥੩॥ | But the noose of the Messenger of Death is around her neck. \|\|3\|\| |
| ਜਾ ਕੇ ਮਸਤਕਿ ਲਿਖਿਓ ਕਰਮਾ ॥ | One who has good karma recorded on his forehead, |
| ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥ | hurries to enter the Guru's Sanctuary. |
| ਕਹਤ ਨਾਮਦੇਉ ਇਹੁ ਬੀਚਾਰੁ ॥ | Says Naam Dayv, consider this: |
| ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥ | O Saints, this is the way to cross over to the other side. \|\|4\|\|2\|\|8\|\| |
| ਸੰਡਾ ਮਰਕਾ ਜਾਇ ਪੁਕਾਰੇ ॥ | Sanda and Marka went and complained to Harnaakhash, |
| ਪੜੈ ਨਹੀ ਹਮ ਹੀ ਪਚਿ ਹਾਰੇ ॥ | "Your son does not read his lessons. We are tired of trying to teach him. |
| ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥ | He chants the Lord's Name, clapping his hands to keep the beat; he has spoiled all the other students. \|\|1\|\| |
| ਰਾਮ ਨਾਮਾ ਜਪਿਬੋ ਕਰੈ ॥ | He chants the Lord's Name, |
| ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥ | and he has enshrined meditative remembrance of the Lord within his heart."\|\|1\|\|Pause\|\| |
| ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥ | "Your father the king has conquered the whole world", said his mother the queen. |
| ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥ | "O Prahlad my son, you do not obey him, so he has decided to deal with you in another way."\|\|2\|\| |

| | |
|---|---|
| ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥ | The council of villains met and resolved to send Prahlaad into the life hereafter. |
| ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥ | Prahlaad was thrown off a mountain, into the water, and into a fire, but the Sovereign Lord God saved him, by changing the laws of nature. \|\|3\|\| |
| ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥ | Harnaakhash thundered with rage and threatened to kill Prahlaad. "Tell me, who can save you?" |
| ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥ | Prahlaad answered, "The Lord, the Master of the three worlds, is contained even in this pillar to which I am tied."\|\|4\|\| |
| ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥ | The Lord who tore Harnaakhash apart with His nails proclaimed Himself the Lord of gods and men. |
| ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥੫॥੩॥੯॥ | Says Naam Dayv, I meditate on the Lord, the Man-lion, the Giver of fearless dignity. \|\|5\|\|3\|\|9\|\| |
| ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ | The Sultan said, "Listen, Naam Dayv: |
| ਦੇਖਉ ਰਾਮ ਤੁਮ੍ਾਰੇ ਕਾਮਾ ॥੧॥ | let me see the actions of your Lord."\|\|1\|\| |
| ਨਾਮਾ ਸੁਲਤਾਨੇ ਬਾਧਿਲਾ ॥ | The Sultan arrested Naam Dayv, |
| ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥ | and said, "Let me see your Beloved Lord."\|\|1\|\|Pause\|\| |
| ਬਿਸਮਿਲਿ ਗਊ ਦੇਹੁ ਜੀਵਾਇ ॥ | "Bring this dead cow back to life. |
| ਨਾਤਰੁ ਗਰਦਨਿ ਮਾਰਉ ਠਾਂਇ ॥੨॥ | Otherwise, I shall cut off your head here and now."\|\|2\|\| |
| ਬਾਦਿਸਾਹ ਐਸੀ ਕਿਉ ਹੋਇ ॥ | Naam Dayv answered, "O king, how can this happen? |
| ਬਿਸਮਿਲਿ ਕੀਆ ਨ ਜੀਵੈ ਕੋਇ ॥੩॥ | No one can bring the dead back to life. \|\|3\|\| |
| ਮੇਰਾ ਕੀਆ ਕਛੂ ਨ ਹੋਇ ॥ | I cannot do anything by my own actions. |
| ਕਰਿ ਹੈ ਰਾਮੁ ਹੋਇ ਹੈ ਸੋਇ ॥੪॥ | Whatever the Lord does, that alone happens."\|\|4\|\| |
| ਬਾਦਿਸਾਹੁ ਚੜ੍ਹਿਓ ਅਹੰਕਾਰਿ ॥ | The arrogant king was enraged at this reply. |
| ਗਜ ਹਸਤੀ ਦੀਨੋ ਚਮਕਾਰਿ ॥੫॥ | He incited an elephant to attack. \|\|5\|\| |
| ਰੁਦਨੁ ਕਰੈ ਨਾਮੇ ਕੀ ਮਾਇ ॥ | Naam Dayv's mother began to cry, |

| | |
|---|---|
| ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥ | and she said, "Why don't you abandon your Lord Raam, and worship his Lord Allah?"‖6‖ |
| ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥ | Naam Dayv answered, "I am not your son, and you are not my mother. |
| ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥ | Even if my body dies, I will still sing the Glorious Praises of the Lord."‖7‖ |
| ਕਰੈ ਗਜਿੰਦੁ ਸੁੰਡ ਕੀ ਚੋਟ ॥ | The elephant attacked him with his trunk, |
| ਨਾਮਾ ਉਬਰੈ ਹਰਿ ਕੀ ਓਟ ॥੮॥ | but Naam Dayv was saved, protected by the Lord. ‖8‖ |
| ਕਾਜੀ ਮੁਲਾਂ ਕਰਹਿ ਸਲਾਮੁ ॥ | The king said, "The Qazis and the Mullahs bow down to me, |
| ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥ | but this Hindu has trampled my honor."‖9‖ |
| ਬਾਦਿਸਾਹ ਬੇਨਤੀ ਸੁਨੇਹੁ ॥ | The people pleaded with the king, "Hear our prayer, O king. |
| **੧੧੬੬** | **1166** |
| ਨਾਮੇ ਸਰ ਭਰਿ ਸੋਨਾ ਲੇਹੁ ॥੧੦॥ | Here, take Naam Dayvs weight in gold, and release him."‖10‖ |
| ਮਾਲੁ ਲੇਉ ਤਉ ਦੋਜਕਿ ਪਰਉ ॥ | The king replied, "If I take the gold, then I will be consigned to hell, |
| ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥ | by forsaking my faith and gathering worldly wealth."‖11‖ |
| ਪਾਵਹੁ ਬੇੜੀ ਹਾਥਹੁ ਤਾਲ ॥ | With his feet in chains, Naam Dayv kept the beat with his hands, |
| ਨਾਮਾ ਗਾਵੈ ਗੁਨ ਗੋਪਾਲ ॥੧੨॥ | singing the Praises of the Lord. ‖12‖ |
| ਗੰਗ ਜਮੁਨ ਜਉ ਉਲਟੀ ਬਹੈ ॥ | "Even if the Ganges and the Jamunaa rivers flow backwards, |
| ਤਉ ਨਾਮਾ ਹਰਿ ਕਰਤਾ ਰਹੈ ॥੧੩॥ | I will still continue singing the Praises of the Lord."‖13‖ |
| ਸਾਤ ਘੜੀ ਜਬ ਬੀਤੀ ਸੁਣੀ ॥ | Three hours passed, |
| ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥ | and even then, the Lord of the three worlds had not come. ‖14‖ |

| | |
|---|---|
| ਪਾਖੰਤਣ ਬਾਜ ਬਜਾਇਲਾ ॥ | Playing on the instrument of the feathered wings, |
| ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥ | the Lord of the Universe came, mounted on the eagle garura. \|\|15\|\| |
| ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ | He cherished His devotee, |
| ਗਰੁੜ ਚੜ੍ਹੇ ਆਏ ਗੋਪਾਲ ॥੧੬॥ | and the Lord came, mounted on the eagle garura. \|\|16\|\| |
| ਕਹਹਿ ਤ ਧਰਣਿ ਇਕੋਡੀ ਕਰਉ ॥ | The Lord said to him, "If you wish, I shall turn the earth sideways. |
| ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥ | If you wish, I shall turn it upside down. \|\|17\|\| |
| ਕਹਹਿ ਤ ਮੁਈ ਗਊ ਦੇਉ ਜੀਆਇ ॥ | If you wish, I shall bring the dead cow back to life. |
| ਸਭੁ ਕੋਈ ਦੇਖੈ ਪਤੀਆਇ ॥੧੮॥ | Everyone will see and be convinced."\|\|18\|\| |
| ਨਾਮਾ ਪ੍ਰਣਵੈ ਸੇਲ ਮਸੇਲ ॥ | Naam Dayv prayed, and milked the cow. |
| ਗਊ ਦੁਹਾਈ ਬਛਰਾ ਮੇਲਿ ॥੧੯॥ | He brought the calf to the cow, and milked her. \|\|19\|\| |
| ਦੂਧਹਿ ਦੁਹਿ ਜਬ ਮਟੁਕੀ ਭਰੀ ॥ | When the pitcher was filled with milk, |
| ਲੇ ਬਾਦਿਸਾਹ ਕੇ ਆਗੇ ਧਰੀ ॥੨੦॥ | Naam Dayv took it and placed it before the king. \|\|20\|\| |
| ਬਾਦਿਸਾਹੁ ਮਹਲ ਮਹਿ ਜਾਇ ॥ | The king went into his palace, |
| ਅਉਘਟ ਕੀ ਘਟ ਲਾਗੀ ਆਇ ॥੨੧॥ | and his heart was troubled. \|\|21\|\| |
| ਕਾਜੀ ਮੁਲਾਂ ਬਿਨਤੀ ਫੁਰਮਾਇ ॥ | Through the Qazis and the Mullahs, the king offered his prayer, |
| ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥ | "Forgive me, please, O Hindu; I am just a cow before you."\|\|22\|\| |
| ਨਾਮਾ ਕਹੈ ਸੁਨਹੁ ਬਾਦਿਸਾਹ ॥ | Naam Dayv said, "Listen, O king: |
| ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥ | have I done this miracle? \|\|23\|\| |
| ਇਸ ਪਤੀਆ ਕਾ ਇਹੈ ਪਰਵਾਨੁ ॥ | The purpose of this miracle is |
| ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥ | that you, O king, should walk on the path of truth and humility."\|\|24\|\| |

| | |
|---|---|
| ਨਾਮਦੇਉ ਸਭ ਰਹਿਆ ਸਮਾਇ ॥ | Naam Dayv became famous everywhere for this. |
| ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥ | The Hindus all went together to Naam Dayv. \|\|25\|\| |
| ਜਉ ਅਬ ਕੀ ਬਾਰ ਨ ਜੀਵੈ ਗਾਇ ॥ | If the cow had not been revived, |
| ਤ ਨਾਮਦੇਵ ਕਾ ਪਤੀਆ ਜਾਇ ॥੨੬॥ | people would have lost faith in Naam Dayv. \|\|26\|\| |
| ਨਾਮੇ ਕੀ ਕੀਰਤਿ ਰਹੀ ਸੰਸਾਰਿ ॥ | The fame of Naam Dayv spread throughout the world. |
| ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥ | The humble devotees were saved and carried across with him. \|\|27\|\| |
| ਸਗਲ ਕਲੇਸ ਨਿੰਦਕ ਭਇਆ ਖੇਦੁ ॥ | All sorts of troubles and pains afflicted the slanderer. |
| ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥ | There is no difference between Naam Dayv and the Lord. \|\|28\|\|1\|\|10\|\| |
| ਘਰੁ ੨ ॥ | Second House: |
| ਜਉ ਗੁਰਦੇਉ ਤ ਮਿਲੈ ਮੁਰਾਰਿ ॥ | By the Grace of the Divine Guru, one meets the Lord. |
| ਜਉ ਗੁਰਦੇਉ ਤ ਉਤਰੈ ਪਾਰਿ ॥ | By the Grace of the Divine Guru, one is carried across to the other side. |
| ਜਉ ਗੁਰਦੇਉ ਤ ਬੈਕੁੰਠ ਤਰੈ ॥ | By the Grace of the Divine Guru, one swims across to heaven. |
| ਜਉ ਗੁਰਦੇਉ ਤ ਜੀਵਤ ਮਰੈ ॥੧॥ | By the Grace of the Divine Guru, one remains dead while yet alive. \|\|1\|\| |
| ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ | True, True, True, True, True is the Divine Guru. |
| ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥ | False, false, false, false is all other service. \|\|1\|\|Pause\|\| |
| ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ | When the Divine Guru grants His Grace, the Naam, the Name of the Lord, is implanted within. |
| ਜਉ ਗੁਰਦੇਉ ਨ ਦਹ ਦਿਸ ਧਾਵੈ ॥ | When the Divine Guru grants His Grace, one does not wander in the ten directions. |
| ਜਉ ਗੁਰਦੇਉ ਪੰਚ ਤੇ ਦੂਰਿ ॥ | When the Divine Guru grants His Grace, the five demons are kept far away. |

| | |
|---|---|
| ਜਉ ਗੁਰਦੇਉ ਨ ਮਰਿਬੋ ਝੂਰਿ ॥੨॥ | When the Divine Guru grants His Grace, one does not die regretting. \|\|2\|\| |
| ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥ | When the Divine Guru grants His Grace, one is blessed with the Ambrosial Bani of the Word. |
| ਜਉ ਗੁਰਦੇਉ ਤ ਅਕਥ ਕਹਾਨੀ ॥ | When the Divine Guru grants His Grace, one speaks the Unspoken Speech. |
| ਜਉ ਗੁਰਦੇਉ ਤ ਅੰਮ੍ਰਿਤ ਦੇਹ ॥ | When the Divine Guru grants His Grace, one's body becomes like ambrosial nectar. |
| ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥ | When the Divine Guru grants His Grace, one utters and chants the Naam, the Name of the Lord. \|\|3\|\| |
| ਜਉ ਗੁਰਦੇਉ ਭਵਨ ਤ੍ਰੈ ਸੂਝੈ ॥ | When the Divine Guru grants His Grace, one sees the three worlds. |
| ਜਉ ਗੁਰਦੇਉ ਊਚ ਪਦ ਬੂਝੈ ॥ | When the Divine Guru grants His Grace, one understands the state of supreme dignity. |
| ਜਉ ਗੁਰਦੇਉ ਤ ਸੀਸੁ ਅਕਾਸਿ ॥ | When the Divine Guru grants His Grace, one's head is in the Akaashic ethers. |
| ਜਉ ਗੁਰਦੇਉ ਸਦਾ ਸਾਬਾਸਿ ॥੪॥ | When the Divine Guru grants His Grace, one is always congratulated everywhere. \|\|4\|\| |
| ਜਉ ਗੁਰਦੇਉ ਸਦਾ ਬੈਰਾਗੀ ॥ | When the Divine Guru grants His Grace, one remains detached forever. |
| ਜਉ ਗੁਰਦੇਉ ਪਰ ਨਿੰਦਾ ਤਿਆਗੀ ॥ | When the Divine Guru grants His Grace, one forsakes the slander of others. |
| **੧੧੬੭** | **1167** |
| ਜਉ ਗੁਰਦੇਉ ਬੁਰਾ ਭਲਾ ਏਕ ॥ | When the Divine Guru grants His Grace, one looks upon good and bad as the same. |
| ਜਉ ਗੁਰਦੇਉ ਲਿਲਾਟਹਿ ਲੇਖ ॥੫॥ | When the Divine Guru grants His Grace, one has good destiny written on his forehead. \|\|5\|\| |
| ਜਉ ਗੁਰਦੇਉ ਕੰਧੁ ਨਹੀ ਹਿਰੈ ॥ | When the Divine Guru grants His Grace, the wall of the body is not eroded. |
| ਜਉ ਗੁਰਦੇਉ ਦੇਹੁਰਾ ਫਿਰੈ ॥ | When the Divine Guru grants His Grace, the temple turns itself towards the mortal. |
| ਜਉ ਗੁਰਦੇਉ ਤ ਛਾਪਰਿ ਛਾਈ ॥ | When the Divine Guru grants His Grace, one's home is constructed. |
| ਜਉ ਗੁਰਦੇਉ ਸਿਹਜ ਨਿਕਸਾਈ ॥੬॥ | When the Divine Guru grants His Grace, one's bed is lifted up out of the water. \|\|6\|\| |

| | |
|---|---|
| ਜਉ ਗੁਰਦੇਉ ਤ ਅਠਸਠਿ ਨਾਇਆ ॥ | When the Divine Guru grants His Grace, one has bathed at the sixty-eight sacred shrines of pilgrimage. |
| ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥ | When the Divine Guru grants His Grace, one's body is stamped with the sacred mark of Vishnu. |
| ਜਉ ਗੁਰਦੇਉ ਤ ਦੁਆਦਸ ਸੇਵਾ ॥ | When the Divine Guru grants His Grace, one has performed the twelve devotional services. |
| ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥ | When the Divine Guru grants His Grace, all poison is transformed into fruit. \|\|7\|\| |
| ਜਉ ਗੁਰਦੇਉ ਤ ਸੰਸਾ ਟੂਟੈ ॥ | When the Divine Guru grants His Grace, skepticism is shattered. |
| ਜਉ ਗੁਰਦੇਉ ਤ ਜਮ ਤੇ ਛੂਟੈ ॥ | When the Divine Guru grants His Grace, one escapes from the Messenger of Death. |
| ਜਉ ਗੁਰਦੇਉ ਤ ਭਉਜਲ ਤਰੈ ॥ | When the Divine Guru grants His Grace, one crosses over the terrifying world-ocean. |
| ਜਉ ਗੁਰਦੇਉ ਤ ਜਨਮਿ ਨ ਮਰੈ ॥੮॥ | When the Divine Guru grants His Grace, one is not subject to the cycle of reincarnation. \|\|8\|\| |
| ਜਉ ਗੁਰਦੇਉ ਅਠਦਸ ਬਿਉਹਾਰ ॥ | When the Divine Guru grants His Grace, one understands the rituals of the eighteen Puraanas. |
| ਜਉ ਗੁਰਦੇਉ ਅਠਾਰਹ ਭਾਰ ॥ | When the Divine Guru grants His Grace, it is as if one has made an offering of the eighteen loads of vegetation. |
| ਬਿਨੁ ਗੁਰਦੇਉ ਅਵਰ ਨਹੀ ਜਾਈ ॥ | When the Divine Guru grants His Grace, one needs no other place of rest. |
| ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥ | Naam Dayv has entered the Sanctuary of the Guru. \|\|9\|\|1\|\|2\|\|11\|\| |
| ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ | Bhairao, The Word Of Ravi Daas Jee, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਬਿਨੁ ਦੇਖੇ ਉਪਜੈ ਨਹੀ ਆਸਾ ॥ | Without seeing something, the yearning for it does not arise. |
| ਜੋ ਦੀਸੈ ਸੋ ਹੋਇ ਬਿਨਾਸਾ ॥ | Whatever is seen, shall pass away. |
| ਬਰਨ ਸਹਿਤ ਜੋ ਜਾਪੈ ਨਾਮੁ ॥ | Whoever chants and praises the Naam, the Name of the Lord, |
| ਸੋ ਜੋਗੀ ਕੇਵਲ ਨਿਹਕਾਮੁ ॥੧॥ | is the true Yogi, free of desire. \|\|1\|\| |
| ਪਰਚੈ ਰਾਮੁ ਰਵੈ ਜਉ ਕੋਈ ॥ | When someone utters the Name of the Lord with love, |

| | |
|---|---|
| ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥ | it is as if he has touched the philosopher's stone; his sense of duality is eradicated. \|\|1\|\|Pause\|\| |
| ਸੋ ਮੁਨਿ ਮਨ ਕੀ ਦੁਬਿਧਾ ਖਾਇ ॥ | He alone is a silent sage, who destroys the duality of his mind. |
| ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥ | Keeping the doors of his body closed, he merges in the Lord of the three worlds. |
| ਮਨ ਕਾ ਸੁਭਾਉ ਸਭੁ ਕੋਈ ਕਰੈ ॥ | Everyone acts according to the inclinations of the mind. |
| ਕਰਤਾ ਹੋਇ ਸੁ ਅਨਭੈ ਰਹੈ ॥੨॥ | Attuned to the Creator Lord, one remains free of fear. \|\|2\|\| |
| ਫਲ ਕਾਰਨ ਫੂਲੀ ਬਨਰਾਇ ॥ | Plants blossom forth to produce fruit. |
| ਫਲੁ ਲਾਗਾ ਤਬ ਫੂਲੁ ਬਿਲਾਇ ॥ | When the fruit is produced, the flowers wither away. |
| ਗਿਆਨੈ ਕਾਰਨ ਕਰਮ ਅਭਿਆਸੁ ॥ | For the sake of spiritual wisdom, people act and practice rituals. |
| ਗਿਆਨੁ ਭਇਆ ਤਹ ਕਰਮਹ ਨਾਸੁ ॥੩॥ | When spiritual wisdom wells up, then actions are left behind. \|\|3\|\| |
| ਘ੍ਰਿਤ ਕਾਰਨ ਦਧਿ ਮਥੈ ਸਇਆਨ ॥ | For the sake of ghee, wise people churn milk. |
| ਜੀਵਤ ਮੁਕਤ ਸਦਾ ਨਿਰਬਾਨ ॥ | Those who are Jivan-mukta, liberated while yet alive - are forever in the state of Nirvaanaa. |
| ਕਹਿ ਰਵਿਦਾਸ ਪਰਮ ਬੈਰਾਗ ॥ | Says Ravi Daas, O you unfortunate people, |
| ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥ | why not meditate on the Lord with love in your heart? \|\|4\|\|1\|\| |
| ਨਾਮਦੇਵ ॥ | Naam Dayv: |
| ਆਉ ਕਲੰਦਰ ਕੇਸਵਾ ॥ | Come, O Lord of beautiful hair, |
| ਕਰਿ ਅਬਦਾਲੀ ਭੇਸਵਾ ॥ ਰਹਾਉ ॥ | wearing the robes of a Sufi Saint. \|\|Pause\|\| |
| ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥ | Your cap is the realm of the Akaashic ethers; the seven nether worlds are Your sandals. |
| ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥੧॥ | The body covered with skin is Your temple; You are so beautiful, O Lord of the World. \|\|1\|\| |
| ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥ | The fifty-six million clouds are Your gowns, the 16,000 milkmaids are your skirts. |
| ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥੨॥ | The eighteen loads of vegetation is Your stick, and all the world is Your plate. \|\|2\|\| |

| | |
|---|---|
| ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥ | The human body is the mosque, and the mind is the priest, who peacefully leads the prayer. |
| ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥੩॥ | You are married to Maya, O Formless Lord, and so You have taken form. \|\|3\|\| |
| ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥ | Performing devotional worship services to You, my cymbals were taken away; unto whom should I complain? |
| ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ ॥੪॥੧॥ | Naam Dayv's Lord and Master, the Inner-knower, the Searcher of hearts, wanders everywhere; He has no specific home. \|\|4\|\|1\|\| |
| **੧੧੬੮** | **1168** |
| ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ | Raag Basant, First Mehl, First House, Chau-Padas, Du-Tukas: |
| ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ | Among the months, blessed is this month, when spring always comes. |
| ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥ | Blossom forth, O my consciousness, contemplating the Lord of the Universe, forever and ever. \|\|1\|\| |
| ਭੋਲਿਆ ਹਉਮੈ ਸੁਰਤਿ ਵਿਸਾਰਿ ॥ | O ignorant one, forget your egotistical intellect. |
| ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥ | Subdue your ego, and contemplate Him in your mind; gather in the virtues of the Sublime, Virtuous Lord. \|\|1\|\|Pause\|\| |
| ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ | Karma is the tree, the Lord's Name the branches, Dharmic faith the flowers, and spiritual wisdom the fruit. |
| ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥ | Realization of the Lord are the leaves, and eradication of the pride of the mind is the shade. \|\|2\|\| |
| ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ | Whoever sees the Lord's Creative Power with his eyes, and hears the Guru's Bani with his ears, and utters the True Name with his mouth, |

| | |
|---|---|
| ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥ | attains the perfect wealth of honor, and intuitively focuses his meditation on the Lord. ‖3‖ |
| ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ | The months and the seasons come; see, and do your deeds. |
| ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥ | O Nanak, those Gurmukhs who remain merged in the Lord do not wither away; they remain green forever. ‖4‖1‖ |
| ਮਹਲਾ ੧ ਬਸੰਤੁ ॥ | First Mehl, Basant: |
| ਰੁਤਿ ਆਈਲੇ ਸਰਸ ਬਸੰਤ ਮਾਹਿ ॥ | The season of spring, so delightful, has come. |
| ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ | Those who are imbued with love for You, O Lord, chant Your Name with joy. |
| ਕਿਸੁ ਪੂਜ ਚੜਾਵਉ ਲਗਉ ਪਾਇ ॥੧॥ | Whom else should I worship? At whose feet should I bow? ‖1‖ |
| ਤੇਰਾ ਦਾਸਨਿ ਦਾਸਾ ਕਹਉ ਰਾਇ ॥ | I am the slave of Your slaves, O my Sovereign Lord King. |
| ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥ | O Life of the Universe, there is no other way to meet You. ‖1‖Pause‖ |
| ਤੇਰੀ ਮੂਰਤਿ ਏਕਾ ਬਹੁਤੁ ਰੂਪ ॥ | You have only One Form, and yet You have countless forms. |
| ਕਿਸੁ ਪੂਜ ਚੜਾਵਉ ਦੇਉ ਧੂਪ ॥ | Which one should I worship? Before which one should I burn incense? |
| ਤੇਰਾ ਅੰਤੁ ਨ ਪਾਇਆ ਕਹਾ ਪਾਇ ॥ | Your limits cannot be found. How can anyone find them? |
| ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥ | I am the slave of Your slaves, O my Sovereign Lord King. ‖2‖ |
| ਤੇਰੇ ਸਠਿ ਸੰਬਤ ਸਭਿ ਤੀਰਥਾ ॥ | The cycles of years and the places of pilgrimage are Yours, O Lord. |
| ਤੇਰਾ ਸਚੁ ਨਾਮੁ ਪਰਮੇਸਰਾ ॥ | Your Name is True, O Transcendent Lord God. |
| ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ | Your State cannot be known, O Eternal, Unchanging Lord God. |
| ਅਣਜਾਣਤ ਨਾਮੁ ਵਖਾਣੀਐ ॥੩॥ | Although You are unknown, still we chant Your Name. ‖3‖ |
| ਨਾਨਕੁ ਵੇਚਾਰਾ ਕਿਆ ਕਹੈ ॥ | What can poor Nanak say? |

| | |
|---|---|
| ਸਭੁ ਲੋਕੁ ਸਲਾਹੇ ਏਕਸੈ ॥ | All people praise the One Lord. |
| ਸਿਰੁ ਨਾਨਕ ਲੋਕਾ ਪਾਵ ਹੈ ॥ | Nanak places his head on the feet of such people. |
| ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥ | I am a sacrifice to Your Names, as many as there are, O Lord. \|\|4\|\|2\|\| |
| ਬਸੰਤੁ ਮਹਲਾ ੧ ॥ | Basant, First Mehl: |
| ਸੁਇਨੇ ਕਾ ਚਉਕਾ ਕੰਚਨ ਕੁਆਰ ॥ | The kitchen is golden, and the cooking pots are golden. |
| ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ | The lines marking the cooking square are silver. |
| ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ | The water is from the Ganges, and the firewood is sanctified. |
| ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥ | The food is soft rice, cooked in milk. \|\|1\|\| |
| ਰੇ ਮਨ ਲੇਖੈ ਕਬਹੂ ਨ ਪਾਇ ॥ | O my mind, these things are worthless, |
| **੧੧੬੯** | 1169 |
| ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ | if you are not drenched with the True Name. \|\|1\|\|Pause\|\| |
| ਦਸ ਅਠ ਲੀਖੇ ਹੋਵਹਿ ਪਾਸਿ ॥ | One may have the eighteen Puraanas written in his own hand; |
| ਚਾਰੇ ਬੇਦ ਮੁਖਾਗਰ ਪਾਠਿ ॥ | he may recite the four Vedas by heart, |
| ਪੁਰਬੀ ਨਾਵੈ ਵਰਨਾਂ ਕੀ ਦਾਤਿ ॥ | and take ritual baths at holy festivals and give charitable donations; |
| ਵਰਤ ਨੇਮ ਕਰੇ ਦਿਨ ਰਾਤਿ ॥੨॥ | he may observe the ritual fasts, and perform religious ceremonies day and night. \|\|2\|\| |
| ਕਾਜੀ ਮੁਲਾਂ ਹੋਵਹਿ ਸੇਖ ॥ | He may be a Qazi, a Mullah or a Shaykh, |
| ਜੋਗੀ ਜੰਗਮ ਭਗਵੇ ਭੇਖ ॥ | a Yogi or a wandering hermit wearing saffron-colored robes; |
| ਕੋ ਗਿਰਹੀ ਕਰਮਾ ਕੀ ਸੰਧਿ ॥ | he may be a householder, working at his job; |
| ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ | but without understanding the essence of devotional worship, all people are eventually bound and gagged, and driven along by the Messenger of Death. \|\|3\|\| |
| ਜੇਤੇ ਜੀਅ ਲਿਖੀ ਸਿਰਿ ਕਾਰ ॥ | Each person's karma is written on his forehead. |
| ਕਰਣੀ ਉਪਰਿ ਹੋਵਗਿ ਸਾਰ ॥ | According to their deeds, they shall be judged. |
| ਹੁਕਮੁ ਕਰਹਿ ਮੂਰਖ ਗਾਵਾਰ ॥ | Only the foolish and the ignorant issue commands. |

| | |
|---|---|
| ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥ | O Nanak, the treasure of praise belongs to the True Lord alone. ‖4‖3‖ |
| ਬਸੰਤੁ ਮਹਲਾ ੩ ਤੀਜਾ ॥ | Basant, Third Mehl: |
| ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ | A person may take off his clothes and be naked. |
| ਜਟਾਧਾਰਿ ਕਿਆ ਕਮਾਵੈ ਜੋਗੁ ॥ | What Yoga does he practice by having matted and tangled hair? |
| ਮਨੁ ਨਿਰਮਲੁ ਨਹੀ ਦਸਵੈ ਦੁਆਰ ॥ | If the mind is not pure, what use is it to hold the breath at the Tenth Gate? |
| ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥੧॥ | The fool wanders and wanders, entering the cycle of reincarnation again and again. ‖1‖ |
| ਏਕੁ ਧਿਆਵਹੁ ਮੂੜ੍ ਮਨਾ ॥ | Meditate on the One Lord, O my foolish mind, |
| ਪਾਰਿ ਉਤਰਿ ਜਾਹਿ ਇਕ ਖਿਨਾਂ ॥੧॥ ਰਹਾਉ ॥ | and you shall cross over to the other side in an instant. ‖1‖Pause‖ |
| ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ | Some recite and expound on the Simritees and the Shaastras; |
| ਨਾਦੀ ਬੇਦੀ ਪੜ੍ਹਹਿ ਪੁਰਾਣ ॥ | some sing the Vedas and read the Puraanas; |
| ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ | but they practice hypocrisy and deception with their eyes and minds. |
| ਤਿਨ ਕੈ ਰਮਈਆ ਨੇੜਿ ਨਾਹਿ ॥੨॥ | The Lord does not even come near them. ‖2‖ |
| ਜੇ ਕੋ ਐਸਾ ਸੰਜਮੀ ਹੋਇ ॥ | Even if someone practices such self-discipline, |
| ਕ੍ਰਿਆ ਵਿਸੇਖ ਪੂਜਾ ਕਰੇਇ ॥ | compassion and devotional worship |
| ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ | - if he is filled with greed, and his mind is engrossed in corruption, |
| ਓਇ ਨਿਰੰਜਨੁ ਕੈਸੇ ਪਾਹਿ ॥੩॥ | how can he find the Immaculate Lord? ‖3‖ |
| ਕੀਤਾ ਹੋਆ ਕਰੇ ਕਿਆ ਹੋਇ ॥ | What can the created being do? |
| ਜਿਸ ਨੋ ਆਪਿ ਚਲਾਏ ਸੋਇ ॥ | The Lord Himself moves him. |
| ਨਦਰਿ ਕਰੇ ਤਾਂ ਭਰਮੁ ਚੁਕਾਏ ॥ | If the Lord casts His Glance of Grace, then his doubts are dispelled. |

| | |
|---|---|
| ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥ | If the mortal realizes the Hukam of the Lord's Command, he obtains the True Lord. \|\|4\|\| |
| ਜਿਸੁ ਜੀਉ ਅੰਤਰੁ ਮੈਲਾ ਹੋਇ ॥ | If someone's soul is polluted within, |
| ਤੀਰਥ ਭਵੈ ਦਿਸੰਤਰ ਲੋਇ ॥ | what is the use of his traveling to sacred shrines of pilgrimage all over the world? |
| ਨਾਨਕ ਮਿਲੀਐ ਸਤਿਗੁਰ ਸੰਗ ॥ | O Nanak, when one joins the Society of the True Guru, |
| ਤਉ ਭਵਜਲ ਕੇ ਤੂਟਸਿ ਬੰਧ ॥੫॥੪॥ | then the bonds of the terrifying world-ocean are broken. \|\|5\|\|4\|\| |
| ਬਸੰਤੁ ਮਹਲਾ ੧ ॥ | Basant, First Mehl: |
| ਸਗਲ ਭਵਨ ਤੇਰੀ ਮਾਇਆ ਮੋਹ ॥ | All the worlds have been fascinated and enchanted by Your Maya, O Lord. |
| ਮੈ ਅਵਰੁ ਨ ਦੀਸੈ ਸਰਬ ਤੋਹ ॥ | I do not see any other at all - You are everywhere. |
| ਤੂ ਸੁਰਿ ਨਾਥਾ ਦੇਵਾ ਦੇਵ ॥ | You are the Master of Yogis, the Divinity of the divine. |
| ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥ | Serving at the Guru's Feet, the Name of the Lord is received. \|\|1\|\| |
| ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥ | O my Beauteous, Deep and Profound Beloved Lord. |
| ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥੧॥ ਰਹਾਉ ॥ | As Gurmukh, I sing the Glorious Praises of the Lord's Name. You are Infinite, the Cherisher of all. \|\|1\|\|Pause\|\| |
| ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ | Without the Holy Saint, association with the Lord is not obtained. |
| ਬਿਨੁ ਗੁਰ ਮੈਲ ਮਲੀਨ ਅੰਗੁ ॥ | Without the Guru, one's very fiber is stained with filth. |
| ਬਿਨੁ ਹਰਿ ਨਾਮ ਨ ਸੁਧੁ ਹੋਇ ॥ | Without the Lord's Name, one cannot become pure. |
| ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥ | Through the Word of the Guru's Shabad, sing the Praises of the True Lord. \|\|2\|\| |
| ਜਾ ਕਉ ਤੂ ਰਾਖਹਿ ਰਖਨਹਾਰ ॥ | O Savior Lord, that person whom You have saved |
| ਸਤਿਗੁਰੂ ਮਿਲਾਵਹਿ ਕਰਹਿ ਸਾਰ ॥ | - You lead him to meet the True Guru, and so take care of him. |
| ਬਿਖੁ ਹਉਮੈ ਮਮਤਾ ਪਰਹਰਾਇ ॥ | You take away his poisonous egotism and attachment. |
| ਸਭਿ ਦੂਖ ਬਿਨਾਸੇ ਰਾਮ ਰਾਇ ॥੩॥ | You dispel all his sufferings, O Sovereign Lord God. \|\|3\|\| |

| | |
|---|---|
| ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ | His state and condition are sublime; the Lord's Glorious Virtues permeate his body. |
| ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥ | Through the Word of the Guru's Teachings, the diamond of the Lord's Name is revealed. |
| ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ | He is lovingly attuned to the Naam; he is rid of the love of duality. |
| ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥ | O Lord, let servant Nanak meet the Guru. \|\|4\|\|5\|\| |
| ਬਸੰਤੁ ਮਹਲਾ ੧ ॥ | Basant, First Mehl: |
| ਮੇਰੀ ਸਖੀ ਸਹੇਲੀ ਸੁਨਹੁ ਭਾਇ ॥ | O my friends and companions, listen with love in your heart. |
| ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥ | My Husband Lord is Incomparably Beautiful; He is always with me. |
| ਓਹੁ ਅਲਖੁ ਨ ਲਖੀਐ ਕਹਹੁ ਕਾਇ ॥ | He is Unseen - He cannot be seen. How can I describe Him? |
| **੧੧੭੦** | 1170 |
| ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥ | The Guru has shown me that my Sovereign Lord God is with me. \|\|1\|\| |
| ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥ | Joining together with my friends and companions, I am adorned with the Lord's Glorious Virtues. |
| ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥ | The sublime soul-brides play with their Lord God. The Gurmukhs look within themselves; their minds are filled with faith. \|\|1\|\|Pause\|\| |
| ਮਨਮੁਖੀ ਦੁਹਾਗਣਿ ਨਾਹਿ ਭੇਉ ॥ | The self-willed manmukhs, suffering in separation, do not understand this mystery. |
| ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ | The Beloved Lord of all celebrates in each and every heart. |
| ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ | The Gurmukh is stable, knowing that God is always with him. |
| ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥ | The Guru has implanted the Naam within me; I chant it, and meditate on it. \|\|2\|\| |
| ਬਿਨੁ ਗੁਰ ਭਗਤਿ ਨ ਭਾਉ ਹੋਇ ॥ | Without the Guru, devotional love does not well up within. |

| | |
|---|---|
| ਬਿਨੁ ਗੁਰ ਸੰਤ ਨ ਸੰਗੁ ਦੇਇ ॥ | Without the Guru, one is not blessed with the Society of the Saints. |
| ਬਿਨੁ ਗੁਰ ਅੰਧੁਲੇ ਧੰਧੁ ਰੋਇ ॥ | Without the Guru, the blind cry out, entangled in worldly affairs. |
| ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥ | That mortal who becomes Gurmukh becomes immaculate; the Word of the Shabad washes away his filth. \|\|3\|\| |
| ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ | Uniting with the Guru, the mortal conquers and subdues his mind. |
| ਅਹਿਨਿਸਿ ਰਾਵੇ ਭਗਤਿ ਜੋਗੁ ॥ | Day and night, he savors the Yoga of devotional worship. |
| ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ | Associating with the Saint Guru, suffering and sickness are ended. |
| ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥ | Servant Nanak merges with his Husband Lord, in the Yoga of intuitive ease. \|\|4\|\|6\|\| |
| ਬਸੰਤੁ ਮਹਲਾ ੧ ॥ | Basant, First Mehl: |
| ਆਪੇ ਕੁਦਰਤਿ ਕਰੇ ਸਾਜਿ ॥ | By His Creative Power, God fashioned the creation. |
| ਸਚੁ ਆਪਿ ਨਿਬੇੜੇ ਰਾਜੁ ਰਾਜਿ ॥ | The King of kings Himself administers true justice. |
| ਗੁਰਮਤਿ ਊਤਮ ਸੰਗਿ ਸਾਥਿ ॥ | The most sublime Word of the Guru's Teachings is always with us. |
| ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥ | The wealth of the Lord's Name, the source of nectar, is easily acquired. \|\|1\|\| |
| ਮਤ ਬਿਸਰਸਿ ਰੇ ਮਨ ਰਾਮ ਬੋਲਿ ॥ | So chant the Name of the Lord; do not forget it, O my mind. |
| ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥ | The Lord is Infinite, Inaccessible and Incomprehensible; His weight cannot be weighed, but He Himself allows the Gurmukh to weigh Him. \|\|1\|\|Pause\|\| |
| ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ | Your GurSikhs serve at the Guru's Feet. |
| ਗੁਰ ਸੇਵ ਤਰੇ ਤਜਿ ਮੇਰ ਤੋਰ ॥ | Serving the Guru, they are carried across; they have abandoned any distinction between 'mine' and 'yours'. |
| ਨਰ ਨਿੰਦਕ ਲੋਭੀ ਮਨਿ ਕਠੋਰ ॥ | The slanderous and greedy people are hard-hearted. |
| ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥ | Those who do not love to serve the Guru are the most thieving of thieves. \|\|2\|\| |
| ਗੁਰੁ ਤੁਠਾ ਬਖਸੇ ਭਗਤਿ ਭਾਉ ॥ | When the Guru is pleased, He blesses the mortals with loving devotional worship of the Lord. |

| | |
|---|---|
| ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥ | When the Guru is pleased, the mortal obtains a place in the Mansion of the Lord's Presence. |
| ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ | So renounce slander, and awaken in devotional worship of the Lord. |
| ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥ | Devotion to the Lord is wonderful; it comes through good karma and destiny. \|\|3\|\| |
| ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ | The Guru unites in union with the Lord, and grants the gift of the Name. |
| ਗੁਰਸਿਖ ਪਿਆਰੇ ਦਿਨਸੁ ਰਾਤਿ ॥ | The Guru loves His Sikhs, day and night. |
| ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ | They obtain the fruit of the Naam, when the Guru's favor is bestowed. |
| ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥ | Says Nanak, those who receive it are very rare indeed. \|\|4\|\|7\|\| |
| ਬਸੰਤੁ ਮਹਲਾ ੩ ਇਕ ਤੁਕਾ ॥ | Basant, Third Mehl, Ik-Tukas: |
| ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ | When it pleases our Lord and Master, His servant serves Him. |
| ਜੀਵਤੁ ਮਰੈ ਸਭਿ ਕੁਲ ਉਧਰੈ ॥੧॥ | He remains dead while yet alive, and redeems all his ancestors. \|\|1\|\| |
| ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥ | I shall not renounce Your devotional worship, O Lord; what does it matter if people laugh at me? |
| ਸਾਚੁ ਨਾਮੁ ਮੇਰੈ ਹਿਰਦੈ ਵਸੈ ॥੧॥ ਰਹਾਉ ॥ | The True Name abides within my heart. \|\|1\|\|Pause\|\| |
| ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥ | Just as the mortal remains engrossed in attachment to Maya, |
| ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥੨॥ | so does the Lord's humble Saint remain absorbed in the Lord's Name. \|\|2\|\| |
| ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ | I am foolish and ignorant, O Lord; please be merciful to me. |
| ਤਉ ਸਰਣਾਗਤਿ ਰਹਉ ਪਇਆ ॥੩॥ | May I remain in Your Sanctuary. \|\|3\|\| |
| ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥ | Says Nanak, worldly affairs are fruitless. |

ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥

Only by Guru's Grace does one receive the Nectar of the Naam, the Name of the Lord. ||4||8||

ਮਹਲਾ ੧ ਬਸੰਤੁ ਹਿੰਡੋਲ
ਘਰੁ ੨

First Mehl, Basant Hindol,
Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥

O Brahmin, you worship and believe in your stone-god, and wear your ceremonial rosary beads.

ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥

Chant the Name of the Lord. Build your boat, and pray, "O Merciful Lord, please be merciful to me."||1||

## ੧੧੭੧

## 1171

ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥

Why do you irrigate the barren, alkaline soil? You are wasting your life away!

ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥

This wall of mud is crumbling. Why bother to patch it with plaster? ||1||Pause||

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥

Let your hands be the buckets, strung on the chain, and yoke the mind as the ox to pull it; draw the water up from the well.

ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥

Irrigate your fields with the Ambrosial Nectar, and you shall be owned by God the Gardener. ||2||

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥

Let sexual desire and anger be your two shovels, to dig up the dirt of your farm, O Siblings of Destiny.

ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥

The more you dig, the more peace you shall find. Your past actions cannot be erased. ||3||

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥

The crane is again transformed into a swan, if You so will, O Merciful Lord.

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

Prays Nanak, the slave of Your slaves: O Merciful Lord, have mercy on me. ||4||1||9||

| | |
|---|---|
| ਬਸੰਤੁ ਮਹਲਾ ੧ ਹਿੰਡੋਲ ॥ | Basant, First Mehl, Hindol: |
| ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ ॥ | In the House of the Husband Lord - in the world hereafter, everything is jointly owned; but in this world - in the house of the soul-bride's parents, the soul-bride owns them separately. |
| ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ ॥੧॥ | She herself is ill-mannered; how can she blame anyone else? She does not know how to take care of these things. \|\|1\|\| |
| ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥ | O my Lord and Master, I am deluded by doubt. |
| ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥੧॥ ਰਹਾਉ ॥ | I sing the Word which You have written; I do not know any other Word. \|\|1\|\|Pause\|\| |
| ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ ॥ | She alone is known as the Lord's bride, who embroiders her gown in the Name. |
| ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥੨॥ | She who preserves and protects the home of her own heart and does not taste of evil, shall be the Beloved of her Husband Lord. \|\|2\|\| |
| ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥ | If you are a learned and wise religious scholar, then make a boat of the letters of the Lord's Name. |
| ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ ॥੩॥੨॥੧੦॥ | Prays Nanak, the One Lord shall carry you across, if you merge in the True Lord. \|\|3\|\|2\|\|10\|\| |
| ਬਸੰਤੁ ਹਿੰਡੋਲ ਮਹਲਾ ੧ ॥ | Basant Hindol, First Mehl: |
| ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ | The king is just a boy, and his city is vulnerable. He is in love with his wicked enemies. |
| ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ | He reads of his two mothers and his two fathers; O Pandit, reflect on this. \|\|1\|\| |
| ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ | O Master Pandit, teach me about this. |
| ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥ | How can I obtain the Lord of life? \|\|1\|\|Pause\|\| |
| ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ | There is fire within the plants which bloom; the ocean is tied into a bundle. |

| | |
|---|---|
| ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ | The sun and the moon dwell in the same home in the sky. You have not obtained this knowledge. ॥2॥ |
| ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ | One who knows the All-pervading Lord, eats up the one mother - Maya. |
| ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥ | Know that the sign of such a person is that he gathers the wealth of compassion. ॥3॥ |
| ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥ | The mind lives with those who do not listen, and do not admit what they eat. |
| ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥ | Prays Nanak, the slave of the Lord's slave: one instant the mind is huge, and the next instant, it is tiny. ॥4॥3॥11॥ |
| ਬਸੰਤੁ ਹਿੰਡੋਲ ਮਹਲਾ ੧ ॥ | Basant Hindol, First Mehl: |
| ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥ | The Guru is the True Banker, the Giver of peace; He unites the mortal with the Lord, and satisfies his hunger. |
| ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥੧॥ | Granting His Grace, He implants devotional worship of the Lord within; and then night and day, we sing the Glorious Praises of the Lord. ॥1॥ |
| ਮਤ ਭੂਲਹਿ ਰੇ ਮਨ ਚੇਤਿ ਹਰੀ ॥ | O my mind, do not forget the Lord; keep Him in your consciousness. |
| ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥ | Without the Guru, no one is liberated anywhere in the three worlds. The Gurmukh obtains the Lord's Name. ॥1॥Pause॥ |
| ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥ | Without devotional worship, the True Guru is not obtained. Without good destiny, devotional worship of the Lord is not obtained. |
| ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥੨॥ | Without good destiny, the Sat Sangat, the True Congregation, is not obtained. By the grace of one's good karma, the Lord's Name is received. ॥2॥ |
| ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥ | In each and every heart, the Lord is hidden; He creates and watches over all. He reveals Himself in the humble, Saintly Gurmukhs. |

ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥

Those who chant the Name of the Lord, Har, Har, are drenched with the Lord's Love. Their minds are drenched with the Ambrosial Water of the Naam, the Name of the Lord. ||3||

## ੧੧੭੨

## 1172

ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥

Those who are blessed with the glory of the Lord's Throne - those Gurmukhs are renowned as supreme.

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥

Touching the philosopher's stone, they themselves becomes the philosopher's stone; they become the companions of the Lord, the Guru. ||4||4||12||

ਬਸੰਤੁ ਮਹਲਾ ੩ ਘਰੁ ੧ ਦੁਤੁਕੇ

Basant, Third Mehl, First House, Du-Tukas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਮਾਹਾ ਰੁਤੀ ਮਹਿ ਸਦ ਬਸੰਤੁ ॥

Throughout the months and the seasons, the Lord is always in bloom.

ਜਿਤੁ ਹਰਿਆ ਸਭੁ ਜੀਅ ਜੰਤੁ ॥

He rejuvenates all beings and creatures.

ਕਿਆ ਹਉ ਆਖਾ ਕਿਰਮ ਜੰਤੁ ॥

What can I say? I am just a worm.

ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥

No one has found Your beginning or Your end, O Lord. ||1||

ਤੈ ਸਾਹਿਬ ਕੀ ਕਰਹਿ ਸੇਵ ॥

Those who serve You, Lord,

ਪਰਮ ਸੁਖ ਪਾਵਹਿ ਆਤਮ ਦੇਵ ॥੧॥ ਰਹਾਉ ॥

obtain the greatest peace; their souls are so divine. ||1||Pause||

ਕਰਮੁ ਹੋਵੈ ਤਾਂ ਸੇਵਾ ਕਰੈ ॥

If the Lord is merciful, then the mortal is allowed to serve Him.

ਗੁਰ ਪਰਸਾਦੀ ਜੀਵਤ ਮਰੈ ॥

By Guru's Grace, he remains dead while yet alive.

ਅਨਦਿਨੁ ਸਾਚੁ ਨਾਮੁ ਉਚਰੈ ॥

Night and day, he chants the True Name;

ਇਨ ਬਿਧਿ ਪ੍ਰਾਣੀ ਦੁਤਰੁ ਤਰੈ ॥੨॥

in this way, he crosses over the treacherous world-ocean. ||2||

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥

The Creator created both poison and nectar.

ਸੰਸਾਰ ਬਿਰਖ ਕਉ ਦੁਇ ਫਲ ਲਾਏ ॥

He attached these two fruits to the world-plant.

| | |
|---|---|
| ਆਪੇ ਕਰਤਾ ਕਰੇ ਕਰਾਏ ॥ | The Creator Himself is the Doer, the Cause of all. |
| ਜੋ ਤਿਸੁ ਭਾਵੈ ਤਿਸੈ ਖਵਾਏ ॥੩॥ | He feeds all as He pleases. ‖3‖ |
| ਨਾਨਕ ਜਿਸ ਨੋ ਨਦਰਿ ਕਰੇਇ ॥ | O Nanak, when He casts His Glance of Grace, |
| ਅੰਮ੍ਰਿਤ ਨਾਮੁ ਆਪੇ ਦੇਇ ॥ | He Himself bestows His Ambrosial Naam. |
| ਬਿਖਿਆ ਕੀ ਬਾਸਨਾ ਮਨਹਿ ਕਰੇਇ ॥ | Thus, the desire for sin and corruption is ended. |
| ਅਪਣਾ ਭਾਣਾ ਆਪਿ ਕਰੇਇ ॥੪॥੧॥ | The Lord Himself carries out His Own Will. ‖4‖1‖ |
| ਬਸੰਤੁ ਮਹਲਾ ੩ ॥ | Basant, Third Mehl: |
| ਰਾਤੇ ਸਾਚਿ ਹਰਿ ਨਾਮਿ ਨਿਹਾਲਾ ॥ | Those who are attuned to the True Lord's Name are happy and exalted. |
| ਦਇਆ ਕਰਹੁ ਪ੍ਰਭ ਦੀਨ ਦਇਆਲਾ ॥ | Take pity on me, O God, Merciful to the meek. |
| ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥ | Without Him, I have no other at all. |
| ਜਿਉ ਭਾਵੈ ਤਿਉ ਰਾਖੈ ਸੋਇ ॥੧॥ | As it pleases His Will, He keeps me. ‖1‖ |
| ਗੁਰ ਗੋਪਾਲ ਮੇਰੈ ਮਨਿ ਭਾਏ ॥ | The Guru, the Lord, is pleasing to my mind. |
| ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ ਰਹਾਉ ॥ | I cannot even survive, without the Blessed Vision of His Darshan. But I shall easily unite with the Guru, if He unites me in His Union. ‖1‖Pause‖ |
| ਇਹੁ ਮਨੁ ਲੋਭੀ ਲੋਭਿ ਲੁਭਾਨਾ ॥ | The greedy mind is enticed by greed. |
| ਰਾਮ ਬਿਸਾਰਿ ਬਹੁਰਿ ਪਛੁਤਾਨਾ ॥ | Forgetting the Lord, it regrets and repents in the end. |
| ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥ | The separated ones are reunited, when they are inspired to serve the Guru. |
| ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥੨॥ | They are blessed with the Lord's Name - such is the destiny written on their foreheads. ‖2‖ |
| ਪਉਣ ਪਾਣੀ ਕੀ ਇਹ ਦੇਹ ਸਰੀਰਾ ॥ | This body is built of air and water. |
| ਹਉਮੈ ਰੋਗੁ ਕਠਿਨ ਤਨਿ ਪੀਰਾ ॥ | The body is afflicted with the terribly painful illness of egotism. |
| ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥ | The Gurmukh has the Medicine: singing the Glorious Praises of the Lord's Name. |

| | |
|---|---|
| ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥ | Granting His Grace, the Guru has cured the illness. ‖3‖ |
| ਚਾਰਿ ਨਦੀਆ ਅਗਨੀ ਤਨਿ ਚਾਰੇ ॥ | The four evils are the four rivers of fire flowing through the body. |
| ਤ੍ਰਿਸਨਾ ਜਲਤ ਜਲੇ ਅਹੰਕਾਰੇ ॥ | It is burning in desire, and burning in egotism. |
| ਗੁਰਿ ਰਾਖੇ ਵਡਭਾਗੀ ਤਾਰੇ ॥ | Those whom the Guru protects and saves are very fortunate. |
| ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥ | Servant Nanak enshrines the Ambrosial Name of the Lord in his heart. ‖4‖2‖ |
| ਬਸੰਤੁ ਮਹਲਾ ੩ ॥ | Basant, Third Mehl: |
| ਹਰਿ ਸੇਵੇ ਸੋ ਹਰਿ ਕਾ ਲੋਗੁ ॥ | One who serves the Lord is the Lord's person. |
| ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥ | He dwells in intuitive peace, and never suffers in sorrow. |
| ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥ | The self-willed manmukhs are dead; the Lord is not within their minds. |
| ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥ | They die and die again and again, and are reincarnated, only to die once more. ‖1‖ |
| ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥ | They alone are alive, whose minds are filled with the Lord. |
| ਸਾਚੁ ਸਮ੍ਹਾਲਹਿ ਸਾਚਿ ਸਮਾਹਿ ॥੧॥ ਰਹਾਉ ॥ | They contemplate the True Lord, and are absorbed in the True Lord. ‖1‖Pause‖ |
| ਹਰਿ ਨ ਸੇਵਹਿ ਤੇ ਹਰਿ ਤੇ ਦੂਰਿ ॥ | Those who do not serve the Lord are far away from the Lord. |
| ਦਿਸੰਤਰੁ ਭਵਹਿ ਸਿਰਿ ਪਾਵਹਿ ਧੂਰਿ ॥ | They wander in foreign lands, with dust thrown on their heads. |
| ਹਰਿ ਆਪੇ ਜਨ ਲੀਏ ਲਾਇ ॥ | The Lord Himself enjoins His humble servants to serve Him. |
| ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ ॥੨॥ | They live in peace forever, and have no greed at all. ‖2‖ |
| **੧੧੭੩** | **1173** |
| ਨਦਰਿ ਕਰੇ ਚੂਕੈ ਅਭਿਮਾਨੁ ॥ | When the Lord bestows His Glance of Grace, egotism is eradicated. |
| ਸਾਚੀ ਦਰਗਹ ਪਾਵੈ ਮਾਨੁ ॥ | Then, the mortal is honored in the Court of the True Lord. |
| ਹਰਿ ਜੀਉ ਵੇਖੈ ਸਦ ਹਜੂਰਿ ॥ | He sees the Dear Lord always close at hand, ever-present. |

| | |
|---|---|
| ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥ | Through the Word of the Guru's Shabad, he sees the Lord pervading and permeating all. \|\|3\|\| |
| ਜੀਅ ਜੰਤ ਕੀ ਕਰੇ ਪ੍ਰਤਿਪਾਲ ॥ | The Lord cherishes all beings and creatures. |
| ਗੁਰ ਪਰਸਾਦੀ ਸਦ ਸਮ੍ਾਲ ॥ | By Guru's Grace, contemplate Him forever. |
| ਦਰਿ ਸਾਚੈ ਪਤਿ ਸਿਉ ਘਰਿ ਜਾਇ ॥ | You shall go to your true home in the Lord's Court with honor. |
| ਨਾਨਕ ਨਾਮਿ ਵਡਾਈ ਪਾਇ ॥੪॥੩॥ | O Nanak, through the Naam, the Name of the Lord, you shall be blessed with glorious greatness. \|\|4\|\|3\|\| |
| ਬਸੰਤੁ ਮਹਲਾ ੩ ॥ | Basant, Third Mehl: |
| ਅੰਤਰਿ ਪੂਜਾ ਮਨ ਤੇ ਹੋਇ ॥ | One who worships the Lord within his mind, |
| ਏਕੋ ਵੇਖੈ ਅਉਰੁ ਨ ਕੋਇ ॥ | sees the One and Only Lord, and no other. |
| ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ | People in duality suffer terrible pain. |
| ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥ | The True Guru has shown me the One Lord. \|\|1\|\| |
| ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥ | My God is in bloom, forever in spring. |
| ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥੧॥ ਰਹਾਉ ॥ | This mind blossoms forth, singing the Glorious Praises of the Lord of the Universe. \|\|1\|\|Pause\|\| |
| ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥ | So consult the Guru, and reflect upon His wisdom; |
| ਤਾਂ ਪ੍ਰਭ ਸਾਚੇ ਲਗੈ ਪਿਆਰੁ ॥ | then, you shall be in love with the True Lord God. |
| ਆਪੁ ਛੋਡਿ ਹੋਹਿ ਦਾਸਤ ਭਾਇ ॥ | Abandon your self-conceit, and be His loving servant. |
| ਤਉ ਜਗਜੀਵਨੁ ਵਸੈ ਮਨਿ ਆਇ ॥੨॥ | Then, the Life of the World shall come to dwell in your mind. \|\|2\|\| |
| ਭਗਤਿ ਕਰੇ ਸਦ ਵੇਖੈ ਹਜੂਰਿ ॥ | Worship Him with devotion, and see Him always ever-present, close at hand. |
| ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥ | My God is forever permeating and pervading all. |
| ਇਸੁ ਭਗਤੀ ਕਾ ਕੋਈ ਜਾਣੈ ਭੇਉ ॥ | Only a rare few know the mystery of this devotional worship. |
| ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥ | My God is the Enlightener of all souls. \|\|3\|\| |
| ਆਪੇ ਸਤਿਗੁਰੁ ਮੇਲਿ ਮਿਲਾਏ ॥ | The True Guru Himself unites us in His Union. |

| | |
|---|---|
| ਜਗਜੀਵਨ ਸਿਉ ਆਪਿ ਚਿਤੁ ਲਾਏ ॥ | He Himself links our consciousness to the Lord, the Life of the World. |
| ਮਨੁ ਤਨੁ ਹਰਿਆ ਸਹਜਿ ਸੁਭਾਏ ॥ | Thus, our minds and bodies are rejuvenated with intuitive ease. |
| ਨਾਨਕ ਨਾਮਿ ਰਹੇ ਲਿਵ ਲਾਏ ॥੪॥੪॥ | O Nanak, through the Naam, the Name of the Lord, we remain attuned to the String of His Love. \|\|4\|\|4\|\| |
| ਬਸੰਤੁ ਮਹਲਾ ੩ ॥ | Basant, Third Mehl: |
| ਭਗਤਿ ਵਛਲੁ ਹਰਿ ਵਸੈ ਮਨਿ ਆਇ ॥ | The Lord is the Lover of His devotees; He dwells within their minds, |
| ਗੁਰ ਕਿਰਪਾ ਤੇ ਸਹਜ ਸੁਭਾਇ ॥ | by Guru's Grace, with intuitive ease. |
| ਭਗਤਿ ਕਰੇ ਵਿਚਹੁ ਆਪੁ ਖੋਇ ॥ | Through devotional worship, self-conceit is eradicated from within, |
| ਤਦ ਹੀ ਸਾਚਿ ਮਿਲਾਵਾ ਹੋਇ ॥੧॥ | and then, one meets the True Lord. \|\|1\|\| |
| ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥ | His devotees are forever beauteous at the Door of the Lord God. |
| ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥੧॥ ਰਹਾਉ ॥ | Loving the Guru, they have love and affection for the True Lord. \|\|1\|\|Pause\|\| |
| ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥ | That humble being who worships the Lord with devotion becomes immaculate and pure. |
| ਗੁਰ ਸਬਦੀ ਵਿਚਹੁ ਹਉਮੈ ਖੋਇ ॥ | Through the Word of the Guru's Shabad, egotism is eradicated from within. |
| ਹਰਿ ਜੀਉ ਆਪਿ ਵਸੈ ਮਨਿ ਆਇ ॥ | The Dear Lord Himself comes to dwell within the mind, |
| ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥ | and the mortal remains immersed in peace, tranquility and intuitive ease. \|\|2\|\| |
| ਸਾਚਿ ਰਤੇ ਤਿਨ ਸਦ ਬਸੰਤ ॥ | Those who are imbued with Truth, are forever in the bloom of spring. |
| ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ ॥ | Their minds and bodies are rejuvenated, uttering the Glorious Praises of the Lord of the Universe. |
| ਬਿਨੁ ਨਾਵੈ ਸੂਕਾ ਸੰਸਾਰੁ ॥ | Without the Lord's Name, the world is dry and parched. |
| ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥੩॥ | It burns in the fire of desire, over and over again. \|\|3\|\| |

| | |
|---|---|
| ਸੋਈ ਕਰੇ ਜਿ ਹਰਿ ਜੀਉ ਭਾਵੈ ॥ | One who does only that which is pleasing to the Dear Lord |
| ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥ | - his body is forever at peace, and his consciousness is attached to the Lord's Will. |
| ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥ | He serves His God with intuitive ease. |
| ਨਾਨਕ ਨਾਮੁ ਵਸੈ ਮਨਿ ਆਇ ॥੪॥੫॥ | O Nanak, the Naam, the Name of the Lord, comes to abide in his mind. \|\|4\|\|5\|\| |
| ਬਸੰਤੁ ਮਹਲਾ ੩ ॥ | Basant, Third Mehl: |
| ਮਾਇਆ ਮੋਹੁ ਸਬਦਿ ਜਲਾਏ ॥ | Attachment to Maya is burnt away by the Word of the Shabad. |
| ਮਨੁ ਤਨੁ ਹਰਿਆ ਸਤਿਗੁਰ ਭਾਏ ॥ | The mind and body are rejuvenated by the Love of the True Guru. |
| ਸਫਲਿਉ ਬਿਰਖੁ ਹਰਿ ਕੈ ਦੁਆਰਿ ॥ | The tree bears fruit at the Lord's Door, |
| ਸਾਚੀ ਬਾਣੀ ਨਾਮ ਪਿਆਰਿ ॥੧॥ | in love with the True Bani of the Guru's Word, and the Naam, the Name of the Lord. \|\|1\|\| |
| ਏ ਮਨ ਹਰਿਆ ਸਹਜ ਸੁਭਾਇ ॥ | This mind is rejuvenated, with intuitive ease; |
| ਸਚ ਫਲੁ ਲਾਗੈ ਸਤਿਗੁਰ ਭਾਇ ॥੧॥ ਰਹਾਉ ॥ | loving the True Guru, it bears the fruit of truth. \|\|1\|\|Pause\|\| |
| ਆਪੇ ਨੇੜੈ ਆਪੇ ਦੂਰਿ ॥ | He Himself is near, and He Himself is far away. |
| ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥ | Through the Word of the Guru's Shabad, He is seen to be ever-present, close at hand. |
| ਛਾਵ ਘਣੀ ਫੂਲੀ ਬਨਰਾਇ ॥ | The plants have blossomed forth, giving a dense shade. |
| ਗੁਰਮੁਖਿ ਬਿਗਸੈ ਸਹਜਿ ਸੁਭਾਇ ॥੨॥ | The Gurmukh blossoms forth, with intuitive ease. \|\|2\|\| |
| ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ | Night and day, he sings the Kirtan of the Lord's Praises, day and night. |
| ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥ | The True Guru drives out sin and doubt from within. |
| **੧੧੭੪** | 1174 |
| ਪਰਪੰਚ ਵੇਖਿ ਰਹਿਆ ਵਿਸਮਾਦੁ ॥ | Gazing upon the wonder of God's Creation, I am wonder-struck and amazed. |

| | |
|---|---|
| ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥ | The Gurmukh obtains the Naam, the Name of the Lord, by His Grace. \|\|3\|\| |
| ਆਪੇ ਕਰਤਾ ਸਭਿ ਰਸ ਭੋਗ ॥ | The Creator Himself enjoys all delights. |
| ਜੋ ਕਿਛੁ ਕਰੇ ਸੋਈ ਪਰੁ ਹੋਗ ॥ | Whatever He does, surely comes to pass. |
| ਵਡਾ ਦਾਤਾ ਤਿਲੁ ਨ ਤਮਾਇ ॥ | He is the Great Giver; He has no greed at all. |
| ਨਾਨਕ ਮਿਲੀਐ ਸਬਦੁ ਕਮਾਇ ॥੪॥੬॥ | O Nanak, living the Word of the Shabad, the mortal meets with God. \|\|4\|\|6\|\| |
| ਬਸੰਤੁ ਮਹਲਾ ੩ ॥ | Basant, Third Mehl: |
| ਪੂਰੈ ਭਾਗਿ ਸਚੁ ਕਾਰ ਕਮਾਵੈ ॥ | By perfect destiny, one acts in truth. |
| ਏਕੋ ਚੇਤੈ ਫਿਰਿ ਜੋਨਿ ਨ ਆਵੈ ॥ | Remembering the One Lord, one does not have to enter the cycle of reincarnation. |
| ਸਫਲ ਜਨਮੁ ਇਸੁ ਜਗ ਮਹਿ ਆਇਆ ॥ | Fruitful is the coming into the world, and the life of one |
| ਸਾਚਿ ਨਾਮਿ ਸਹਜਿ ਸਮਾਇਆ ॥੧॥ | who remains intuitively absorbed in the True Name. \|\|1\|\| |
| ਗੁਰਮੁਖਿ ਕਾਰ ਕਰਹੁ ਲਿਵ ਲਾਇ ॥ | The Gurmukh acts, lovingly attuned to the Lord. |
| ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥੧॥ ਰਹਾਉ ॥ | Be dedicated to the Lord's Name, and eradicate self-conceit from within. \|\|1\|\|Pause\|\| |
| ਤਿਸੁ ਜਨ ਕੀ ਹੈ ਸਾਚੀ ਬਾਣੀ ॥ | True is the speech of that humble being; |
| ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥ | through the Word of the Guru's Shabad, it is spread throughout the world. |
| ਚਹੁ ਜੁਗ ਪਸਰੀ ਸਾਚੀ ਸੋਇ ॥ | Throughout the four ages, his fame and glory spread. |
| ਨਾਮਿ ਰਤਾ ਜਨੁ ਪਰਗਟੁ ਹੋਇ ॥੨॥ | Imbued with the Naam, the Name of the Lord, the Lord's humble servant is recognized and renowned. \|\|2\|\| |
| ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥ | Some remain lovingly attuned to the True Word of the Shabad. |
| ਸੇ ਜਨ ਸਾਚੇ ਸਾਚੈ ਭਾਇ ॥ | True are those humble beings who love the True Lord. |
| ਸਾਚੁ ਧਿਆਇਨਿ ਦੇਖਿ ਹਜੂਰਿ ॥ | They meditate on the True Lord, and behold Him near at hand, ever-present. |
| ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥ | They are the dust of the lotus feet of the humble Saints. \|\|3\|\| |
| ਏਕੋ ਕਰਤਾ ਅਵਰੁ ਨ ਕੋਇ ॥ | There is only One Creator Lord; there is no other at all. |

| | |
|---|---|
| ਗੁਰ ਸਬਦੀ ਮੇਲਾਵਾ ਹੋਇ ॥ | Through the Word of the Guru's Shabad, comes Union with the Lord. |
| ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥ | Whoever serves the True Lord finds joy. |
| ਨਾਨਕ ਸਹਜੇ ਨਾਮਿ ਸਮਾਇਆ ॥੪॥੭॥ | O Nanak, he is intuitively absorbed in the Naam, the Name of the Lord. \|\|4\|\|7\|\| |
| ਬਸੰਤੁ ਮਹਲਾ ੩ ॥ | Basant, Third Mehl: |
| ਭਗਤਿ ਕਰਹਿ ਜਨ ਦੇਖਿ ਹਜੂਰਿ ॥ | The Lord's humble servant worships Him, and beholds Him ever-present, near at hand. |
| ਸੰਤ ਜਨਾ ਕੀ ਪਗ ਪੰਕਜ ਧੂਰਿ ॥ | He is the dust of the lotus feet of the humble Saints. |
| ਹਰਿ ਸੇਤੀ ਸਦ ਰਹਹਿ ਲਿਵ ਲਾਇ ॥ | Those who remain lovingly attuned to the Lord forever |
| ਪੂਰੈ ਸਤਿਗੁਰਿ ਦੀਆ ਬੁਝਾਇ ॥੧॥ | are blessed with understanding by the Perfect True Guru. \|\|1\|\| |
| ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ | How rare are those who become the slave of the Lord's slaves. |
| ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥ | They attain the supreme status. \|\|1\|\|Pause\|\| |
| ਏਕੋ ਸੇਵਹੁ ਅਵਰੁ ਨ ਕੋਇ ॥ | So serve the One Lord, and no other. |
| ਜਿਤੁ ਸੇਵਿਐ ਸਦਾ ਸੁਖੁ ਹੋਇ ॥ | Serving Him, eternal peace is obtained. |
| ਨਾ ਓਹੁ ਮਰੈ ਨ ਆਵੈ ਜਾਇ ॥ | He does not die; He does not come and go in reincarnation. |
| ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥ | Why should I serve any other than Him, O my mother? \|\|2\|\| |
| ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ | True are those humble beings who realize the True Lord. |
| ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥ | Conquering their self-conceit, they merge intuitively into the Naam, the Name of the Lord. |
| ਗੁਰਮੁਖਿ ਨਾਮੁ ਪਰਾਪਤਿ ਹੋਇ ॥ | The Gurmukhs gather in the Naam. |
| ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥ | Their minds are immaculate, and their reputations are immaculate. \|\|3\|\| |
| ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ | Know the Lord, who gave you spiritual wisdom, |

| | |
|---|---|
| ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥ | and realize the One God, through the True Word of the Shabad. |
| ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ | When the mortal tastes the sublime essence of the Lord, he becomes pure and holy. |
| ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥ | O Nanak, those who are imbued with the Naam - their reputations are true. \|\|4\|\|8\|\| |
| ਬਸੰਤੁ ਮਹਲਾ ੩ ॥ | Basant, Third Mehl: |
| ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥ | Those who are imbued with the Naam, the Name of the Lord - their generations are redeemed and saved. |
| ਸਾਚੀ ਬਾਣੀ ਨਾਮ ਪਿਆਰੁ ॥ | True is their speech; they love the Naam. |
| ਮਨਮੁਖ ਭੂਲੇ ਕਾਹੇ ਆਏ ॥ | Why have the wandering self-willed manmukhs even come into the world? |
| ਨਾਮਹੁ ਭੂਲੇ ਜਨਮੁ ਗਵਾਏ ॥੧॥ | Forgetting the Naam, the mortals waste their lives away. \|\|1\|\| |
| ਜੀਵਤ ਮਰੈ ਮਰਿ ਮਰਣੁ ਸਵਾਰੈ ॥ | One who dies while yet alive, truly dies, and embellishes his death. |
| ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥ | Through the Word of the Guru's Shabad, he enshrines the True Lord within his heart. \|\|1\|\|Pause\|\| |
| ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥ | Truth is the food of the Gurmukh; his body is sanctified and pure. |
| ਮਨੁ ਨਿਰਮਲੁ ਸਦ ਗੁਣੀ ਗਹੀਰਾ ॥ | His mind is immaculate; he is forever the ocean of virtue. |
| ਜੰਮੈ ਮਰੈ ਨ ਆਵੈ ਜਾਇ ॥ | He is not forced to come and go in the cycle of birth and death. |
| ਗੁਰ ਪਰਸਾਦੀ ਸਾਚਿ ਸਮਾਇ ॥੨॥ | By Guru's Grace, he merges in the True Lord. \|\|2\|\| |
| ਸਾਚਾ ਸੇਵਹੁ ਸਾਚੁ ਪਛਾਣੈ ॥ | Serving the True Lord, one realizes Truth. |
| ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ | Through the Word of the Guru's Shabad, he goes to the Lord's Court with his banners flying proudly. |
| **੧੧੭੫** | **1175** |
| ਦਰਿ ਸਾਚੈ ਸਚੁ ਸੋਭਾ ਹੋਇ ॥ | In the Court of the True Lord, he obtains true glory. |
| ਨਿਜ ਘਰਿ ਵਾਸਾ ਪਾਵੈ ਸੋਇ ॥੩॥ | He comes to dwell in the home of his own inner being. \|\|3\|\| |
| ਆਪਿ ਅਭੁਲੁ ਸਚਾ ਸਚੁ ਸੋਇ ॥ | He cannot be fooled; He is the Truest of the True. |

| | |
|---|---|
| ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥ | All others are deluded; in duality, they lose their honor. |
| ਸਾਚਾ ਸੇਵਹੁ ਸਾਚੀ ਬਾਣੀ ॥ | So serve the True Lord, through the True Bani of His Word. |
| ਨਾਨਕ ਨਾਮੇ ਸਾਚਿ ਸਮਾਣੀ ॥੪॥੯॥ | O Nanak, through the Naam, merge in the True Lord. \|\|4\|\|9\|\| |
| ਬਸੰਤੁ ਮਹਲਾ ੩ ॥ | Basant, Third Mehl: |
| ਬਿਨੁ ਕਰਮਾ ਸਭ ਭਰਮਿ ਭੁਲਾਈ ॥ | Without the grace of good karma, all are deluded by doubt. |
| ਮਾਇਆ ਮੋਹਿ ਬਹੁਤੁ ਦੁਖੁ ਪਾਈ ॥ | In attachment to Maya, they suffer in terrible pain. |
| ਮਨਮੁਖ ਅੰਧੇ ਠਉਰ ਨ ਪਾਈ ॥ | The blind, self-willed manmukhs find no place of rest. |
| ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥ | They are like maggots in manure, rotting away in manure. \|\|1\|\| |
| ਹੁਕਮੁ ਮੰਨੇ ਸੋ ਜਨੁ ਪਰਵਾਣੁ ॥ | That humble being who obeys the Hukam of the Lord's Command is accepted. |
| ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥ | Through the Word of the Guru's Shabad, he is blessed with the insignia and the banner of the Naam, the Name of the Lord. \|\|1\|\|Pause\|\| |
| ਸਾਚਿ ਰਤੇ ਜਿਨ੍ਾ ਧੁਰਿ ਲਿਖਿ ਪਾਇਆ ॥ | Those who have such pre-ordained destiny are imbued with the Naam. |
| ਹਰਿ ਕਾ ਨਾਮੁ ਸਦਾ ਮਨਿ ਭਾਇਆ ॥ | The Name of the Lord is forever pleasing to their minds. |
| ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ | Through the Bani, the Word of the True Guru, eternal peace is found. |
| ਜੋਤੀ ਜੋਤਿ ਮਿਲਾਏ ਸੋਇ ॥੨॥ | Through it, one's light merges into the Light. \|\|2\|\| |
| ਏਕੁ ਨਾਮੁ ਤਾਰੇ ਸੰਸਾਰੁ ॥ | Only the Naam, the Name of the Lord, can save the world. |
| ਗੁਰ ਪਰਸਾਦੀ ਨਾਮ ਪਿਆਰੁ ॥ | By Guru's Grace, one comes to love the Naam. |
| ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ | Without the Naam, no one obtains liberation. |
| ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥ | Through the Perfect Guru, the Naam is obtained. \|\|3\|\| |
| ਸੋ ਬੂਝੈ ਜਿਸੁ ਆਪਿ ਬੁਝਾਏ ॥ | He alone understands, whom the Lord Himself causes to understand. |
| ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ ॥ | Serving the True Guru, the Naam is implanted within. |
| ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ | Those humble beings who know the One Lord are approved and accepted. |

| | |
|---|---|
| ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥ | O Nanak, imbued with the Naam, they go to the Lord's Court with His banner and insignia. \|\|4\|\|10\|\| |
| ਬਸੰਤੁ ਮਹਲਾ ੩ ॥ | Basant, Third Mehl: |
| ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ | Granting His Grace, the Lord leads the mortal to meet the True Guru. |
| ਆਪੇ ਆਪਿ ਵਸੈ ਮਨਿ ਆਏ ॥ | The Lord Himself comes to abide in his mind. |
| ਨਿਹਚਲ ਮਤਿ ਸਦਾ ਮਨ ਧੀਰ ॥ | His intellect becomes steady and stable, and his mind is strengthened forever. |
| ਹਰਿ ਗੁਣ ਗਾਵੈ ਗੁਣੀ ਗਹੀਰ ॥੧॥ | He sings the Glorious Praises of the Lord, the Ocean of Virtue. \|\|1\|\| |
| ਨਾਮਹੁ ਭੂਲੇ ਮਰਹਿ ਬਿਖੁ ਖਾਇ ॥ | Those who forget the Naam, the Name of the Lord - those mortals die eating poison. |
| ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥ | Their lives are wasted uselessly, and they continue coming and going in reincarnation. \|\|1\|\|Pause\|\| |
| ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ | They wear all sorts of religious robes, but their minds are not at peace. |
| ਬਹੁ ਅਭਿਮਾਨਿ ਅਪਣੀ ਪਤਿ ਖੋਇ ॥ | In great egotism, they lose their honor. |
| ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ | But those who realize the Word of the Shabad, are blessed by great good fortune. |
| ਬਾਹਰਿ ਜਾਦਾ ਘਰ ਮਹਿ ਆਣਿਆ ॥੨॥ | They bring their distractible minds back home. \|\|2\|\| |
| ਘਰ ਮਹਿ ਵਸਤੁ ਅਗਮ ਅਪਾਰਾ ॥ | Within the home of the inner self is the inaccessible and infinite substance. |
| ਗੁਰਮਤਿ ਖੋਜਹਿ ਸਬਦਿ ਬੀਚਾਰਾ ॥ | Those who find it, by following the Guru's Teachings, contemplate the Shabad. |
| ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ | Those who obtain the nine treasures of the Naam within the home of their own inner being, |
| ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥ | are forever dyed in the color of the Lord's Love; they are absorbed in the Truth. \|\|3\|\| |
| ਆਪਿ ਕਰੇ ਕਿਛੁ ਕਰਣੁ ਨ ਜਾਇ ॥ | God Himself does everything; no one can do anything at all by himself. |

| | |
|---|---|
| ਆਪੇ ਭਾਵੈ ਲਏ ਮਿਲਾਇ ॥ | When God so wills, He merges the mortal into Himself. |
| ਤਿਸ ਤੇ ਨੇੜੈ ਨਾਹੀ ਕੋ ਦੂਰਿ ॥ | All are near Him; no one is far away from Him. |
| ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥ | O Nanak, the Naam is permeating and pervading everywhere. \|\|4\|\|11\|\| |
| ਬਸੰਤੁ ਮਹਲਾ ੩ ॥ | Basant, Third Mehl: |
| ਗੁਰ ਸਬਦੀ ਹਰਿ ਚੇਤਿ ਸੁਭਾਇ ॥ | Through the Word of the Guru's Shabad, remember the Lord with love, |
| ਰਾਮ ਨਾਮ ਰਸਿ ਰਹੈ ਅਘਾਇ ॥ | and you shall remain satisfied by the sublime essence of the Lord's Name. |
| ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ | The sins of millions upon millions of lifetimes shall be burnt away. |
| ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥ | Remaining dead while yet alive, you shall be absorbed in the Lord's Name. \|\|1\|\| |
| ਹਰਿ ਕੀ ਦਾਤਿ ਹਰਿ ਜੀਉ ਜਾਣੈ ॥ | The Dear Lord Himself knows His own bountiful blessings. |
| ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣਦਾਤਾ ਨਾਮੁ ਵਖਾਣੈ ॥੧॥ ਰਹਾਉ ॥ | This mind blossoms forth in the Guru's Shabad, chanting the Name of the Lord, the Giver of virtue. \|\|1\|\|Pause\|\| |
| ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ | No one is liberated by wandering around in saffron-colored robes. |
| ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥ | Tranquility is not found by strict self-discipline. |
| ਗੁਰਮਤਿ ਨਾਮੁ ਪਰਾਪਤਿ ਹੋਇ ॥ | But by following the Guru's Teachings, one is blessed to receive the Naam, the Name of the Lord. |
| ਵਡਭਾਗੀ ਹਰਿ ਪਾਵੈ ਸੋਇ ॥੨॥ | By great good fortune, one finds the Lord. \|\|2\|\| |
| ਕਲਿ ਮਹਿ ਰਾਮ ਨਾਮਿ ਵਡਿਆਈ ॥ | In this Dark Age of Kali Yuga, glorious greatness comes through the Lord's Name. |
| **੧੧੭੬** | **1176** |
| ਗੁਰ ਪੂਰੇ ਤੇ ਪਾਇਆ ਜਾਈ ॥ | Through the Perfect Guru, it is obtained. |
| ਨਾਮਿ ਰਤੇ ਸਦਾ ਸੁਖੁ ਪਾਈ ॥ | Those who are imbued with the Naam find everlasting peace. |
| ਬਿਨੁ ਨਾਮੈ ਹਉਮੈ ਜਲਿ ਜਾਈ ॥੩॥ | But without the Naam, mortals burn in egotism. \|\|3\|\| |

| | |
|---|---|
| ਵਡਭਾਗੀ ਹਰਿ ਨਾਮੁ ਬੀਚਾਰਾ ॥ | By great good fortune, some contemplate the Lord's Name. |
| ਛੂਟੈ ਰਾਮ ਨਾਮਿ ਦੁਖੁ ਸਾਰਾ ॥ | Through the Lord's Name, all sorrows are eradicated. |
| ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥ | He dwells within the heart, and pervades the external universe as well. |
| ਨਾਨਕ ਜਾਣੈ ਸਭੁ ਉਪਾਵਣਹਾਰਾ ॥੪॥੧੨॥ | O Nanak, the Creator Lord knows all. ‖4‖12‖ |
| ਬਸੰਤੁ ਮਹਲਾ ੩ ਇਕ ਤੁਕੇ ॥ | Basant, Third Mehl, Ik-Tukas: |
| ਤੇਰਾ ਕੀਆ ਕਿਰਮ ਜੰਤੁ ॥ | I am just a worm, created by You, O Lord. |
| ਦੇਹਿ ਤ ਜਾਪੀ ਆਦਿ ਮੰਤੁ ॥੧॥ | If you bless me, then I chant Your Primal Mantra. ‖1‖ |
| ਗੁਣ ਆਖਿ ਵੀਚਾਰੀ ਮੇਰੀ ਮਾਇ ॥ | I chant and reflect on His Glorious Virtues, O my mother. |
| ਹਰਿ ਜਪਿ ਹਰਿ ਕੈ ਲਗਉ ਪਾਇ ॥੧॥ ਰਹਾਉ ॥ | Meditating on the Lord, I fall at the Lord's Feet. ‖1‖Pause‖ |
| ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥ | By Guru's Grace, I am addicted to the favor of the Naam, the Name of the Lord. |
| ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥੨॥ | Why waste your life in hatred, vengeance and conflict? ‖2‖ |
| ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥ | When the Guru granted His Grace, my egotism was eradicated, |
| ਸਹਜ ਭਾਇ ਪਾਇਆ ਹਰਿ ਨਾਮੁ ॥੩॥ | and then, I obtained the Lord's Name with intuitive ease. ‖3‖ |
| ਊਤਮੁ ਊਚਾ ਸਬਦ ਕਾਮੁ ॥ | The most lofty and exalted occupation is to contemplate the Word of the Shabad. |
| ਨਾਨਕੁ ਵਖਾਣੈ ਸਾਚੁ ਨਾਮੁ ॥੪॥੧॥੧੩॥ | Nanak chants the True Name. ‖4‖1‖13‖ |
| ਬਸੰਤੁ ਮਹਲਾ ੩ ॥ | Basant, Third Mehl: |
| ਬਨਸਪਤਿ ਮਉਲੀ ਚੜਿਆ ਬਸੰਤੁ ॥ | The season of spring has come, and all the plants have blossomed forth. |
| ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ | This mind blossoms forth, in association with the True Guru. ‖1‖ |

| | |
|---|---|
| ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥ | So meditate on the True Lord, O my foolish mind. |
| ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥ | Only then shall you find peace, O my mind. \|\|1\|\|Pause\|\| |
| ਇਤੁ ਮਨਿ ਮਉਲਿਐ ਭਇਆ ਅਨੰਦੁ ॥ | This mind blossoms forth, and I am in ecstasy. |
| ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥ | I am blessed with the Ambrosial Fruit of the Naam, the Name of the Lord of the Universe. \|\|2\|\| |
| ਏਕੋ ਏਕੁ ਸਭੁ ਆਖਿ ਵਖਾਣੈ ॥ | Everyone speaks and says that the Lord is the One and Only. |
| ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥ | By understanding the Hukam of His Command, we come to know the One Lord. \|\|3\|\| |
| ਕਹਤ ਨਾਨਕੁ ਹਉਮੈ ਕਹੈ ਨ ਕੋਇ ॥ | Says Nanak, no one can describe the Lord by speaking through ego. |
| ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥ | All speech and insight comes from our Lord and Master. \|\|4\|\|2\|\|14\|\| |

| ਬਸੰਤੁ ਮਹਲਾ ੩ ॥ | Basant, Third Mehl: |
|---|---|
| ਸਭਿ ਜੁਗ ਤੇਰੇ ਕੀਤੇ ਹੋਏ ॥ | All the ages were created by You, O Lord. |
| ਸਤਿਗੁਰੁ ਭੇਟੈ ਮਤਿ ਬੁਧਿ ਹੋਏ ॥੧॥ | Meeting with the True Guru, one's intellect is awakened. \|\|1\|\| |
| ਹਰਿ ਜੀਉ ਆਪੇ ਲੈਹੁ ਮਿਲਾਇ ॥ | O Dear Lord, please blend me with Yourself; |
| ਗੁਰ ਕੈ ਸਬਦਿ ਸਚ ਨਾਮਿ ਸਮਾਇ ॥੧॥ ਰਹਾਉ ॥ | let me merge in the True Name, through the Word of the Guru's Shabad. \|\|1\|\|Pause\|\| |
| ਮਨਿ ਬਸੰਤੁ ਹਰੇ ਸਭਿ ਲੋਇ ॥ | When the mind is in spring, all people are rejuvenated. |
| ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥੨॥ | Blossoming forth and flowering through the Lord's Name, peace is obtained. \|\|2\|\| |
| ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ | Contemplating the Word of the Guru's Shabad, one is in spring forever, |
| ਰਾਮ ਨਾਮੁ ਰਾਖੈ ਉਰ ਧਾਰੇ ॥੩॥ | with the Lord's Name enshrined in the heart. \|\|3\|\| |

| | |
|---|---|
| ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥ | When the mind is in spring, the body and mind are rejuvenated. |
| ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥੪॥੩॥੧੫॥ | O Nanak, this body is the tree which bears the fruit of the Lord's Name. \|\|4\|\|3\|\|15\|\| |
| ਬਸੰਤੁ ਮਹਲਾ ੩ ॥ | Basant, Third Mehl: |
| ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ | They alone are in the spring season, who sing the Glorious Praises of the Lord. |
| ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥ | They come to worship the Lord with devotion, through their perfect destiny. \|\|1\|\| |
| ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ | This mind is not even touched by spring. |
| ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥ | This mind is burnt by duality and double-mindedness. \|\|1\|\|Pause\|\| |
| ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ | This mind is entangled in worldly affairs, creating more and more karma. |
| ਮਾਇਆ ਮੂਠਾ ਸਦਾ ਬਿਲਲਾਇ ॥੨॥ | Enchanted by Maya, it cries out in suffering forever. \|\|2\|\| |
| ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ | This mind is released, only when it meets with the True Guru. |
| ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥ | Then, it does not suffer beatings by the Messenger of Death. \|\|3\|\| |
| ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ | This mind is released, when the Guru emancipates it. |
| ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥ | O Nanak, attachment to Maya is burnt away through the Word of the Shabad. \|\|4\|\|4\|\|16\|\| |
| ਬਸੰਤੁ ਮਹਲਾ ੩ ॥ | Basant, Third Mehl: |
| ਬਸੰਤੁ ਚੜਿਆ ਫੂਲੀ ਬਨਰਾਇ ॥ | Spring has come, and all the plants are flowering. |
| ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥ | These beings and creatures blossom forth when they focus their consciousness on the Lord. \|\|1\|\| |

| ੧੧੭੭ | 1177 |
|---|---|
| ਇਨ ਬਿਧਿ ਇਹੁ ਮਨੁ ਹਰਿਆ ਹੋਇ ॥ | In this way, this mind is rejuvenated. |
| ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥ | Chanting the Name of the Lord, Har, Har, day and night, egotism is removed and washed away from the Gurmukhs. \|\|1\|\|Pause\|\| |
| ਸਤਿਗੁਰ ਬਾਣੀ ਸਬਦੁ ਸੁਣਾਏ ॥ | The True Guru speaks the Bani of the Word, and the Shabad, the Word of God. |
| ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥ | This world blossoms forth in its greenery, through the love of the True Guru. \|\|2\|\| |
| ਫਲ ਫੂਲ ਲਾਗੇ ਜਾਂ ਆਪੇ ਲਾਏ ॥ | The mortal blossoms forth in flower and fruit, when the Lord Himself so wills. |
| ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥ | He is attached to the Lord, the Primal Root of all, when he finds the True Guru. \|\|3\|\| |
| ਆਪਿ ਬਸੰਤੁ ਜਗਤੁ ਸਭੁ ਵਾੜੀ ॥ | The Lord Himself is the season of spring; the whole world is His Garden. |
| ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥੧੭॥ | O Nanak, this most unique devotional worship comes only by perfect destiny. \|\|4\|\|5\|\|17\|\| |
| ਬਸੰਤੁ ਹਿੰਡੋਲ ਮਹਲਾ ੩ ਘਰੁ ੨ | Basant Hindol, Third Mehl, Second House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ ॥ | I am a sacrifice to the Word of the Guru's Bani, O Siblings of Destiny. I am devoted and dedicated to the Word of the Guru's Shabad. |
| ਗੁਰੁ ਸਾਲਾਹੀ ਸਦ ਅਪਣਾ ਭਾਈ ਗੁਰ ਚਰਣੀ ਚਿਤੁ ਲਾਈ ॥੧॥ | I praise my Guru forever, O Siblings of Destiny. I focus my consciousness on the Guru's Feet. \|\|1\|\| |
| ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥ | O my mind, focus your consciousness on the Lord's Name. |
| ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ ॥੧॥ ਰਹਾਉ ॥ | Your mind and body shall blossom forth in lush greenery, and you shall obtain the fruit of the Name of the One Lord. \|\|1\|\|Pause\|\| |

ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥

Those who are protected by the Guru are saved, O Siblings of Destiny. They drink in the Ambrosial Nectar of the Lord's sublime essence.

ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥੨॥

The pain of egotism within is eradicated and banished, O Siblings of Destiny, and peace comes to dwell in their minds. ||2||

ਧੁਰਿ ਆਪੇ ਜਿਨ੍ਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥

Those whom the Primal Lord Himself forgives, O Siblings of Destiny, are united with the Word of the Shabad.

ਧੂੜਿ ਤਿਨ੍ਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ ॥੩॥

The dust of their feet brings emancipation; in the company of Sadh Sangat, the True Congregation, we are united with the Lord. ||3||

ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ ਕੀਆ ਸਭੁ ਕੋਇ ॥

He Himself does, and causes all to be done, O Siblings of Destiny; He makes everything blossom forth in green abundance.

ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ ਸਬਦਿ ਮਿਲਾਵਾ ਹੋਇ ॥੪॥੧॥੧੮॥੧੨॥੧੮॥੩੦॥

O Nanak, peace fills their minds and bodies forever, O Siblings of Destiny; they are united with the Shabad. ||4||1||18||12||18||30||

ਰਾਗੁ ਬਸੰਤੁ ਮਹਲਾ ੪ ਘਰੁ ੧
ਇਕ ਤੁਕੇ

Raag Basant, Fourth Mehl, First House,
Ik-Tukay:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਜਿਉ ਪਸਰੀ ਸੂਰਜ ਕਿਰਣਿ ਜੋਤਿ ॥

Just as the light of the sun's rays spread out,

ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥

the Lord permeates each and every heart, through and through. ||1||

ਏਕੋ ਹਰਿ ਰਵਿਆ ਸ੍ਰਬ ਥਾਇ ॥

The One Lord is permeating and pervading all places.

ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥

Through the Word of the Guru's Shabad, we merge with Him, O my mother. ||1||Pause||

ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥

The One Lord is deep within each and every heart.

ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥

Meeting with the Guru, the One Lord becomes manifest, radiating forth. ||2||

ਏਕੋ ਏਕੁ ਰਹਿਆ ਭਰਪੂਰਿ ॥

The One and Only Lord is present and prevailing everywhere.

| | |
|---|---|
| ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥ | The greedy, faithless cynic thinks that God is far away. \|\|3\|\| |
| ਏਕੋ ਏਕੁ ਵਰਤੈ ਹਰਿ ਲੋਇ ॥ | The One and Only Lord permeates and pervades the world. |
| ਨਾਨਕ ਹਰਿ ਏਕੋੁ ਕਰੇ ਸੁ ਹੋਇ ॥੪॥੧॥ | O Nanak, whatever the One Lord does comes to pass. \|\|4\|\|1\|\| |
| ਬਸੰਤੁ ਮਹਲਾ ੪ ॥ | Basant, Fourth Mehl: |
| ਰੈਣਿ ਦਿਨਸੁ ਦੁਇ ਸਦੇ ਪਏ ॥ | Day and night, the two calls are sent out. |
| ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥੧॥ | O mortal, meditate in remembrance on the Lord, who protects you forever, and saves you in the end. \|\|1\|\| |
| ਹਰਿ ਹਰਿ ਚੇਤਿ ਸਦਾ ਮਨ ਮੇਰੇ ॥ | Concentrate forever on the Lord, Har, Har, O my mind. |
| ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥ | God the Destroyer of all depression and suffering is found, through the Guru's Teachings, singing the Glorious Praises of God. \|\|1\|\|Pause\|\| |
| ਮਨਮੁਖ ਫਿਰਿ ਫਿਰਿ ਹਉਮੈ ਮੁਏ ॥ | The self-willed manmukhs die of their egotism, over and over again. |
| **੧੧੭੮** | **1178** |
| ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥ | They are destroyed by Death's demons, and they must go to the City of Death. \|\|2\|\| |
| ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥ | The Gurmukhs are lovingly attached to the Lord, Har, Har, Har. |
| ਜਨਮ ਮਰਣ ਦੋਊ ਦੁਖ ਭਾਗੇ ॥੩॥ | Their pains of both birth and death are taken away. \|\|3\|\| |
| ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ | The Lord showers His Mercy on His humble devotees. |
| ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥ | Guru Nanak has shown mercy to me; I have met the Lord, the Lord of the forest. \|\|4\|\|2\|\| |

ਬਸੰਤੁ ਹਿੰਡੋਲ ਮਹਲਾ ੪
ਘਰੁ ੨

Basant Hindol, Fourth Mehl,
Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥

The Lord's Name is a jewel, hidden in a chamber of the palace of the body-fortress.

ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥

When one meets the True Guru, then he searches and finds it, and his light merges with the Divine Light. ||1||

ਮਾਧੋ ਸਾਧੂ ਜਨ ਦੇਹੁ ਮਿਲਾਇ ॥

O Lord, lead me to meet with the Holy Person, the Guru.

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥

Gazing upon the Blessed Vision of His Darshan, all my sins are erased, and I obtain the supreme, sublime, sanctified status. ||1||Pause||

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

The five thieves join together and plunder the body-village, stealing the wealth of the Lord's Name.

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥

But through the Guru's Teachings, they are traced and caught, and this wealth is recovered intact. ||2||

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥

Practicing hypocrisy and superstition, people have grown weary of the effort, but still, deep within their hearts, they yearn for Maya, Maya.

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥

By the Grace of the Holy Person, I have met with the Lord, the Primal Being, and the darkness of ignorance is dispelled. ||3||

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥

The Lord, the Lord of the Earth, the Lord of the Universe, in His Mercy, leads me to meet the Holy Person, the Guru.

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥

O Nanak, peace then comes to abide deep within my mind, and I constantly sing the Glorious Praises of the Lord within my heart. ||4||1||3||

ਬਸੰਤੁ ਮਹਲਾ ੪ ਹਿੰਡੋਲ ॥

Basant, Fourth Mehl, Hindol:

ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ ॥

You are the Great Supreme Being, the Vast and Inaccessible Lord of the World; I am a mere insect, a worm created by You.

ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ ॥੧॥

O Lord, Merciful to the meek, please grant Your Grace; O God, I long for the feet of the Guru, the True Guru. ||1||

ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥

O Dear Lord of the Universe, please be merciful and unite me with the Sat Sangat, the True Congregation.

ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥

I was overflowing with the filthy sins of countless past lives. But joining the Sangat, God made me pure again. ||1||Pause||

ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ ॥

Your humble servant, whether of high class or low class, O Lord - by meditating on You, the sinner becomes pure.

ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥

The Lord exalts and elevates him above the whole world, and the Lord God blesses him with the Lord's Glory. ||2||

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥

Anyone who meditates on God, whether of high class or low class, will have all of his hopes and desires fulfilled.

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ ਹਰਿ ਧਾਰਿਓ ਹਰਿ ਉਰਛੇ ॥੩॥

Those humble servants of the Lord who enshrine the Lord within their hearts, are blessed, and are made great and totally perfect. ||3||

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥

I am so low, I am an utterly heavy lump of clay. Please shower Your Mercy on me, Lord, and unite me with Yourself.

ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥੪॥੨॥੪॥

The Lord, in His Mercy, has led servant Nanak to find the Guru; I was a sinner, and now I have become immaculate and pure. ||||4||2||4||

ਬਸੰਤੁ ਹਿੰਡੋਲ ਮਹਲਾ ੪ ॥

Basant Hindol, Fourth Mehl:

ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ ॥

My mind cannot survive, even for an instant, without the Lord. I drink in continually the sublime essence of the Name of the Lord, Har, Har.

| | |
|---|---|
| ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ ॥੧॥ | It is like a baby, who joyfully sucks at his mother's breast; when the breast is withdrawn, he weeps and cries. \|\|1\|\| |
| ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥ | O Dear Lord of the Universe, my mind and body are pierced through by the Name of the Lord. |
| ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ ॥੧॥ ਰਹਾਉ ॥ | By great good fortune, I have found the Guru, the True Guru, and in the body-village, the Lord has revealed Himself. \|\|1\|\|Pause\|\| |
| **੧੧੭੯** | **1179** |
| ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥ | Each and every breath of the Lord's humble servant is pierced through with love of the Lord God. |
| ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥੨॥ | As the lotus is totally in love with the water and withers away without seeing the water, so am I in love with the Lord. \|\|2\|\| |
| ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥ | The Lord's humble servant chants the Immaculate Naam, the Name of the Lord; through the Guru's Teachings, the Lord reveals Himself. |
| ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥ | The filth of egotism which stained me for countless lifetimes has been washed away, by the Ambrosial Water of the Ocean of the Lord. \|\|3\|\| |
| ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ ॥ | Please, do not take my karma into account, O my Lord and Master; please save the honor of Your slave. |
| ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ ॥੪॥੩॥੫॥ | O Lord, if it pleases You, hear my prayer; servant Nanak seeks Your Sanctuary. \|\|4\|\|3\|\|5\|\| |
| ਬਸੰਤੁ ਹਿੰਡੋਲ ਮਹਲਾ ੪ ॥ | Basant Hindol, Fourth Mehl: |
| ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥ | Each and every moment, my mind roams and rambles, and runs all over the place. It does not stay in its own home, even for an instant. |
| ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥ | But when the bridle of the Shabad, the Word of God, is placed over its head, it returns to dwell in its own home. \|\|1\|\| |

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥

O Dear Lord of the Universe, lead me to join the Sat Sangat, the True Congregation, so that I may meditate on You, Lord.

ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥

I am cured of the disease of egotism, and I have found peace; I have intuitively entered into the state of Samaadhi. ||1||Pause||

ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥

This house is loaded with countless gems, jewels, rubies and emeralds, but the wandering mind cannot find them.

ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥੨॥

As the water-diviner finds the hidden water, and the well is then dug in an instant, so do we find the object of the Name through the True Guru. ||2||

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥

Those who do not find such a Holy True Guru - cursed, cursed are the lives of those people.

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥੩॥

The treasure of this human life is obtained when one's virtues bear fruit, but it is lost in exchange for a mere shell. ||3||

ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥

O Lord God, please be merciful to me; be merciful, and lead me to meet the Guru.

ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥

Servant Nanak has attained the state of Nirvaanaa; meeting with the Holy people, he sings the Glorious Praises of the Lord. ||4||4||6||

ਬਸੰਤੁ ਹਿੰਡੋਲ ਮਹਲਾ ੪ ॥

Basant Hindol, Fourth Mehl:

ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥

Coming and going, he suffers the pains of vice and corruption; the body of the self-willed manmukh is desolate and vacant.

ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥੧॥

He does not dwell on the Lord's Name, even for an instant, and so the Messenger of Death seizes him by his hair. ||1||

ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥

O Dear Lord of the Universe, please rid me of the poison of egotism and attachment.

| | |
|---|---|
| ਸਤਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ ਰਹਾਉ ॥ | The Sat Sangat, Guru's True Congregation is so dear to the Lord. So join the Sangat, and taste the sublime essence of the Lord. \|\|1\|\|Pause\|\| |
| ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ ॥ | Please be kind to me, and unite me with the Sat Sangat, the True Congregation of the Holy; I seek the Sanctuary of the Holy. |
| ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ ਦੀਨ ਦਇਆਲ ਦੁਖ ਭੰਞੁ ॥੨॥ | I am a heavy stone, sinking down - please lift me up and pull me out! O God, Merciful to the meek, You are the Destroyer of sorrow. \|\|2\|\| |
| ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ ਲੰਞੁ ॥ | I enshrine the Praises of my Lord and Master within my heart; joining the Sat Sangat, my intellect is enlightened. |
| ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ ॥੩॥ | I have fallen in love with the Lord's Name; I am a sacrifice to the Lord. \|\|3\|\| |
| ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ ॥ | O Lord God, please fulfill the desires of Your humble servant; please bless me with Your Name, O Lord. |
| ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੧੨॥੧੮॥੭॥੩੭॥ | Servant Nanak's mind and body are filled with ecstasy; the Guru has blessed him with the Mantra of the Lord's Name. \|\|4\|\|5\|\|7\|\|12\|\|18\|\|7\|\|37\|\| |

## ੧੧੮੦ — 1180

| | |
|---|---|
| ਬਸੰਤੁ ਮਹਲਾ ੫ ਘਰੁ ੧ ਦੁਤੁਕੇ | Basant, Fifth Mehl, First House, Du-Tukay: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰੁ ਸੇਵਉ ਕਰਿ ਨਮਸਕਾਰ ॥ | I serve the Guru, and humbly bow to Him. |
| ਆਜੁ ਹਮਾਰੈ ਮੰਗਲਚਾਰ ॥ | Today is a day of celebration for me. |
| ਆਜੁ ਹਮਾਰੈ ਮਹਾ ਅਨੰਦ ॥ | Today I am in supreme bliss. |
| ਚਿੰਤ ਲਥੀ ਭੇਟੇ ਗੋਬਿੰਦ ॥੧॥ | My anxiety is dispelled, and I have met the Lord of the Universe. \|\|1\|\| |
| ਆਜੁ ਹਮਾਰੈ ਗ੍ਰਿਹਿ ਬਸੰਤ ॥ | Today, it is springtime in my household. |
| ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥ | I sing Your Glorious Praises, O Infinite Lord God. \|\|1\|\|Pause\|\| |

| | |
|---|---|
| ਆਜੁ ਹਮਾਰੈ ਬਨੇ ਫਾਗ ॥ | Today, I am celebrating the festival of Phalgun. |
| ਪ੍ਰਭ ਸੰਗੀ ਮਿਲਿ ਖੇਲਨ ਲਾਗ ॥ | Joining with God's companions, I have begun to play. |
| ਹੋਲੀ ਕੀਨੀ ਸੰਤ ਸੇਵ ॥ | I celebrate the festival of Holi by serving the Saints. |
| ਰੰਗੁ ਲਾਗਾ ਅਤਿ ਲਾਲ ਦੇਵ ॥੨॥ | I am imbued with the deep crimson color of the Lord's Divine Love. \|\|2\|\| |
| ਮਨੁ ਤਨੁ ਮਉਲਿਓ ਅਤਿ ਅਨੂਪ ॥ | My mind and body have blossomed forth, in utter, incomparable beauty. |
| ਸੂਕੈ ਨਾਹੀ ਛਾਵ ਧੂਪ ॥ | They do not dry out in either sunshine or shade; |
| ਸਗਲੀ ਰੂਤੀ ਹਰਿਆ ਹੋਇ ॥ | they flourish in all seasons. |
| ਸਦ ਬਸੰਤ ਗੁਰ ਮਿਲੇ ਦੇਵ ॥੩॥ | It is always springtime, when I meet with the Divine Guru. \|\|3\|\| |
| ਬਿਰਖੁ ਜਮਿਓ ਹੈ ਪਾਰਜਾਤ ॥ | The wish-fulfilling Elysian Tree has sprouted and grown. |
| ਫੂਲ ਲਗੇ ਫਲ ਰਤਨ ਭਾਂਤਿ ॥ | It bears flowers and fruits, jewels of all sorts. |
| ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ | I am satisfied and fulfilled, singing the Glorious Praises of the Lord. |
| ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥ | Servant Nanak meditates on the Lord, Har, Har, Har. \|\|4\|\|1\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਹਟਵਾਣੀ ਧਨ ਮਾਲ ਹਾਟੁ ਕੀਤੁ ॥ | The shopkeeper deals in merchandise for profit. |
| ਜੂਆਰੀ ਜੂਏ ਮਾਹਿ ਚੀਤੁ ॥ | The gambler's consciousness is focused on gambling. |
| ਅਮਲੀ ਜੀਵੈ ਅਮਲੁ ਖਾਇ ॥ | The opium addict lives by consuming opium. |
| ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥ | In the same way, the humble servant of the Lord lives by meditating on the Lord. \|\|1\|\| |
| ਅਪਨੈ ਰੰਗਿ ਸਭੁ ਕੋ ਰਚੈ ॥ | Everyone is absorbed in his own pleasures. |
| ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥੧॥ ਰਹਾਉ ॥ | He is attached to whatever God attaches him to. \|\|1\|\|Pause\|\| |
| ਮੇਘ ਸਮੈ ਮੋਰ ਨਿਰਤਿਕਾਰ ॥ | When the clouds and the rain come, the peacocks dance. |
| ਚੰਦ ਦੇਖਿ ਬਿਗਸਹਿ ਕਉਲਾਰ ॥ | Seeing the moon, the lotus blossoms. |
| ਮਾਤਾ ਬਾਰਿਕ ਦੇਖਿ ਅਨੰਦ ॥ | When the mother sees her infant, she is happy. |

| | |
|---|---|
| ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥ | In the same way, the humble servant of the Lord lives by meditating on the Lord of the Universe. ‖2‖ |
| ਸਿੰਘ ਰੁਚੈ ਸਦ ਭੋਜਨੁ ਮਾਸ ॥ | The tiger always wants to eat meat. |
| ਰਣੁ ਦੇਖਿ ਸੂਰੇ ਚਿਤ ਉਲਾਸ ॥ | Gazing upon the battlefield, the warrior's mind is exalted. |
| ਕਿਰਪਨ ਕਉ ਅਤਿ ਧਨ ਪਿਆਰੁ ॥ | The miser is totally in love with his wealth. |
| ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥ | The humble servant of the Lord leans on the Support of the Lord, Har, Har. ‖3‖ |
| ਸਰਬ ਰੰਗ ਇਕ ਰੰਗ ਮਾਹਿ ॥ | All love is contained in the Love of the One Lord. |
| ਸਰਬ ਸੁਖਾ ਸੁਖ ਹਰਿ ਕੈ ਨਾਇ ॥ | All comforts are contained in the Comfort of the Lord's Name. |
| ਤਿਸਹਿ ਪਰਾਪਤਿ ਇਹੁ ਨਿਧਾਨੁ ॥ | He alone receives this treasure, |
| ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥ | O Nanak, unto whom the Guru gives His gift. ‖4‖2‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ | He alone experiences this springtime of the soul, unto whom God grants His Grace. |
| ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ | He alone experiences this springtime of the soul, unto whom the Guru is merciful. |
| ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ | He alone is joyful, who works for the One Lord. |
| ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥ | He alone experiences this eternal springtime of the soul, within whose heart the Naam, the Name of the Lord, abides. ‖1‖ |
| ਗ੍ਰਿਹਿ ਤਾ ਕੇ ਬਸੰਤੁ ਗਨੀ ॥ | This spring comes only to those homes, |
| ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥ | in which the melody of the Kirtan of the Lord's Praises resounds. ‖1‖Pause‖ |
| ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ | O mortal, let your love for the Supreme Lord God blossom forth. |
| ਗਿਆਨੁ ਕਮਾਈਐ ਪੂਛਿ ਜਨਾਂ ॥ | Practice spiritual wisdom, and consult the humble servants of the Lord. |
| ਸੋ ਤਪਸੀ ਜਿਸੁ ਸਾਧਸੰਗੁ ॥ | He alone is an ascetic, who joins the Saadh Sangat, the Company of the Holy. |

| | |
|---|---|
| ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥ | He alone dwells in deep, continual meditation, who loves his Guru. ॥2॥ |
| ਸੇ ਨਿਰਭਉ ਜਿਨ੍ ਭਉ ਪਇਆ ॥ | He alone is fearless, who has the Fear of God. |
| ਸੋ ਸੁਖੀਆ ਜਿਸੁ ਭ੍ਰਮੁ ਗਇਆ ॥ | He alone is peaceful, whose doubts are dispelled. |
| ਸੋ ਇਕਾਂਤੀ ਜਿਸੁ ਰਿਦਾ ਥਾਇ ॥ | He alone is a hermit, who heart is steady and stable. |
| ਸੋਈ ਨਿਹਚਲੁ ਸਾਚ ਠਾਇ ॥੩॥ | He alone is steady and unmoving, who has found the true place. ॥3॥ |
| ਏਕਾ ਖੋਜੈ ਏਕ ਪ੍ਰੀਤਿ ॥ | He seeks the One Lord, and loves the One Lord. |
| ਦਰਸਨ ਪਰਸਨ ਹੀਤ ਚੀਤਿ ॥ | He loves to gaze upon the Blessed Vision of the Lord's Darshan. |
| ਹਰਿ ਰੰਗ ਰੰਗਾ ਸਹਜਿ ਮਾਣੁ ॥ | He intuitively enjoys the Love of the Lord. |
| ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥ | Slave Nanak is a sacrifice to that humble being. ॥4॥3॥ |

## ੧੧੮੧ 1181

| | |
|---|---|
| ਬਸੰਤੁ ਮਹਲਾ ੫ ॥ | Basant, Fifth Mehl: |
| ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥ | You gave us our soul, breath of life and body. |
| ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥ | I am a fool, but You have made me beautiful, enshrining Your Light within me. |
| ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥ | We are all beggars, O God; You are merciful to us. |
| ਨਾਮੁ ਜਪਤ ਹੋਵਤ ਨਿਹਾਲ ॥੧॥ | Chanting the Naam, the Name of the Lord, we are uplifted and exalted. ॥1॥ |
| ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥ | O my Beloved, only You have the potency to act, |
| ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥ | and cause all to be done. ॥1॥Pause॥ |
| ਨਾਮੁ ਜਪਤ ਹੋਵਤ ਉਧਾਰ ॥ | Chanting the Naam, the mortal is saved. |
| ਨਾਮੁ ਜਪਤ ਸੁਖ ਸਹਜ ਸਾਰ ॥ | Chanting the Naam, sublime peace and poise are found. |
| ਨਾਮੁ ਜਪਤ ਪਤਿ ਸੋਭਾ ਹੋਇ ॥ | Chanting the Naam, honor and glory are received. |
| ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥ | Chanting the Naam, no obstacles shall block your way. ॥2॥ |
| ਜਾ ਕਾਰਣਿ ਇਹ ਦੁਲਭ ਦੇਹ ॥ | For this reason, you have been blessed with this body, so difficult to obtain. |
| ਸੋ ਬੋਲੁ ਮੇਰੇ ਪ੍ਰਭੂ ਦੇਹਿ ॥ | O my Dear God, please bless me to speak the Naam. |

| | |
|---|---|
| ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥ | This tranquil peace is found in the Saadh Sangat, the Company of the Holy. |
| ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥ | May I always chant and meditate within my heart on Your Name, O God. \|\|3\|\| |
| ਤੁਝ ਬਿਨੁ ਦੂਜਾ ਕੋਇ ਨਾਹਿ ॥ | Other than You, there is no one at all. |
| ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥ | Everything is Your play; it all merges again into You. |
| ਜਿਉ ਭਾਵੈ ਤਿਉ ਰਾਖਿ ਲੇ ॥ | As it pleases Your Will, save me, Lord. |
| ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥ | O Nanak, peace is obtained by meeting with the Perfect Guru. \|\|4\|\|4\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥ | My Beloved God, my King is with me. |
| ਜਿਸਹਿ ਦੇਖਿ ਹਉ ਜੀਵਾ ਮਾਇ ॥ | Gazing upon Him, I live, O my mother. |
| ਜਾ ਕੈ ਸਿਮਰਨਿ ਦੁਖੁ ਨ ਹੋਇ ॥ | Remembering Him in meditation, there is no pain or suffering. |
| ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥ | Please, take pity on me, and lead me on to meet Him. \|\|1\|\| |
| ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥ | My Beloved is the Support of my breath of life and mind. |
| ਜੀਉ ਪ੍ਰਾਨ ਸਭੁ ਤੇਰੋ ਧਨ ॥੧॥ ਰਹਾਉ ॥ | This soul, breath of life, and wealth are all Yours, O Lord. \|\|1\|\|Pause\|\| |
| ਜਾ ਕਉ ਖੋਜਹਿ ਸੁਰਿ ਨਰ ਦੇਵ ॥ | He is sought by the angels, mortals and divine beings. |
| ਮੁਨਿ ਜਨ ਸੇਖ ਨ ਲਹਹਿ ਭੇਵ ॥ | The silent sages, the humble, and the religious teachers do not understand His mystery. |
| ਜਾ ਕੀ ਗਤਿ ਮਿਤਿ ਕਹੀ ਨ ਜਾਇ ॥ | His state and extent cannot be described. |
| ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥੨॥ | In each and every home of each and every heart, He is permeating and pervading. \|\|2\|\| |
| ਜਾ ਕੇ ਭਗਤ ਆਨੰਦ ਮੈ ॥ | His devotees are totally in bliss. |
| ਜਾ ਕੇ ਭਗਤ ਕਉ ਨਾਹੀ ਖੈ ॥ | His devotees cannot be destroyed. |
| ਜਾ ਕੇ ਭਗਤ ਕਉ ਨਾਹੀ ਭੈ ॥ | His devotees are not afraid. |
| ਜਾ ਕੇ ਭਗਤ ਕਉ ਸਦਾ ਜੈ ॥੩॥ | His devotees are victorious forever. \|\|3\|\| |
| ਕਉਨ ਉਪਮਾ ਤੇਰੀ ਕਹੀ ਜਾਇ ॥ | What Praises of Yours can I utter? |

| | |
|---|---|
| ਸੁਖਦਾਤਾ ਪ੍ਰਭੁ ਰਹਿਓ ਸਮਾਇ ॥ | God, the Giver of peace, is all-pervading, permeating everywhere. |
| ਨਾਨਕੁ ਜਾਚੈ ਏਕੁ ਦਾਨੁ ॥ | Nanak begs for this one gift. |
| ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥ | Be merciful, and bless me with Your Name. ‖4‖5‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਮਿਲਿ ਪਾਣੀ ਜਿਉ ਹਰੇ ਬੂਟ ॥ | As the plant turns green upon receiving water, |
| ਸਾਧਸੰਗਤਿ ਤਿਉ ਹਉਮੈ ਛੂਟ ॥ | just so, in the Saadh Sangat, the Company of the Holy, egotism is eradicated. |
| ਜੈਸੀ ਦਾਸੇ ਧੀਰ ਮੀਰ ॥ | Just as the servant is encouraged by his ruler, |
| ਤੈਸੇ ਉਧਾਰਨ ਗੁਰਹ ਪੀਰ ॥੧॥ | we are saved by the Guru. ‖1‖ |
| ਤੁਮ ਦਾਤੇ ਪ੍ਰਭ ਦੇਨਹਾਰ ॥ | You are the Great Giver, O Generous Lord God. |
| ਨਿਮਖ ਨਿਮਖ ਤਿਸੁ ਨਮਸਕਾਰ ॥੧॥ ਰਹਾਉ ॥ | Each and every instant, I humbly bow to You. ‖1‖Pause‖ |
| ਜਿਸਹਿ ਪਰਾਪਤਿ ਸਾਧਸੰਗੁ ॥ | Whoever enters the Saadh Sangat |
| ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥ | that humble being is imbued with the Love of the Supreme Lord God. |
| ਤੇ ਬੰਧਨ ਤੇ ਭਏ ਮੁਕਤਿ ॥ | He is liberated from bondage. |
| ਭਗਤ ਅਰਾਧਹਿ ਜੋਗ ਜੁਗਤਿ ॥੨॥ | His devotees worship Him in adoration; they are united in His Union. ‖2‖ |
| ਨੇਤ੍ਰ ਸੰਤੋਖੇ ਦਰਸੁ ਪੇਖਿ ॥ | My eyes are content, gazing upon the Blessed Vision of His Darshan. |
| ਰਸਨਾ ਗਾਏ ਗੁਣ ਅਨੇਕ ॥ | My tongue sings the Infinite Praises of God. |
| ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ | My thirst is quenched, by Guru's Grace. |
| ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥ | My mind is satisfied, with the sublime taste of the Lord's subtle essence. ‖3‖ |
| ਸੇਵਕੁ ਲਾਗੋ ਚਰਣ ਸੇਵ ॥ | Your servant is committed to the service of Your Feet, |
| ਆਦਿ ਪੁਰਖ ਅਪਰੰਪਰ ਦੇਵ ॥ | O Primal Infinite Divine Being. |
| ਸਗਲ ਉਧਾਰਣ ਤੇਰੋ ਨਾਮੁ ॥ | Your Name is the Saving Grace of all. |

| | |
|---|---|
| ਨਾਨਕ ਪਾਇਓ ਇਹੁ ਨਿਧਾਨੁ ॥੪॥੬॥ | Nanak has received this treasure. ‖4‖6‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਤੁਮ ਬਡ ਦਾਤੇ ਦੇ ਰਹੇ ॥ | You are the Great Giver; You continue to give. |
| ਜੀਅ ਪ੍ਰਾਣ ਮਹਿ ਰਵਿ ਰਹੇ ॥ | You permeate and pervade my soul, and my breath of life. |
| ਦੀਨੇ ਸਗਲੇ ਭੋਜਨ ਖਾਨ ॥ | You have given me all sorts of foods and dishes. |
| ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥ | I am unworthy; I know none of Your Virtues at all. ‖1‖ |
| ਹਉ ਕਛੂ ਨ ਜਾਨਉ ਤੇਰੀ ਸਾਰ ॥ | I do not understand anything of Your Worth. |
| **੧੧੮੨** | 1182 |
| ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ ਰਹਾਉ ॥ | Save me, O my Merciful Lord God. ‖1‖Pause‖ |
| ਜਾਪ ਨ ਤਾਪ ਨ ਕਰਮ ਕੀਤਿ ॥ | I have not practiced meditation, austerities or good actions. |
| ਆਵੈ ਨਾਹੀ ਕਛੂ ਰੀਤਿ ॥ | I do not know the way to meet You. |
| ਮਨ ਮਹਿ ਰਾਖਉ ਆਸ ਏਕ ॥ | Within my mind, I have placed my hopes in the One Lord alone. |
| ਨਾਮ ਤੇਰੇ ਕੀ ਤਰਉ ਟੇਕ ॥੨॥ | The Support of Your Name shall carry me across. ‖2‖ |
| ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥ | You are the Expert, O God, in all powers. |
| ਅੰਤੁ ਨ ਪਾਵਹਿ ਜਲਹਿ ਮੀਨ ॥ | The fish cannot find the limits of the water. |
| ਅਗਮ ਅਗਮ ਊਚਹ ਤੇ ਊਚ ॥ | You are Inaccessible and Unfathomable, the Highest of the High. |
| ਹਮ ਥੋਰੇ ਤੁਮ ਬਹੁਤ ਮੂਚ ॥੩॥ | I am small, and You are so very Great. ‖3‖ |
| ਜਿਨ ਤੂ ਧਿਆਇਆ ਸੇ ਗਨੀ ॥ | Those who meditate on You are wealthy. |
| ਜਿਨ ਤੂ ਪਾਇਆ ਸੇ ਧਨੀ ॥ | Those who attain You are rich. |
| ਜਿਨਿ ਤੂ ਸੇਵਿਆ ਸੁਖੀ ਸੇ ॥ | Those who serve You are peaceful. |
| ਸੰਤ ਸਰਣਿ ਨਾਨਕ ਪਰੇ ॥੪॥੭॥ | Nanak seeks the Sanctuary of the Saints. ‖4‖7‖ |

| | |
|---|---|
| ਬਸੰਤੁ ਮਹਲਾ ੫ ॥ | Basant, Fifth Mehl: |
| ਤਿਸੁ ਤੂ ਸੇਵਿ ਜਿਨਿ ਤੂ ਕੀਆ ॥ | Serve the One who created You. |
| ਤਿਸੁ ਅਰਾਧਿ ਜਿਨਿ ਜੀਉ ਦੀਆ ॥ | Worship the One who gave you life. |
| ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥ | Become His servant, and you shall never again be punished. |
| ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥੧॥ | Become His trustee, and you shall never again suffer sorrow. \|\|1\|\| |
| ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥ | That mortal who is blessed with such great good fortune, |
| ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥ | attains this state of Nirvaanaa. \|\|1\|\|Pause\|\| |
| ਦੂਜੀ ਸੇਵਾ ਜੀਵਨੁ ਬਿਰਥਾ ॥ | Life is wasted uselessly in the service of duality. |
| ਕਛੂ ਨ ਹੋਈ ਹੈ ਪੂਰਨ ਅਰਥਾ ॥ | No efforts shall be rewarded, and no works brought to fruition. |
| ਮਾਣਸ ਸੇਵਾ ਖਰੀ ਦੁਹੇਲੀ ॥ | It is so painful to serve only mortal beings. |
| ਸਾਧ ਕੀ ਸੇਵਾ ਸਦਾ ਸੁਹੇਲੀ ॥੨॥ | Service to the Holy brings lasting peace and bliss. \|\|2\|\| |
| ਜੇ ਲੋੜਹਿ ਸਦਾ ਸੁਖੁ ਭਾਈ ॥ | If you long for eternal peace, O Siblings of Destiny, |
| ਸਾਧੂ ਸੰਗਤਿ ਗੁਰਹਿ ਬਤਾਈ ॥ | then join the Saadh Sangat, the Company of the Holy; this is the Guru's advice. |
| ਊਹਾ ਜਪੀਐ ਕੇਵਲ ਨਾਮ ॥ | There, the Naam, the Name of the Lord, is meditated on. |
| ਸਾਧੂ ਸੰਗਤਿ ਪਾਰਗਰਾਮ ॥੩॥ | In the Saadh Sangat, you shall be emancipated. \|\|3\|\| |
| ਸਗਲ ਤਤ ਮਹਿ ਤਤੁ ਗਿਆਨੁ ॥ | Among all essences, this is the essence of spiritual wisdom. |
| ਸਰਬ ਧਿਆਨ ਮਹਿ ਏਕੁ ਧਿਆਨੁ ॥ | Among all meditations, meditation on the One Lord is the most sublime. |
| ਹਰਿ ਕੀਰਤਨ ਮਹਿ ਊਤਮ ਧੁਨਾ ॥ | The Kirtan of the Lord's Praises is the ultimate melody. |
| ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥ | Meeting with the Guru, Nanak sings the Glorious Praises of the Lord. \|\|4\|\|8\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਜਿਸੁ ਬੋਲਤ ਮੁਖੁ ਪਵਿਤੁ ਹੋਇ ॥ | Chanting His Name, one's mouth becomes pure. |

| | |
|---|---|
| ਜਿਸੁ ਸਿਮਰਤ ਨਿਰਮਲ ਹੈ ਸੋਇ ॥ | Meditating in remembrance on Him, one's reputation becomes stainless. |
| ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ | Worshipping Him in adoration, one is not tortured by the Messenger of Death. |
| ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥ | Serving Him, everything is obtained. \|\|1\|\| |
| ਰਾਮ ਰਾਮ ਬੋਲਿ ਰਾਮ ਰਾਮ ॥ | The Lord's Name - chant the Lord's Name. |
| ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥ | Abandon all the desires of your mind. \|\|1\|\|Pause\|\| |
| ਜਿਸ ਕੇ ਧਾਰੇ ਧਰਣਿ ਅਕਾਸੁ ॥ | He is the Support of the earth and the sky. |
| ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥ | His Light illuminates each and every heart. |
| ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥ | Meditating in remembrance on Him, even fallen sinners are sanctified; |
| ਅੰਤ ਕਾਲਿ ਫਿਰਿ ਫਿਰਿ ਨ ਰੋਇ ॥੨॥ | in the end, they will not weep and wail over and over again. \|\|2\|\| |
| ਸਗਲ ਧਰਮ ਮਹਿ ਊਤਮ ਧਰਮ ॥ | Among all religions, this is the ultimate religion. |
| ਕਰਮ ਕਰਤੂਤਿ ਕੈ ਊਪਰਿ ਕਰਮ ॥ | Among all rituals and codes of conduct, this is above all. |
| ਜਿਸ ਕਉ ਚਾਹਹਿ ਸੁਰਿ ਨਰ ਦੇਵ ॥ | The angels, mortals and divine beings long for Him. |
| ਸੰਤ ਸਭਾ ਕੀ ਲਗਹੁ ਸੇਵ ॥੩॥ | To find Him, commit yourself to the service of the Society of the Saints. \|\|3\|\| |
| ਆਦਿ ਪੁਰਖਿ ਜਿਸੁ ਕੀਆ ਦਾਨੁ ॥ | One whom the Primal Lord God blesses with His bounties, |
| ਤਿਸ ਕਉ ਮਿਲਿਆ ਹਰਿ ਨਿਧਾਨੁ ॥ | obtains the treasure of the Lord. |
| ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥ | His state and extent cannot be described. |
| ਨਾਨਕ ਜਨ ਹਰਿ ਹਰਿ ਧਿਆਇ ॥੪॥੯॥ | Servant Nanak meditates on the Lord, Har, Har. \|\|4\|\|9\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਮਨ ਤਨ ਭੀਤਰਿ ਲਾਗੀ ਪਿਆਸ ॥ | My mind and body are gripped by thirst and desire. |
| ਗੁਰਿ ਦਇਆਲਿ ਪੂਰੀ ਮੇਰੀ ਆਸ ॥ | The Merciful Guru has fulfilled my hopes. |
| ਕਿਲਵਿਖ ਕਾਟੇ ਸਾਧਸੰਗਿ ॥ | In the Saadh Sangat, the Company of the Holy, all my sins have been taken away. |

| | |
|---|---|
| ਨਾਮੁ ਜਪਿਓ ਹਰਿ ਨਾਮ ਰੰਗਿ ॥੧॥ | I chant the Naam, the Name of the Lord; I am in love with the Name of the Lord. \|\|1\|\| |
| ਗੁਰ ਪਰਸਾਦਿ ਬਸੰਤੁ ਬਨਾ ॥ | By Guru's Grace, this spring of the soul has come. |
| ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥ | I enshrine the Lord's Lotus Feet within my heart; I listen to the Lord's Praise, forever and ever. \|\|1\|\|Pause\|\| |
| **੧੧੮੩** | **1183** |
| ਸਮਰਥ ਸੁਆਮੀ ਕਾਰਣ ਕਰਣ ॥ | Our All-powerful Lord and Master is the Doer of all, the Cause of all causes. |
| ਮੋਹਿ ਅਨਾਥ ਪ੍ਰਭ ਤੇਰੀ ਸਰਣ ॥ | I am an orphan - I seek Your Sanctuary, God. |
| ਜੀਅ ਜੰਤ ਤੇਰੇ ਆਧਾਰਿ ॥ | All beings and creatures take Your Support. |
| ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥ | Be merciful, God, and save me. \|\|2\|\| |
| ਭਵ ਖੰਡਨ ਦੁਖ ਨਾਸ ਦੇਵ ॥ | God is the Destroyer of fear, the Remover of pain and suffering. |
| ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥ | The angelic beings and silent sages serve Him. |
| ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥ | The earth and the sky are in His Power. |
| ਤੇਰਾ ਦੀਆ ਸਭਿ ਜੰਤ ਖਾਹਿ ॥੩॥ | All beings eat what You give them. \|\|3\|\| |
| ਅੰਤਰਜਾਮੀ ਪ੍ਰਭ ਦਇਆਲ ॥ | O Merciful God, O Searcher of hearts, |
| ਅਪਣੇ ਦਾਸ ਕਉ ਨਦਰਿ ਨਿਹਾਲਿ ॥ | please bless Your slave with Your Glance of Grace. |
| ਕਰਿ ਕਿਰਪਾ ਮੋਹਿ ਦੇਹੁ ਦਾਨੁ ॥ | Please be kind and bless me with this gift, |
| ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥ | that Nanak may live in Your Name. \|\|4\|\|10\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਰਾਮ ਰੰਗਿ ਸਭ ਗਏ ਪਾਪ ॥ | Loving the Lord, one's sins are taken away. |
| ਰਾਮ ਜਪਤ ਕਛੁ ਨਹੀ ਸੰਤਾਪ ॥ | Meditating on the Lord, one does not suffer at all. |
| ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ | Meditating on the Lord of the Universe, all darkness is dispelled. |

ਹਰਿ ਸਿਮਰਤ ਕਛੁ ਨਾਹਿ ਫੇਰ ॥੧॥
Meditating in remembrance on the Lord, the cycle of reincarnation comes to an end. ||1||

ਬਸੰਤੁ ਹਮਾਰੈ ਰਾਮ ਰੰਗੁ ॥
The love of the Lord is springtime for me.

ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥
I am always with the humble Saints. ||1||Pause||

ਸੰਤ ਜਨੀ ਕੀਆ ਉਪਦੇਸੁ ॥
The Saints have shared the Teachings with me.

ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥
Blessed is that country where the devotees of the Lord of the Universe dwell.

ਹਰਿ ਭਗਤਿਹੀਨ ਉਦਿਆਨ ਥਾਨੁ ॥
But that place where the Lord's devotees are not, is wilderness.

ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥
By Guru's Grace, realize the Lord in each and every heart. ||2||

ਹਰਿ ਕੀਰਤਨ ਰਸ ਭੋਗ ਰੰਗੁ ॥
Sing the Kirtan of the Lord's Praises, and enjoy the nectar of His Love.

ਮਨ ਪਾਪ ਕਰਤ ਤੂ ਸਦਾ ਸੰਗੁ ॥
O mortal, you must always restrain yourself from committing sins.

ਨਿਕਟਿ ਪੇਖੁ ਪ੍ਰਭੁ ਕਰਣਹਾਰ ॥
Behold the Creator Lord God near at hand.

ਈਤ ਊਤ ਪ੍ਰਭ ਕਾਰਜ ਸਾਰ ॥੩॥
Here and hereafter, God shall resolve your affairs. ||3||

ਚਰਨ ਕਮਲ ਸਿਉ ਲਗੋ ਧਿਆਨੁ ॥
I focus my meditation on the Lord's Lotus Feet.

ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥
Granting His Grace, God has blessed me with this Gift.

ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥
I yearn for the dust of the feet of Your Saints.

ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥
Nanak meditates on his Lord and Master, who is ever-present, near at hand. ||4||11||

ਬਸੰਤੁ ਮਹਲਾ ੫ ॥
Basant, Fifth Mehl:

ਸਚੁ ਪਰਮੇਸਰੁ ਨਿਤ ਨਵਾ ॥
The True Transcendent Lord is always new, forever fresh.

ਗੁਰ ਕਿਰਪਾ ਤੇ ਨਿਤ ਚਵਾ ॥
By Guru's Grace, I continually chant His Name.

ਪ੍ਰਭ ਰਖਵਾਲੇ ਮਾਈ ਬਾਪ ॥
God is my Protector, my Mother and Father.

ਜਾ ਕੈ ਸਿਮਰਣਿ ਨਹੀ ਸੰਤਾਪ ॥੧॥
Meditating in remembrance on Him, I do not suffer in sorrow. ||1||

| | |
|---|---|
| ਖਸਮੁ ਧਿਆਈ ਇਕ ਮਨਿ ਇਕ ਭਾਇ ॥ | I meditate on my Lord and Master, single-mindedly, with love. |
| ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥ | I seek the Sanctuary of the Perfect Guru forever. My True Lord and Master hugs me close in His Embrace. \|\|1\|\|Pause\|\| |
| ਅਪਣੇ ਜਨ ਪ੍ਰਭਿ ਆਪਿ ਰਖੇ ॥ | God Himself protects His humble servants. |
| ਦੁਸਟ ਦੂਤ ਸਭਿ ਭ੍ਰਮਿ ਥਕੇ ॥ | The demons and wicked enemies have grown weary of struggling against Him. |
| ਬਿਨੁ ਗੁਰ ਸਾਚੇ ਨਹੀ ਜਾਇ ॥ | Without the True Guru, there is no place to go. |
| ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥ | Wandering through the lands and foreign countries, people only grow tired and suffer in pain. \|\|2\|\| |
| ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥ | The record of their past actions cannot be erased. |
| ਓਇ ਅਪਣਾ ਬੀਜਿਆ ਆਪਿ ਖਾਹਿ ॥ | They harvest and eat what they have planted. |
| ਜਨ ਕਾ ਰਖਵਾਲਾ ਆਪਿ ਸੋਇ ॥ | The Lord Himself is the Protector of His humble servants. |
| ਜਨ ਕਉ ਪਹੁਚਿ ਨ ਸਕਸਿ ਕੋਇ ॥੩॥ | No one can rival the humble servant of the Lord. \|\|3\|\| |
| ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥ | By His own efforts, God protects His slave. |
| ਅਖੰਡ ਪੂਰਨ ਜਾ ਕੋ ਪ੍ਰਤਾਪੁ ॥ | God's Glory is perfect and unbroken. |
| ਗੁਣ ਗੋਬਿੰਦ ਨਿਤ ਰਸਨ ਗਾਇ ॥ | So sing the Glorious Praises of the Lord of the Universe with your tongue forever. |
| ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥ | Nanak lives by meditating on the Feet of the Lord. \|\|4\|\|12\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਗੁਰ ਚਰਣ ਸਰੇਵਤ ਦੁਖੁ ਗਇਆ ॥ | Dwelling at the Guru's Feet, pain and suffering go away. |
| ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥ | The Supreme Lord God has shown mercy to me. |
| ਸਰਬ ਮਨੋਰਥ ਪੂਰਨ ਕਾਮ ॥ | All my desires and tasks are fulfilled. |
| ਜਪਿ ਜੀਵੈ ਨਾਨਕੁ ਰਾਮ ਨਾਮ ॥੧॥ | Chanting the Lord's Name, Nanak lives. \|\|1\|\| |
| ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥ | How beautiful is that season, when the Lord fills the mind. |

| | |
|---|---|
| ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ ਰਹਾਉ ॥ | Without the True Guru, the world weeps. The faithless cynic comes and goes in reincarnation, over and over again. \|\|1\|\|Pause\|\| |
| **੧੧੮੪** | **1184** |
| ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ | They alone are rich, who have the Wealth of the Lord God. |
| ਕਾਮ ਕ੍ਰੋਧ ਗੁਰ ਸਬਦਿ ਨਾਸਿ ॥ | Through the Word of the Guru's Shabad, sexual desire and anger are eradicated. |
| ਭੈ ਬਿਨਸੇ ਨਿਰਭੈ ਪਦੁ ਪਾਇਆ ॥ | Their fear is dispelled, and they attain the state of fearlessness. |
| ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥ | Meeting with the Guru, Nanak meditates on his Lord and Master. \|\|2\|\| |
| ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥ | God dwells in the Saadh Sangat, the Company of the Holy. |
| ਹਰਿ ਜਪਿ ਜਪਿ ਹੋਈ ਪੂਰਨ ਆਸ ॥ | Chanting and meditating on the Lord, one's hopes are fulfilled. |
| ਜਲਿ ਥਲਿ ਮਹੀਅਲਿ ਰਵਿ ਰਹਿਆ ॥ | God permeates and pervades the water, the land and the sky. |
| ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥੩॥ | Meeting with the Guru, Nanak chants the Name of the Lord, Har, Har. \|\|3\|\| |
| ਅਸਟ ਸਿਧਿ ਨਵ ਨਿਧਿ ਏਹ ॥ ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥ | The eight miraculous spiritual powers and the nine treasures are contained in the Naam, the Name of the Lord. This is bestowed when God grants His Grace. |
| ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ | Your slaves, O God, live by chanting and meditating on Your Name. |
| ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥ | O Nanak, the heart-lotus of the Gurmukh blossoms forth. \|\|4\|\|13\|\| |
| ਬਸੰਤੁ ਮਹਲਾ ੫ ਘਰੁ ੧ ਇਕ ਤੁਕੇ | Basant, Fifth Mehl, First House, Ik-Tukay: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਗਲ ਇਛਾ ਜਪਿ ਪੁੰਨੀਆ ॥ | Meditating on the Lord, all desires are fulfilled, |
| ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥੧॥ | and the mortal is re-united with God, after having been separated for so long. \|\|1\|\| |

| | |
|---|---|
| ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ | Meditate on the Lord of the Universe, who is worthy of meditation. |
| ਜਿਤੁ ਰਵਿਐ ਸੁਖ ਸਹਜ ਭੋਗੁ ॥੧॥ ਰਹਾਉ ॥ | Meditating on Him, enjoy celestial peace and poise. \|\|1\|\|Pause\|\| |
| ਕਰਿ ਕਿਰਪਾ ਨਦਰਿ ਨਿਹਾਲਿਆ ॥ | Bestowing His Mercy, He blesses us with His Glance of Grace. |
| ਅਪਣਾ ਦਾਸੁ ਆਪਿ ਸਮ੍ਹ੍ਹਾਲਿਆ ॥੨॥ | God Himself takes care of His slave. \|\|2\|\| |
| ਸੇਜ ਸੁਹਾਵੀ ਰਸਿ ਬਨੀ ॥ | My bed has been beautified by His Love. |
| ਆਇ ਮਿਲੇ ਪ੍ਰਭ ਸੁਖ ਧਨੀ ॥੩॥ | God, the Giver of Peace, has come to meet me. \|\|3\|\| |
| ਮੇਰਾ ਗੁਣੁ ਅਵਗਣੁ ਨ ਬੀਚਾਰਿਆ ॥ | He does not consider my merits and demerits. |
| ਪ੍ਰਭ ਨਾਨਕ ਚਰਣ ਪੂਜਾਰਿਆ ॥੪॥੧॥੧੪॥ | Nanak worships at the Feet of God. \|\|4\|\|1\|\|14\|\| |
| ਬਸੰਤੁ ਮਹਲਾ ੫ ॥ | Basant, Fifth Mehl: |
| ਕਿਲਬਿਖ ਬਿਨਸੇ ਗਾਇ ਗੁਨਾ ॥ | The sins are erased, singing the Glories of God; |
| ਅਨਦਿਨ ਉਪਜੀ ਸਹਜ ਧੁਨਾ ॥੧॥ | night and day, celestial joy wells up. \|\|1\|\| |
| ਮਨੁ ਮਉਲਿਓ ਹਰਿ ਚਰਨ ਸੰਗਿ ॥ | My mind has blossomed forth, by the touch of the Lord's Feet. |
| ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ ॥੧॥ ਰਹਾਉ ॥ | By His Grace, He has led me to meet the Holy men, the humble servants of the Lord. I remain continually imbued with the love of the Lord's Name. \|\|1\|\|Pause\|\| |
| ਕਰਿ ਕਿਰਪਾ ਪ੍ਰਗਟੇ ਗੋੁਪਾਲ ॥ | In His Mercy, the Lord of the World has revealed Himself to me. |
| ਲੜਿ ਲਾਇ ਉਧਾਰੇ ਦੀਨ ਦਇਆਲ ॥੨॥ | The Lord, Merciful to the meek, has attached me to the hem of His robe and saved me. \|\|2\|\| |
| ਇਹੁ ਮਨੁ ਹੋਆ ਸਾਧ ਧੂਰਿ ॥ | This mind has become the dust of the Holy; |
| ਨਿਤ ਦੇਖੈ ਸੁਆਮੀ ਹਜੂਰਿ ॥੩॥ | I behold my Lord and Master, continually, ever-present. \|\|3\|\| |
| ਕਾਮ ਕ੍ਰੋਧ ਤ੍ਰਿਸਨਾ ਗਈ ॥ | Sexual desire, anger and desire have vanished. |

| | |
|---|---|
| ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥ | O Nanak, God has become kind to me. ‖4‖2‖15‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਰੋਗ ਮਿਟਾਏ ਪ੍ਰਭੂ ਆਪਿ ॥ | God Himself has cured the disease. |
| ਬਾਲਕ ਰਾਖੇ ਅਪਨੇ ਕਰ ਥਾਪਿ ॥੧॥ | He laid on His Hands, and protected His child. ‖1‖ |
| ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥ | Celestial peace and tranquility fill my home forever, in this springtime of the soul. |
| ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥ | I have sought the Sanctuary of the Perfect Guru; I chant the Mantra of the Name of the Lord, Har, Har, the Embodiment of emancipation. ‖1‖Pause‖ |
| ਸੋਗ ਸੰਤਾਪ ਕਟੇ ਪ੍ਰਭਿ ਆਪਿ ॥ | God Himself has dispelled my sorrow and suffering. |
| ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥੨॥ | I meditate continually, continuously, on my Guru. ‖2‖ |
| ਜੋ ਜਨੁ ਤੇਰਾ ਜਪੇ ਨਾਉ ॥ | That humble being who chants Your Name, |
| ਸਭਿ ਫਲ ਪਾਏ ਨਿਹਚਲ ਗੁਣ ਗਾਉ ॥੩॥ | obtains all fruits and rewards; singing the Glories of God, he becomes steady and stable. ‖3‖ |
| ਨਾਨਕ ਭਗਤਾ ਭਲੀ ਰੀਤਿ ॥ | O Nanak, the way of the devotees is good. |
| ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥ | They meditate continually, continuously, on the Lord, the Giver of peace. ‖4‖3‖16‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਹੁਕਮੁ ਕਰਿ ਕੀਨ੍ਹੇ ਨਿਹਾਲ ॥ | By His Will, He makes us happy. |
| ਅਪਨੇ ਸੇਵਕ ਕਉ ਭਇਆ ਦਇਆਲੁ ॥੧॥ | He shows Mercy to His servant. ‖1‖ |
| ਗੁਰਿ ਪੂਰੈ ਸਭੁ ਪੂਰਾ ਕੀਆ ॥ | The Perfect Guru makes everything perfect. |
| ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥੧॥ ਰਹਾਉ ॥ | He implants the Ambrosial Naam, the Name of the Lord, in the heart. ‖1‖Pause‖ |
| ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥ | He does not consider the karma of my actions, or my Dharma, my spiritual practice. |

| ੧੧੮੫ | 1185 |
|---|---|
| ਬਾਹ ਪਕਰਿ ਭਵਜਲੁ ਨਿਸਤਾਰਿਓ ॥੨॥ | Taking me by the arm, He saves me and carries me across the terrifying world-ocean. \|\|2\|\| |
| ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥ | God has rid me of my filth, and made me stainless and pure. |
| ਗੁਰ ਪੂਰੇ ਕੀ ਸਰਣੀ ਪਰੇ ॥੩॥ | I have sought the Sanctuary of the Perfect Guru. \|\|3\|\| |
| ਆਪਿ ਕਰਹਿ ਆਪਿ ਕਰਣੈਹਾਰੇ ॥ | He Himself does, and causes everything to be done. |
| ਕਰਿ ਕਿਰਪਾ ਨਾਨਕ ਉਧਾਰੇ ॥੪॥੪॥੧੭॥ | By His Grace, O Nanak, He saves us. \|\|4\|\|4\|\|17\|\| |
| ਬਸੰਤੁ ਮਹਲਾ ੫ | Basant, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦੇਖੁ ਫੂਲ ਫੂਲ ਫੂਲੇ ॥ | Behold the flowers flowering, and the blossoms blossoming forth! |
| ਅਹੰ ਤਿਆਗਿ ਤਿਆਗੇ ॥ | Renounce and abandon your egotism. |
| ਚਰਨ ਕਮਲ ਪਾਗੇ ॥ | Grasp hold of His Lotus Feet. |
| ਤੁਮ ਮਿਲਹੁ ਪ੍ਰਭ ਸਭਾਗੇ ॥ | Meet with God, O blessed one. |
| ਹਰਿ ਚੇਤਿ ਮਨ ਮੇਰੇ ॥ ਰਹਾਉ ॥ | O my mind, remain conscious of the Lord. \|\|Pause\|\| |
| ਸਘਨ ਬਾਸੁ ਕੂਲੇ ॥ | The tender young plants smell so good, |
| ਇਕਿ ਰਹੇ ਸੂਕਿ ਕਠੂਲੇ ॥ | while others remain like dry wood. |
| ਬਸੰਤ ਰੁਤਿ ਆਈ ॥ | The season of spring has come; |
| ਪਰਫੂਲਤਾ ਰਹੇ ॥੧॥ | it blossoms forth luxuriantly. \|\|1\|\| |
| ਅਬ ਕਲੂ ਆਇਓ ਰੇ ॥ | Now, the Dark Age of Kali Yuga has come. |
| ਇਕੁ ਨਾਮੁ ਬੋਵਹੁ ਬੋਵਹੁ ॥ | Plant the Naam, the Name of the One Lord. |
| ਅਨ ਰੂਤਿ ਨਾਹੀ ਨਾਹੀ ॥ | It is not the season to plant other seeds. |
| ਮਤੁ ਭਰਮਿ ਭੂਲਹੁ ਭੂਲਹੁ ॥ | Do not wander lost in doubt and delusion. |
| ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥ | One who has such destiny written on his forehead, shall meet with the Guru and find the Lord. |
| ਮਨ ਰੁਤਿ ਨਾਮ ਰੇ ॥ | O mortal, this is the season of the Naam. |

| | |
|---|---|
| ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥ | Nanak utters the Glorious Praises of the Lord, Har, Har, Har, Har. \|\|2\|\|18\|\| |
| ਬਸੰਤੁ ਮਹਲਾ ੫ ਘਰੁ ੨ ਹਿੰਡੋਲ<br>ੴ ਸਤਿਗੁਰ ਪ੍ਰਸਾਦਿ ॥ | Basant, Fifth Mehl, Second House, Hindol:<br>One Universal Creator God.<br>By The Grace Of The True Guru: |
| ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ | Come and join together, O my Siblings of Destiny; dispel your sense of duality and let yourselves be lovingly absorbed in the Lord. |
| ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ | Let yourselves be joined to the Name of the Lord; become Gurmukh, spread out your mat, and sit down. \|\|1\|\| |
| ਇਨ੍ ਬਿਧਿ ਪਾਸਾ ਢਾਲਹੁ ਬੀਰ ॥ | In this way, throw the dice, O brothers. |
| ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥ | As Gurmukh, chant the Naam, the Name of the Lord, day and night. At the very last moment, you shall not have to suffer in pain. \|\|1\|\|Pause\|\| |
| ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥ | Let righteous actions be your gameboard, and let the truth be your dice. |
| ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥ | Conquer sexual desire, anger, greed and worldly attachment; only such a game as this is dear to the Lord. \|\|2\|\| |
| ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ | Rise in the early hours of the morning, and take your cleansing bath. Before you go to bed at night, remember to worship the Lord. |
| ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥ | My True Guru will assist you, even on your most difficult moves; you shall reach your true home in celestial peace and poise. \|\|3\|\| |
| ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ | The Lord Himself plays, and He Himself watches; the Lord Himself created the creation. |
| ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥ | O servant Nanak, that person who plays this game as Gurmukh, wins the game of life, and returns to his true home. \|\|4\|\|1\|\|19\|\| |

| | |
|---|---|
| ਬਸੰਤੁ ਮਹਲਾ ੫ ਹਿੰਡੋਲ ॥ | Basant, Fifth Mehl, Hindol: |
| ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ | You alone know Your Creative Power, O Lord; no one else knows it. |
| ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥ | He alone realizes You, O my Beloved, unto whom You show Your Mercy. \|\|1\|\| |
| ਤੇਰਿਆ ਭਗਤਾ ਕਉ ਬਲਿਹਾਰਾ ॥ | I am a sacrifice to Your devotees. |
| ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥੧॥ ਰਹਾਉ ॥ | Your place is eternally beautiful, God; Your wonders are infinite. \|\|1\|\|Pause\|\| |
| ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥ | Only You Yourself can perform Your service. No one else can do it. |
| ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥ | He alone is Your devotee, who is pleasing to You. You bless them with Your Love. \|\|2\|\| |
| **੧੧੮੬** | 1186 |
| ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥ | You are the Great Giver; You are so very Wise. There is no other like You. |
| ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥੩॥ | You are my All-powerful Lord and Master; I do not know how to worship You. \|\|3\|\| |
| ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥ | Your Mansion is imperceptible, O my Beloved; it is so difficult to accept Your Will. |
| ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥ | Says Nanak, I have collapsed at Your Door, Lord. I am foolish and ignorant - please save me! \|\|4\|\|2\|\|20\|\| |
| ਬਸੰਤੁ ਹਿੰਡੋਲ ਮਹਲਾ ੫ ॥ | Basant Hindol, Fifth Mehl: |
| ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ ॥੧॥ | The mortal does not know the Primal Lord God; he does not understand himself. He is engrossed in doubt and egotism. \|\|1\|\| |
| ਪਿਤਾ ਪਾਰਬ੍ਰਹਮ ਪ੍ਰਭ ਧਨੀ ॥ | My Father is the Supreme Lord God, my Master. |
| ਮੋਹਿ ਨਿਸਤਾਰਹੁ ਨਿਰਗੁਨੀ ॥੧॥ ਰਹਾਉ ॥ | I am unworthy, but please save me anyway. \|\|1\|\|Pause\|\| |

ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥੨॥

Creation and destruction come only from God; this is what the Lord's humble servants believe. ||2||

ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ ॥੩॥

Only those who are imbued with God's Name are judged to be peaceful in this Dark Age of Kali Yuga. ||3||

ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥

It is the Guru's Word that carries us across; Nanak cannot think of any other way. ||4||3||21||

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਰਾਗੁ ਬਸੰਤੁ ਹਿੰਡੋਲ ਮਹਲਾ ੯ ॥

Raag Basant Hindol, Ninth Mehl:

ਸਾਧੋ ਇਹੁ ਤਨੁ ਮਿਥਿਆ ਜਾਨਉ ॥

O Holy Saints, know that this body is false.

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥

The Lord who dwells within it - recognize that He alone is real. ||1||Pause||

ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥

The wealth of this world is only a dream; why are you so proud of it?

ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥

None of it shall go along with you in the end; why do you cling to it? ||1||

ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥

Leave behind both praise and slander; enshrine the Kirtan of the Lord's Praises within your heart.

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥

O servant Nanak, the One Primal Being, the Lord God, is totally permeating everywhere. ||2||1||

ਬਸੰਤੁ ਮਹਲਾ ੯ ॥

Basant, Ninth Mehl:

ਪਾਪੀ ਹੀਐ ਮੈ ਕਾਮੁ ਬਸਾਇ ॥

The heart of the sinner is filled with unfulfilled sexual desire.

ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥

He cannot control his fickle mind. ||1||Pause||

ਜੋਗੀ ਜੰਗਮ ਅਰੁ ਸੰਨਿਆਸ ॥

The Yogis, wandering ascetics and renunciates

ਸਭ ਹੀ ਪਰਿ ਡਾਰੀ ਇਹ ਫਾਸ ॥੧॥

- this net is cast over them all. ||1||

ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ॥

Those who contemplate the Name of the Lord

ਤੇ ਭਵ ਸਾਗਰ ਉਤਰੇ ਪਾਰਿ ॥੨॥

cross over the terrifying world-ocean. ||2||

| | |
|---|---|
| ਜਨ ਨਾਨਕ ਹਰਿ ਕੀ ਸਰਨਾਇ ॥ | Servant Nanak seeks the Sanctuary of the Lord. |
| ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥ | Please bestow the blessing of Your Name, that he may continue to sing Your Glorious Praises. \|\|3\|\|2\|\| |
| ਬਸੰਤੁ ਮਹਲਾ ੯ ॥ | Basant, Ninth Mehl: |
| ਮਾਈ ਮੈ ਧਨੁ ਪਾਇਓ ਹਰਿ ਨਾਮੁ ॥ | O mother, I have gathered the wealth of the Lord's Name. |
| ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ | My mind has stopped its wanderings, and now, it has come to rest. \|\|1\|\|Pause\|\| |
| ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ | Attachment to Maya has run away from my body, and immaculate spiritual wisdom has welled up within me. |
| ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥ | Greed and attachment cannot even touch me; I have grasped hold of devotional worship of the Lord. \|\|1\|\| |
| ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ | The cynicism of countless lifetimes has been eradicated, since I obtained the jewel of the Naam, the Name of the Lord. |
| ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥ | My mind was rid of all its desires, and I was absorbed in the peace of my own inner being. \|\|2\|\| |
| ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ | That person, unto whom the Merciful Lord shows compassion, sings the Glorious Praises of the Lord of the Universe. |
| ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥ | Says Nanak, this wealth is gathered only by the Gurmukh. \|\|3\|\|3\|\| |
| ਬਸੰਤੁ ਮਹਲਾ ੯ ॥ | Basant, Ninth Mehl: |
| ਮਨ ਕਹਾ ਬਿਸਾਰਿਓ ਰਾਮ ਨਾਮੁ ॥ | O my mind, how can you forget the Lord's Name? |
| ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥ | When the body perishes, you shall have to deal with the Messenger of Death. \|\|1\|\|Pause\|\| |
| ਇਹੁ ਜਗੁ ਧੂਏ ਕਾ ਪਹਾਰ ॥ | This world is just a hill of smoke. |
| ੧੧੮੭ | 1187 |
| ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥ | What makes you think that it is real? \|\|1\|\| |

| | |
|---|---|
| ਧਨੁ ਦਾਰਾ ਸੰਪਤਿ ਗ੍ਰੇਹ ॥ | Wealth, spouse, property and household |
| ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ | - none of them shall go along with you; you must know that this is true! ‖2‖ |
| ਇਕ ਭਗਤਿ ਨਾਰਾਇਨ ਹੋਇ ਸੰਗਿ ॥ | Only devotion to the Lord shall go with you. |
| ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥ | Says Nanak, vibrate and meditate on the Lord with single-minded love. ‖3‖4‖ |
| ਬਸੰਤੁ ਮਹਲਾ ੯ ॥ | Basant, Ninth Mehl: |
| ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ | Why do you wander lost, O mortal, attached to falsehood and greed? |
| ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥ | Nothing has been lost yet - there is still time to wake up! ‖1‖Pause‖ |
| ਸਮ ਸੁਪਨੈ ਕੈ ਇਹੁ ਜਗੁ ਜਾਨੁ ॥ | You must realize that this world is nothing more than a dream. |
| ਬਿਨਸੈ ਛਿਨ ਮੈ ਸਾਚੀ ਮਾਨੁ ॥੧॥ | In an instant, it shall perish; know this as true. ‖1‖ |
| ਸੰਗਿ ਤੇਰੈ ਹਰਿ ਬਸਤ ਨੀਤ ॥ | The Lord constantly abides with you. |
| ਨਿਸ ਬਾਸੁਰ ਭਜੁ ਤਾਹਿ ਮੀਤ ॥੨॥ | Night and day, vibrate and meditate on Him, O my friend. ‖2‖ |
| ਬਾਰ ਅੰਤ ਕੀ ਹੋਇ ਸਹਾਇ ॥ | At the very last instant, He shall be your Help and Support. |
| ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥ | Says Nanak, sing His Praises. ‖3‖5‖ |
| ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ | Basant, First Mehl, Ashtapadees, First House, Du-Tukees: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਗੁ ਕਊਆ ਨਾਮੁ ਨਹੀ ਚੀਤਿ ॥ | The world is a crow; it does not remember the Naam, the Name of the Lord. |
| ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ | Forgetting the Naam, it sees the bait, and pecks at it. |
| ਮਨੂਆ ਡੋਲੈ ਚੀਤਿ ਅਨੀਤਿ ॥ | The mind wavers unsteadily, in guilt and deceit. |
| ਜਗ ਸਿਉ ਤੂਟੀ ਝੂਠ ਪਰੀਤਿ ॥੧॥ | I have shattered my attachment to the false world. ‖1‖ |

| | |
|---|---|
| ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ | The burden of sexual desire, anger and corruption is unbearable. |
| ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥ | Without the Naam, how can the mortal maintain a virtuous lifestyle? \|\|1\|\|Pause\|\| |
| ਘਰੁ ਬਾਲੂ ਕਾ ਘੂਮਨ ਘੇਰਿ ॥ | The world is like a house of sand, built on a whirlpool; |
| ਬਰਖਸਿ ਬਾਣੀ ਬੁਦਬੁਦਾ ਹੇਰਿ ॥ | it is like a bubble formed by drops of rain. |
| ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ | It is formed from a mere drop, when the Lord's wheel turns round. |
| ਸਰਬ ਜੋਤਿ ਨਾਮੈ ਕੀ ਚੇਰਿ ॥੨॥ | The lights of all souls are the servants of the Lord's Name. \|\|2\|\| |
| ਸਰਬ ਉਪਾਇ ਗੁਰੂ ਸਿਰਿ ਮੋਰੁ ॥ | My Supreme Guru has created everything. |
| ਭਗਤਿ ਕਰਉ ਪਗ ਲਾਗਉ ਤੋਰ ॥ | I perform devotional worship service to You, and fall at Your Feet, O Lord. |
| ਨਾਮਿ ਰਤੋ ਚਾਹਉ ਤੁਝ ਓਰੁ ॥ | Imbued with Your Name, I long to be Yours. |
| ਨਾਮੁ ਦੁਰਾਇ ਚਲੈ ਸੋ ਚੋਰੁ ॥੩॥ | Those who do not let the Naam become manifest within themselves, depart like thieves in the end. \|\|3\|\| |
| ਪਤਿ ਖੋਈ ਬਿਖੁ ਅੰਚਲਿ ਪਾਇ ॥ | The mortal loses his honor, gathering sin and corruption. |
| ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ | But imbued with the Lord's Name, you shall go to your true home with honor. |
| ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ ॥ | God does whatever He wills. |
| ਭੈ ਮਾਨੈ ਨਿਰਭਉ ਮੇਰੀ ਮਾਇ ॥੪॥ | One who abides in the Fear of God, becomes fearless, O my mother. \|\|4\|\| |
| ਕਾਮਨਿ ਚਾਹੈ ਸੁੰਦਰਿ ਭੋਗੁ ॥ | The woman desires beauty and pleasure. |
| ਪਾਨ ਫੂਲ ਮੀਠੇ ਰਸ ਰੋਗ ॥ | But betel leaves, garlands of flowers and sweet tastes lead only to disease. |
| ਖੀਲੈ ਬਿਗਸੈ ਤੇਤੋ ਸੋਗ ॥ | The more she plays and enjoys, the more she suffers in sorrow. |
| ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥੫॥ | But when she enters into the Sanctuary of God, whatever she wishes comes to pass. \|\|5\|\| |
| ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ | She wears beautiful clothes with all sorts of decorations. |
| ਮਾਟੀ ਫੂਲੀ ਰੂਪੁ ਬਿਕਾਰੁ ॥ | But the flowers turn to dust, and her beauty leads her into evil. |

| | |
|---|---|
| ਆਸਾ ਮਨਸਾ ਬਾਂਧੋ ਬਾਰੁ ॥ | Hope and desire have blocked the doorway. |
| ਨਾਮ ਬਿਨਾ ਸੂਨਾ ਘਰੁ ਬਾਰੁ ॥੬॥ | Without the Naam, one's hearth and home are deserted. \|\|6\|\| |
| ਗਾਛਹੁ ਪੁਤ੍ਰੀ ਰਾਜ ਕੁਆਰਿ ॥ | O princess, my daughter, run away from this place! |
| ਨਾਮੁ ਭਣਹੁ ਸਚੁ ਦੋਤੁ ਸਵਾਰਿ ॥ | Chant the True Name, and embellish your days. |
| ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ | Serve your Beloved Lord God, and lean on the Support of His Love. |
| ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥ | Through the Word of the Guru's Shabad, abandon your thirst for corruption and poison. \|\|7\|\| |
| ਮੋਹਨਿ ਮੋਹਿ ਲੀਆ ਮਨੁ ਮੋਹਿ ॥ | My Fascinating Lord has fascinated my mind. |
| ਗੁਰ ਕੈ ਸਬਦਿ ਪਛਾਨਾ ਤੋਹਿ ॥ | Through the Word of the Guru's Shabad, I have realized You, Lord. |
| ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ | Nanak stands longingly at God's Door. |
| ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥ | I am content and satisfied with Your Name; please shower me with Your Mercy. \|\|8\|\|1\|\| |
| ਬਸੰਤੁ ਮਹਲਾ ੧ ॥ | Basant, First Mehl: |
| ਮਨੁ ਭੂਲਉ ਭਰਮਸਿ ਆਇ ਜਾਇ ॥ | The mind is deluded by doubt; it comes and goes in reincarnation. |
| ਅਤਿ ਲੁਬਧ ਲੁਭਾਨਉ ਬਿਖਮ ਮਾਇ ॥ | It is lured by the poisonous lure of Maya. |
| ਨਹ ਅਸਥਿਰੁ ਦੀਸੈ ਏਕ ਭਾਇ ॥ | It does not remain stable in the Love of the One Lord. |
| ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥ | Like the fish, its neck is pierced by the hook. \|\|1\|\| |
| ਮਨੁ ਭੂਲਉ ਸਮਝਸਿ ਸਾਚਿ ਨਾਇ ॥ | The deluded mind is instructed by the True Name. |
| ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥ | It contemplates the Word of the Guru's Shabad, with intuitive ease. \|\|1\|\|Pause\|\| |
| **੧੧੮੮** | **1188** |
| ਮਨੁ ਭੂਲਉ ਭਰਮਸਿ ਭਵਰ ਤਾਰ ॥ | The mind, deluded by doubt, buzzes around like a bumble bee. |
| ਬਿਲ ਬਿਰਥੇ ਚਾਹੈ ਬਹੁ ਬਿਕਾਰ ॥ | The holes of the body are worthless, if the mind is filled with such great desire for corrupt passions. |
| ਮੈਗਲ ਜਿਉ ਫਾਸਸਿ ਕਾਮਹਾਰ ॥ | It is like the elephant, trapped by its own sexual desire. |

| | |
|---|---|
| ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥ | It is caught and held tight by the chains, and beaten on its head. ‖2‖ |
| ਮਨੁ ਮੁਗਧੌ ਦਾਦਰੁ ਭਗਤਿਹੀਨੁ ॥ | The mind is like a foolish frog, without devotional worship. |
| ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥ | It is cursed and condemned in the Court of the Lord, without the Naam, the Name of the Lord. |
| ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ | He has no class or honor, and no one even mentions his name. |
| ਸਭਿ ਦੂਖ ਸਖਾਈ ਗੁਣਹ ਬੀਨ ॥੩॥ | That person who lacks virtue - all of his pains and sorrows are his only companions. ‖3‖ |
| ਮਨੁ ਚਲੈ ਨ ਜਾਈ ਠਾਕਿ ਰਾਖੁ ॥ | His mind wanders out, and cannot be brought back or restrained. |
| ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥ | Without being imbued with the sublime essence of the Lord, it has no honor or credit. |
| ਤੂ ਆਪੇ ਸੁਰਤਾ ਆਪਿ ਰਾਖੁ ॥ | You Yourself are the Listener, Lord, and You Yourself are our Protector. |
| ਧਰਿ ਧਾਰਣ ਦੇਖੈ ਜਾਣੈ ਆਪਿ ॥੪॥ | You are the Support of the earth; You Yourself behold and understand it. ‖4‖ |
| ਆਪਿ ਭੁਲਾਏ ਕਿਸੁ ਕਹਉ ਜਾਇ ॥ | When You Yourself make me wander, unto whom can I complain? |
| ਗੁਰੁ ਮੇਲੇ ਬਿਰਥਾ ਕਹਉ ਮਾਇ ॥ | Meeting the Guru, I will tell Him of my pain, O my mother. |
| ਅਵਗਣ ਛੋਡਉ ਗੁਣ ਕਮਾਇ ॥ | Abandoning my worthless demerits, now I practice virtue. |
| ਗੁਰ ਸਬਦੀ ਰਾਤਾ ਸਚਿ ਸਮਾਇ ॥੫॥ | Imbued with the Word of the Guru's Shabad, I am absorbed in the True Lord. ‖5‖ |
| ਸਤਿਗੁਰ ਮਿਲਿਐ ਮਤਿ ਊਤਮ ਹੋਇ ॥ | Meeting with the True Guru, the intellect is elevated and exalted. |
| ਮਨੁ ਨਿਰਮਲੁ ਹਉਮੈ ਕਢੈ ਧੋਇ ॥ | The mind becomes immaculate, and egotism is washed away. |
| ਸਦਾ ਮੁਕਤੁ ਬੰਧਿ ਨ ਸਕੈ ਕੋਇ ॥ | He is liberated forever, and no one can put him in bondage. |
| ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥ | He chants the Naam forever, and nothing else. ‖6‖ |
| ਮਨੁ ਹਰਿ ਕੈ ਭਾਣੈ ਆਵੈ ਜਾਇ ॥ | The mind comes and goes according to the Will of the Lord. |
| ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥ | The One Lord is contained amongst all; nothing else can be said. |

| | |
|---|---|
| ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ | The Hukam of His Command pervades everywhere, and all merge in His Command. |
| ਦੂਖ ਸੂਖ ਸਭ ਤਿਸੁ ਰਜਾਇ ॥੭॥ | Pain and pleasure all come by His Will. ‖7‖ |
| ਤੂ ਅਭੁਲੁ ਨ ਭੂਲੌ ਕਦੇ ਨਾਹਿ ॥ | You are infallible; You never make mistakes. |
| ਗੁਰ ਸਬਦੁ ਸੁਣਾਏ ਮਤਿ ਅਗਾਹਿ ॥ | Those who listen to the Word of the Guru's Shabad - their intellects become deep and profound. |
| ਤੂ ਮੋਟਉ ਠਾਕੁਰੁ ਸਬਦ ਮਾਹਿ ॥ | You, O my Great Lord and Master, are contained in the Shabad. |
| ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥ | O Nanak, my mind is pleased, praising the True Lord. ‖8‖2‖ |
| ਬਸੰਤੁ ਮਹਲਾ ੧ ॥ | Basant, First Mehl: |
| ਦਰਸਨ ਕੀ ਪਿਆਸ ਜਿਸੁ ਨਰ ਹੋਇ ॥ | That person, who thirsts for the Blessed Vision of the Lord's Darshan, |
| ਏਕਤੁ ਰਾਚੈ ਪਰਹਰਿ ਦੋਇ ॥ | is absorbed in the One Lord, leaving duality behind. |
| ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ | His pains are taken away, as he churns and drinks in the Ambrosial Nectar. |
| ਗੁਰਮੁਖਿ ਬੂਝੈ ਏਕ ਸਮਾਇ ॥੧॥ | The Gurmukh understands, and merges in the One Lord. ‖1‖ |
| ਤੇਰੇ ਦਰਸਨ ਕਉ ਕੇਤੀ ਬਿਲਲਾਇ ॥ | So many cry out for Your Darshan, Lord. |
| ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ | How rare are those who realize the Word of the Guru's Shabad and merge with Him. ‖1‖Pause‖ |
| ਬੇਦ ਵਖਾਣਿ ਕਹਹਿ ਇਕੁ ਕਹੀਐ ॥ | The Vedas say that we should chant the Name of the One Lord. |
| ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ | He is endless; who can find His limits? |
| ਏਕੋ ਕਰਤਾ ਜਿਨਿ ਜਗੁ ਕੀਆ ॥ | There is only One Creator, who created the world. |
| ਬਾਝੁ ਕਲਾ ਧਰਿ ਗਗਨੁ ਧਰੀਆ ॥੨॥ | Without any pillars, He supports the earth and the sky. ‖2‖ |
| ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ | Spiritual wisdom and meditation are contained in the melody of the Bani, the Word of the One Lord. |
| ਏਕੁ ਨਿਰਾਲਮੁ ਅਕਥ ਕਹਾਣੀ ॥ | The One Lord is Untouched and Unstained; His story is unspoken. |
| ਏਕੋ ਸਬਦੁ ਸਚਾ ਨੀਸਾਣੁ ॥ | The Shabad, the Word, is the Insignia of the One True Lord. |

| | |
|---|---|
| ਪੂਰੇ ਗੁਰ ਤੇ ਜਾਣੈ ਜਾਣੁ ॥੩॥ | Through the Perfect Guru, the Knowing Lord is known. \|\|3\|\| |
| ਏਕੋ ਧਰਮੁ ਦ੍ਰਿੜੈ ਸਚੁ ਕੋਈ ॥ | There is only one religion of Dharma; let everyone grasp this truth. |
| ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ | Through the Guru's Teachings, one becomes perfect, all the ages through. |
| ਅਨਹਦਿ ਰਾਤਾ ਏਕ ਲਿਵ ਤਾਰ ॥ | Imbued with the Unmanifest Celestial Lord, and lovingly absorbed in the One, |
| ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ | the Gurmukh attains the invisible and infinite. \|\|4\|\| |
| ਏਕੋ ਤਖਤੁ ਏਕੋ ਪਾਤਿਸਾਹੁ ॥ | There is one celestial throne, and One Supreme King. |
| ਸਰਬੀ ਥਾਈ ਵੇਪਰਵਾਹੁ ॥ | The Independent Lord God is pervading all places. |
| ਤਿਸ ਕਾ ਕੀਆ ਤ੍ਰਿਭਵਣ ਸਾਰੁ ॥ | The three worlds are the creation of that Sublime Lord. |
| ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥ | The One Creator of the Creation is Unfathomable and Incomprehensible. \|\|5\|\| |
| ਏਕਾ ਮੂਰਤਿ ਸਾਚਾ ਨਾਉ ॥ | His Form is One, and True is His Name. |
| ਤਿਥੈ ਨਿਬੜੈ ਸਾਚੁ ਨਿਆਉ ॥ | True justice is administered there. |
| ਸਾਚੀ ਕਰਣੀ ਪਤਿ ਪਰਵਾਣੁ ॥ | Those who practice Truth are honored and accepted. |
| ਸਾਚੀ ਦਰਗਹ ਪਾਵੈ ਮਾਣੁ ॥੬॥ | They are honored in the Court of the True Lord. \|\|6\|\| |
| ਏਕਾ ਭਗਤਿ ਏਕੋ ਹੈ ਭਾਉ ॥ | Devotional worship of the One Lord is the expression of love for the One Lord. |
| ਬਿਨੁ ਭੈ ਭਗਤੀ ਆਵਉ ਜਾਉ ॥ | Without the Fear of God and devotional worship of Him, the mortal comes and goes in reincarnation. |
| ਗੁਰ ਤੇ ਸਮਝਿ ਰਹੈ ਮਿਹਮਾਣੁ ॥ | One who obtains this understanding from the Guru dwells like an honored guest in this world. |
| **੧੧੮੯** | **1189** |
| ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥ | That humble being who is imbued with the sublime essence of the Lord is certified and approved. \|\|7\|\| |
| ਇਤ ਉਤ ਦੇਖਉ ਸਹਜੇ ਰਾਵਉ ॥ | I see Him here and there; I dwell on Him intuitively. |
| ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ | I do not love any other than You, O Lord and Master. |
| ਨਾਨਕ ਹਉਮੈ ਸਬਦਿ ਜਲਾਇਆ ॥ | O Nanak, my ego has been burnt away by the Word of the Shabad. |

| | |
|---|---|
| ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥ | The True Guru has shown me the Blessed Vision of the True Lord. ‖8‖3‖ |
| ਬਸੰਤੁ ਮਹਲਾ ੧ ॥ | Basant, First Mehl: |
| ਚੰਚਲੁ ਚੀਤੁ ਨ ਪਾਵੈ ਪਾਰਾ ॥ | The fickle consciousness cannot find the Lord's limits. |
| ਆਵਤ ਜਾਤ ਨ ਲਾਗੈ ਬਾਰਾ ॥ | It is caught in non-stop coming and going. |
| ਦੂਖੁ ਘਣੋ ਮਰੀਐ ਕਰਤਾਰਾ ॥ | I am suffering and dying, O my Creator. |
| ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥ | No one cares for me, except my Beloved. ‖1‖ |
| ਸਭ ਊਤਮ ਕਿਸੁ ਆਖਉ ਹੀਨਾ ॥ | All are high and exalted; how can I call anyone low? |
| ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥ | Devotional worship of the Lord and the True Name has satisfied me. ‖1‖Pause‖ |
| ਅਉਖਧ ਕਰਿ ਥਾਕੀ ਬਹੁਤੇਰੇ ॥ | I have taken all sorts of medicines; I am so tired of them. |
| ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ | How can this disease be cured, without my Guru? |
| ਬਿਨੁ ਹਰਿ ਭਗਤੀ ਦੂਖ ਘਣੇਰੇ ॥ | Without devotional worship of the Lord, the pain is so great. |
| ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥ | My Lord and Master is the Giver of pain and pleasure. ‖2‖ |
| ਰੋਗੁ ਵਡੋ ਕਿਉ ਬਾਂਧਉ ਧੀਰਾ ॥ | The disease is so deadly; how can I find the courage? |
| ਰੋਗੁ ਬੁਝੈ ਸੋ ਕਾਟੈ ਪੀਰਾ ॥ | He knows my disease, and only He can take away the pain. |
| ਮੈ ਅਵਗਣ ਮਨ ਮਾਹਿ ਸਰੀਰਾ ॥ | My mind and body are filled with faults and demerits. |
| ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥ | I searched and searched, and found the Guru, O my brother! ‖3‖ |
| ਗੁਰ ਕਾ ਸਬਦੁ ਦਾਰੂ ਹਰਿ ਨਾਉ ॥ | The Word of the Guru's Shabad, and the Lord's Name are the cures. |
| ਜਿਉ ਤੂ ਰਾਖਹਿ ਤਿਵੈ ਰਹਾਉ ॥ | As You keep me, so do I remain. |
| ਜਗੁ ਰੋਗੀ ਕਹ ਦੇਖਿ ਦਿਖਾਉ ॥ | The world is sick; where should I look? |
| ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥ | The Lord is Pure and Immaculate; Immaculate is His Name. ‖4‖ |
| ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ | The Guru sees and reveals the Lord's home, deep within the home of the self; |
| ਗੁਰ ਮਹਲੀ ਸੋ ਮਹਲਿ ਬੁਲਾਵੈ ॥ | He ushers the soul-bride into the Mansion of the Lord's Presence. |

| | |
|---|---|
| ਮਨ ਮਹਿ ਮਨੂਆ ਚਿਤ ਮਹਿ ਚੀਤਾ ॥ | When the mind remains in the mind, and the consciousness in the consciousness, |
| ਐਸੇ ਹਰਿ ਕੇ ਲੋਗ ਅਤੀਤਾ ॥੫॥ | such people of the Lord remain unattached. \|\|5\|\| |
| ਹਰਖ ਸੋਗ ਤੇ ਰਹਹਿ ਨਿਰਾਸਾ ॥ | They remain free of any desire for happiness or sorrow; |
| ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥ | tasting the Amrit, the Ambrosial Nectar, they abide in the Lord's Name. |
| ਆਪੁ ਪਛਾਣਿ ਰਹੈ ਲਿਵ ਲਾਗਾ ॥ | They recognize their own selves, and remain lovingly attuned to the Lord. |
| ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥ | They are victorious on the battlefield of life, following the Guru's Teachings, and their pains run away. \|\|6\|\| |
| ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ | The Guru has given me the True Ambrosial Nectar; I drink it in. |
| ਸਹਜਿ ਮਰਉ ਜੀਵਤ ਹੀ ਜੀਵਉ ॥ | Of course, I have died, and now I am alive to live. |
| ਅਪਣੋ ਕਰਿ ਰਾਖਹੁ ਗੁਰ ਭਾਵੈ ॥ | Please, protect me as Your Own, if it pleases You. |
| ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥ | One who is Yours, merges into You. \|\|7\|\| |
| ਭੋਗੀ ਕਉ ਦੁਖੁ ਰੋਗ ਵਿਆਪੈ ॥ | Painful diseases afflict those who are sexually promiscuous. |
| ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥ | God appears permeating and pervading in each and every heart. |
| ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ | One who remains unattached, through the Word of the Guru's Shabad |
| ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥ | - O Nanak, his heart and consciousness dwell upon and savor the Lord. \|\|8\|\|4\|\| |
| ਬਸੰਤੁ ਮਹਲਾ ੧ ਇਕ ਤੁਕੀਆ ॥ | Basant, First Mehl, Ik-Tukee: |
| ਮਤੁ ਭਸਮ ਅੰਧੂਲੇ ਗਰਬਿ ਜਾਹਿ ॥ | Do not make such a show of rubbing ashes on your body. |
| ਇਨ ਬਿਧਿ ਨਾਗੇ ਜੋਗੁ ਨਾਹਿ ॥੧॥ | O naked Yogi, this is not the way of Yoga! \|\|1\|\| |
| ਮੂੜ੍ਹੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ | You fool! How can you have forgotten the Lord's Name? |

| | |
|---|---|
| ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥ | At the very last moment, it and it alone shall be of any use to you. \|\|1\|\|Pause\|\| |
| ਗੁਰ ਪੂਛਿ ਤੁਮ ਕਰਹੁ ਬੀਚਾਰੁ ॥ | Consult the Guru, reflect and think it over. |
| ਜਹ ਦੇਖਉ ਤਹ ਸਾਰਿਗਪਾਣਿ ॥੨॥ | Wherever I look, I see the Lord of the World. \|\|2\|\| |
| ਕਿਆ ਹਉ ਆਖਾ ਜਾਂ ਕਛੂ ਨਾਹਿ ॥ | What can I say? I am nothing. |
| ਜਾਤਿ ਪਤਿ ਸਭ ਤੇਰੈ ਨਾਇ ॥੩॥ | All my status and honor are in Your Name. \|\|3\|\| |
| ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ | Why do you take such pride in gazing upon your property and wealth? |
| ਚਲਤੀ ਬਾਰ ਤੇਰੋ ਕਛੂ ਨਾਹਿ ॥੪॥ | When you must leave, nothing shall go along with you. \|\|4\|\| |
| ਪੰਚ ਮਾਰਿ ਚਿਤੁ ਰਖਹੁ ਥਾਇ ॥ | So subdue the five thieves, and hold your consciousness in its place. |
| ਜੋਗ ਜੁਗਤਿ ਕੀ ਇਹੈ ਪਾਂਇ ॥੫॥ | This is the basis of the way of Yoga. \|\|5\|\| |
| ਹਉਮੈ ਪੈਖੜੁ ਤੇਰੇ ਮਨੈ ਮਾਹਿ ॥ | Your mind is tied with the rope of egotism. |
| ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥ | You do not even think of the Lord - you fool! He alone shall liberate you. \|\|6\|\| |
| ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ | If you forget the Lord, you will fall into the clutches of the Messenger of Death. |
| ਅੰਤ ਕਾਲਿ ਮੂੜੇ ਚੋਟ ਖਾਹਿ ॥੭॥ | At that very last moment, you fool, you shall be beaten. \|\|7\|\| |
| **੧੧੯੦** | **1190** |
| ਗੁਰ ਸਬਦੁ ਬੀਚਾਰਹਿ ਆਪੁ ਜਾਇ ॥ | Contemplate the Word of the Guru's Shabad, and be rid of your ego. |
| ਸਾਚ ਜੋਗੁ ਮਨਿ ਵਸੈ ਆਇ ॥੮॥ | True Yoga shall come to dwell in your mind. \|\|8\|\| |
| ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ | He blessed you with body and soul, but you do not even think of Him. |
| ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥ | You fool! Visiting graves and cremation grounds is not Yoga. \|\|9\|\| |
| ਗੁਣ ਨਾਨਕੁ ਬੋਲੈ ਭਲੀ ਬਾਣਿ ॥ | Nanak chants the sublime, glorious Bani of the Word. |

ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥

Understand it, and appreciate it. ||10||5||

ਬਸੰਤੁ ਮਹਲਾ ੧ ॥

Basant, First Mehl:

ਦੁਬਿਧਾ ਦੁਰਮਤਿ ਅਧੁਲੀ ਕਾਰ ॥

In duality and evil-mindedness, the mortal acts blindly.

ਮਨਮੁਖਿ ਭਰਮੈ ਮਝਿ ਗੁਬਾਰ ॥੧॥

The self-willed manmukh wanders, lost in the darkness. ||1||

ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥

The blind man follows blind advice.

ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥

Unless one takes the Guru's Way, his doubt is not dispelled. ||1||Pause||

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥

The manmukh is blind; he does not like the Guru's Teachings.

ਪਸੂ ਭਏ ਅਭਿਮਾਨੁ ਨ ਜਾਈ ॥੨॥

He has become a beast; he cannot get rid of his egotistical pride. ||2||

ਲਖ ਚਉਰਾਸੀਹ ਜੰਤ ਉਪਾਏ ॥

God created 8.4 million species of beings.

ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥

My Lord and Master, by the Pleasure of His Will, creates and destroys them. ||3||

ਸਗਲੀ ਭੂਲੈ ਨਹੀ ਸਬਦੁ ਅਚਾਰੁ ॥

All are deluded and confused, without the Word of the Shabad and good conduct.

ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥

He alone is instructed in this, who is blessed by the Guru, the Creator. ||4||

ਗੁਰ ਕੇ ਚਾਕਰ ਠਾਕੁਰ ਭਾਣੇ ॥

The Guru's servants are pleasing to our Lord and Master.

ਬਖਸਿ ਲੀਏ ਨਾਹੀ ਜਮ ਕਾਣੇ ॥੫॥

The Lord forgives them, and they no longer fear the Messenger of Death. ||5||

ਜਿਨ ਕੈ ਹਿਰਦੈ ਏਕੋ ਭਾਇਆ ॥

Those who love the One Lord with all their heart

ਆਪੇ ਮੇਲੇ ਭਰਮੁ ਚੁਕਾਇਆ ॥੬॥

- He dispels their doubts and unites them with Himself. ||6||

ਬੇਮੁਹਤਾਜੁ ਬੇਅੰਤੁ ਅਪਾਰਾ ॥

God is Independent, Endless and Infinite.

ਸਚਿ ਪਤੀਜੈ ਕਰਣੈਹਾਰਾ ॥੭॥

The Creator Lord is pleased with Truth. ||7||

ਨਾਨਕ ਭੂਲੇ ਗੁਰੁ ਸਮਝਾਵੈ ॥

O Nanak, the Guru instructs the mistaken soul.

| | |
|---|---|
| ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥ | He implants the Truth within him, and shows him the One Lord. \|\|8\|\|6\|\| |
| ਬਸੰਤੁ ਮਹਲਾ ੧ ॥ | Basant, First Mehl: |
| ਆਪੇ ਭਵਰਾ ਫੂਲ ਬੇਲਿ ॥ | He Himself is the bumble bee, the fruit and the vine. |
| ਆਪੇ ਸੰਗਤਿ ਮੀਤ ਮੇਲਿ ॥੧॥ | He Himself unites us with the Sangat - the Congregation, and the Guru, our Best Friend. \|\|1\|\| |
| ਐਸੀ ਭਵਰਾ ਬਾਸੁ ਲੇ ॥ | O bumble bee, suck in that fragrance, |
| ਤਰਵਰ ਫੂਲੇ ਬਨ ਹਰੇ ॥੧॥ ਰਹਾਉ ॥ | which causes the trees to flower, and the woods to grow lush foliage. \|\|1\|\|Pause\|\| |
| ਆਪੇ ਕਵਲਾ ਕੰਤੁ ਆਪਿ ॥ | He Himself is Lakshmi, and He Himself is her husband. |
| ਆਪੇ ਰਾਵੇ ਸਬਦਿ ਥਾਪਿ ॥੨॥ | He established the world by Word of His Shabad, and He Himself ravishes it. \|\|2\|\| |
| ਆਪੇ ਬਛਰੂ ਗਊ ਖੀਰੁ ॥ | He Himself is the calf, the cow and the milk. |
| ਆਪੇ ਮੰਦਰੁ ਥੰਮ੍ਹੁ ਸਰੀਰੁ ॥੩॥ | He Himself is the Support of the body-mansion. \|\|3\|\| |
| ਆਪੇ ਕਰਣੀ ਕਰਣਹਾਰੁ ॥ | He Himself is the Deed, and He Himself is the Doer. |
| ਆਪੇ ਗੁਰਮੁਖਿ ਕਰਿ ਬੀਚਾਰੁ ॥੪॥ | As Gurmukh, He contemplates Himself. \|\|4\|\| |
| ਤੂ ਕਰਿ ਕਰਿ ਦੇਖਹਿ ਕਰਣਹਾਰੁ ॥ | You create the creation, and gaze upon it, O Creator Lord. |
| ਜੋਤਿ ਜੀਅ ਅਸੰਖ ਦੇਇ ਅਧਾਰੁ ॥੫॥ | You give Your Support to the uncounted beings and creatures. \|\|5\|\| |
| ਤੂ ਸਰੁ ਸਾਗਰੁ ਗੁਣ ਗਹੀਰੁ ॥ | You are the Profound, Unfathomable Ocean of Virtue. |
| ਤੂ ਅਕੁਲ ਨਿਰੰਜਨੁ ਪਰਮ ਹੀਰੁ ॥੬॥ | You are the Unknowable, the Immaculate, the most Sublime Jewel. \|\|6\|\| |
| ਤੂ ਆਪੇ ਕਰਤਾ ਕਰਣ ਜੋਗੁ ॥ | You Yourself are the Creator, with the Potency to create. |
| ਨਿਹਕੇਵਲੁ ਰਾਜਨ ਸੁਖੀ ਲੋਗੁ ॥੭॥ | You are the Independent Ruler, whose people are at peace. \|\|7\|\| |
| ਨਾਨਕ ਧ੍ਰਾਪੇ ਹਰਿ ਨਾਮ ਸੁਆਦਿ ॥ | Nanak is satisfied with the subtle taste of the Lord's Name. |
| ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ ॥੮॥੭॥ | Without the Beloved Lord and Master, life is meaningless. \|\|8\|\|7\|\| |

ਬਸੰਤੁ ਹਿੰਡੋਲੁ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥

Basant Hindol, First Mehl, Second House:
One Universal Creator God.
By The Grace Of The True Guru:

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥

The nine regions, the seven continents, the fourteen worlds, the three qualities and the four ages - You established them all through the four sources of creation, and You seated them in Your mansions.

ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥

He placed the four lamps, one by one, into the hands of the four ages. ||1||

ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ ॥੧॥ ਰਹਾਉ ॥

O Merciful Lord, Destroyer of demons, Lord of Lakshmi, such is Your Power - Your Shakti. ||1||Pause||

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥

Your army is the fire in the home of each and every heart. And Dharma - righteous living is the ruling chieftain.

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥

The earth is Your great cooking pot; Your beings receive their portions only once. Destiny is Your gate-keeper. ||2||

ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥

But the mortal becomes unsatisfied, and begs for more; his fickle mind brings him disgrace.

## ੧੧੯੧

## 1191

ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥

Greed is the dark dungeon, and demerits are the shackles on his feet. ||3||

ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋੁਟਵਾਰੀ ॥

His wealth constantly batters him, and sin acts as the police officer.

ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥

Whether the mortal is good or bad, he is as You look upon him, O Lord. ||4||

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥

The Primal Lord God is called Allah. The Shaykh's turn has now come.

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥

The temples of the gods are subject to taxes; this is what it has come to. ||5||

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥

The Muslim devotional pots, calls to prayer, prayers and prayer mats are everywhere; the Lord appears in blue robes.

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥

In each and every home, everyone uses Muslim greetings; your speech has changed, O people. ||6||

ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥

You, O my Lord and Master, are the King of the earth; what power do I have to challenge You?

ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥੭॥

In the four directions, people bow in humble adoration to You; Your Praises are sung in each and every heart. ||7||

ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥

Making pilgrimages to sacred shrines, reading the Simritees and giving donations in charity - these do bring any profit.

ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥੮॥੧॥੮॥

O Nanak, glorious greatness is obtained in an instant, remembering the Naam, the Name of the Lord. ||8||1||8||

ਬਸੰਤੁ ਹਿੰਡੋਲੁ ਘਰੁ ੨ ਮਹਲਾ ੪
ੴ ਸਤਿਗੁਰ ਪ੍ਰਸਾਦਿ ॥

Basant Hindol, Second House, Fourth Mehl:

One Universal Creator God.
By The Grace Of The True Guru:

ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥

Within the body-village there lives a child who cannot hold still, even for an instant.

ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥੧॥

It makes so many efforts, and grows weary, but still, it wanders restlessly again and again. ||1||

ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥

O my Lord and Master, Your child has come home, to be one with You.

ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥

Meeting the True Guru, he finds the Perfect Lord. Meditating and vibrating on the Name of the Lord, he receives the Insignia of the Lord. ||1||Pause||

ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥

These are dead corpses, these bodies of all the people of the world; the Name of the Lord does not dwell in them.

ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥੨॥

The Guru leads us to taste the water of the Lord's Name, and then we savor and enjoy it, and our bodies are rejuvenated. ||2||

| | |
|---|---|
| ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥ | I have examined and studied and searched my entire body, and as Gurmukh, I behold a miraculous wonder. |
| ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥ | All the faithless cynics searched outside and died, but following the Guru's Teachings, I have found the Lord within the home of my own heart. \|\|3\|\| |
| ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥ | God is Merciful to the meekest of the meek; Krishna came to the house of Bidar, a devotee of low social status. |
| ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥੪॥ | Sudama loved God, who came to meet him; God sent everything to his home, and ended his poverty. \|\|4\|\| |
| ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥ | Great is the glory of the Name of the Lord. My Lord and Master Himself has enshrined it within me. |
| ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ ॥੫॥ | Even if all the faithless cynics continue slandering me, it is not diminished by even one iota. \|\|5\|\| |
| ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ ਸੋਭਾ ਪਾਈ ॥ | The Lord's Name is the praise of His humble servant. It brings him honor in the ten directions. |
| ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ ॥੬॥ | The slanderers and the faithless cynics cannot endure it at all; they have set fire to their own houses. \|\|6\|\| |
| ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥ | The humble person meeting with another humble person obtains honor. In the glory of the Lord, their glory shines forth. |
| ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥੭॥ | The servants of my Lord and Master are loved by the Beloved. They are the slaves of His slaves. \|\|7\|\| |
| ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ ॥ | The Creator Himself is the Water; He Himself unites us in His Union. |
| ਨਾਨਕ ਗੁਰਮੁਖਿ ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ ॥੮॥੧॥੯॥ | O Nanak, the Gurmukh is absorbed in celestial peace and poise, like water blending with water. \|\|8\|\|1\|\|9\|\| |

| ੧੧੯੨ | 1192 |
|---|---|
| ਬਸੰਤੁ ਮਹਲਾ ੫ ਘਰੁ ੧ ਦੁਤੁਕੀਆ | Basant, Fifth Mehl, First House, Du-Tukee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੁਣਿ ਸਾਖੀ ਮਨ ਜਪਿ ਪਿਆਰ ॥ | Listen to the stories of the devotees, O my mind, and meditate with love. |
| ਅਜਾਮਲੁ ਉਧਰਿਆ ਕਹਿ ਏਕ ਬਾਰ ॥ | Ajaamal uttered the Lord's Name once, and was saved. |
| ਬਾਲਮੀਕੈ ਹੋਆ ਸਾਧਸੰਗੁ ॥ | Baalmeek found the Saadh Sangat, the Company of the Holy. |
| ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥ | The Lord definitely met Dhroo. \|\|1\|\| |
| ਤੇਰਿਆ ਸੰਤਾ ਜਾਚਉ ਚਰਨ ਰੇਨ ॥ | I beg for the dust of the feet of Your Saints. |
| ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ ਰਹਾਉ ॥ | Please bless me with Your Mercy, Lord, that I may apply it to my forehead. \|\|1\|\|Pause\|\| |
| ਗਨਿਕਾ ਉਧਰੀ ਹਰਿ ਕਹੈ ਤੋਤ ॥ | Ganika the prostitute was saved, when her parrot uttered the Lord's Name. |
| ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥ | The elephant meditated on the Lord, and was saved. |
| ਬਿਪ੍ਰ ਸੁਦਾਮੇ ਦਾਲਦੁ ਭੰਜ ॥ | He delivered the poor Brahmin Sudama out of poverty. |
| ਰੇ ਮਨ ਤੂ ਭੀ ਭਜੁ ਗੋਬਿੰਦ ॥੨॥ | O my mind, you too must meditate and vibrate on the Lord of the Universe. \|\|2\|\| |
| ਬਧਿਕੁ ਉਧਾਰਿਓ ਖਮਿ ਪ੍ਰਹਾਰ ॥ | Even the hunter who shot an arrow at Krishna was saved. |
| ਕੁਬਿਜਾ ਉਧਰੀ ਅੰਗੁਸਟ ਧਾਰ ॥ | Kubija the hunchback was saved, when God placed His Feet on her thumb. |
| ਬਿਦਰੁ ਉਧਾਰਿਓ ਦਾਸਤ ਭਾਇ ॥ | Bidar was saved by his attitude of humility. |
| ਰੇ ਮਨ ਤੂ ਭੀ ਹਰਿ ਧਿਆਇ ॥੩॥ | O my mind, you too must meditate on the Lord. \|\|3\|\| |
| ਪ੍ਰਹਲਾਦ ਰਖੀ ਹਰਿ ਪੈਜ ਆਪ ॥ | The Lord Himself saved the honor of Prahlaad. |
| ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ | Even when she was being disrobed in court, Dropatee's honor was preserved. |
| ਜਿਨਿ ਜਿਨਿ ਸੇਵਿਆ ਅੰਤ ਬਾਰ ॥ | Those who have served the Lord, even at the very last instant of their lives, are saved. |

| | |
|---|---|
| ਰੇ ਮਨ ਸੇਵਿ ਤੂ ਪਰਹਿ ਪਾਰ ॥੪॥ | O my mind, serve Him, and you shall be carried across to the other side. ‖4‖ |
| ਧੰਨੈ ਸੇਵਿਆ ਬਾਲ ਬੁਧਿ ॥ | Dhanna served the Lord, with the innocence of a child. |
| ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ | Meeting with the Guru, Trilochan attained the perfection of the Siddhas. |
| ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ | The Guru blessed Baynee with His Divine Illumination. |
| ਰੇ ਮਨ ਤੂ ਭੀ ਹੋਹਿ ਦਾਸੁ ॥੫॥ | O my mind, you too must be the Lord's slave. ‖5‖ |
| ਜੈਦੇਵ ਤਿਆਗਿਓ ਅਹੰਮੇਵ ॥ | Jai Dayv gave up his egotism. |
| ਨਾਈ ਉਧਰਿਓ ਸੈਨੁ ਸੇਵ ॥ | Sain the barber was saved through his selfless service. |
| ਮਨੁ ਡੀਗਿ ਨ ਡੋਲੈ ਕਹੂੰ ਜਾਇ ॥ | Do not let your mind waver or wander; do not let it go anywhere. |
| ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥ | O my mind, you too shall cross over; seek the Sanctuary of God. ‖6‖ |
| ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ | O my Lord and Master, You have shown Your Mercy to them. |
| ਸੇ ਤੈਂ ਲੀਨੇ ਭਗਤ ਰਾਖਿ ॥ | You saved those devotees. |
| ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ | You do not take their merits and demerits into account. |
| ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ | Seeing these ways of Yours, I have dedicated my mind to Your service. ‖7‖ |
| ਕਬੀਰਿ ਧਿਆਇਓ ਏਕ ਰੰਗ ॥ | Kabeer meditated on the One Lord with love. |
| ਨਾਮਦੇਵ ਹਰਿ ਜੀਉ ਬਸਹਿ ਸੰਗਿ ॥ | Naam Dayv lived with the Dear Lord. |
| ਰਵਿਦਾਸ ਧਿਆਏ ਪ੍ਰਭ ਅਨੂਪ ॥ | Ravi Daas meditated on God, the Incomparably Beautiful. |
| ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ | Guru Nanak Dayv is the Embodiment of the Lord of the Universe. ‖8‖1‖ |
| ਬਸੰਤੁ ਮਹਲਾ ੫ ॥ | Basant, Fifth Mehl: |
| ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ | The mortal wanders in reincarnation through countless lifetimes. |
| ਹਰਿ ਸਿਮਰਨ ਬਿਨੁ ਨਰਕਿ ਪਾਹਿ ॥ | Without meditating in remembrance on the Lord, he falls into hell. |
| ਭਗਤਿ ਬਿਹੂਨਾ ਖੰਡ ਖੰਡ ॥ | Without devotional worship, he is cut apart into pieces. |

| | |
|---|---|
| ਬਿਨੁ ਬੂਝੇ ਜਮੁ ਦੇਤ ਡੰਡ ॥੧॥ | Without understanding, he is punished by the Messenger of Death. ‖1‖ |
| ਗੋਬਿੰਦ ਭਜਹੁ ਮੇਰੇ ਸਦਾ ਮੀਤ ॥ | Meditate and vibrate forever on the Lord of the Universe, O my friend. |
| ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ ॥ | Love forever the True Word of the Shabad. ‖1‖Pause‖ |
| ਸੰਤੋਖੁ ਨ ਆਵਤ ਕਹੂੰ ਕਾਜ ॥ | Contentment does not come by any endeavors. |
| ਧੂੰਮ ਬਾਦਰ ਸਭਿ ਮਾਇਆ ਸਾਜ ॥ | All the show of Maya is just a cloud of smoke. |
| ਪਾਪ ਕਰੰਤੌ ਨਹ ਸੰਗਾਇ ॥ | The mortal does not hesitate to commit sins. |
| ਬਿਖੁ ਕਾ ਮਾਤਾ ਆਵੈ ਜਾਇ ॥੨॥ | Intoxicated with poison, he comes and goes in reincarnation. ‖2‖ |
| ਹਉ ਹਉ ਕਰਤ ਬਧੇ ਬਿਕਾਰ ॥ | Acting in egotism and self-conceit, his corruption only increases. |
| ਮੋਹ ਲੋਭ ਡੂਬੌ ਸੰਸਾਰ ॥ | The world is drowning in attachment and greed. |
| ਕਾਮਿ ਕ੍ਰੋਧਿ ਮਨੁ ਵਸਿ ਕੀਆ ॥ | Sexual desire and anger hold the mind in its power. |
| ਸੁਪਨੈ ਨਾਮੁ ਨ ਹਰਿ ਲੀਆ ॥੩॥ | Even in his dreams, he does not chant the Lord's Name. ‖3‖ |
| ਕਬ ਹੀ ਰਾਜਾ ਕਬ ਮੰਗਨਹਾਰੁ ॥ | Sometimes he is a king, and sometimes he is a beggar. |
| ਦੂਖ ਸੂਖ ਬਾਧੌ ਸੰਸਾਰ ॥ | The world is bound by pleasure and pain. |
| ਮਨ ਉਧਰਣ ਕਾ ਸਾਜੁ ਨਾਹਿ ॥ | The mortal makes no arrangements to save himself. |
| ਪਾਪ ਬੰਧਨ ਨਿਤ ਪਉਤ ਜਾਹਿ ॥੪॥ | The bondage of sin continues to hold him. ‖4‖ |
| ਈਠ ਮੀਤ ਕੋਊ ਸਖਾ ਨਾਹਿ ॥ | He has no beloved friends or companions. |
| ਆਪਿ ਬੀਜਿ ਆਪੇ ਹੀ ਖਾਂਹਿ ॥ | He himself eats what he himself plants. |
| **੧੧੯੩** | **1193** |
| ਜਾ ਕੈ ਕੀਨੈ੍ ਹੋਤ ਬਿਕਾਰ ॥ | He gathers up that which brings corruption; |
| ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥ | leaving them, the fool must depart in an instant. ‖5‖ |
| ਮਾਇਆ ਮੋਹਿ ਬਹੁ ਭਰਮਿਆ ॥ | He wanders in attachment to Maya. |
| ਕਿਰਤ ਰੇਖ ਕਰਿ ਕਰਮਿਆ ॥ | He acts in accordance with the karma of his past actions. |
| ਕਰਣੈਹਾਰੁ ਅਲਿਪਤੁ ਆਪਿ ॥ | Only the Creator Himself remains detached. |

| | |
|---|---|
| ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥ | God is not affected by virtue or vice. ‖6‖ |
| ਰਾਖਿ ਲੇਹੁ ਗੋਬਿੰਦ ਦਇਆਲ ॥ | Please save me, O Merciful Lord of the Universe! |
| ਤੇਰੀ ਸਰਣਿ ਪੂਰਨ ਕ੍ਰਿਪਾਲ ॥ | I seek Your Sanctuary, O Perfect Compassionate Lord. |
| ਤੁਝ ਬਿਨੁ ਦੂਜਾ ਨਹੀ ਠਾਉ ॥ | Without You, I have no other place of rest. |
| ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥ | Please take pity on me, God, and bless me with Your Name. ‖7‖ |
| ਤੂ ਕਰਤਾ ਤੂ ਕਰਣਹਾਰੁ ॥ | You are the Creator, and You are the Doer. |
| ਤੂ ਊਚਾ ਤੂ ਬਹੁ ਅਪਾਰੁ ॥ | You are High and Exalted, and You are totally Infinite. |
| ਕਰਿ ਕਿਰਪਾ ਲੜਿ ਲੇਹੁ ਲਾਇ ॥ | Please be merciful, and attach me to the hem of Your robe. |
| ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥ | Slave Nanak has entered the Sanctuary of God. ‖8‖2‖ |
| ਬਸੰਤ ਕੀ ਵਾਰ ਮਹਲੁ ੫ | Basant Kee Vaar, Fifth Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ | Meditate on the Lord's Name, and blossom forth in green abundance. |
| ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ | By your high destiny, you have been blessed with this wondrous spring of the soul. |
| ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ | See all the three worlds in bloom, and obtain the Fruit of Ambrosial Nectar. |
| ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥ | Meeting with the Holy Saints, peace wells up, and all sins are erased. |
| ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ | O Nanak, remember in meditation the One Name, and you shall never again be consigned to the womb of reincarnation.. ‖1‖ |
| ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ | The five powerful desires are bound down, when you lean on the True Lord. |
| ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ | The Lord Himself leads us to dwell at His Feet. He stands right in our midst. |

| | |
|---|---|
| ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ | All sorrows and sicknesses are eradicated, and you become ever-fresh and rejuvenated. |
| ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ | Night and day, meditate on the Naam, the Name of the Lord. You shall never again die. |
| ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥ | And the One, from whom we came, O Nanak, into Him we merge once again. \|\|2\|\| |
| ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ | Where do we come from? Where do we live? Where do we go in the end? |
| ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ | All creatures belong to God, our Lord and Master. Who can place a value on Him? |
| ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ | Those who meditate, listen and chant, those devotees are blessed and beautified. |
| ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥ | The Lord God is Inaccessible and Unfathomable; there is no other equal to Him. |
| ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥ | The Perfect Guru has taught this Truth. Nanak proclaims it to the world. \|\|3\|\|1\|\| |
| ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥ | The mountains, the earth, the water and the air shall pass away. Only the Word of the Holy Saint shall endure. \|\|1\|\| |
| ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ | Those born of eggs shall pass away, and those born of the womb shall pass away. Those born of the earth and sweat shall pass away as well. |
| ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥ | The four Vedas shall pass away, and the six Shaastras shall pass away. Only the Word of the Holy Saint is eternal. \|\|2\|\| |
| ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ | Raajas, the quality of energetic activity shall pass away. Taamas, the quality of lethargic darkness shall pass away. Saatvas, the quality of peaceful light shall pass away as well. |
| ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥ | All that is seen shall pass away. Only the Word of the Holy Saint is beyond destruction. \|\|3\|\| |
| ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥ | He Himself is Himself by Himself. All that is seen is His play. |
| ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥ | He cannot be found by any means. O Nanak, meeting with the Guru, God is found. \|\|4\|\|6\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮੇਰੈ ਮਨਿ ਬਾਸਿਬੋ ਗੁਰ ਗੋਬਿੰਦ ॥ | The Guru, the Lord of the Universe, dwells within my mind. |
| ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ ॥੧॥ ਰਹਾਉ ॥ | Wherever my Lord and Master is remembered in meditation - that village is filled with peace and bliss. \|\|1\|\|Pause\|\| |
| ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ ॥ | Wherever my Beloved Lord and Master is forgotten - all misery and misfortune is there. |
| ਜਹ ਗੁਨ ਗਾਇ ਆਨੰਦ ਮੰਗਲ ਰੂਪ ਤਹਾਂ ਸਦਾ ਸੁਖ ਸੰਪਦ ॥੧॥ | Where the Praises of my Lord, the Embodiment of Bliss and Joy are sung - eternal peace and wealth are there. \|\|1\|\| |
| ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ ॥ | Wherever they do not listen to the Stories of the Lord with their ears - the utterly desolate wilderness is there. |
| ਜਹਾਂ ਕੀਰਤਨੁ ਸਾਧਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ ॥੨॥ | Where the Kirtan of the Lord's Praises are sung with love in the Saadh Sangat - there is fragrance and fruit and joy in abundance. \|\|2\|\| |

| | |
|---|---|
| ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥ | Without meditative remembrance on the Lord, one may live for millions of years, but his life would be totally useless. |
| ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥੩॥ | But if he vibrates and meditates on the Lord of the Universe, for even a moment, then he shall live forever and ever. \|\|3\|\| |
| ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ ॥ | O God, I seek Your Sanctuary, Your Sanctuary, Your Sanctuary; please mercifully bless me with the Saadh Sangat, the Company of the Holy. |
| ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ ॥੪॥੭॥ | O Nanak, the Lord is All-pervading everywhere, amongst all. He knows the qualities and the condition of all. \|\|4\|\|7\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਬ ਮੋਹਿ ਰਾਮ ਭਰੋਸਉ ਪਾਏ ॥ | Now, I have obtained the Support of the Lord. |
| ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ ॥੧॥ ਰਹਾਉ ॥ | Those who seek the Sanctuary of the Ocean of Mercy are carried across the world-ocean. \|\|1\|\|Pause\|\| |
| ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥ | They sleep in peace, and intuitively merge into the Lord. The Guru takes away their cynicism and doubt. |
| ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧॥ | Whatever they wish for, the Lord does; they obtain the fruits of their minds' desires. \|\|1\|\| |
| ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥ | In my heart, I meditate on Him; with my eyes, I focus my meditation on Him. With my ears, I listen to His Sermon. |
| **੧੨੦੫** | **1205** |
| ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥ | With my feet, I walk on my Lord and Mater's Path. With my tongue, I sing the Glorious Praises of the Lord. \|\|2\|\| |
| ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥ | With my eyes, I see the Lord, the Embodiment of Absolute Bliss; the Saint has turned away from the world. |
| ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥ | I have found the Priceless Name of the Beloved Lord; it never leaves me or goes anywhere else. \|\|3\|\| |

| | |
|---|---|
| ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ ॥ | What praise, what glory and what virtues should I utter, in order to please the Lord? |
| ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ ॥੪॥੮॥ | That humble being, unto whom the Merciful Lord is kind - O servant Nanak, he is the slave of God's slaves. \|\|4\|\|8\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥ | Who can I tell, and with whom can I speak, about this state of peace and bliss? |
| ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ॥੧॥ ਰਹਾਉ ॥ | I am in ecstasy and delight, gazing upon the Blessed Vision of God's Darshan. My mind sings His Songs of Joy and His Glories. \|\|1\|\|Pause\|\| |
| ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥ | I am wonderstruck, gazing upon the Wondrous Lord. The Merciful Lord is All-pervading everywhere. |
| ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ ॥੧॥ | I drink in the Invaluable Nectar of the Naam, the Name of the Lord. Like the mute, I can only smile - I cannot speak of its flavor. \|\|1\|\| |
| ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ ॥ | As the breath is held in bondage, no one can understand its coming in and going out. |
| ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ ॥੨॥ | So is that person, whose heart is enlightened by the Lord - his story cannot be told. \|\|2\|\| |
| ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ ॥ | As many other efforts as you can think of - I have seen them and studied them all. |
| ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ ॥੩॥ | My Beloved, Carefree Lord has revealed Himself within the home of my own heart; thus I have realized the Inaccessible Lord. \|\|3\|\| |
| ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥ | The Absolute, Formless, Eternally Unchanging, Immeasurable Lord cannot be measured. |
| ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥੪॥੯॥ | Says Nanak, whoever endures the unendurable - this state belongs to him alone. \|\|4\|\|9\|\| |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥ | The corrupt person passes his days and nights uselessly. |
| ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥੧॥ ਰਹਾਉ ॥ | He does not vibrate and meditate on the Lord of the Universe; he is intoxicated with egotistical intellect. He loses his life in the gamble. \|\|1\|\|Pause\|\| |
| ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥ | The Naam, the Name of the Lord, is priceless, but he is not in love with it. He loves only to slander others. |
| ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥ | Weaving the grass, he builds his house of straw. At the door, he builds a fire. \|\|1\|\| |
| ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥ | He carries a load of sulfur on his head, and drives the Ambrosial Nectar out of his mind. |
| ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥੨॥ | Wearing his good clothes, the mortal falls into the coal-pit; again and again, he tries to shake it off. \|\|2\|\| |
| ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥ | Standing on the branch, eating and eating and smiling, he cuts down the tree. |
| ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥ | He falls down head-first and is shattered into bits and pieces. \|\|3\|\| |
| ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ | He bears vengeance against the Lord who is free of vengeance. The fool is not up to the task. |
| ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥੧੦॥ | Says Nanak, the Saving Grace of the Saints is the Formless, Supreme Lord God. \|\|4\|\|10\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥ | All the others are deluded by doubt; they do not understand. |
| ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ ॥੧॥ ਰਹਾਉ ॥ | That person, within whose heart the One Pure Word abides, realizes the essence of the Vedas. \|\|1\|\|Pause\|\| |
| ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥ | He walks in the ways of the world, trying to please people. |

| | |
|---|---|
| ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥੧॥ | But as long as his heart is not enlightened, he is stuck in pitch black darkness. \|\|1\|\| |
| ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ ॥ | The land may be prepared in every way, but nothing sprouts without being planted. |
| ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥੨॥ | Just so, without the Lord's Name, no one is liberated, nor is egotistical pride eradicated. \|\|2\|\| |
| ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥ | The mortal may churn water until he is sore, but how can butter be produced? |
| ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥੩॥ | Without meeting the Guru, no one is liberated, and the Lord of the Universe is not met. \|\|3\|\| |

## ੧੨੦੬ — 1206

| | |
|---|---|
| ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ ॥ | Searching and searching, I have come to this realization: all peace and bliss are in the Name of the Lord. |
| ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ ॥੪॥੧੧॥ | Says Nanak, he alone receives it, upon whose forehead such destiny is inscribed. \|\|4\|\|11\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਨਦਿਨੁ ਰਾਮ ਕੇ ਗੁਣ ਕਹੀਐ ॥ | Night and day, utter the Glorious Praises of the Lord. |
| ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧॥ ਰਹਾਉ ॥ | You shall obtain all wealth, all pleasures and successes, and the fruits of your mind's desires. \|\|1\|\|Pause\|\| |
| ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ ॥ | Come, O Saints, let us meditate in remembrance on God; He is the Eternal, Imperishable Giver of Peace and Praanaa, the Breath of Life. |
| ਅਨਾਥਹ ਨਾਥੁ ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ ॥੧॥ | Master of the masterless, Destroyer of the pains of the meek and the poor; He is All-pervading and permeating, abiding in all hearts. \|\|1\|\| |
| ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ ॥ | The very fortunate ones drink in the Sublime Essence of the Lord, singing, reciting and listening to the Lord's Praises. |

| | |
|---|---|
| ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ ॥੨॥ | All their sufferings and struggles are wiped away from their bodies; they remain lovingly awake and aware in the Name of the Lord. ‖2‖ |
| ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥ | So abandon your sexual desire, greed, falsehood and slander; meditating in remembrance on the Lord, you shall be released from bondage. |
| ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥ | The intoxication of loving attachments, egotism and blind possessiveness are eradicated by Guru's Grace. ‖3‖ |
| ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥ | You are All-Powerful, O Supreme Lord God and Master; please be Merciful to Your humble servant. |
| ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ ॥੪॥੧੨॥ | My Lord and Master is All-pervading and prevailing everywhere; O Nanak, God is Near. ‖4‖12‖ |
| ਸਾਰਗ ਮਹਲਾ ੫ ॥ | Saarang, Fifth Mehl: |
| ਬਲਿਹਾਰੀ ਗੁਰਦੇਵ ਚਰਨ ॥ | I am a sacrifice to the Feet of the Divine Guru. |
| ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ ਕਰਨ ॥੧॥ ਰਹਾਉ ॥ | I meditate with Him on the Supreme Lord God; His Teachings have emancipated me. ‖1‖Pause‖ |
| ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥ | All pains, diseases and fears are erased, for one who comes to the Sanctuary of the Lord's Saints. |
| ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥੧॥ | He Himself chants, and inspires others to chant the Naam, the Name of the Lord. He is Utterly All-Powerful; He carries us across to the other side. ‖1‖ |
| ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥ | His Mantra drives out cynicism, and totally fills the empty one. |
| ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥ | Those who obey the Order of the Lord's slaves, do not enter into the womb of reincarnation ever again. ‖2‖ |
| ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥ | Whoever works for the Lord's devotees and sings His Praises - his pains of birth and death are taken away. |
| ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ ॥੩॥ | Those unto whom my Beloved becomes Merciful, endure the Unendurable Ecstasy of the Lord, Har, Har. ‖3‖ |

| | |
|---|---|
| ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤ ਬਰਨ ॥ | Those who are satisfied by the Sublime Essence of the Lord, merge intuitively into the Lord; no mouth can describe their state. |
| ਗੁਰ ਪ੍ਰਸਾਦਿ ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥੪॥੧੩॥ | By Guru's Grace, O Nanak, they are content; chanting and meditating on God's Name, they are saved. ‖4‖13‖ |
| ਸਾਰਗ ਮਹਲਾ ੫ ॥ | Saarang, Fifth Mehl: |
| ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥ | I sing, O I sing the Songs of Joy of my Lord, the Treasure of Virtue. |
| ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥੧॥ ਰਹਾਉ ॥ | Fortunate is the time, fortunate is the day and the moment, when I become pleasing to the Lord of the World. ‖1‖Pause‖ |
| ਸੰਤਹ ਚਰਨ ਮੋਰਲੋ ਮਾਥਾ ॥ | I touch my forehead to the Feet of the Saints. |
| ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥ | The Saints have placed their hands on my forehead. ‖1‖ |
| ਸਾਧਹ ਮੰਤ੍ਰੁ ਮੋਰਲੋ ਮਨੂਆ ॥ | My mind is filled with the Mantra of the Holy Saints, |
| ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥ | and I have risen above the three qualities‖2‖ |
| ਭਗਤਹ ਦਰਸੁ ਦੇਖਿ ਨੈਨ ਰੰਗਾ ॥ | Gazing upon the Blessed Vision, the Darshan of God's devotees, my eyes are filled with love. |
| ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥ | Greed and attachment are gone, along with doubt. ‖3‖ |
| ਕਹੁ ਨਾਨਕ ਸੁਖ ਸਹਜ ਅਨੰਦਾ ॥ | Says Nanak, I have found intuitive peace, poise and bliss. |
| ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥ | Tearing down the wall, I have met the Lord, the Embodiment of Supreme Bliss. ‖4‖14‖ |
| ਸਾਰਗ ਮਹਲਾ ੫ ਘਰੁ ੨ | Saarang, Fifth Mehl, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕੈਸੇ ਕਹਉ ਮੋਹਿ ਜੀਅ ਬੇਦਨਾਈ ॥ | How can I express the pain of my soul? |

| | |
|---|---|
| ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ ॥੧॥ ਰਹਾਉ ॥ | I am so thirsty for the Blessed Vision, the Darshan of my Enticing and Lovely Beloved. My mind cannot survive - it yearns for Him in so many ways. \|\|1\|\|Pause\|\| |
| **੧੨੦੭** | **1207** |
| ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ॥ | I think thoughts of Him; I miss the Love of my Beloved. When will I obtain the Blessed Vision of the Lord's Darshan? |
| ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ ॥੧॥ | I try, but this mind is not encouraged. Is there any Saint who can lead me to God? \|\|1\|\| |
| ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥ | Chanting, penance, self-control, good deeds and charity - I sacrifice all these in fire; I dedicate all peace and places to Him. |
| ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥੨॥ | One who helps me to behold the Blessed Vision of my Beloved, for even an instant - I am a sacrifice to that Saint. \|\|2\|\| |
| ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥ | I offer all my prayers and entreaties to him; I serve him, day and night. |
| ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ॥੩॥ | I have renounced all pride and egotism; he tells me the stories of my Beloved. \|\|3\|\| |
| ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ ॥ | I am wonder-struck, gazing upon the wondrous play of God. The Guru, the True Guru, has led me to meet the Primal Lord. |
| ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥੪॥੧॥੧੫॥ | I have found God, my Merciful Loving Lord, within the home of my own heart. O Nanak, the fire within me has been quenched. \|\|4\|\|1\|\|15\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਰੇ ਮੂੜ੍ਰੇ ਤੂ ਕਿਉ ਸਿਮਰਤ ਅਬ ਨਾਹੀ ॥ | You fool, why are you not meditating on the Lord now? |

| | |
|---|---|
| ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ ॥੧॥ ਰਹਾਉ ॥ | In the awful hell of the fire of the womb, you did penance, upside-down; each and every instant, you sang His Glorious Praises. \|\|1\|\|Pause\|\| |
| ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ ਦੁਲਭਾਹੀ ॥ | You wandered through countless incarnations, until finally you attained this priceless human birth. |
| ਗਰਭ ਜੋਨਿ ਛੋਡਿ ਜਉ ਨਿਕਸਿਓ ਤਉ ਲਾਗੋ ਅਨ ਠਾਂਹੀ ॥੧॥ | Leaving the womb, you were born, and when you came out, you became attached to other places. \|\|1\|\| |
| ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ ॥ | You practiced evil and fraud day and night, and did useless deeds. |
| ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥੨॥ | You thrash the straw, but it has no wheat; running around and hurrying, you obtain only pain. \|\|2\|\| |
| ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ ॥ | The false person is attached to falsehood; he is entangled with transitory things. |
| ਧਰਮ ਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ ਜਾਹੀ ॥੩॥ | And when the Righteous Judge of Dharma seizes you, O madman, you shall arise and depart with your face blackened. \|\|3\|\| |
| ਸੋ ਮਿਲਿਆ ਜੋ ਪ੍ਰਭੂ ਮਿਲਾਇਆ ਜਿਸੁ ਮਸਤਕਿ ਲੇਖੁ ਲਿਖਾਂਹੀ ॥ | He alone meets with God, whom God Himself meets, by such pre-ordained destiny written on his forehead. |
| ਕਹੁ ਨਾਨਕ ਤਿਨ੍ ਜਨ ਬਲਿਹਾਰੀ ਜੋ ਅਲਿਪ ਰਹੇ ਮਨ ਮਾਂਹੀ ॥੪॥੨॥੧੬॥ | Says Nanak, I am a sacrifice to that humble being, who remains unattached within his mind. \|\|4\|\|2\|\|16\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥ | How can I live without my Beloved, O my mother? |
| ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥੧॥ ਰਹਾਉ ॥ | Separated from Him, the mortal becomes a corpse, and is not allowed to remain within the house. \|\|1\|\|Pause\|\| |
| ਜੀਅ ਹੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥ | He is the Giver of the soul, the heart, the breath of life. Being with Him, we are embellished with joy. |
| ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥੧॥ | Please bless me with Your Grace, O Saint, that I may sing the songs of joyful praise to my God. \|\|1\|\| |

ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ ॥

I touch my forehead to the feet of the Saints. My eyes long for their dust.

ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥੨॥੩॥੧੭॥

By His Grace, we meet God; O Nanak, I am a sacrifice, a sacrifice to Him. ||2||3||17||

ਸਾਰਗ ਮਹਲਾ ੫ ॥

Saarang, Fifth Mehl:

ਉਆ ਅਉਸਰ ਕੈ ਹਉ ਬਲਿ ਜਾਈ ॥

I am a sacrifice to that occasion.

ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥੧॥ ਰਹਾਉ ॥

Twenty-four hours a day, I meditate in remembrance on my God; by great good fortune, I have found the Lord. ||1||Pause||

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥

Kabeer is good, the slave of the Lord's slaves; the humble barber Sain is sublime.

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥੧॥

Highest of the high is Naam Dayv, who looked upon all alike; Ravi Daas was in tune with the Lord. ||1||

ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥

My soul, body and wealth belong to the Saints; my mind longs for the dust of the Saints.

ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥੨॥੪॥੧੮॥

And by the radiant Grace of the Saints, all my doubts have been erased. O Nanak, I have met the Lord. ||2||4||18||

ਸਾਰਗ ਮਹਲਾ ੫ ॥

Saarang, Fifth Mehl:

ਮਨੋਰਥ ਪੂਰੇ ਸਤਿਗੁਰ ਆਪਿ ॥

The True Guru fulfills the mind's desires.

**੧੨੦੮**

**1208**

ਸਗਲ ਪਦਾਰਥ ਸਿਮਰਨਿ ਜਾ ਕੈ ਆਠ ਪਹਰ ਮੇਰੇ ਮਨ ਜਾਪਿ ॥੧॥ ਰਹਾਉ ॥

All wealth and treasures are obtained by remembering Him in meditation; twenty-four hours a day, O my mind, meditate on Him. ||1||Pause||

ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥

Your Name is Ambrosial Nectar, O my Lord and Master. Whoever drinks it in is satisfied.

ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ ॥੧॥

The sins of countless incarnations are erased, and hereafter, he shall be saved and redeemed in the Court of the Lord. ||1||

ਸਰਨਿ ਤੁਮਾਰੀ ਆਇਓ ਕਰਤੇ ਪਾਰਬ੍ਰਹਮ ਪੂਰਨ ਅਬਿਨਾਸ ॥

I have come to Your Sanctuary, O Creator, O Perfect Supreme Eternal Lord God.

ਕਰਿ ਕਿਰਪਾ ਤੇਰੇ ਚਰਨ ਧਿਆਵਉ ਨਾਨਕ ਮਨਿ ਤਨਿ ਦਰਸ ਪਿਆਸ ॥੨॥੫॥੧੯॥

Please be kind to me, that I may meditate on Your Lotus Feet. O Nanak, my mind and body thirst for the Blessed Vision of Your Darshan. ||2||5||19||

ਸਾਰਗ ਮਹਲਾ ੫ ਘਰੁ ੩

Saarang, Fifth Mehl, Third House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਮਨ ਕਹਾ ਲੁਭਾਈਐ ਆਨ ਕਉ ॥

O my mind, why are you lured away by otherness?

ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥੧॥ ਰਹਾਉ ॥

Here and hereafter, God is forever your Help and Support. He is your soul-mate; He will help you succeed. ||1||Pause||

ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥

The Name of your Beloved Lover, the Fascinating Lord, is Ambrosial Nectar. Drinking it in, you shall find satisfaction.

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥

The Being of Immortal Manifestation is found in the Saadh Sangat, the Company of the Holy. Meditate on Him in that most sublime place. ||1||

ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥

The Bani, the Word of the Supreme Lord God, is the greatest Mantra of all. It eradicates pride from the mind.

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥

Searching, Nanak found the home of peace and bliss in the Name of the Lord. ||2||1||20||

ਸਾਰਗ ਮਹਲਾ ੫ ॥

Saarang, Fifth Mehl:

ਮਨ ਸਦਾ ਮੰਗਲ ਗੋਬਿੰਦ ਗਾਇ ॥

O my mind, sing forever the Songs of Joy of the Lord of the Universe.

ਰੋਗ ਸੋਗ ਤੇਰੇ ਮਿਟਹਿ ਸਗਲ ਅਘ ਨਿਮਖ ਹੀਐ ਹਰਿ ਨਾਮੁ ਧਿਆਇ ॥੧॥ ਰਹਾਉ ॥

All your disease, sorrow and sin will be erased, if you meditate on the Lord's Name, even for an instant. ||1||Pause||

ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥

Abandon all your clever tricks; go and enter the Sanctuary of the Holy.

| | |
|---|---|
| ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮ ਰਾਇ ॥੧॥ | When the Lord, the Destroyer of the pains of the poor becomes merciful, the Messenger of Death is changed into the Righteous Judge of Dharma. ‖1‖ |
| ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥ | Without the One Lord, there is no other at all. No one else can equal Him. |
| ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥੨॥੨॥੨੧॥ | The Lord is Nanak's Mother, Father and Sibling, the Giver of Peace, his Breath of Life. ‖2‖2‖21‖ |
| ਸਾਰਗ ਮਹਲਾ ੫ ॥ | Saarang, Fifth Mehl: |
| ਹਰਿ ਜਨ ਸਗਲ ਉਧਾਰੇ ਸੰਗ ਕੇ ॥ | The Lord's humble servant saves those who accompany him. |
| ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ ॥੧॥ ਰਹਾਉ ॥ | Their minds are sanctified and rendered pure, and they are rid of the pains of countless incarnations. ‖1‖Pause‖ |
| ਮਾਰਗਿ ਚਲੇ ਤਿਨੀ ਸੁਖੁ ਪਾਇਆ ਜਿਨੑ ਸਿਉ ਗੋਸਟਿ ਸੇ ਤਰੇ ॥ | Those who walk on the path find peace; they are saved, along with those who speak with them. |
| ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥ | Even those who are drowning in the horrible, deep dark pit are carried across in the Saadh Sangat, the Company of the Holy. ‖1‖ |
| ਜਿਨੑ ਕੇ ਭਾਗ ਬਡੇ ਹੈ ਭਾਈ ਤਿਨੑ ਸਾਧੂ ਸੰਗਿ ਮੁਖ ਜੁਰੇ ॥ | Those who have such high destiny turn their faces toward the Saadh Sangat. |
| ਤਿਨੑ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥ | Nanak longs for the dust of their feet; O God, please shower Your Mercy on me! ‖2‖3‖22‖ |
| ਸਾਰਗ ਮਹਲਾ ੫ ॥ | Saarang, Fifth Mehl: |
| ਹਰਿ ਜਨ ਰਾਮ ਰਾਮ ਰਾਮ ਧਿਆਂਏ ॥ | The humble servant of the Lord meditates on the Lord, Raam, Raam, Raam. |
| ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥ | One who enjoys peace in the Company of the Holy, even for an instant, obtains millions of heavenly paradises. ‖1‖Pause‖ |
| ਦੁਲਭ ਦੇਹ ਜਪਿ ਹੋਤ ਪੁਨੀਤਾ ਜਮ ਕੀ ਤ੍ਰਾਸ ਨਿਵਾਰੈ ॥ | This human body, so difficult to obtain, is sanctified by meditating on the Lord. It takes away the fear of death. |
| ਮਹਾ ਪਤਿਤ ਕੇ ਪਾਤਿਕ ਉਤਰਹਿ ਹਰਿ ਨਾਮਾ ਉਰਿ ਧਾਰੈ ॥੧॥ | Even the sins of terrible sinners are washed away, by cherishing the Lord's Name within the heart. ‖1‖ |

ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ ॥

Whoever listens to the Immaculate Praises of the Lord - his pains of birth and death are dispelled.

ਕਹੁ ਨਾਨਕ ਪਾਈਐ ਵਡਭਾਗੀ ਮਨ ਤਨ ਹੋਇ ਬਿਗਾਸਾ ॥੨॥੪॥੨੩॥

Says Nanak, the Lord is found by great good fortune, and then the mind and body blossom forth. ||2||4||23||

## ੧੨੦੯

## 1209

ਸਾਰਗ ਮਹਲਾ ੫ ਦੁਪਦੇ ਘਰੁ ੪

Saarang, Fifth Mehl, Du-Padas, Fourth House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਮੋਹਨ ਘਰਿ ਆਵਹੁ ਕਰਉ ਜੋਦਰੀਆ ॥

O my Fascinating Lord, I pray to You: come into my house.

ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥੧॥ ਰਹਾਉ ॥

I act in pride, and speak in pride. I am mistaken and wrong, but I am still Your hand-maiden, O my Beloved. ||1||Pause||

ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ ॥

I hear that You are near, but I cannot see You. I wander in suffering, deluded by doubt.

ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ ॥੧॥

The Guru has become merciful to me; He has removed the veils. Meeting with my Beloved, my mind blossoms forth in abundance. ||1||

ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥

If I were to forget my Lord and Master, even for an instant, it would be like millions of days, tens of thousands of years.

ਸਾਧਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥

When I joined the Saadh Sangat, the Company of the Holy, O Nanak, I met my Lord. ||2||1||24||

ਸਾਰਗ ਮਹਲਾ ੫ ॥

Saarang, Fifth Mehl:

ਅਬ ਕਿਆ ਸੋਚਉ ਸੋਚ ਬਿਸਾਰੀ ॥

Now what should I think? I have given up thinking.

ਕਰਣਾ ਸਾ ਸੋਈ ਕਰਿ ਰਹਿਆ ਦੇਹਿ ਨਾਉ ਬਲਿਹਾਰੀ ॥੧॥ ਰਹਾਉ ॥

You do whatever You wish to do. Please bless me with Your Name - I am a sacrifice to You. ||1||Pause||

ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥

The poison of corruption is flowering forth in the four directions; I have taken the GurMantra as my antidote.

ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥੧॥

Giving me His Hand, He has saved me as His Own; like the lotus in the water, I remain unattached. ||1||

ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ ॥

I am nothing. What am I? You hold all in Your Power.

ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥੨॥੨॥੨੫॥

Nanak has run to Your Sanctuary, Lord; please save him, for the sake of Your Saints. ||2||2||25||

ਸਾਰਗ ਮਹਲਾ ੫ ॥

Saarang, Fifth Mehl:

ਅਬ ਮੋਹਿ ਸਰਬ ਉਪਾਵ ਬਿਰਕਾਤੇ ॥

Now I have abandoned all efforts and devices.

ਕਰਣ ਕਾਰਣ ਸਮਰਥ ਸੁਆਮੀ ਹਰਿ ਏਕਸੁ ਤੇ ਮੇਰੀ ਗਾਤੇ ॥੧॥ ਰਹਾਉ ॥

My Lord and Master is the All-powerful Creator, the Cause of causes, my only Saving Grace. ||1||Pause||

ਦੇਖੇ ਨਾਨਾ ਰੂਪ ਬਹੁ ਰੰਗਾ ਅਨ ਨਾਹੀ ਤੁਮ ਭਾਂਤੇ ॥

I have seen numerous forms of incomparable beauty, but nothing is like You.

ਦੇਂਹਿ ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ ॥੧॥

You give Your Support to all, O my Lord and Master; You are the Giver of peace, of the soul and the breath of life. ||1||

ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥

Wandering, wandering, I grew so tired; meeting the Guru, I fell at His Feet.

ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੂਖਿ ਬਿਹਾਨੀ ਰਾਤੇ ॥੨॥੩॥੨੬॥

Says Nanak, I have found total peace; this life-night of mine passes in peace. ||2||3||26||

ਸਾਰਗ ਮਹਲਾ ੫ ॥

Saarang, Fifth Mehl:

ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥

Now I have found the Support of my Lord.

ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ ਦੇਖਾ ॥੧॥ ਰਹਾਉ ॥

The Guru, the Giver of peace, has become merciful to me. I was blind - I see the jewel of the Lord. ||1||Pause||

ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥

I have cut away the darkness of ignorance and become immaculate; my discriminating intellect has blossomed forth.

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥

As the waves of water and the foam become water again, the Lord and His servant become One. ||1||

| | |
|---|---|
| ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ॥ | He is taken in again, into what from which he came; all is one in the One Lord. |
| ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ ॥੨॥੪॥੨੭॥ | O Nanak, I have come to see the Master of the breath of life, all-pervading everywhere. ‖2‖4‖27‖ |
| ਸਾਰਗ ਮਹਲਾ ੫ ॥ | Saarang, Fifth Mehl: |
| ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥ | My mind longs for the One Beloved Lord. |
| ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ ਰਹਾਉ ॥ | I have looked everywhere in every country, but nothing equals even a hair of my Beloved. ‖1‖Pause‖ |
| ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥ | All sorts of delicacies and dainties are placed before me, but I do not even want to look at them. |
| ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥੧॥ | I long for the sublime essence of the Lord, calling, "Pri-o! Pri-o! - Beloved! Beloved!", like the Bumble bee longing for the lotus flower. ‖1‖ |

## ੧੨੧੦ — 1210

| | |
|---|---|
| ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ ॥ | The Treasure of Virtue, the Enticer of the mind, my Beloved is the Giver of peace to all. |
| ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥ | Guru Nanak has led me to You, O God. Join with me, O my Best Friend, and hold me close in Your Embrace. ‖2‖5‖28‖ |
| ਸਾਰਗ ਮਹਲਾ ੫ ॥ | Saarang, Fifth Mehl: |
| ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥ | Now my mind is pleased and appeased by my Lord and Master. |
| ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥੧॥ ਰਹਾਉ ॥ | The Holy Saint has become kind and compassionate to me, and has destroyed this demon of duality. ‖1‖Pause‖ |

ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥
You are so beautiful, and You are so wise; You are elegant and all-knowing.

ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ ॥੧॥
All the Yogis, spiritual teachers and meditators do not know even a bit of Your value. ||1||

ਤੁਮ ਹੀ ਨਾਇਕ ਤੁਮ੍ਹਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥
You are the Master, You are the Lord under the royal canopy; You are the perfectly pervading Lord God.

ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥੨॥੬॥੨੯॥
Please bless me with the gift of service to the Saints; O Nanak, I am a sacrifice to the Lord. ||2||6||29||

ਸਾਰਗ ਮਹਲਾ ੫ ॥
Saarang, Fifth Mehl:

ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥
The Love of my Beloved comes into my conscious mind.

ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥੧॥ ਰਹਾਉ ॥
I have forgotten the entangling affairs of Maya, and I spend my life-night fighting with evil. ||1||Pause||

ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤਸੰਗਾ ॥
I serve the Lord; the Lord abides within my heart. I have found my Lord in the Sat Sangat, the True Congregation.

ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ ਮੁਖ ਮੰਗਾ ॥੧॥
So I have met with my enticingly beautiful Beloved; I have obtained the peace which I asked for. ||1||

ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ ॥
The Guru has brought my Beloved under my control, and I enjoy Him with unrestrained pleasure.

ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ ॥੨॥੭॥੩੦॥
I have become fearless; O Nanak, my fears have been eradicated. Chanting the Word, I have found the Lord. ||2||7||30||

ਸਾਰਗ ਮਹਲਾ ੫ ॥
Saarang, Fifth Mehl:

ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥
I am a sacrifice to the Blessed Vision, the Darshan of my Dear Lord.

ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ ॥੧॥ ਰਹਾਉ ॥
The Naad, the Sound-current of His Word fills my ears; my body has settled gently into the Lap of my Beloved. ||1||Pause||

ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥
I was a discarded bride, and the Guru has made me a happy soul-bride. I have found the Elegant and All-knowing Lord.

| | |
|---|---|
| ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ ॥੧॥ | That home, in which I was not even allowed to sit - I have found that place in which I can dwell. \|\|1\|\| |
| ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ ॥ | God, the Love of His devotees, has come under the control of those who protect the honor of His Saints. |
| ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ ਕਾਣਿ ਲੋਕਾਨੀ ॥੨॥੮॥੩੧॥ | Says Nanak, my mid is pleased and appeased with the Lord, and my subservience to other people has come to an end. \|\|2\|\|8\|\|31\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਬ ਮੋਰੋ ਪੰਚਾ ਤੇ ਸੰਗੁ ਤੂਟਾ ॥ | Now my association with the five thieves has come to an end. |
| ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ ॥੧॥ ਰਹਾਉ ॥ | Gazing upon the Blessed Vision of the Lord's Darshan, my mind is in ecstasy; by Guru's Grace, I am released. \|\|1\|\|Pause\|\| |
| ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ ॥ | The impregnable place is guarded by countless ramparts and warriors. |
| ਬਿਖਮ ਗਾਰੁ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ ॥੧॥ | This impregnable fortress cannot be touched, but with the assistance of the Saints, I have entered and robbed it. \|\|1\|\| |
| ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ ॥ | I have found such a great treasure, a priceless, inexhaustible supply of jewels. |
| ਜਨ ਨਾਨਕ ਪ੍ਰਭਿ ਕਿਰਪਾ ਧਾਰੀ ਤਉ ਮਨ ਮਹਿ ਹਰਿ ਰਸੁ ਘੂਟਾ ॥੨॥੯॥੩੨॥ | O servant Nanak, when God showered His Mercy on me, my mind drank in the sublime essence of the Lord. \|\|2\|\|9\|\|32\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਬ ਮੋਰੋ ਠਾਕੁਰ ਸਿਉ ਮਨੁ ਲੀਨਾ ॥ | Now my mind is absorbed in my Lord and Master. |
| ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥ | The Perfect Guru has blessed me with the gift of the breath of life. I am involved with the Lord, like the fish with the water. \|\|1\|\|Pause\|\| |

| | |
|---|---|
| ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥ | I have cast out sexual desire, anger, greed, egotism and envy; I have offered all this as a gift. |
| ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥ | The Guru has implanted the medicine of the Lord's Mantra within me, and I have met with the All-knowing Lord God. \|\|1\|\| |
| ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥ | My household belongs to You, O my Lord and Master; the Guru has blessed me with God, and rid me of egotism. |

## ੧੨੧੧ — 1211

| | |
|---|---|
| ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥ | Says Nanak, I have found the Lord with intuitive ease, within the home of my own heart. Devotional worship of the Lord is a treasure over-flowing. \|\|2\|\|10\|\|33\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥ | O my Enticing Lord, all beings are Yours - You save them. |
| ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ ॥੧॥ ਰਹਾਉ ॥ | Even a tiny bit of Your Mercy ends all cruelty and tyranny. You save and redeem millions of universes. \|\|1\|\|Pause\|\| |
| ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਾਰਹਿ ॥ | I offer countless prayers; I remember You each and every instant. |
| ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ ॥੧॥ | Please be merciful to me, O Destroyer of the pains of the poor; please give me Your hand and save me. \|\|1\|\| |
| ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ ॥ | And what about these poor kings? Tell me, who can they kill? |
| ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਾਰਹਿ ॥੨॥੧੧॥੩੪॥ | Save me, save me, save me, O Giver of peace; O Nanak, all the world is Yours. \|\|2\|\|11\|\|34\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥ | Now I have obtained the wealth of the Lord's Name. |

ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ ਇਹੁ ਲਿਖਿਓ ਲੇਖੁ ਮਥਾਮਾ ॥੧॥ ਰਹਾਉ ॥

I have become carefree, and all my thirsty desires are satisfied. Such is the destiny written on my forehead. ||1||Pause||

ਖੋਜਤ ਖੋਜਤ ਭਇਓ ਬੈਰਾਗੀ ਫਿਰਿ ਆਇਓ ਦੇਹ ਗਿਰਾਮਾ ॥

Searching and searching, I became depressed; I wandered all around, and finally came back to my body-village.

ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ ਹਥਿ ਚਰਿਓ ਲਾਲੁ ਅਗਾਮਾ ॥੧॥

The Merciful Guru made this deal, and I have obtained the priceless jewel. ||1||

ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ ॥

The other deals and trades which I did, brought only sorrow and suffering.

ਗੋਬਿਦ ਭਜਨ ਕੇ ਨਿਰਭੈ ਵਾਪਾਰੀ ਹਰਿ ਰਾਸਿ ਨਾਨਕ ਰਾਮ ਨਾਮਾ ॥੨॥੧੨॥੩੫॥

Fearless are those traders who deal in meditation on the Lord of the Universe. O Nanak, the Lord's Name is their capital. ||2||12||35||

ਸਾਰਗ ਮਹਲਾ ੫ ॥

Saarang, Fifth Mehl:

ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ ॥

The Speech of my Beloved seems so sweet to my mind.

ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ ॥੧॥ ਰਹਾਉ ॥

The Guru has taken hold of my arm, and linked me to God's service. My Beloved Lord is forever merciful to me. ||1||Pause||

ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ ਕਲਤ੍ਰ ਸਹਿਤ ਸਭਿ ਗੋਲਾ ॥

O God, You are my Lord and Master; You are the Cherisher of all. My wife and I are totally Your slaves.

ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲ੍ਹਾ ॥੧॥

You are all my honor and power - You are. Your Name is my only Support. ||1||

ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ ਕੇਤਕ ਬੋਲਾ ॥

If You seat me on the throne, then I am Your slave. If You make me a grass-cutter, then what can I say?

ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ ਮੇਰੇ ਠਾਕੁਰ ਅਗਹ ਅਤੋਲਾ ॥੨॥੧੩॥੩੬॥

Servant Nanak's God is the Primal Lord, the Architect of Destiny, Unfathomable and Immeasurable. ||2||13||36||

ਸਾਰਗ ਮਹਲਾ ੫ ॥

Saarang, Fifth Mehl:

ਰਸਨਾ ਰਾਮ ਕਹਤ ਗੁਣ ਸੋਹੰ ॥

The tongue becomes beautiful, uttering the Glorious Praises of the Lord.

| | |
|---|---|
| ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ ਮੋਹੰ ॥੧॥ ਰਹਾਉ ॥ | In an instant, He creates and destroys. Gazing upon His Wondrous Plays, my mind is fascinated. \|\|1\|\|Pause\|\| |
| ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ ਰਿਦੈ ਮਾਨ ਦੁਖ ਜੋਹੰ ॥ | Listening to His Praises, my mind is in utter ecstasy, and my heart is rid of pride and pain. |
| ਸੁਖੁ ਪਾਇਓ ਦੁਖੁ ਦੂਰਿ ਪਰਾਇਓ ਬਣਿ ਆਈ ਪ੍ਰਭ ਤੋਂਹੰ ॥੧॥ | I have found peace, and my pains have been taken away, since I became one with God. \|\|1\|\| |
| ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹੰ ॥ | Sinful resides have been wiped away, and my mind is immaculate. The Guru has lifted me up and pulled me out of the deception of Maya. |
| ਕਹੁ ਨਾਨਕ ਮੈ ਸੋ ਪ੍ਰਭੁ ਪਾਇਆ ਕਰਣ ਕਾਰਣ ਸਮਰਥੋਹੰ ॥੨॥੧੪॥੩੭॥ | Says Nanak, I have found God, the All-powerful Creator, the Cause of causes. \|\|2\|\|14\|\|37\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਨੈਨਹੁ ਦੇਖਿਓ ਚਲਤੁ ਤਮਾਸਾ ॥ | With my eyes, I have seen the marvellous wonders of the Lord. |
| ਸਭ ਹੂ ਦੂਰਿ ਸਭ ਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥੧॥ ਰਹਾਉ ॥ | He is far from all, and yet near to all. He is Inaccessible and Unfathomable, and yet He dwells in the heart. \|\|1\|\|Pause\|\| |
| ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ ॥ | The Infallible Lord never makes a mistake. He does not have to write His Orders, and He does not have to consult with anyone. |
| ਖਿਨ ਮਹਿ ਸਾਜਿ ਸਵਾਰਿ ਬਿਨਾਹੈ ਭਗਤਿ ਵਛਲ ਗੁਣਤਾਸਾ ॥੧॥ | In an instant, He creates, embellishes and destroys. He is the Lover of His devotees, the Treasure of Excellence. \|\|1\|\| |
| ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥ | Lighting the lamp in the deep dark pit, the Guru illumines and enlightens the heart. |
| ੧੨੧੨ | 1212 |
| ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥੨॥੧੫॥੩੮॥ | Says Nanak, gazing upon the Blessed Vision of His Darshan, I have found peace, and all my hopes have been fulfilled. \|\|2\|\|15\|\|38\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਚਰਨਹ ਗੋਬਿੰਦ ਮਾਰਗੁ ਸੁਹਾਵਾ ॥ | The most beautiful path for the feet is to follow the Lord of the Universe. |

| | |
|---|---|
| ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ ॥੧॥ ਰਹਾਉ ॥ | The more you walk on any other path, the more you suffer in pain. ‖1‖Pause‖ |
| ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ ॥ | The eyes are sanctified, gazing upon the Blessed Vision of the Lord's Darshan. Serving Him, the hands are sanctified. |
| ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ ॥੧॥ | The heart is sanctified, when the Lord abides within the heart; that forehead which touches the dust of the feet of the Saints is sanctified. ‖1‖ |
| ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ ਪਾਵਾ ॥ | All treasures are in the Name of the Lord, Har, Har; he alone obtains it, who has it written in his karma. |
| ਜਨ ਨਾਨਕ ਕਉ ਗੁਰੁ ਪੂਰਾ ਭੇਟਿਓ ਸੁਖਿ ਸਹਜੇ ਅਨਦ ਬਿਹਾਵਾ ॥੨॥੧੬॥੩੯॥ | Servant Nanak has met with the Perfect Guru; he passes his life-night in peace, poise and pleasure. ‖2‖16‖39‖ |
| ਸਾਰਗ ਮਹਲਾ ੫ ॥ | Saarang, Fifth Mehl: |
| ਧਿਆਇਓ ਅੰਤਿ ਬਾਰ ਨਾਮੁ ਸਖਾ ॥ | Meditate on the Naam, the Name of the Lord; at the very last instant, it shall be your Help and Support. |
| ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ ॥੧॥ ਰਹਾਉ ॥ | In that place where your mother, father, children and siblings shall be of no use to you at all, there, the Name alone shall save you. ‖1‖Pause‖ |
| ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖੁ ਲਿਖਾ ॥ | He alone meditates on the Lord in the deep dark pit of his own household, upon whose forehead such destiny is written. |
| ਖੂਲੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ ॥੧॥ | His bonds are loosened, and the Guru liberates him. He sees You, O Lord, everywhere. ‖1‖ |
| ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ ॥ | Drinking in the Ambrosial Nectar of the Naam, his mind is satisfied. Tasting it, his tongue is satiated. |
| ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥ | Says Nanak, I have obtained celestial peace and poise; the Guru has quenched all my thirst. ‖2‖17‖40‖ |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਗੁਰ ਮਿਲਿ ਐਸੇ ਪ੍ਰਭੂ ਧਿਆਇਆ ॥ | Meeting the Guru, I meditate on God in such a way, |
| ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ ਲਗੈ ਨ ਤਾਤੀ ਬਾਇਆ ॥੧॥ ਰਹਾਉ ॥ | that He has become kind and compassionate to me. He is the Destroyer of pain; He does not allow the hot wind to even touch me. \|\|1\|\|Pause\|\| |
| ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ ॥ | With each and every breath I take, I sing the Glorious Praises of the Lord. |
| ਨਿਮਖ ਨ ਬਿਛੁਰੈ ਘਰੀ ਨ ਬਿਸਰੈ ਸਦ ਸੰਗੇ ਜਤ ਜਾਇਆ ॥੧॥ | He is not separated from me, even for an instant, and I never forget Him. He is always with me, wherever I go. \|\|1\|\| |
| ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ ਬਲਿ ਬਲਿ ਗੁਰ ਦਰਸਾਇਆ ॥ | I am a sacrifice, a sacrifice, a sacrifice, a sacrifice to His Lotus Feet. I am a sacrifice, a sacrifice to the Blessed Vision of the Guru's Darshan. |
| ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈ ਪਾਇਆ ॥੨॥੧੮॥੪੧॥ | Says Nanak, I do not care about anything else; I have found the Lord, the Ocean of peace. \|\|2\|\|18\|\|41\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥ | The Word of the Guru's Shabad seems so sweet to my mind. |
| ਖੁਲਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥੧॥ ਰਹਾਉ ॥ | My karma has been activated, and the Divine Radiance of the Lord, Har, Har, is manifest in each and every heart. \|\|1\|\|Pause\|\| |
| ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ ॥ | The Supreme Lord God, beyond birth, Self-existent, is seated within every heart everywhere. |
| ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ ॥੧॥ | I have come to obtain the Ambrosial Nectar of the Naam, the Name of the Lord. I am a sacrifice, a sacrifice to the Lotus Feet of God. \|\|1\|\| |
| ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥ | I anoint my forehead with the dust of the Society of the Saints; it is as if I have bathed at all the sacred shrines of pilgrimage. |
| ਕਹੁ ਨਾਨਕ ਰੰਗਿ ਚਲੂਲ ਭਏ ਹੈ ਹਰਿ ਰੰਗੁ ਨ ਲਹੈ ਮਜੀਠਾ ॥੨॥੧੯॥੪੨॥ | Says Nanak, I am dyed in the deep crimson color of His Love; the Love of my Lord shall never fade away. \|\|2\|\|19\|\|42\|\| |

ਸਾਰਗ ਮਹਲਾ ੫ ॥

Saarang, Fifth Mehl:

ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥

The Guru has given me the Name of the Lord, Har, Har, as my Companion.

ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥੧॥ ਰਹਾਉ ॥

If the Word of God dwells within my heart for even an instant, all my hunger is relieved. ||1||Pause||

ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਨਾਥੇ ॥

O Treasure of Mercy, Master of Excellence, my Lord and Master, Ocean of peace, Lord of all.

ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ ॥੧॥

My hopes rest in You alone, O my Lord and Master; hope in anything else is useless. ||1||

ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ ॥

My eyes were satisfied and fulfilled, gazing upon the Blessed Vision of His Darshan, when the Guru placed His Hand on my forehead.

## ੧੨੧੩

## 1213

ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥੨॥੨੦॥੪੩॥

Says Nanak, I have found immeasurable peace; my fear of birth and death is gone. ||2||20||43||

ਸਾਰਗ ਮਹਲਾ ੫ ॥

Saarang, Fifth Mehl:

ਰੇ ਮੂੜ੍ਹੇ ਆਨ ਕਾਹੇ ਕਤ ਜਾਈ ॥

You fool: why are you going somewhere else?

ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥੧॥ ਰਹਾਉ ॥

The Enticing Ambrosial Amrit is with you, but you are deluded, totally deluded, and you eat poison. ||1||Pause||

ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ ॥

God is Beautiful, Wise and Incomparable; He is the Creator, the Architect of Destiny, but you have no love for Him.

ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ ॥੧॥

The mad-man's mind is enticed by Maya, the enticer; he has taken the intoxicating drug of falsehood. ||1||

ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ ॥

The Destroyer of pain has become kind and compassionate to me, and I am in tune with the Saints.

ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥

I have obtained all treasures within the home of my own heart; says Nanak, my light has merged into the Light. ||2||21||44||

ਸਾਰਗ ਮਹਲਾ ੫ ॥

Saarang, Fifth Mehl:

ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥

My consciousness has loved my Beloved God, since the very beginning of time.

ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ ॥੧॥ ਰਹਾਉ ॥

When You blessed me with the Teachings, O my True Guru, I was embellished with beauty. ||1||Pause||

ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥

I am mistaken; You are never mistaken. I am a sinner; You are the Saving Grace of sinners.

ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥੧॥

I am a lowly thorn-tree, and You are the sandalwood tree. Please preserve my honor by staying with me; please stay with me. ||1||

ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥

You are deep and profound, calm and benevolent. What am I? Just a poor helpless being.

ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ ॥੨॥੨੨॥੪੫॥

The Merciful Guru Nanak has united me with the Lord. I lay on His Bed of Peace. ||2||22||45||

ਸਾਰਗ ਮਹਲਾ ੫ ॥

Saarang, Fifth Mehl:

ਮਨ ਓਇ ਦਿਨਸ ਧੰਨਿ ਪਰਵਾਨਾਂ ॥

O my mind, blessed and approved is that day,

ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥੧॥ ਰਹਾਉ ॥

and fruitful is that hour, and lucky is that moment, when the True Guru blesses me with spiritual wisdom. ||1||Pause||

ਧੰਨਿ ਸੁਭਾਗ ਧੰਨਿ ਸੋਹਾਗਾ ਧੰਨਿ ਦੇਤ ਜਿਨਿ ਮਾਨਾਂ ॥

Blessed is my good destiny, and blessed is my Husband Lord. Blessed are those upon whom honor is bestowed.

ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਉ ਕੀਓ ਕੁਰਬਾਨਾਂ ॥੧॥

This body is Yours, all my home and wealth are Yours; I offer my heart as a sacrifice to You. ||1||

ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾਂ ॥

I obtain tens of thousands and millions of regal pleasures, if I gaze upon Your Blessed Vision, even for an instant.

ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤੁ ਨ ਜਾਨਾਂ ॥੨॥੨੩॥੪੬॥

When You, O God, say, "My servant, stay here with me", Nanak knows unlimited peace. ||2||23||46||

ਸਾਰਗ ਮਹਲਾ ੫ ॥

Saarang, Fifth Mehl:

ਅਬ ਮੋਰੋ ਸਹਸਾ ਦੂਖੁ ਗਇਆ ॥

Now I am rid of my skepticism and sorrow.

ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ ॥੧॥ ਰਹਾਉ ॥

I have abandoned and forsaken all other efforts, and come to the Sanctuary of the True Guru. ||1||Pause||

ਸਰਬ ਸਿਧਿ ਕਾਰਜ ਸਭਿ ਸਵਰੇ ਅਹੰ ਰੋਗ ਸਗਲ ਹੀ ਖਇਆ ॥

I have attained total perfection, and all my works are perfectly completed; the illness of egotism has been totally eradicated.

ਕੋਟਿ ਪਰਾਧ ਖਿਨ ਮਹਿ ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥੧॥

Millions of sins are destroyed in an instant; meeting with the Guru, I chant the Name of the Lord, Har, Har. ||1||

ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥

Subduing the five thieves, he Guru has made them my slaves; my mind has become stable and steady and fearless.

ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ ॥੨॥੨੪॥੪੭॥

It does not come or go in reincarnation; it does not waver or wander anywhere. O Nanak, my empire is eternal. ||2||24||47||

ਸਾਰਗ ਮਹਲਾ ੫ ॥

Saarang, Fifth Mehl:

ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥

Here and hereafter, God is forever my Help and Support.

ਮਨਮੋਹਨੁ ਮੇਰੇ ਜੀਅ ਕੋ ਪਿਆਰੋ ਕਵਨ ਕਹਾ ਗੁਨ ਗਾਈ ॥੧॥ ਰਹਾਉ ॥

He is the Enticer of my mind, the Beloved of my soul. What Glorious Praises of His can I sing and chant? ||1||Pause||

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥

He plays with me, He fondles and caresses me. Forever and ever, He blesses me with bliss.

ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥੧॥

He cherishes me, like the father and the mother love their child. ||1||

ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ ਬਿਸਰਿ ਨ ਕਬਹੂ ਜਾਈ ॥

I cannot survive without Him, even for an instant; I shall never forget Him.

| ੧੨੧੪ | 1214 |
|---|---|
| ਕਹੁ ਨਾਨਕ ਮਿਲਿ ਸੰਤਸੰਗਤਿ ਤੇ ਮਗਨ ਭਏ ਲਿਵ ਲਾਈ ॥੨॥੨੫॥੪੮॥ | Says Nanak, joining the Society of the Saints, I am enraptured, lovingly attuned to my Lord. \|\|2\|\|25\|\|48\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਅਪਨਾ ਮੀਤੁ ਸੁਆਮੀ ਗਾਈਐ ॥ | Sing of your Lord and Master, your Best Friend. |
| ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ॥੧॥ ਰਹਾਉ ॥ | Do not place your hopes in anyone else; meditate on God, the Giver of peace. \|\|1\|\|Pause\|\| |
| ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥ | Peace, joy and salvation are in His Home. Seek the Protection of His Sanctuary. |
| ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ॥੧॥ | But if you forsake Him, and serve mortal beings, your honor will dissolve like salt in water. \|\|1\|\| |
| ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥ | I have grasped the Anchor and Support of my Lord and Master; meeting with the Guru, I have found wisdom and understanding. |
| ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ ॥੨॥੨੬॥੪੯॥ | Nanak has met God, the Treasure of Excellence; all dependence on others is gone. \|\|2\|\|26\|\|49\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਓਟ ਸਤਾਣੀ ਪ੍ਰਭ ਜੀਉ ਮੇਰੈ ॥ | I have the Almighty Support of my Dear Lord God. |
| ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ ॥੧॥ ਰਹਾਉ ॥ | I do not look up to anyone else. My honor and glory are Yours, O God. \|\|1\|\|Pause\|\| |
| ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥ | God has taken my side; He has lifted me up and pulled me out of the whirlpool of corruption. |
| ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥ | He has poured the medicine of the Naam, the Ambrosial Name of the Lord, into my mouth; I have fallen at the Guru’s Feet. \|\|1\|\| |

ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥

How can I praise You with only one mouth? You are generous, even to the unworthy.

ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥੨॥੨੭॥੫੦॥

You cut away the noose, and now You own me; Nanak is blessed with myriad joys. ||2||27||50||

ਸਾਰਗ ਮਹਲਾ ੫ ॥

Saarang, Fifth Mehl:

ਪ੍ਰਭ ਸਿਮਰਤ ਦੂਖ ਬਿਨਾਸੀ ॥

Remembering God in meditation, pains are dispelled.

ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਈ ਸਗਲ ਖਲਾਸੀ ॥੧॥ ਰਹਾਉ ॥

When the Giver of peace to the soul becomes merciful, the mortal is totally redeemed. ||1||Pause||

ਅਵਰੁ ਨ ਕੋਊ ਸੂਝੈ ਪ੍ਰਭ ਬਿਨੁ ਕਹੁ ਕੋ ਕਿਸੁ ਪਹਿ ਜਾਸੀ ॥

I know of none other than God; tell me, who else should I approach?

ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ ਪਾਸੀ ॥੧॥

As You know me, so do You keep me, O my Lord and Master. I have surrendered everything to You. ||1||

ਹਾਥ ਦੇਇ ਰਾਖੇ ਪ੍ਰਭਿ ਅਪੁਨੇ ਸਦ ਜੀਵਨ ਅਬਿਨਾਸੀ ॥

God gave me His Hand and saved me; He has blessed me with eternal life.

ਕਹੁ ਨਾਨਕ ਮਨਿ ਅਨਦੁ ਭਇਆ ਹੈ ਕਾਟੀ ਜਮ ਕੀ ਫਾਸੀ ॥੨॥੨੮॥੫੧॥

Says Nanak, my mind is in ecstasy; the noose of death has been cut away from my neck. ||2||28||51||

ਸਾਰਗ ਮਹਲਾ ੫ ॥

Saarang, Fifth Mehl:

ਮੇਰੋ ਮਨੁ ਜਤ ਕਤ ਤੁਝਹਿ ਸਮ੍ਾਰੈ ॥

My mind contemplates You, O Lord, all the time.

ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ ॥੧॥ ਰਹਾਉ ॥

| ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ ॥ | Our Lord and Master is the Saving Grace, the Protector of His humble servants; those who have turned their backs on the Guru are overtaken by death. \|\|1\|\|Pause\|\| |
| ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥ | No one listens to what he says; he is not allowed to sit anywhere. |
| ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥੧॥ | He suffers in pain here, and falls into hell hereafter. He wanders in endless reincarnations. \|\|1\|\| |
| ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥ | He has become infamous across worlds and galaxies; he receives according to what he has done. |
| ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥ | Nanak seeks the Sanctuary of the Fearless Creator Lord; he sings His Glorious Praises in ecstasy and bliss. \|\|2\|\|83\|\|106\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਤ੍ਰਿਸਨਾ ਚਲਤ ਬਹੁ ਪਰਕਾਰਿ ॥ | Desire plays itself out in so many ways. |

| ੧੨੨੫ | 1225 |
|---|---|
| ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥੧॥ ਰਹਾਉ ॥ | But it is not fulfilled at all, and in the end, it dies, exhausted. \|\|1\|\|Pause\|\| |
| ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥ | It does not produce tranquility, peace and poise; this is the way it works. |
| ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥੧॥ | He does not know what belongs to him, and to others. He burns in sexual desire and anger. \|\|1\|\| |
| ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥ | The world is enveloped by an ocean of pain; O Lord, please save Your slave! |
| ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥੨॥੮੪॥੧੦੭॥ | Nanak seeks the Sanctuary of Your Lotus Feet; Nanak is forever and ever a sacrifice. \|\|2\|\|84\|\|107\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਰੇ ਪਾਪੀ ਤੈ ਕਵਨ ਕੀ ਮਤਿ ਲੀਨ ॥ | O sinner, who taught you to sin? |
| ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ ਜਿਨਿ ਦੀਨ ॥੧॥ ਰਹਾਉ ॥ | You do not contemplate your Lord and Master, even for an instant; it was He who gave you your body and soul. \|\|1\|\|Pause\|\| |
| ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ ॥ | Eating, drinking and sleeping, you are happy, but contemplating the Naam, the Name of the Lord, you are miserable. |
| ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥੧॥ | In the womb of your mother, you cried and whined like a wretch. \|\|1\|\| |
| ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ ॥ | And now, bound by great pride and corruption, you shall wander in endless incarnations. |
| ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ ਹਰਿ ਪਦ ਚੀਨ੍ਹ ॥੨॥੮੫॥੧੦੮॥ | You have forgotten the Lord of the Universe; what misery will be your lot now? O Nanak, peace is found by realizing the sublime state of the Lord. \|\|2\|\|85\|\|108\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਚਰਨਹ ਓਟ ਗਹੀ ॥ | O mother, I have grasped the Protection, the Sanctuary of the Lord's Feet. |

| | |
|---|---|
| ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ ॥੧॥ ਰਹਾਉ ॥ | Gazing upon the Blessed Vision of His Darshan, my mind is fascinated, and evil-mindedness is taken away. \|\|1\|\|Pause\|\| |
| ਅਗਹ ਅਗਾਧਿ ਊਚ ਅਬਿਨਾਸੀ ਕੀਮਤਿ ਜਾਤ ਨ ਕਹੀ ॥ | He is Unfathomable, Incomprehensible, Exalted and High, Eternal and Imperishable; His worth cannot be appraised. |
| ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ ਪੂਰਿ ਰਹਿਓ ਸ੍ਰਬ ਮਹੀ ॥੧॥ | Gazing upon Him, gazing upon Him in the water and on the land, my mind has blossomed forth in ecstasy. He is totally pervading and permeating all. \|\|1\|\| |
| ਦੀਨ ਦਇਆਲ ਪ੍ਰੀਤਮ ਮਨਮੋਹਨ ਮਿਲਿ ਸਾਧਹ ਕੀਨੋ ਸਹੀ ॥ | Merciful to the meek, my Beloved, Enticer of my mind; meeting with the Holy, He is known. |
| ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਭੀਰ ਨ ਫਹੀ ॥੨॥੮੬॥੧੦੯॥ | Meditating, meditating in remembrance on the Lord, Nanak lives; the Messenger of Death cannot catch or torment him. \|\|2\|\|86\|\|109\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਮਨੁ ਮੇਰੋ ਮਤਵਾਰੋ ॥ | O mother, my mind is intoxicated. |
| ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ ॥੧॥ ਰਹਾਉ ॥ | Gazing upon the Merciful Lord, I am filled with bliss and peace; imbued with the sublime essence of the Lord, I am intoxicated. \|\|1\|\|Pause\|\| |
| ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ ॥ | I have become spotless and pure, singing the Sacred Praises of the Lord; I shall never again be dirtied. |
| ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ ॥੧॥ | My awareness is focused on the Lotus Feet of God; I have met the Infinite, Supreme Being. \|\|1\|\| |
| ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥ | Taking me by the hand, He has given me everything; He has lit up my lamp. |
| ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥ | O Nanak, savoring the Naam, the Name of the Lord, I have become detached; my generations have been carried across as well. \|\|2\|\|87\|\|110\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥ | O mother, by meditating in remembrance on some other, the mortal dies. |

ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥ ਰਹਾਉ ॥

Forsaking the Lord of the Universe, the Giver of souls, the mortal is engrossed and entangled in Maya. ||1||Pause||

ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥

Forgetting the Naam, the Name of the Lord, he walks on some other path, and falls into the most horrible hell.

ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ ॥੧॥

He suffers uncounted punishments, and wanders from womb to womb in reincarnation. ||1||

ਸੇ ਧਨਵੰਤੇ ਸੇ ਪਤਿਵੰਤੇ ਹਰਿ ਕੀ ਸਰਣਿ ਸਮਾਹਿ ॥

They alone are wealthy, and they alone are honorable, who are absorbed in the Sanctuary of the Lord.

ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਂਹਿ ॥੨॥੮੮॥੧੧੧॥

By Guru's Grace, O Nanak, they conquer the world; they do not come and go in reincarnation ever again. ||2||88||111||

ਸਾਰਗ ਮਹਲਾ ੫ ॥

Saarang, Fifth Mehl:

ਹਰਿ ਕਾਟੀ ਕੁਟਿਲਤਾ ਕੁਠਾਰਿ ॥

The Lord has cut down the crooked tree of my deceit.

ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ ॥੧॥ ਰਹਾਉ ॥

The forest of doubt is burnt away in an instant, by the fire of the Lord's Name. ||1||Pause||

ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ ॥

Sexual desire, anger and slander are gone; in the Saadh Sangat, the Company of the Holy, I have beaten them and driven them out.

## ੧੨੨੬

## 1226

ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ ॥੧॥

The Gurmukh is successful in this priceless human life; he shall not lose it in the gamble ever again. ||1||

ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ ॥

Twenty-four hours a day, I sing the Glorious Praises of the Lord, and contemplate the Perfect Word of the Shabad.

ਨਾਨਕ ਦਾਸਨਿ ਦਾਸੁ ਜਨੁ ਤੇਰਾ ਪੁਨਹ ਪੁਨਹ ਨਮਸਕਾਰਿ ॥੨॥੮੯॥੧੧੨॥

Servant Nanak is the slave of Your slaves; over and over again, he bows in humble reverence to You. ||2||89||112||

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਪੋਥੀ ਪਰਮੇਸਰ ਕਾ ਥਾਨੁ ॥ | This Holy Book is the home of the Transcendent Lord God. |
| ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥ | Whoever sings the Glorious Praises of the Lord of the Universe in the Saadh Sangat, the Company of the Holy, has the perfect knowledge of God. \|\|1\|\|Pause\|\| |
| ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥ | The Siddhas and seekers and all the silent sages long for the Lord, but those who meditate on Him are rare. |
| ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥ | That person, unto whom my Lord and Master is merciful - all his tasks are perfectly accomplished. \|\|1\|\| |
| ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥ | One whose heart is filled with the Lord, the Destroyer of fear, knows the whole world. |
| ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥ | May I never forget You, even for an instant, O my Creator Lord; Nanak begs for this blessing. \|\|2\|\|90\|\|113\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਵੂਠਾ ਸਰਬ ਥਾਈ ਮੇਹੁ ॥ | The rain has fallen everywhere. |
| ਅਨਦ ਮੰਗਲ ਗਾਉ ਹਰਿ ਜਸੁ ਪੂਰਨ ਪ੍ਰਗਟਿਓ ਨੇਹੁ ॥੧॥ ਰਹਾਉ ॥ | Singing the Lord’s Praises with ecstasy and bliss, the Perfect Lord is revealed. \|\|1\|\|Pause\|\| |
| ਚਾਰਿ ਕੁੰਟ ਦਹ ਦਿਸਿ ਜਲ ਨਿਧਿ ਊਨ ਥਾਉ ਨ ਕੇਹੁ ॥ | On all four sides and in the ten directions, the Lord is an ocean. There is no place where He does not exist. |
| ਕ੍ਰਿਪਾ ਨਿਧਿ ਗੋਬਿੰਦ ਪੂਰਨ ਜੀਅ ਦਾਨੁ ਸਭ ਦੇਹੁ ॥੧॥ | O Perfect Lord God, Ocean of Mercy, You bless all with the gift of the soul. \|\|1\|\| |
| ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥ | True, True, True is my Lord and Master; True is the Saadh Sangat, the Company of the Holy. |
| ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥੨॥੯੧॥੧੧੪॥ | True are those humble beings, within whom faith wells up; O Nanak, they are not deluded by doubt. \|\|2\|\|91\|\|114\|\| |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ ॥ | O Dear Lord of the Universe, You are the Support of my breath of life. |
| ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ ॥੧॥ ਰਹਾਉ ॥ | You are my Best Friend and Companion, my Help and Support; You are my family. \|\|1\|\|Pause\|\| |
| ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧਸੰਗਿ ਗੁਣ ਗਾਏ ॥ | You placed Your Hand on my forehead; in the Saadh Sangat, the Company of the Holy, I sing Your Glorious Praises. |
| ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ ॥੧॥ | By Your Grace, I have obtained all fruits and rewards; I meditate on the Lord's Name with delight. \|\|1\|\| |
| ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥ | The True Guru has laid the eternal foundation; it shall never be shaken. |
| ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਂਹੀ ॥੨॥੯੨॥੧੧੫॥ | Guru Nanak has become merciful to me, and I have been blessed with the treasure of absolute peace. \|\|2\|\|92\|\|115\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਨਿਬਹੀ ਨਾਮ ਕੀ ਸਚੁ ਖੇਪ ॥ | Only the true merchandise of the Naam, the Name of the Lord, stays with you. |
| ਲਾਭੁ ਹਰਿ ਗੁਣ ਗਾਇ ਨਿਧਿ ਧਨੁ ਬਿਖੈ ਮਾਹਿ ਅਲੇਪ ॥੧॥ ਰਹਾਉ ॥ | Sing the Glorious Praises of the Lord, the treasure of wealth, and earn your profit; in the midst of corruption, remain untouched. \|\|1\|\|Pause\|\| |
| ਜੀਅ ਜੰਤ ਸਗਲ ਸੰਤੋਖੇ ਆਪਨਾ ਪ੍ਰਭੁ ਧਿਆਇ ॥ | All beings and creatures find contentment, meditating on their God. |
| ਰਤਨ ਜਨਮੁ ਅਪਾਰ ਜੀਤਿਓ ਬਹੁੜਿ ਜੋਨਿ ਨ ਪਾਇ ॥੧॥ | The priceless jewel of infinite worth, this human life, is won, and they are not consigned to reincarnation ever again. \|\|1\|\| |
| ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ ॥ | When the Lord of the Universe shows His kindness and compassion, the mortal finds the Saadh Sangat, the Company of the Holy, |
| ਹਰਿ ਚਰਨ ਰਾਸਿ ਨਾਨਕ ਪਾਈ ਲਗਾ ਪ੍ਰਭ ਸਿਉ ਰੰਗੁ ॥੨॥੯੩॥੧੧੬॥ | Nanak has found the wealth of the Lotus Feet of the Lord; he is imbued with the Love of God. \|\|2\|\|93\|\|116\|\| |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਪੇਖਿ ਰਹੀ ਬਿਸਮਾਦ ॥ | O mother, I am wonder-struck, gazing upon the Lord. |
| ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥੧॥ ਰਹਾਉ ॥ | My mind is enticed by the unstruck celestial melody; its flavor is amazing! \|\|1\|\|Pause\|\| |
| ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ ॥ | He is my Mother, Father and Relative. My mind delights in the Lord. |
| ਸਾਧਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ॥੧॥ | Singing the Glorious Praises of the Lord of the Universe in the Saadh Sangat, the Company of the Holy, all my illusions are dispelled. \|\|1\|\| |
| ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ ॥ | I am lovingly attached to His Lotus Feet; my doubt and fear are totally consumed. |
| ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ ਭ੍ਰਮਾਦ ॥੨॥੯੪॥੧੧੭॥ | Servant Nanak has taken the Support of the One Lord. He shall not wander in reincarnation ever again. \|\|2\|\|94\|\|117\|\| |

## ੧੨੨੭ 1227

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਮਾਤੀ ਚਰਣ ਸਮੂਹ ॥ | O mother, I am totally intoxicated with the Lord's Feet. |
| ਏਕਸੁ ਬਿਨੁ ਹਉ ਆਨ ਨ ਜਾਨਉ ਦੁਤੀਆ ਭਾਉ ਸਭ ਲੂਹ ॥੧॥ ਰਹਾਉ ॥ | I know of none other than the Lord. I have totally burnt off my sense of duality. \|\|1\|\|Pause\|\| |
| ਤਿਆਗਿ ਗੋੁਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥ | To abandon the Lord of the World, and become involved with anything else, is to fall into the pit of corruption. |
| ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥ | My mind is enticed, thirsty for the Blessed Vision of His Darshan. He has lifted me up and out of hell. \|\|1\|\| |
| ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥ | By the Grace of the Saints, I have met the Lord, the Giver of peace; the noise of egotism has been stilled. |
| ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥ | Slave Nanak is imbued with the Love of the Lord; the forests of his mind and body have blossomed forth. \|\|2\|\|95\|\|118\|\| |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਬਿਨਸੇ ਕਾਚ ਕੇ ਬਿਉਹਾਰ ॥ | The false dealings are finished. |
| ਰਾਮ ਭਜੁ ਮਿਲਿ ਸਾਧਸੰਗਤਿ ਇਹੈ ਜਗ ਮਹਿ ਸਾਰ ॥੧॥ ਰਹਾਉ ॥ | Join the Saadh Sangat, the Company of the Holy, and meditate, vibrate on the Lord. This is the most excellent thing in the world. ‖1‖Pause‖ |
| ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ ॥ | Here and hereafter, you shall never waver; enshrine the Naam, the Name of the Lord, within your heart. |
| ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ ॥੧॥ | The boat of the Guru's Feet is found by great good fortune; it shall carry you across the world-ocean. ‖1‖ |
| ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ ॥ | The Infinite Lord is totally permeating and pervading the water, the land and the sky. |
| ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ ॥੨॥੯੬॥੧੧੯॥ | Drink in the Ambrosial Nectar of the Lord's Name; O Nanak, all other tastes are bitter. ‖2‖96‖119‖ |
| ਸਾਰਗ ਮਹਲਾ ੫ ॥ | Saarang, Fifth Mehl: |
| ਤਾ ਤੇ ਕਰਣ ਪਲਾਹ ਕਰੇ ॥ | You whine and cry |
| ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ ॥੧॥ ਰਹਾਉ ॥ | - you are intoxicated with the great corruption of attachment and pride, but you do not remember the Lord in meditation. ‖1‖Pause‖ |
| ਸਾਧਸੰਗਿ ਜਪਤੇ ਨਾਰਾਇਣ ਤਿਨ ਕੇ ਦੋਖ ਜਰੇ ॥ | Those who meditate on the Lord in the Saadh Sangat, the Company of the Holy - the guilt of their mistakes is burnt away. |
| ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥੧॥ | Fruitful is the body, and blessed is the birth of those who merge with God. ‖1‖ |
| ਚਾਰਿ ਪਦਾਰਥ ਅਸਟ ਦਸਾ ਸਿਧਿ ਸਭ ਊਪਰਿ ਸਾਧ ਭਲੇ ॥ | The four great blessings, and the eighteen supernatural spiritual powers - above all these are the Holy Saints. |
| ਨਾਨਕ ਦਾਸ ਧੂਰਿ ਜਨ ਬਾਂਛੈ ਉਧਰਹਿ ਲਾਗਿ ਪਲੇ ॥੨॥੯੭॥੧੨੦॥ | Slave Nanak longs for the dust of the feet of the humble; attached to the hem of His robe, he is saved. ‖2‖97‖120‖ |
| ਸਾਰਗ ਮਹਲਾ ੫ ॥ | Saarang, Fifth Mehl: |
| ਹਰਿ ਕੇ ਨਾਮ ਕੇ ਜਨ ਕਾਂਖੀ ॥ | The Lord's humble servants yearn for the Lord's Name. |

| | |
|---|---|
| ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ ॥੧॥ ਰਹਾਉ ॥ | In thought, word and deed, they long for this peace, to gaze with their eyes upon the Blessed Vision of God's Darshan. \|\|1\|\|Pause\|\| |
| ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ ॥ | You are Endless, O God, my Supreme Lord and Master; Your state cannot be known. |
| ਚਰਨ ਕਮਲ ਪ੍ਰੀਤਿ ਮਨੁ ਬੇਧਿਆ ਕਰਿ ਸਰਬਸੁ ਅੰਤਰਿ ਰਾਖੀ ॥੧॥ | My mind is pierced through by the Love of Your Lotus Feet; this is everything to me - I enshrine it deep within my being. \|\|1\|\| |
| ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥ | In the Vedas, the Puraanas and the Simritees, the humble and the Holy chant this Bani with their tongues. |
| ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥ | Chanting the Lord's Name, O Nanak, I am emancipated; other teachings of duality are useless. \|\|2\|\|98\|\|121\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਾਖੀ ਰਾਮ ਕੀ ਤੂ ਮਾਖੀ ॥ | A fly! You are just a fly, created by the Lord. |
| ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥ | Wherever it stinks, you land there; you suck in the most toxic stench. \|\|1\|\|Pause\|\| |
| ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥ | You don't stay put anywhere; I have seen this with my eyes. |
| ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥ | You have not spared anyone, except the Saints - the Saints are on the side of the Lord of the Universe. \|\|1\|\| |
| ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥ | You have enticed all beings and creatures; no one knows You, except the Saints. |
| ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥ | Slave Nanak is imbued with the Kirtan of the Lord's Praises. Focusing his consciousness on the Word of the Shabad, he realizes the Presence of the True Lord. \|\|2\|\|99\|\|122\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਾਈ ਰੀ ਕਾਟੀ ਜਮ ਕੀ ਫਾਸ ॥ | O mother, the noose of Death has been cut away. |

ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥੧॥ ਰਹਾਉ ॥

Chanting the Name of the Lord, Har, Har, I have found total peace. I remain unattached in the midst of my household. ||1||Pause||

## ੧੨੨੮

## 1228

ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥

Granting His Grace, He has made me His Own. The thirst for the Blessed Vision of His Darshan wells up within me.

ਸੰਤਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥੧॥

Joining the Society of the Saints, I sing the Glorious Praises of the Lord; I have given up other hopes. ||1||

ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥

The Saint has pulled me out of the utterly desolate wilderness, and shown me the path.

ਦੇਖਤ ਦਰਸੁ ਪਾਪ ਸਭਿ ਨਾਸੇ ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥

Gazing upon His Darshan, all sins are taken away; Nanak is blessed with the jewel of the Lord. ||2||100||123||

ਸਾਰਗ ਮਹਲਾ ੫ ॥

Saarang, Fifth Mehl:

ਮਾਈ ਰੀ ਅਰਿਓ ਪ੍ਰੇਮ ਕੀ ਖੋਰਿ ॥

O mother, I am involved with the Love of the Lord;

ਦਰਸਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ ॥੧॥ ਰਹਾਉ ॥

I am intoxicated with it. My mind has such a longing and thirst for the Blessed Vision, the Darshan of my Beauteous Lord. No one can break this. ||1||Pause||

ਪ੍ਰਾਨ ਮਾਨ ਪਤਿ ਪਿਤ ਸੁਤ ਬੰਧਪ ਹਰਿ ਸਰਬਸੁ ਧਨ ਮੋਰ ॥

The Lord is my breath of life, honor, spouse, parent, child, relative, wealth - everything.

ਧ੍ਰਿਗੁ ਸਰੀਰੁ ਅਸਤ ਬਿਸਟਾ ਕ੍ਰਿਮ ਬਿਨੁ ਹਰਿ ਜਾਨਤ ਹੋਰ ॥੧॥

Cursed is this body of bones, this pile of maggots and manure, if it knows any other than the Lord. ||1||

ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਪਰਾ ਪੂਰਬਲਾ ਜੋਰ ॥

The Destroyer of the pains of the poor has become merciful to me, by the power of the karma of my past actions.

ਨਾਨਕ ਸਰਣਿ ਕ੍ਰਿਪਾ ਨਿਧਿ ਸਾਗਰ ਬਿਨਸਿਓ ਆਨ ਨਿਹੋਰ ॥੨॥੧੦੧॥੧੨੪॥

Nanak seeks the Sanctuary of God, the Treasure, the Ocean of Mercy; my subservience to others is past. ||2||101||124||

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਨੀਕੀ ਰਾਮ ਕੀ ਧੁਨਿ ਸੋਇ ॥ | The Lord's melody is noble and sublime. |
| ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ ॥੧॥ ਰਹਾਉ ॥ | The Lotus Feet of my Lord and Master are incomparably beautiful. Meditating on them, one becomes Holy. \|\|1\|\|Pause\|\| |
| ਚਿਤਵਤਾ ਗੋਪਾਲ ਦਰਸਨ ਕਲਮਲਾ ਕਢੁ ਧੋਇ ॥ | Just by thinking of the Darshan, the Blessed Vision of the Lord of the World, the dirty sins are washed away. |
| ਜਨਮ ਮਰਨ ਬਿਕਾਰ ਅੰਕੁਰ ਹਰਿ ਕਾਟਿ ਛਾਡੇ ਖੋਇ ॥੧॥ | The Lord cuts down and weeds out the corruption of the cycle of birth and death. \|\|1\|\| |
| ਪਰਾ ਪੂਰਬਿ ਜਿਸਹਿ ਲਿਖਿਆ ਬਿਰਲਾ ਪਾਏ ਕੋਇ ॥ | How rare is that person who has such pre-ordained destiny, to find the Lord. |
| ਰਵਣ ਗੁਣ ਗੋਪਾਲ ਕਰਤੇ ਨਾਨਕਾ ਸਚੁ ਜੋਇ ॥੨॥੧੦੨॥੧੨੫॥ | Chanting the Glorious Praises of the Creator, the Lord of the Universe - O Nanak, this is Truth. \|\|2\|\|102\|\|125\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਹਰਿ ਕੇ ਨਾਮ ਕੀ ਮਤਿ ਸਾਰ ॥ | The intellect of one who dwells on the Name of the Lord is excellent. |
| ਹਰਿ ਬਿਸਾਰਿ ਜੁ ਆਨ ਰਾਚਹਿ ਮਿਥਨ ਸਭ ਬਿਸਥਾਰ ॥੧॥ ਰਹਾਉ ॥ | One who forgets the Lord and becomes involved with some other - all his showy pretensions are false. \|\|1\|\|Pause\|\| |
| ਸਾਧਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਰ ॥ | Meditate, vibrate on our Lord and Master in the Company of the Holy, and your sins shall be eradicated. |
| ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ ॥੧॥ | When the Lord's Lotus Feet abide within the heart, the mortal is never again caught in the cycle of death and birth. \|\|1\|\| |
| ਕਰਿ ਅਨੁਗ੍ਰਹ ਰਾਖਿ ਲੀਨੇ ਏਕ ਨਾਮ ਅਧਾਰ ॥ | He showers us with His kindness and compassion; He saves and protects those who take the Support of the Naam, the Name of the One Lord. |
| ਦਿਨ ਰੈਨਿ ਸਿਮਰਤ ਸਦਾ ਨਾਨਕ ਮੁਖ ਊਜਲ ਦਰਬਾਰਿ ॥੨॥੧੦੩॥੧੨੬॥ | Meditating in remembrance on Him, day and night, O Nanak, your face shall be radiant in the Court of the Lord. \|\|2\|\|103\|\|126\|\| |

| | |
|---|---|
| ਸਾਰਗ ਮਹਲਾ ੫ ॥ | Saarang, Fifth Mehl: |
| ਮਾਨੀ ਤੂੰ ਰਾਮ ਕੈ ਦਰਿ ਮਾਨੀ ॥ | Honored - you shall be honored in the Court of the Lord. |
| ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥੧॥ ਰਹਾਉ ॥ | Join the Saadh Sangat, the Company of the Holy, and sing the Glorious Praises of the Lord; your egotistical pride will be totally dispelled. \|\|1\|\|Pause\|\| |
| ਧਾਰਿ ਅਨੁਗ੍ਰਹੁ ਅਪਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥ | Showering His kindness and compassion, He shall make you His Own. As Gurmukh, your spiritual wisdom shall be perfect. |
| ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥੧॥ | All peace and all sorts of ecstasy are obtained, by meditating on the Darshan, the Blessed Vision of my Lord and Master. \|\|1\|\| |
| ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ ॥ | She who dwells close to her Lord is always the pure, happy soul-bride; she is famous in the ten directions. |
| ਪ੍ਰਿਅ ਰੰਗ ਰੰਗਿ ਰਤੀ ਨਾਰਾਇਨ ਨਾਨਕ ਤਿਸੁ ਕੁਰਬਾਨੀ ॥੨॥੧੦੪॥੧੨੭॥ | She is imbued with the Love of her Loving Beloved Lord; Nanak is a sacrifice to her. \|\|2\|\|104\|\|127\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਤੁਅ ਚਰਨ ਆਸਰੋ ਈਸ ॥ | O Lord, I take the Support of Your Lotus Feet. |
| ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰ ਤੁਮੈ ਜਗਦੀਸ ॥ ਰਹਾਉ ॥ | You are my Best Friend and Companion; I am with You. You are our Protector, O Lord of the Universe. \|\|1\|\|Pause\|\| |
| ਤੂ ਹਮਰੋ ਹਮ ਤੁਮਰੇ ਕਹੀਐ ਇਤ ਉਤ ਤੁਮ ਹੀ ਰਾਖੇ ॥ | You are mine, and I am Yours; here and hereafter, You are my Saving Grace. |
| ਤੂ ਬੇਅੰਤੁ ਅਪਰੰਪਰੁ ਸੁਆਮੀ ਗੁਰ ਕਿਰਪਾ ਕੋਈ ਲਾਖੈ ॥੧॥ | You are Endless and Infinite, O my Lord and Master; by Guru's Grace, a few understand. \|\|1\|\| |
| ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ ॥ | Without being spoken, without being told, You know all, O Searcher of hearts. |
| ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ ॥੨॥੧੦੫॥੧੨੮॥ | One whom God unites with Himself, O Nanak, that humble being is honored in the Court of the Lord. \|\|2\|\|105\|\|128\|\| |

| ੧੨੨੯ | 1229 |
|---|---|
| ਸਾਰੰਗ ਮਹਲਾ ੫ ਚਉਪਦੇ ਘਰੁ ੫ | Saarang, Fifth Mehl, Chau-Padas, Fifth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਭਜਿ ਆਨ ਕਰਮ ਬਿਕਾਰ ॥ | Meditate, vibrate on the Lord; other actions are corrupt. |
| ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ ॥ | Pride, attachment and desire are not quenched; the world is in the grip of death. \|\|1\|\|Pause\|\| |
| ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥ | Eating, drinking, laughing and sleeping, life passes uselessly. |
| ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥੧॥ | The mortal wanders in reincarnation, burning in the hellish environment of the womb; in the end, he is destroyed by death. \|\|1\|\| |
| ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥ | He practices fraud, cruelty and slander against others; he sins, and washes his hands. |
| ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥੨॥ | Without the True Guru, he has no understanding; he is lost in the utter darkness of anger and attachment. \|\|2\|\| |
| ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥ | He takes the intoxicating drugs of cruelty and corruption, and is plundered. He is not conscious of the Creator Lord God. |
| ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥੩॥ | The Lord of the Universe is hidden and unattached. The mortal is like a wild elephant, intoxicated with the wine of egotism. \|\|3\|\| |
| ਕਰਿ ਕ੍ਰਿਪਾ ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥ | In His Mercy, God saves His Saints; they have the Support of His Lotus Feet. |
| ਕਰ ਜੋਰਿ ਨਾਨਕੁ ਸਰਨਿ ਆਇਓ ਗੋੁਪਾਲ ਪੁਰਖ ਅਪਾਰ ॥੪॥੧॥੧੨੯॥ | With his palms pressed together, Nanak has come to the Sanctuary of the Primal Being, the Infinite Lord God. \|\|4\|\|1\|\|129\|\| |
| ਸਾਰਗ ਮਹਲਾ ੫ ਘਰੁ ੬ ਪੜਤਾਲ | Saarang, Fifth Mehl, Sixth House, Partaal: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੁਭ ਬਚਨ ਬੋਲਿ ਗੁਨ ਅਮੋਲ ॥ | Chant His Sublime Word and His Priceless Glories. |
| ਕਿੰਕਰੀ ਬਿਕਾਰ ॥ | Why are you indulging in corrupt actions? |

| | |
|---|---|
| ਦੇਖੁ ਰੀ ਬੀਚਾਰ ॥ | Look at this, see and understand! |
| ਗੁਰ ਸਬਦੁ ਧਿਆਇ ਮਹਲੁ ਪਾਇ ॥ | Meditate on the Word of the Guru's Shabad, and attain the Mansion of the Lord's Presence. |
| ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥੧॥ ਰਹਾਉ ॥ | Imbued with the Love of the Lord, you shall totally play with Him. \|\|1\|\|Pause\|\| |
| ਸੁਪਨ ਰੀ ਸੰਸਾਰੁ ॥ | The world is a dream. |
| ਮਿਥਨੀ ਬਿਸਥਾਰੁ ॥ | Its expanse is false. |
| ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥੧॥ | O my companion, why are you so enticed by the Enticer? Enshrine the Love of Your Beloved within your heart. \|\|1\|\| |
| ਸਰਬ ਰੀ ਪ੍ਰੀਤਿ ਪਿਆਰੁ ॥ | He is total love and affection. |
| ਪ੍ਰਭੁ ਸਦਾ ਰੀ ਦਇਆਰੁ ॥ | God is always merciful. |
| ਕਾਂਏਂ ਆਨ ਆਨ ਰੁਚੀਐ ॥ | Others - why are you involved with others? |
| ਹਰਿ ਸੰਗਿ ਸੰਗਿ ਖਚੀਐ ॥ | Remain involved with the Lord. |
| ਜਉ ਸਾਧਸੰਗ ਪਾਏ ॥ | When you join the Saadh Sangat, the Company of the Holy, |
| ਕਹੁ ਨਾਨਕ ਹਰਿ ਧਿਆਏ ॥ | says Nanak, meditate on the Lord. |
| ਅਬ ਰਹੇ ਜਮਹਿ ਮੇਲ ॥੨॥੧॥੧੩੦॥ | Now, your association with death is ended. \|\|2\|\|1\|\|130\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਕੰਚਨਾ ਬਹੁ ਦਤ ਕਰਾ ॥ | You may make donations of gold, |
| ਭੂਮਿ ਦਾਨੁ ਅਰਪਿ ਧਰਾ ॥ | and give away land in charity |
| ਮਨ ਅਨਿਕ ਸੋਚ ਪਵਿਤ੍ਰ ਕਰਤ ॥ | and purify your mind in various ways, |
| ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ ਰਹਾਉ ॥ | but none of this is equal to the Lord's Name. Remain attached to the Lord's Lotus Feet. \|\|1\|\|Pause\|\| |
| ਚਾਰਿ ਬੇਦ ਜਿਹਵ ਭਨੇ ॥ | You may recite the four Vedas with your tongue, |
| ਦਸ ਅਸਟ ਖਸਟ ਸ੍ਰਵਨ ਸੁਨੇ ॥ | and listen to the eighteen Puraanas and the six Shaastras with your ears, |
| ਨਹੀ ਤੁਲਿ ਗੋਬਿਦ ਨਾਮ ਧੁਨੇ ॥ | but these are not equal to the celestial melody of the Naam, the Name of the Lord of the Universe. |
| ਮਨ ਚਰਨ ਕਮਲ ਲਾਗੇ ॥੧॥ | Remain attached to the Lord's Lotus Feet. \|\|1\|\| |
| ਬਰਤ ਸੰਧਿ ਸੋਚ ਚਾਰ ॥ | You may observe fasts, and say your prayers, purify yourself |

| | |
|---|---|
| ਕ੍ਰਿਆ ਕੁੰਟਿ ਨਿਰਾਹਾਰ ॥ | and do good deeds; you may go on pilgrimages everywhere and eat nothing at all. |
| ਅਪਰਸ ਕਰਤ ਪਾਕਸਾਰ ॥ | You may cook your food without touching anyone; |
| ਨਿਵਲੀ ਕਰਮ ਬਹੁ ਬਿਸਥਾਰ ॥ | you may make a great show of cleansing techniques, |
| ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥ | and burn incense and devotional lamps, but none of these are equal to the Lord's Name. |
| ਰਾਮ ਦਇਆਰ ਸੁਨਿ ਦੀਨ ਬੇਨਤੀ ॥ | O Merciful Lord, please hear the prayer of the meek and the poor. |
| ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥੨॥੨॥੧੩੧॥ | Please grant me the Blessed Vision of Your Darshan, that I may see You with my eyes. The Naam is so sweet to servant Nanak. \|\|2\|\|2\|\|131\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਰਾਮ ਰਾਮ ਰਾਮ ਜਾਪਿ ਰਮਤ ਰਾਮ ਸਹਾਈ ॥੧॥ ਰਹਾਉ ॥ | Meditate on the Lord, Raam, Raam, Raam. The Lord is your Help and Support. \|\|1\|\|Pause\|\| |
| **੧੨੩੦** | **1230** |
| ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥੧॥ | Grasping hold of the Feet of the Saints, I have abandoned sexual desire, anger and greed. The Guru, the Lord of the World, has been kind to me, and I have realized my destiny. \|\|1\|\| |
| ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥ | My doubts and attachments have been dispelled, and the blinding bonds of Maya have been broken. My Lord and Master is pervading and permeating everywhere; no one is an enemy. |
| ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥੨॥੩॥੧੩੨॥ | My Lord and Master is totally satisfied with me; He has rid me of the pains of death and birth. Grasping hold of the Feet of the Saints, Nanak sings the Glorious Praises of the Lord. \|\|2\|\|3\|\|132\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਹਰਿ ਹਰੇ ਹਰਿ ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ ॥੧॥ ਰਹਾਉ ॥ | Chant the Name of the Lord, Har, Har, Har; enshrine the Lord, Har, Har, within your mind. \|\|1\|\|Pause\|\| |
| ਸ੍ਰਵਨ ਸੁਨਨ ਭਗਤਿ ਕਰਨ ਅਨਿਕ ਪਾਤਿਕ ਪੁਨਹਚਰਨ ॥ | Hear Him with your ears, and practice devotional worship - these are good deeds, which make up for past evils. |

| | |
|---|---|
| ਸਰਨ ਪਰਨ ਸਾਧੂ ਆਨ ਬਾਨਿ ਬਿਸਾਰੇ ॥੧॥ | So seek the Sanctuary of the Holy, and forget all your other habits. ‖1‖. |
| ਹਰਿ ਚਰਨ ਪ੍ਰੀਤਿ ਨੀਤ ਨੀਤਿ ਪਾਵਨਾ ਮਹਿ ਮਹਾ ਪੁਨੀਤ ॥ | Love the Lord's Feet, continually and continuously - the most sacred and sanctified. |
| ਸੇਵਕ ਭੈ ਦੂਰਿ ਕਰਨ ਕਲਿਮਲ ਦੋਖ ਜਾਰੇ ॥ | Fear is taken away from the servant of the Lord, and the dirty sins and mistakes of the past are burnt away. |
| ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ ॥ | Those who speak are liberated, and those who listen are liberated; those who keep the Rehit, the Code of Conduct, are not reincarnated again. |
| ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ ॥੨॥੪॥੧੩੩॥ | The Lord's Name is the most sublime essence; Nanak contemplates the nature of reality. ‖2‖4‖133‖ |
| ਸਾਰਗ ਮਹਲਾ ੫ ॥ | Saarang, Fifth Mehl: |
| ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ ॥੧॥ ਰਹਾਉ ॥ | I beg for devotion to the Naam, the Name of the Lord; I have forsaken all other activities. ‖1‖Pause‖ |
| ਪ੍ਰੀਤਿ ਲਾਇ ਹਰਿ ਧਿਆਇ ਗੁਨ ਗੋਬਿੰਦ ਸਦਾ ਗਾਇ ॥ | Meditate lovingly on the Lord, and sing forever the Glorious Praises of the Lord of the Universe. |
| ਹਰਿ ਜਨ ਕੀ ਰੇਨ ਬਾਂਛੁ ਦੈਨਹਾਰ ਸੁਆਮੀ ॥੧॥ | I long for the dust of the feet of the Lord's humble servant, O Great Giver, my Lord and Master. ‖1‖ |
| ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ ॥ | The Naam, the Name of the Lord, is the ultimate ecstasy, bliss, happiness, peace and tranquility. The fear is death is dispelled by meditating in remembrance on the Inner-knower, the Searcher of hearts. |
| ਏਕ ਸਰਨ ਗੋਬਿੰਦ ਚਰਨ ਸੰਸਾਰ ਸਗਲ ਤਾਪ ਹਰਨ ॥ | Only the Sanctuary of the Feet of the Lord of the Universe can destroy all the suffering of the world. |
| ਨਾਵ ਰੂਪ ਸਾਧਸੰਗ ਨਾਨਕ ਪਾਰਗਰਾਮੀ ॥੨॥੫॥੧੩੪॥ | The Saadh Sangat, the Company of the Holy, is the boat, O Nanak, to carry us across to the other side. ‖2‖5‖134‖ |
| ਸਾਰਗ ਮਹਲਾ ੫ ॥ | Saarang, Fifth Mehl: |
| ਗੁਨ ਲਾਲ ਗਾਵਉ ਗੁਰ ਦੇਖੇ ॥ | Gazing upon my Guru, I sing the Praises of my Beloved Lord. |
| ਪੰਚਾ ਤੇ ਏਕੁ ਛੂਟਾ ਜਉ ਸਾਧਸੰਗਿ ਪਗ ਰਉ ॥੧॥ ਰਹਾਉ ॥ | I escape from the five thieves, and I find the One, when I join the Saadh Sangat, the Company of the Holy. ‖1‖Pause‖ |

| | |
|---|---|
| ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥ | Nothing of the visible world shall go along with you; abandon your pride and attachment. |
| ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧਸੰਗਿ ਸੋਹਾ ॥੧॥ | Love the One Lord, and join the Saadh Sangat, and you shall be embellished and exalted. \|\|1\|\| |
| ਪਾਇਓ ਹੈ ਗੁਣ ਨਿਧਾਨੁ ਸਗਲ ਆਸ ਪੂਰੀ ॥ | I have found the Lord, the Treasure of Excellence; all my hopes have been fulfilled. |
| ਨਾਨਕ ਮਨਿ ਅਨੰਦ ਭਏ ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥ | Nanak's mind is in ecstasy; the Guru has shattered the impregnable fortress. \|\|2\|\|6\|\|135\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਮਨਿ ਬਿਰਾਗੈਗੀ ॥ ਖੋਜਤੀ ਦਰਸਾਰ ॥੧॥ ਰਹਾਉ ॥ | My mind is neutral and detached; I seek only the Blessed Vision of His Darshan. \|\|1\|\|Pause\|\| |
| ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ ॥ | Serving the Holy Saints, I meditate on my Beloved within my heart. |
| ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ ॥੧॥ | Gazing upon the Embodiment of Ecstasy, I rise to the Mansion of His Presence. \|\|1\|\| |
| ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ ॥ | I work for Him; I have forsaken everything else. I seek only His Sanctuary. |
| ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ ॥੨॥੭॥੧੩੬॥ | O Nanak, my Lord and Master hugs me close in His Embrace; the Guru is pleased and satisfied with me. \|\|2\|\|7\|\|136\|\| |
| ਸਾਰਗ ਮਹਲਾ ੫ ॥ | Saarang, Fifth Mehl: |
| ਐਸੀ ਹੋਇ ਪਰੀ ॥ | This is my condition. |
| ਜਾਨਤੇ ਦਇਆਰ ॥੧॥ ਰਹਾਉ ॥ | Only my Merciful Lord knows it. \|\|1\|\|Pause\|\| |
| ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥ | I have abandoned my mother and father, and sold my mind to the Saints. |
| ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥੧॥ | I have lost my social status, birth-right and ancestry; I sing the Glorious Praises of the Lord, Har, Har. \|\|1\|\| |
| ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥ | I have broken away from other people and family; I work only for God. |

ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥੨॥੮॥੧੩੭॥

The Guru has taught me, O Nanak, to serve only the One Lord. ||2||8||137||

## ੧੨੩੧

## 1231

ਸਾਰਗ ਮਹਲਾ ੫ ॥

Saarang, Fifth Mehl:

ਲਾਲ ਲਾਲ ਮੋਹਨ ਗੋਪਾਲ ਤੂ ॥

You are my Loving Beloved Enticing Lord of the World.

ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ ॥੧॥ ਰਹਾਉ ॥

You are in worms, elephants, stones and all beings and creatures; You nourish and cherish them all. ||1||Pause||

ਨਹ ਦੂਰਿ ਪੂਰਿ ਹਜੂਰਿ ਸੰਗੇ ॥

You are not far away; You are totally present with all.

ਸੁੰਦਰ ਰਸਾਲ ਤੂ ॥੧॥

You are Beautiful, the Source of Nectar. ||1||

ਨਹ ਬਰਨ ਬਰਨ ਨਹ ਕੁਲਹ ਕੁਲ ॥

You have no caste or social class, no ancestry or family.

ਨਾਨਕ ਪ੍ਰਭ ਕਿਰਪਾਲ ਤੂ ॥੨॥੯॥੧੩੮॥

Nanak: God, You are Merciful. ||2||9||138||

ਸਾਰਗ ਮਃ ੫ ॥

Saarang, Fifth Mehl:

ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥

Acting and play-acting, the mortal sinks into corruption. Even the moon and the sun are enticed and bewitched.

ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ ॥ ਰਹਾਉ ॥

The disturbing noise of corruption wells up, in the tinkling ankle bells of Maya the beautiful. With her beguiling gestures of love, she seduces everyone except the Lord. ||Pause||

ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ ॥੧॥

Maya clings to the three worlds; those who are stuck in wrong actions cannot escape her. Drunk and engrossed in blind worldly affairs, they are tossed about on the mighty ocean. ||1||

ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ ॥੨॥੧੦॥੧੩੯॥੩॥੧੩॥੧੫੫॥

The Saint, the slave of the Lord is saved; the noose of the Messenger of Death is snapped. The Naam, the Name of the Lord, is the Purifier of sinners; O Nanak, remember Him in meditation. ||2||10||139||3||13||155||

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਰਾਗੁ ਸਾਰੰਗ ਮਹਲਾ ੯ ॥

Raag Saarang, Ninth Mehl:

ਹਰਿ ਬਿਨੁ ਤੇਰੋ ਕੋ ਨ ਸਹਾਈ ॥

No one will be your help and support, except the Lord.

ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥੧॥ ਰਹਾਉ ॥

Who has any mother, father, child or spouse? Who is anyone's brother or sister? ||1||Pause||

ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥

All the wealth, land and property which you consider your own

ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥੧॥

- when you leave your body, none of it shall go along with you. Why do you cling to them? ||1||

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥

God is Merciful to the meek, forever the Destroyer of fear, and yet you do not develop any loving relationship with Him.

ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥

Says Nanak, the whole world is totally false; it is like a dream in the night. ||2||1||

ਸਾਰੰਗ ਮਹਲਾ ੯ ॥

Saarang, Ninth Mehl:

ਕਹਾ ਮਨ ਬਿਖਿਆ ਸਿਉ ਲਪਟਾਹੀ ॥

O mortal, why are you engrossed in corruption?

ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥੧॥ ਰਹਾਉ ॥

No one is allowed to remain in this world; one comes, and another departs. ||1||Pause||

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ ॥

Who has a body? Who has wealth and property? With whom should we fall in love?

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥

Whatever is seen, shall all disappear, like the shade of a passing cloud. ||1||

ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥

Abandon egotism, and grasp the Sanctuary of the Saints; you shall be liberated in an instant.

ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥੨॥੨॥

O servant Nanak, without meditating and vibrating on the Lord God, there is no peace, even in dreams. ||2||2||

| | |
|---|---|
| ਸਾਰੰਗ ਮਹਲਾ ੯ ॥ | Saarang, Ninth Mehl: |
| ਕਹਾ ਨਰ ਅਪਨੋ ਜਨਮੁ ਗਵਾਵੈ ॥ | O mortal, why have you wasted your life? |
| ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥ | Intoxicated with Maya and its riches, involved in corrupt pleasures, you have not sought the Sanctuary of the Lord. \|\|1\|\|Pause\|\| |
| ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ | This whole world is just a dream; why does seeing it fill you with greed? |
| ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥ | Everything that has been created will be destroyed; nothing will remain. \|\|1\|\| |
| ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥ | You see this false body as true; in this way, you have placed yourself in bondage. |
| ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥ | O servant Nanak, he is a liberated being, whose consciousness lovingly vibrates, and meditates on the Lord. \|\|2\|\|3\|\| |
| ਸਾਰੰਗ ਮਹਲਾ ੯ ॥ | Saarang, Fifth Mehl: |
| ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥ | In my mind, I never sang the Glorious Praises of the Lord. |
| **੧੨੩੨** | 1232 |
| ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥ | I remained under the influence of corruption, night and day; I did whatever I pleased. \|\|1\|\|Pause\|\| |
| ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥ | I never listened to the Guru's Teachings; I was entangled with others' spouses. |
| ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥ | I ran all around slandering others; I was taught, but I never learned. \|\|1\|\| |
| ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥ | How can I even describe my actions? This is how I wasted my life. |
| ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥ | Says Nanak, I am totally filled with faults. I have come to Your Sanctuary - please save me, O Lord! \|\|2\|\|4\|\|3\|\|13\|\|139\|\|4\|\|159\|\| |

| | |
|---|---|
| ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧ | Raag Saarang, Ashtapadees, First Mehl, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥ | How can I live, O my mother? |
| ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ ॥ | Hail to the Lord of the Universe. I ask to sing Your Praises; without You, O Lord, I cannot even survive. \|\|1\|\|Pause\|\| |
| ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ ॥ | I am thirsty, thirsty for the Lord; the soul-bride gazes upon Him all through the night. |
| ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ ॥੧॥ | My mind is absorbed into the Lord, my Lord and Master. Only God knows the pain of another. \|\|1\|\| |
| ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥ | My body suffers in pain, without the Lord; through the Word of the Guru's Shabad, I find the Lord. |
| ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥੨॥ | O Dear Lord, please be kind and compassionate to me, that I might remain merged in You, O Lord. \|\|2\|\| |
| ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ ॥ | Follow such a path, O my conscious mind, that you may remain focused on the Feet of the Lord. |
| ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ ॥੩॥ | I am wonder-struck, singing the Glorious Praises of my Fascinating Lord; I am intuitively absorbed in the Fearless Lord. \|\|3\|\| |
| ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥ | That heart, in which the Eternal, Unchanging Naam vibrates and resounds, does not diminish, and cannot be evaluated. |
| ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥ | Without the Name, everyone is poor; the True Guru has imparted this understanding. \|\|4\|\| |
| ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥ | My Beloved is my breath of life - listen, O my companion. The demons have taken poison and died. |
| ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥ | As love for Him welled up, so it remains. My mind is imbued with His Love. \|\|5\|\| |
| ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥ | I am absorbed in celestial samaadhi, lovingly attached to the Lord forever. I live by singing the Glorious Praises of the Lord. |

| | |
|---|---|
| ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥ | Imbued with the Word of the Guru's Shabad, I have become detached from the world. In the profound primal trance, I dwell within the home of my own inner being. \|\|6\|\| |
| ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥ | The Naam, the Name of the Lord, is sublimely sweet and supremely delicious; within the home of my own self, I understand the essence of the Lord. |
| ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥ | Wherever You keep my mind, there it is. This is what the Guru has taught me. \|\|7\|\| |
| ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥ | Sanak and Sanandan, Brahma and Indra, were imbued with devotional worship, and came to be in harmony with Him. |
| ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥੮॥੧॥ | O Nanak, without the Lord, I cannot live, even for an instant. The Name of the Lord is glorious and great. \|\|8\|\|1\|\| |
| ਸਾਰਗ ਮਹਲਾ ੧ ॥ | Saarang, First Mehl: |
| ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥ | Without the Lord, how can my mind be comforted? |
| ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥੧॥ ਰਹਾਉ ॥ | The guilt and sin of millions of ages is erased, and one is released from the cycle of reincarnation, when the Truth is implanted within. \|\|1\|\|Pause\|\| |
| ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ ॥ | Anger is gone, egotism and attachment have been burnt away; I am imbued with His ever-fresh Love. |
| ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ ॥੧॥ | Other fears are forgotten, begging at God's Door. The Immaculate Lord is my Companion. \|\|1\|\| |
| ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥ | Forsaking my fickle intellect, I have found God, the Destroyer of fear; I am lovingly attuned to the One Word, the Shabad. |
| ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ ॥੨॥ | Tasting the sublime essence of the Lord, my thirst is quenched; by great good fortune, the Lord has united me with Himself. \|\|2\|\| |
| ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ ॥ | The empty tank has been filled to overflowing. Following the Guru's Teachings, I am enraptured with the True Lord. |

| ੧੨੩੩ | 1233 |
|---|---|
| ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ ॥੩॥ | My mind is imbued with love for the Naam. The Immaculate Lord is merciful, from the beginning of time, and throughout the ages. ‖3‖ |
| ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ ॥ | My mind is fascinated with the Fascinating Lord. By great good fortune, I am lovingly attuned to Him. |
| ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ ॥੪॥ | Contemplating the True Lord, all the residues of sins and mistakes are wiped away. My mind is pure and immaculate in His Love. ‖4‖ |
| ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥ | God is the Deep and Unfathomable Ocean, the Source of all jewels; no other is worthy of worship. |
| ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥ | I contemplate the Shabad, the Destroyer of doubt and fear; I do not know any other at all. ‖5‖ |
| ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ॥ | Subduing my mind, I have realized the pure status; I am totally imbued with the sublime essence of the Lord. |
| ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥੬॥ | I do not know any other except the Lord. The True Guru has imparted this understanding. ‖6‖ |
| ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥ | God is Inaccessible and Unfathomable, Unmastered and Unborn; through the Guru's Teachings, I know the One Lord. |
| ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥੭॥ | Filled to overflowing, my consciousness does not waver; through the Mind, my mind is pleased and appeased. ‖7‖ |
| ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥ | By Guru's Grace, I speak the Unspoken; I speak what He makes me speak. |
| ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥੮॥੨॥ | O Nanak, my Lord is Merciful to the meek; I do not know any other at all. ‖8‖2‖ |
| ਸਾਰਗ ਮਹਲਾ ੩ ਅਸਟਪਦੀਆ ਘਰੁ ੧ | Saarang, Third Mehl, Ashtapadees, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਨ ਮੇਰੇ ਹਰਿ ਕੈ ਨਾਮਿ ਵਡਾਈ ॥ | O my mind, the Name of the Lord is glorious and great. |

| | |
|---|---|
| ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥ | I know of none, other than the Lord; through the Lord's Name, I have attained liberation and emancipation. \|\|1\|\|Pause\|\| |
| ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ ਹਰਿ ਸੇਤੀ ਲਿਵ ਲਾਈ ॥ | Through the Word of the Shabad, I am lovingly attuned to the Lord, the Destroyer of fear, the Destroyer of the Messenger of Death. |
| ਹਰਿ ਸੁਖਦਾਤਾ ਗੁਰਮੁਖਿ ਜਾਤਾ ਸਹਜੇ ਰਹਿਆ ਸਮਾਈ ॥੧॥ | As Gurmukh, I have realized the Lord, the Giver of peace; I remain intuitively absorbed in Him. \|\|1\|\| |
| ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ ॥ | The Immaculate Name of the Lord is the food of His devotees; they wear the glory of devotional worship. |
| ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥ | They abide in the home of their inner beings, and they serve the Lord forever; they are honored in the Court of the Lord. \|\|2\|\| |
| ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥ | The intellect of the self-willed manmukh is false; his mind wavers and wobbles, and he cannot speak the Unspoken Speech. |
| ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥ | Following the Guru's Teachings, the Eternal Unchanging Lord abides within the mind; the True Word of His Bani is Ambrosial Nectar. \|\|3\|\| |
| ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ ॥ | The Shabad calms the turbulent waves of the mind; the tongue is intuively imbued with peace. |
| ਸਤਿਗੁਰ ਮਿਲਿ ਰਹੀਐ ਸਦ ਅਪੁਨੇ ਜਿਨਿ ਹਰਿ ਸੇਤੀ ਲਿਵ ਲਾਈ ॥੪॥ | So remain united forever with your True Guru, who is lovingly attuned to the Lord. \|\|4\|\| |
| ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ ॥ | If the mortal dies in the Shabad, then he is liberated; he focuses his consciousness on the Lord's Feet. |
| ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥ | The Lord is an Ocean; His Water is Forever Pure. Whoever bathes in it is intuitively imbued with peace. \|\|5\|\| |
| ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥ | Those who contemplate the Shabad are forever imbued with His Love; their egotism and desires are subdued. |
| ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥ | The Pure, Unattached Lord permeates their inner beings; the Lord, the Supreme Soul, is pervading all. \|\|6\|\| |

| | |
|---|---|
| ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥ | Your humble servants serve You, O Lord; those who are imbued with the Truth are pleasing to Your Mind. |
| ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥ | Those who are involved in duality do not find the Mansion of the Lord's Presence; caught in the false nature of the world, they do not discriminate between merits and demerits. \|\|7\|\| |
| ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥ | When the Lord merges us into Himself, we speak the Unspoken Speech; True is the Shabad, and True is the Word of His Bani. |
| ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥ | O Nanak, the true people are absorbed in the Truth; they chant the Name of the Lord. \|\|8\|\|1\|\| |
| ਸਾਰਗ ਮਹਲਾ ੩ ॥ | Saarang, Third Mehl: |
| ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥ | O my mind, the Name of the Lord is supremely sweet. |
| **੧੨੩੪** | 1234 |
| ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥ | It is the Destroyer of the sins, the guilt and fears of countless incarnations; the Gurmukh sees the One Lord. \|\|1\|\|Pause\|\| |
| ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥ | Millions upon millions of sins are erased, when the mind comes to love the True Lord. |
| ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥੧॥ | I do not know any other, except the Lord; the True Guru has revealed the One Lord to me. \|\|1\|\| |
| ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ ॥ | Those whose hearts are filled with the wealth of the Lord's Love, remain intuitively absorbed in Him. |
| ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥੨॥ | Imbued with the Shabad, they are dyed in the deep crimson color of His Love. They are imbued with the Lord's celestial peace and poise. \|\|2\|\| |
| ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥ | Contemplating the Shabad, the tongue is imbued with joy; embracing His Love, it is dyed a deep crimson. |
| ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥ | I have come to know the Name of the Pure Detached Lord; my mind is satisfied and comforted. \|\|3\|\| |

| | |
|---|---|
| ਪੰਡਿਤ ਪੜਿ ਪੜਿ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥ | The Pandits, the religious scholars, read and study, and all the silent sages have grown weary; they have grown weary of wearing their religious robes and wandering all around. |
| ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥ | By Guru's Grace, I have found the Immaculate Lord; I contemplate the True Word of the Shabad. \|\|4\|\| |
| ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥ | My coming and going in reincarnation is ended, and I am imbued with Truth; the True Word of the Shabad is pleasing to my mind. |
| ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥੫॥ | Serving the True Guru, eternal peace is found, and self-conceit is eliminated from within. \|\|5\|\| |
| ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥ | Through the True Word of the Shabad, the celestial melody wells up, and the mind is lovingly focused on the True Lord. |
| ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥ | The Immaculate Naam, the Name of the Inaccessible and Unfathomable Lord, abides in the mind of the Gurmukh. \|\|6\|\| |
| ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥ | The whole world is contained in the One Lord. How rare are those who understand the One Lord. |
| ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ ॥੭॥ | One who dies in the Shabad comes to know everything; night and day, he realizes the One Lord. \|\|7\|\| |
| ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥ | That humble being, upon whom the Lord casts His Glance of Grace, understands. Nothing else can be said. |
| ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥ | O Nanak, those who are imbued with the Naam are forever detached from the world; they are lovingly attuned to the One Word of the Shabad. \|\|8\|\|2\|\| |
| ਸਾਰਗ ਮਹਲਾ ੩ ॥ | Saarang, Third Mehl: |
| ਮਨ ਮੇਰੇ ਹਰਿ ਕੀ ਅਕਥ ਕਹਾਣੀ ॥ | O my mind, the Speech of the Lord is unspoken. |
| ਹਰਿ ਨਦਰਿ ਕਰੇ ਸੋਈ ਜਨੁ ਪਾਏ ਗੁਰਮੁਖਿ ਵਿਰਲੈ ਜਾਣੀ ॥੧॥ ਰਹਾਉ ॥ | That humble being who is blessed by the Lord's Glance of Grace, obtains it. How rare is that Gurmukh who understands. \|\|1\|\|Pause\|\| |
| ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ॥ | The Lord is Deep, Profound and Unfathomable, the Ocean of Excellence; He is realized through the Word of the Guru's Shabad. |

ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥੧॥

Mortals do their deeds in all sorts of ways, in the love of duality; but without the Shabad, they are insane. ||1||

ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥

That humble being who bathes in the Lord's Name becomes immaculate; he never becomes polluted again.

ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥

Without the Name, the whole world is polluted; wandering in duality, it loses its honor. ||2||

ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ ॥

| ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥੧੮॥ | O Nanak, the Gurmukh is merged with the Lord; he is embellished in His Court. \|\|18\|\| |
| ਸਲੋਕ ਮਃ ੧ ॥ | Shalok, First Mehl: |
| ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ॥ | Thus speaks the wealthy man: I should go and get more wealth. |

| | |
|---|---|
| ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥੧॥ | Nanak becomes poor on that day when he forgets the Lord's Name. \|\|1\|\| |
| ਮਃ ੧ ॥ | First Mehl: |
| ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ | The sun rises and sets, and the lives of all run out. |
| ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥ | The mind and body experience pleasures; one loses, and another wins. |
| ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ ॥ | Everyone is puffed up with pride; even after they are spoken to, they do not stop. |
| ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ ॥੨॥ | O Nanak, the Lord Himself sees all; when He takes the air out of the balloon, the body falls. \|\|2\|\| |
| ਪਉੜੀ ॥ | Pauree: |
| ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ | The treasure of the Name is in the Sat Sangat, the True Congregation. There, the Lord is found. |
| **੧੨੪੫** | 1245 |
| ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥ | By Guru's Grace, the heart is illumined, and darkness is dispelled. |
| ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ | Iron is transformed into gold, when it touches the Philosopher's Stone. |
| ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥ | O Nanak, meeting with the True Guru, the Name is obtained. Meeting Him, the mortal meditates on the Name. |
| ਜਿਨ੍ਹ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨੁ ਪਾਇਆ ॥੧੯॥ | Those who have virtue as their treasure, obtain the Blessed Vision of His Darshan. \|\|19\|\| |
| ਸਲੋਕ ਮਃ ੧ ॥ | Shalok, First Mehl: |
| ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ | Cursed are the lives of those who read and write the Lord's Name to sell it. |
| ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ | Their crop is devastated - what harvest will they have? |

| | |
|---|---|
| ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ | Lacking truth and humility, they shall not be appreciated in the world hereafter. |
| ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ | Wisdom which leads to arguments is not called wisdom. |
| ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ | Wisdom leads us to serve our Lord and Master; through wisdom, honor is obtained. |
| ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ | Wisdom does not come by reading textbooks; wisdom inspires us to give in charity. |
| ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥ | Says Nanak, this is the Path; other things lead to Satan. \|\|1\|\| |
| ਮਃ ੨ ॥ | Second Mehl: |
| ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ ॥ | Mortals are known by their actions; this is the way it has to be. |
| ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ ॥ | They should show goodness, and not be deformed by their actions; this is how they are called beautiful. |
| ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥੨॥ | Whatever they desire, they shall receive; O Nanak, they become the very image of God. \|\|2\|\| |
| ਪਉੜੀ ॥ | Pauree: |
| ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ | The True Guru is the tree of ambrosia. it bears the fruit of sweet nectar. |
| ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥ | He alone receives it, who is so pre-destined, through the Word of the Guru's Shabad. |
| ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ | One who walks in harmony with the Will of the True Guru, is blended with the Lord. |
| ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥ | The Messenger of Death cannot even see him; his heart is illumined with God's Light. |
| ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥ | O Nanak, God forgives him, and blends him with Himself; he does not rot away in the womb of reincarnation ever again. \|\|20\|\| |

| | |
|---|---|
| ਸਲੋਕ ਮਃ ੧ ॥ | Shalok, First Mehl: |
| ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ | Those who have truth as their fast, contentment as their sacred shrine of pilgrimage, spiritual wisdom and meditation as their cleansing bath, |
| ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ | kindness as their deity, and forgiveness as their chanting beads - they are the most excellent people. |
| ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ | Those who take the Way as their loincloth, and intuitive awareness their ritualistically purified enclosure, with good deeds their ceremonial forehead mark, |
| ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥ | and love their food - O Nanak, they are very rare. \|\|1\|\| |
| ਮਹਲਾ ੩ ॥ | Third Mehl: |
| ਨਉਮੀ ਨੇਮੁ ਸਚੁ ਜੇ ਕਰੈ ॥ | On the ninth day of the month, make a vow to speak the Truth, |
| ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥ | and your sexual desire, anger and desire shall be eaten up. |
| ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥ | On the tenth day, regulate your ten doors; on the eleventh day, know that the Lord is One. |
| ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥ | On the twelfth day, the five thieves are subdued, and then, O Nanak, the mind is pleased and appeased. |
| ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥ | Observe such a fast as this, O Pandit, O religious scholar; of what use are all the other teachings? \|\|2\|\| |
| ਪਉੜੀ ॥ | Pauree: |
| ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ ॥ | Kings, rulers and monarchs enjoy pleasures and gather the poison of Maya. |
| ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ ॥ | In love with it, they collect more and more, stealing the wealth of others. |
| ਪੁਤ੍ਰ ਕਲਤ੍ਰ ਨ ਵਿਸਹਹਿ ਬਹੁ ਪ੍ਰੀਤਿ ਲਗਾਇਆ ॥ | They do not trust their own children or spouses; they are totally attached to the love of Maya. |
| ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ ॥ | But even as they look on, Maya cheats them, and they come to regret and repent. |
| ਜਮ ਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ ॥੨੧॥ | Bound and gagged at Death's door, they are beaten and punished; O Nanak, it pleases the Will of the Lord. \|\|21\|\| |

| | |
|---|---|
| ਸਲੋਕ ਮਃ ੧ ॥ | Shalok, First Mehl: |
| ਗਿਆਨ ਵਿਹੂਣਾ ਗਾਵੈ ਗੀਤ ॥ | The one who lacks spiritual wisdom sings religious songs. |
| ਭੁਖੇ ਮੁਲਾਂ ਘਰੇ ਮਸੀਤਿ ॥ | The hungry Mullah turns his home into a mosque. |
| ਮਖਟੂ ਹੋਇ ਕੈ ਕੰਨ ਪੜਾਏ ॥ | The lazy unemployed has his ears pierced to look like a Yogi. |
| ਫਕਰੁ ਕਰੇ ਹੋਰੁ ਜਾਤਿ ਗਵਾਏ ॥ | Someone else becomes a pan-handler, and loses his social status. |
| ਗੁਰੁ ਪੀਰੁ ਸਦਾਏ ਮੰਗਣ ਜਾਇ ॥ | One who calls himself a guru or a spiritual teacher, while he goes around begging |
| ਤਾ ਕੈ ਮੂਲਿ ਨ ਲਗੀਐ ਪਾਇ ॥ | - don't ever touch his feet. |
| ਘਾਲਿ ਖਾਇ ਕਿਛੁ ਹਥਹੁ ਦੇਇ ॥ | One who works for what he eats, and gives some of what he has |
| ਨਾਨਕ ਰਾਹੁ ਪਛਾਣਹਿ ਸੇਇ ॥੧॥ | - O Nanak, he knows the Path. ‖1‖ |

## ੧੨੪੬ — 1246

| | |
|---|---|
| ਮਃ ੧ ॥ | First Mehl: |
| ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ੍ ॥ | Those mortals whose minds are like deep dark pits do not understand the purpose of life, even when it is explained to them. |
| ਮਨਿ ਅੰਧੈ ਊਂਧੈ ਕਵਲਿ ਦਿਸਨਿ੍ ਖਰੇ ਕਰੂਪ ॥ | Their minds are blind, and their heart-lotuses are upside-down; they look totally ugly. |
| ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ | Some know how to speak, and understand what they are told. They are wise and beautiful. |
| ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ | Some do not understand about the Sound-current of the Naad or the Vedas, music, virtue or vice. |
| ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ | Some are not blessed with understanding, intelligence, or sublime intellect; they do not grasp the mystery of God's Word. |
| ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥ | O Nanak, they are donkeys; they are very proud of themselves, but they have no virtues at all. ‖2‖ |
| ਪਉੜੀ ॥ | Pauree: |
| ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ | To the Gurmukh, everything is sacred: wealth, property, Maya. |

ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥

Those who spend the wealth of the Lord find peace through giving.

ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥

Those who meditate on the Lord's Name shall never be deprived.

ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥

The Gurmukhs come to see the Lord, and leave behind the things of Maya.

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥

O Nanak, the devotees do not think of anything else; they are absorbed in the Name of the Lord. ||22||

ਸਲੋਕ ਮਃ ੪ ॥

Shalok, Fourth Mehl:

ਸਤਿਗੁਰੁ ਸੇਵਨਿ ਸੇ ਵਡਭਾਗੀ ॥

Those who serve the True Guru are very fortunate.

ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ ॥

They are lovingly attuned to the True Shabad, the Word of the One God.

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥

In their own household and family, they are in natural Samaadhi.

ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥

O Nanak, those who are attuned to the Naam are truly detached from the world. ||1||

ਮਃ ੪ ॥

Fourth Mehl:

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥

Calculated service is not service at all, and what is done is not approved.

ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥

The flavor of the Shabad, the Word of God, is not tasted if the mortal is not in love with the True Lord God.

ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥

The stubborn-minded person does not even like the True Guru; he comes and goes in reincarnation.

ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ ॥

He takes one step forward, and ten steps back.

ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥

The mortal works to serve the True Guru, if he walks in harmony with the True Guru's Will.

ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥

He loses his self-conceit, and meets the True Guru; he remains intuitively absorbed in the Lord.

| | |
|---|---|
| ਨਾਨਕ ਤਿਨ੍ਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥੨॥ | O Nanak, they never forget the Naam, the Name of the Lord; they are united in Union with the True Lord. ‖2‖ |
| ਪਉੜੀ ॥ | Pauree: |
| ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ ॥ | They call themselves emperors and rulers, but none of them will be allowed to stay. |
| ਗੜ੍ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ ॥ | Their sturdy forts and mansions - none of them will go along with them. |
| ਸੋਇਨ ਸਾਖਤਿ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ ॥ | Their gold and horses, fast as the wind, are cursed, and cursed are their clever tricks. |
| ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ ॥ | Eating the thirty-six delicacies, they become bloated with pollution. |
| ਨਾਨਕ ਜੋ ਦੇਵੈ ਤਿਸਹਿ ਨ ਜਾਣਨ੍ੀ ਮਨਮੁਖਿ ਦੁਖੁ ਪਾਈ ॥੨੩॥ | O Nanak, the self-willed manmukh does not know the One who gives, and so he suffers in pain. ‖23‖ |
| ਸਲੋਕ ਮਃ ੩ ॥ | Shalok, Third Mehl: |
| ਪੜ੍ਹਿ ਪੜ੍ਹਿ ਪੰਡਿਤ ਮੋੁਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥ | The Pandits, the religious scholars and the silent sages read and recite until they get tired. They wander through foreign lands in their religious robes, until they are exhausted. |
| ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥ | In love with duality, they never receive the Name. Held in the grasp of pain, they suffer terribly. |
| ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥ | The blind fools serve the three gunas, the three dispositions; they deal only with Maya. |
| ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥ | With deception in their hearts, the fools read sacred texts to fill their bellies. |
| ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥ | One who serves the True Guru finds peace; he eradicates egotism from within. |
| ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥ | O Nanak, there is One Name to chant and dwell on; how rare are those who reflect on this and understand. ‖1‖ |

| | |
|---|---|
| ਮਃ ੩ ॥ | Third Mehl: |
| ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ ॥ | Naked we come, and naked we go. This is by the Lord's Command; what else can we do? |
| ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥ | The object belongs to Him; He shall take it away; with whom should one be angry. |
| ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ ॥ | One who becomes Gurmukh accepts God's Will; he intuitively drinks in the Lord's sublime essence. |
| ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ ॥੨॥ | O Nanak, praise the Giver of peace forever; with your tongue, savor the Lord. \|\|2\|\| |
| **੧੨੪੭** | 1247 |
| ਪਉੜੀ ॥ | Pauree: |
| ਗੜ੍ਹਿ ਕਾਇਆ ਸੀਗਾਰ ਬਹੁ ਭਾਂਤਿ ਬਣਾਈ ॥ | The fortress of the body has been decorated and adorned in so many ways. |
| ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ ॥ | The wealthy wear beautiful silk robes of various colors. |
| ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ ॥ | They hold elegant and beautiful courts, on red and white carpets. |
| ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ ॥ | But they eat in pain, and in pain they seek pleasure; they are very proud of their pride. |
| ਨਾਨਕ ਨਾਮੁ ਨ ਚੇਤਿਓ ਅੰਤਿ ਲਏ ਛਡਾਈ ॥੨੪॥ | O Nanak, the mortal does not even think of the Name, which shall deliver him in the end. \|\|24\|\| |
| ਸਲੋਕ ਮਃ ੩ ॥ | Shalok, Third Mehl: |
| ਸਹਜੇ ਸੁਖਿ ਸੁਤੀ ਸਬਦਿ ਸਮਾਇ ॥ | She sleeps in intuitive peace and poise, absorbed in the Word of the Shabad. |
| ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥ | God hugs her close in His Embrace, and merges her into Himself. |
| ਦੁਬਿਧਾ ਚੂਕੀ ਸਹਜਿ ਸੁਭਾਇ ॥ | Duality is eradicated with intuitive ease. |
| ਅੰਤਰਿ ਨਾਮੁ ਵਸਿਆ ਮਨਿ ਆਇ ॥ | The Naam comes to abide in her mind. |
| ਸੇ ਕੰਠਿ ਲਾਏ ਜਿ ਭੰਨਿ ਘੜਾਇ ॥ | He hugs close in His Embrace those who shatter and reform their beings. |

| | |
|---|---|
| ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥੧॥ | O Nanak, those who are predestined to meet Him, come and meet Him now. ‖1‖ |
| ਮਃ ੩ ॥ | Third Mehl: |
| ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ | Those who forget the Naam, the Name of the Lord - so what if they chant other chants? |
| ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ | They are maggots in manure, plundered by the thief of worldly entanglements. |
| ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥੨॥ | O Nanak, never forget the Naam; greed for anything else is false. ‖2‖ |
| ਪਉੜੀ ॥ | Pauree: |
| ਨਾਮੁ ਸਲਾਹਨਿ ਨਾਮੁ ਮੰਨਿ ਅਸਥਿਰੁ ਜਗਿ ਸੋਈ ॥ | Those who praise the Naam, and believe in the Naam, are eternally stable in this world. |
| ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀ ਕੋਈ ॥ | Within their hearts, they dwell on the Lord, and nothing else at all. |
| ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥ | With each and every hair, they chant the Lord's Name, each and every instant, the Lord. |
| ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ ॥ | The birth of the Gurmukh is fruitful and certified; pure and unstained, his filth is washed away. |
| ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ ॥੨੫॥ | O Nanak, meditating on the Lord of eternal life, the status of immortality is obtained. ‖25‖ |
| ਸਲੋਕੁ ਮਃ ੩ ॥ | Shalok, Third Mehl: |
| ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥ | Those who forget the Naam and do other things, |
| ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥੧॥ | O Nanak, will be bound and gagged and beaten in the City of Death, like the thief caught red-handed. ‖1‖ |
| ਮਃ ੫ ॥ | Fifth Mehl: |
| ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥ | The earth is beauteous, and the sky is lovely, chanting the Name of the Lord. |

| | |
|---|---|
| ਨਾਨਕ ਨਾਮ ਵਿਹੂਣਿਆ ਤਿਨ੍ ਤਨ ਖਾਵਹਿ ਕਾਉ ॥੨॥ | O Nanak, those who lack the Naam - their carcasses are eaten by the crows. ‖2‖ |
| ਪਉੜੀ ॥ | Pauree: |
| ਨਾਮੁ ਸਲਾਹਨਿ ਭਾਉ ਕਰਿ ਨਿਜ ਮਹਲੀ ਵਾਸਾ ॥ | Those who lovingly praise the Naam, and dwell in the mansion of the self deep within, |
| ਓਇ ਬਾਹੁੜਿ ਜੋਨਿ ਨ ਆਵਨੀ ਫਿਰਿ ਹੋਹਿ ਨ ਬਿਨਾਸਾ ॥ | do not enter into reincarnation ever again; they shall never be destroyed. |
| ਹਰਿ ਸੇਤੀ ਰੰਗਿ ਰਵਿ ਰਹੇ ਸਭ ਸਾਸ ਗਿਰਾਸਾ ॥ | They remain immersed and absorbed in the love of the Lord, with every breath and morsel of food. |
| ਹਰਿ ਕਾ ਰੰਗੁ ਕਦੇ ਨ ਉਤਰੈ ਗੁਰਮੁਖਿ ਪਰਗਾਸਾ ॥ | The color of the Lord's Love never fades away; the Gurmukhs are enlightened. |
| ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ ॥੨੬॥ | Granting His Grace, He unites them with Himself; O Nanak, the Lord keeps them by His side. ‖26‖ |
| ਸਲੋਕ ਮਃ ੩ ॥ | Shalok, Third Mehl: |
| ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ | As long as his mind is disturbed by waves, he is caught in ego and egotistical pride. |
| ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥ | He does not find the taste of the Shabad, and he does not embrace love for the Name. |
| ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥ | His service is not accepted; worrying and worrying, he wastes away in misery. |
| ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ | O Nanak, he alone is called a selfless servant, who cuts off his head, and offers it to the Lord. |
| ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥ | He accepts the Will of the True Guru, and enshrines the Shabad within his heart. ‖1‖ |
| ਮਃ ੩ ॥ | Third Mehl: |
| ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥ | That is chanting and meditation, work and selfless service, which is pleasing to our Lord and Master. |
| ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥ | The Lord Himself forgives, and takes away self-conceit, and unites the mortals with Himself. |

ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥

United with the Lord, the mortal is never separated again; his light merges into the Light.

ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ ॥੨॥

O Nanak, by Guru's Grace, the mortal understands, when the Lord allows him to understand. ||2||

ਪਉੜੀ ॥

Pauree:

ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥

All are held accountable, even the egotistical self-willed manmukhs.

ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥

They never even think of the Name of the Lord; the Messenger of Death shall hit them on their heads.

## ੧੨੪੮

## 1248

ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥

Their sin and corruption are like rusty slag; they carry such a heavy load.

ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥

The path is treacherous and terrifying; how can they cross over to the other side?

ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥

O Nanak, those whom the Guru protects are saved. They are saved in the Name of the Lord. ||27||

ਸਲੋਕ ਮਃ ੩ ॥

Shalok, Third Mehl:

ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥

Without serving the True Guru, no one finds peace; mortals die and are reborn, over and over again.

ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥

They have been given the drug of emotional attachment; in love with duality, they are totally corrupt.

ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥

Some are saved, by Guru's Grace. Everyone humbly bows before such humble beings.

ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥

O Nanak, meditate on the Naam, deep within yourself, day and night. You shall find the Door of Salvation. ||1||

ਮਃ ੩ ॥

Third Mehl:

ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥

Emotionally attached to Maya, the mortal forgets truth, death and the Name of the Lord.

| | |
|---|---|
| ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ ॥ | Engaged in worldly affairs, his life wastes away; deep within himself, he suffers in pain. |
| ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ ॥੨॥ | O Nanak, those who have the karma of such pre-ordained destiny, serve the True Guru and find peace. ‖2‖ |
| ਪਉੜੀ ॥ | Pauree: |
| ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥ | Read the account of the Name of the Lord, and you shall never again be called to account. |
| ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥ | No one will question you, and you will always be safe in the Court of the Lord. |
| ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ | The Messenger of Death will meet you, and be your constant servant. |
| ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥ | Through the Perfect Guru, you shall find the Mansion of the Lord's Presence. You shall be famous throughout the world. |
| ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੮॥ | O Nanak, the unstruck celestial melody vibrates at your door; come and merge with the Lord. ‖28‖ |
| ਸਲੋਕ ਮਃ ੩ ॥ | Shalok, Third Mehl: |
| ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥ | Whoever follows the Guru's Teachings, attains the most sublime peace of all peace. |
| ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥੧॥ | Acting in accordance with the Guru, his fear is cut away; O Nanak, he is carried across. ‖1‖ |
| ਮਃ ੩ ॥ | Third Mehl: |
| ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ | The True Lord does not grow old; His Naam is never dirtied. |
| ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥ | Whoever walks in harmony with the Guru's Will, shall not be reborn again. |
| ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥ | O Nanak, those who forget the Naam, come and go in reincarnation. ‖2‖ |

| | |
|---|---|
| ਪਉੜੀ ॥ | Pauree: |
| ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ ॥ | I am a beggar; I ask this blessing of You: O Lord, please embellish me with Your Love. |
| ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ ॥ | I am so thirsty for the Blessed Vision of the Lord's Darshan; His Darshan brings me satisfaction. |
| ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ ॥ | I cannot live for a moment, for even an instant, without seeing Him, O my mother. |
| ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥ | The Guru has shown me that the Lord is always with me; He is permeating and pervading all places. |
| ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥੨੯॥ | He Himself wakes the sleepers, O Nanak, and lovingly attunes them to Himself. ‖29‖ |
| ਸਲੋਕ ਮਃ ੩ ॥ | Shalok, Third Mehl: |
| ਮਨਮੁਖ ਬੋਲਿ ਨ ਜਾਣਨ੍ੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ | The self-willed manmukhs do not even know how to speak. They are filled with sexual desire, anger and egotism. |
| ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ | They do not know the difference between good and bad; they constantly think of corruption. |
| ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥ | In the Lord's Court, they are called to account, and they are judged to be false. |
| ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥ | He Himself creates the Universe. He Himself contemplates it. |
| ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥੧॥ | O Nanak, whom should we tell? The True Lord is permeating and pervading all. ‖1‖ |
| ਮਃ ੩ ॥ | Third Mehl: |
| ਹਰਿ ਗੁਰਮੁਖਿ ਤਿਨ੍ੀ ਅਰਾਧਿਆ ਜਿਨ੍ ਕਰਮਿ ਪਰਾਪਤਿ ਹੋਇ ॥ | The Gurmukhs worship and adore the Lord; they receive the good karma of their actions. |
| ਨਾਨਕ ਹਉ ਬਲਿਹਾਰੀ ਤਿਨ੍ ਕਉ ਜਿਨ੍ ਹਰਿ ਮਨਿ ਵਸਿਆ ਸੋਇ ॥੨॥ | O Nanak, I am a sacrifice to those whose minds are filled with the Lord. ‖2‖ |

| | |
|---|---|
| ਪਉੜੀ ॥ | Pauree: |
| ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥ | All people cherish hope, that they will live long lives. |
| ਨਿਤ ਜੀਵਣ ਕਉ ਚਿਤੁ ਗੜ੍ਹ ਮੰਡਪ ਸਵਾਰਿਆ ॥ | They wish to live forever; they adorn and embellish their forts and mansions. |
| ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥ | By various frauds and deceptions, they steal the wealth of others. |
| ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥ | But the Messenger of Death keeps his gaze on their breath, and the life of those goblins decreases day by day. |

## ੧੨੪੯ — 1249

| | |
|---|---|
| ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥੩੦॥ | Nanak has come to the Sanctuary of the Guru, and is saved. The Guru, the Lord, is his Protector. \|\|30\|\| |
| ਸਲੋਕ ਮਃ ੩ ॥ | Shalok, Third Mehl: |
| ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥ | Reading and writing, the Pandits engage in debates and disputes; they are attached to the flavors of Maya. |
| ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ | In the love of duality, they forget the Naam. Those foolish mortals shall receive their punishment. |
| ਜਿਨ੍ਹਿ ਕੀਤੇ ਤਿਸੈ ਨ ਸੇਵਨ੍ਹੀ ਦੇਦਾ ਰਿਜਕੁ ਸਮਾਇ ॥ | They do not serve the One who created them, who gives sustenance to all. |
| ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥ | The noose of Death around their necks is not cut off; they come and go in reincarnation, over and over again. |
| ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥ | The True Guru comes and meets those who have such pre-ordained destiny. |
| ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥੧॥ | Night and day, they meditate on the Naam, the Name of the Lord; O Nanak, they merge into the True Lord. \|\|1\|\| |
| ਮਃ ੩ ॥ | Third Mehl: |
| ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥ | Those Gurmukhs who fall at His Feet deal with the True Lord and serve the True Lord. |

ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥

O Nanak, those who walk in harmony with the Guru's Will are intuitively absorbed in the True Lord. ||2||

ਪਉੜੀ ॥

Pauree:

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥

In hope, there is very great pain; the self-willed manmukh focuses his consciousness on it.

ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥

The Gurmukhs become desireless, and attain supreme peace.

ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥

In the midst of their household, they remain detached; they are lovingly attuned to the Detached Lord.

ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥

Sorrow and separation do not cling to them at all. They are pleased with the Lord's Will.

ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥

O Nanak, they remain forever immersed in the Primal Lord, who blends them with Himself. ||31||

ਸਲੋਕ ਮਃ ੩ ॥

Shalok, Third Mehl:

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥

Why keep what is held in trust for another? Giving it back, peace is found.

ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥

The Word of the Guru's Shabad rests in the Guru; it does not appear through anyone else.

ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥

The blind man finds a jewel, and goes from house to house selling it.

ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥

But they cannot appraise it, and they do not offer him even half a shell for it.

ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓੁ ਪਰਖਾਇ ॥

If he cannot appraise it himself, then he should have it appraised by an appraiser.

ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥

If he focuses his consciousness, then he obtains the true object, and he is blessed with the nine treasures.

ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥

The wealth is within the house, while the world is dying of hunger. Without the True Guru, no one has a clue.

ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥

When the cooling and soothing Shabad comes to dwell in the mind and body, there is no sorrow or separation there.

| | |
|---|---|
| ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥ | The object belongs to someone else, but the fool is proud of it, and shows his shallow nature. |
| ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥ | O Nanak, without understanding, no one obtains it; they come and go in reincarnation, over and over again. ‖1‖ |
| ਮਃ ੩ ॥ | Third Mehl: |
| ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ ॥ | My mind is in ecstasy; I have met my Beloved Lord. My beloved friends, the Saints, are delighted. |
| ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ ॥ | Those who are united with the Primal Lord shall never be separated again. The Creator has united them with Himself. |
| ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ ਦੂਖ ਨਿਵਾਰੇ ॥ | The Shabad permeates my inner being, and I have found the Guru; all my sorrows are dispelled. |
| ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰ ਧਾਰੇ ॥ | I praise forever the Lord, the Giver of peace; I keep Him enshrined deep within my heart. |
| ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ ॥ | How can the self-willed manmukh gossip about those who are embellished and exalted in the True Word of the Shabad? |
| ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ ॥ | My Beloved Himself preserves the honor of those who have come to the Guru's Door seeking Sanctuary. |
| ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ ॥੨॥ | O Nanak, the Gurmukhs are filled with joy; their faces are radiant in the Court of the Lord. ‖2‖ |
| ਪਉੜੀ ॥ | Pauree: |
| ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ ॥ | The husband and wife are very much in love; joining together, their love increases. |
| ਪੁਤ੍ਰੁ ਕਲਤ੍ਰੁ ਨਿਤ ਵੇਖੈ ਵਿਗਸੈ ਮੋਹਿ ਮਾਇਆ ॥ | Gazing on his children and his wife, the man is pleased and attached to Maya. |
| ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ ॥ | Stealing the wealth of his own country and other lands, he brings it home and feeds them. |

| ੧੨੫੦ | 1250 |
|---|---|
| ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ ॥ | In the end, hatred and conflict well up, and no one can save him. |
| ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ ॥੩੨॥ | O Nanak, without the Name, those loving attachments are cursed; engrossed in them, he suffers in pain. \|\|32\|\| |
| ਸਲੋਕ ਮਃ ੩ ॥ | Shalok, Third Mehl: |
| ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ | The Guru's Word is the Ambrosial Nectar of the Naam. Eating it, all hunger departs. |
| ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥ | There is no thirst or desire at all, when the Naam comes to dwell in the mind. |
| ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ ॥ | Eating anything other than the Name, disease runs to afflict the body. |
| ਨਾਨਕ ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ ॥੧॥ | O Nanak, whoever takes the Praise of the Shabad as his spices and flavors - the Lord unites him in His Union. \|\|1\|\| |
| ਮਃ ੩ ॥ | Third Mehl: |
| ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ | The life within all living beings is the Word of the Shabad. Through it, we meet our Husband Lord. |
| ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ ॥ | Without the Shabad, the world is in darkness. Through the Shabad, it is enlightened. |
| ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ ॥ | The Pandits, the religious scholars, and the silent sages read and write until they are weary. The religious fanatics are tired of washing their bodies. |
| ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ | Without the Shabad, no one attains the Lord; the miserable depart weeping and wailing. |
| ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥੨॥ | O Nanak, by His Glance of Grace, the Merciful Lord is attained. \|\|2\|\| |
| ਪਉੜੀ ॥ | Pauree: |
| ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ ॥ | The husband and wife are very much in love; sitting together, they make evil plans. |

| | |
|---|---|
| ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥ | All that is seen shall pass away. This is the Will of my God. |
| ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥ | How can anyone remain in this world forever? Some may try to devise a plan. |
| ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥ | Working for the Perfect Guru, the wall becomes permanent and stable. |
| ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥੩੩॥ | O Nanak, the Lord forgives them, and merges them into Himself; they are absorbed in the Lord's Name. ‖33‖ |
| ਸਲੋਕ ਮਃ ੩ ॥ | Shalok, Third Mehl: |
| ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥ | Attached to Maya, the mortal forgets the Fear of God and Guru, and love for the Infinite Lord. |
| ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥ | The waves of greed take away his wisdom and understanding, and he does not embrace love for the True Lord. |
| ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ | The Word of the Shabad abides in the mind of the Gurmukhs, who find the Gate of Salvation. |
| ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥ | O Nanak, the Lord Himself forgives them, and unites them in Union with Himself. ‖1‖ |
| ਮਃ ੪ ॥ | Fourth Mehl: |
| ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥ | O Nanak, without Him, we could not live for a moment. Forgetting Him, we could not succeed for an instant. |
| ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥੨॥ | O mortal, how can you be angry with the One who cares for you? ‖2‖ |
| ਮਃ ੪ ॥ | Fourth Mehl: |
| ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ ॥ | The rainy season of Saawan has come. The Gurmukh meditates on the Lord's Name. |
| ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ ॥ | All pain, hunger and misfortune end, when the rain falls in torrents. |
| ਸਭ ਧਰਤਿ ਭਈ ਹਰੀਆਵਲੀ ਅੰਨੁ ਜੰਮਿਆ ਬੋਹਲ ਲਾਇ ॥ | The entire earth is rejuvenated, and the grain grows in abundance. |

| | |
|---|---|
| ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ ਹਰਿ ਆਪੇ ਪਾਵੈ ਥਾਇ ॥ | The Carefree Lord, by His Grace, summons that mortal whom the Lord Himself approves. |
| ਹਰਿ ਤਿਸਹਿ ਧਿਆਵਹੁ ਸੰਤ ਜਨਹੁ ਜੁ ਅੰਤੇ ਲਏ ਛਡਾਇ ॥ | So meditate on the Lord, O Saints; He shall save you in the end. |
| ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ ॥ | The Kirtan of the Lord's Praises and devotion to Him is bliss; peace shall come to dwell in the mind. |
| ਜਿਨ੍ਹਾ ਗੁਰਮੁਖਿ ਨਾਮੁ ਅਰਾਧਿਆ ਤਿਨਾ ਦੁਖ ਭੁਖ ਲਹਿ ਜਾਇ ॥ | Those Gurmukhs who worship the Naam, the Name of the Lord - their pain and hunger departs. |
| ਜਨ ਨਾਨਕੁ ਤ੍ਰਿਪਤੈ ਗਾਇ ਗੁਣ ਹਰਿ ਦਰਸਨੁ ਦੇਹੁ ਸੁਭਾਇ ॥੩॥ | Servant Nanak is satisfied, singing the Glorious Praises of the Lord. Please embellish him with the Blessed Vision of Your Darshan. \|\|3\|\| |
| ਪਉੜੀ ॥ | Pauree: |
| ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ ॥ | The Perfect Guru bestows His gifts, which increase day by day. |
| ਤੁਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ ॥ | The Merciful Lord Himself bestows them; they cannot be concealed by concealment. |
| ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥ | The heart-lotus blossoms forth, and the mortal is lovingly absorbed in the state of supreme bliss. |
| ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥ | If anyone tries to challenge him, the Lord throws dust on his head. |
| ਨਾਨਕ ਅਪੜਿ ਕੋਇ ਨ ਸਕਈ ਪੂਰੇ ਸਤਿਗੁਰ ਕੀ ਵਡਿਆਈਆ ॥੩੪॥ | O Nanak, no one can equal the glory of the Perfect True Guru. \|\|34\|\| |

## ੧੨੫੧ — 1251

| | |
|---|---|
| ਸਲੋਕ ਮਃ ੩ ॥ | Shalok, Third Mehl: |
| ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ ॥ | The Order of the Lord is beyond challenge. Clever tricks and arguments will not work against it. |
| ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥ | So abandon your self-conceit, and take to His Sanctuary; accept the Order of His Will. |
| ਗੁਰਮੁਖਿ ਜਮ ਡੰਡੁ ਨ ਲਗਈ ਹਉਮੈ ਵਿਚਹੁ ਜਾਇ ॥ | The Gurmukh eliminates self-conceit from within himself; he shall not be punished by the Messenger of Death. |

| | |
|---|---|
| ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥੧॥ | O Nanak, he alone is called a selfless servant, who remains lovingly attuned to the True Lord. \|\|1\|\| |
| ਮਃ ੩ ॥ | Third Mehl: |
| ਦਾਤਿ ਜੋਤਿ ਸਭ ਸੂਰਤਿ ਤੇਰੀ ॥ | All gifts, light and beauty are Yours. |
| ਬਹੁਤੁ ਸਿਆਣਪ ਹਉਮੈ ਮੇਰੀ ॥ | Excessive cleverness and egotism are mine. |
| ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥ | The mortal performs all sorts of rituals in greed and attachment; engrossed in egotism, he shall never escape the cycle of reincarnation. |
| ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥ | O Nanak, the Creator Himself inspires all to act. Whatever pleases Him is good. \|\|2\|\| |
| ਪਉੜੀ ਮਃ ੫ ॥ | Pauree, Fifth Mehl: |
| ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥ | Let Truth be your food, and Truth your clothes, and take the Support of the True Name. |
| ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥ | The True Guru shall lead you to meet God, the Great Giver. |
| ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥ | When perfect destiny is activated, the mortal meditates on the Formless Lord. |
| ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥ | Joining the Saadh Sangat, the Company of the Holy, you shall cross over the world-ocean. |
| ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥੩੫॥ | O Nanak, chant God's Praises, and celebrate His Victory. \|\|35\|\| |
| ਸਲੋਕ ਮਃ ੫ ॥ | Shalok, Fifth Mehl: |
| ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥ | In Your Mercy, You care for all beings and creatures. |
| ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥ | You produce corn and water in abundance; You eliminate pain and poverty, and carry all beings across. |
| ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥ | The Great Giver listened to my prayer, and the world has been cooled and comforted. |
| ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥ | Take me into Your Embrace, and take away all my pain. |

| | |
|---|---|
| ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥ | Nanak meditates on the Naam, the Name of the Lord; the House of God is fruitful and prosperous. \|\|1\|\| |
| ਮਃ ੫ ॥ | Fifth Mehl: |
| ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ ॥ | Rain is falling from the clouds - it is so beautiful! The Creator Lord issued His Order. |
| ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ ॥ | Grain has been produced in abundance; the world is cooled and comforted. |
| ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ ॥ | The mind and body are rejuvenated, meditating in remembrance on the Inaccessible and Infinite Lord. |
| ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ ॥ | O my True Creator Lord God, please shower Your Mercy on me. |
| ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ ॥੨॥ | He does whatever He pleases; Nanak is forever a sacrifice to Him. \|\|2\|\| |
| ਪਉੜੀ ॥ | Pauree: |
| ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥ | The Great Lord is Inaccessible; His glorious greatness is glorious! |
| ਗੁਰ ਸਬਦੀ ਵੇਖਿ ਵਿਗਸਿਆ ਅੰਤਰਿ ਸਾਂਤਿ ਆਈ ॥ | Gazing upon Him through the Word of the Guru's Shabad, I blossom forth in ecstasy; tranquility comes to my inner being. |
| ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ | All by Himself, He Himself is pervading everywhere, O Siblings of Destiny. |
| ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥ | He Himself is the Lord and Master of all. He has subdued all, and all are under the Hukam of His Command. |
| ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ ॥੩੬॥੧॥ ਸੁਧੁ ॥ | O Nanak, the Lord does whatever He pleases. Everyone walks in harmony with His Will. \|\|36\|\|1\|\| Sudh\|\| |
| ਰਾਗੁ ਸਾਰੰਗ ਬਾਣੀ ਭਗਤਾਂ ਕੀ ॥ | Raag Saarang, The Word Of The Devotees. |
| ਕਬੀਰ ਜੀ ॥ | Kabeer Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |

| | |
|---|---|
| ਕਹਾ ਨਰ ਗਰਬਸਿ ਥੋਰੀ ਬਾਤ ॥ | O mortal, why are you so proud of small things? |
| ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥੧॥ ਰਹਾਉ ॥ | With a few pounds of grain and a few coins in your pocket, you are totally puffed up with pride. \|\|1\|\|Pause\|\| |
| ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥ | With great pomp and ceremony, you control a hundred villages, with an income of hundreds of thousands of dollars. |
| ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ ॥੧॥ | The power you exert will last for only a few days, like the green leaves of the forest. \|\|1\|\| |
| ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥ | No one has brought this wealth with him, and no one will take it with him when he goes. |
| ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥ | Emperors, even greater than Raawan, passed away in an instant. \|\|2\|\| |
| **੧੨੫੨** | **1252** |
| ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥ | The Lord's Saints are steady and stable forever; they worship and adore Him, and chant the Lord's Name. |
| ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥੩॥ | Those who are mercifully blessed by the Lord of the Universe, join the Sat Sangat, the True Congregation. \|\|3\|\| |
| ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥ | Mother, father, spouse, children and wealth will not go along with you in the end. |
| ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥੪॥੧॥ | Says Kabeer, meditate and vibrate on the Lord, O madman. Your life is uselessly wasting away. \|\|4\|\|1\|\| |
| ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥ | I do not know the limits of Your Royal Ashram. |
| ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ | I am the humble slave of Your Saints. \|\|1\|\|Pause\|\| |
| ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ | The one who goes laughing returns crying, and the one who goes crying returns laughing. |
| ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ ॥੧॥ | What is inhabited becomes deserted, and what is deserted becomes inhabited. \|\|1\|\| |
| ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ | The water turns into a desert, the desert turns into a well, and the well turns into a mountain. |

| | |
|---|---|
| ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ | From the earth, the mortal is exalted to the Akaashic ethers; and from the ethers on high, he is thrown down again. \|\|2\|\| |
| ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ | The beggar is transformed into a king, and the king into a beggar. |
| ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥ | The idiotic fool is transformed into a Pandit, a religious scholar, and the Pandit into a fool. \|\|3\|\| |
| ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ | The woman is transformed into a man, and the men into women. |
| ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥ | Says Kabeer, God is the Beloved of the Holy Saints. I am a sacrifice to His image. \|\|4\|\|2\|\| |
| ਸਾਰੰਗ ਬਾਣੀ ਨਾਮਦੇਉ ਜੀ ਕੀ ॥ | Saarang, The Word Of Naam Dayv Jee: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਾਏਂ ਰੇ ਮਨ ਬਿਖਿਆ ਬਨ ਜਾਇ ॥ | O mortal, why are you going into the forest of corruption? |
| ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥ | You have been misled into eating the toxic drug. \|\|1\|\|Pause\|\| |
| ਜੈਸੇ ਮੀਨੁ ਪਾਨੀ ਮਹਿ ਰਹੈ ॥ | You are like a fish living in the water; |
| ਕਾਲ ਜਾਲ ਕੀ ਸੁਧਿ ਨਹੀ ਲਹੈ ॥ | you do not see the net of death. |
| ਜਿਹਬਾ ਸੁਆਦੀ ਲੀਲਿਤ ਲੋਹ ॥ | Trying to taste the flavor, you swallow the hook. |
| ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥ | You are bound by attachment to wealth and woman. \|\|1\|\| |
| ਜਿਉ ਮਧੁ ਮਾਖੀ ਸੰਚੈ ਅਪਾਰ ॥ | The bee stores up loads of honey; |
| ਮਧੁ ਲੀਨੋ ਮੁਖਿ ਦੀਨੀ ਛਾਰੁ ॥ | then someone comes and takes the honey, and throws dust in its mouth. |
| ਗਊ ਬਾਛ ਕਉ ਸੰਚੈ ਖੀਰੁ ॥ | The cow stores up loads of milk; |
| ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥ | then the milkman comes and ties it by its neck and milks it. \|\|2\|\| |
| ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ | For the sake of Maya, the mortal works very hard. |
| ਸੋ ਮਾਇਆ ਲੈ ਗਾਡੈ ਧਰੈ ॥ | He takes the wealth of Maya, and buries it in the ground. |
| ਅਤਿ ਸੰਚੈ ਸਮਝੈ ਨਹੀ ਮੂੜ੍ ॥ | He acquires so much, but the fool does not appreciate it. |

| | |
|---|---|
| ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥ | His wealth remains buried in the ground, while his body turns to dust. \|\|3\|\| |
| ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ | He burns in tremendous sexual desire, unresolved anger and desire. |
| ਸਾਧਸੰਗਤਿ ਕਬਹੂ ਨਹੀ ਕਰੈ ॥ | He never joins the Saadh Sangat, the Company of the Holy. |
| ਕਹਤ ਨਾਮਦੇਉ ਤਾ ਚੀ ਆਣਿ ॥ | Says Naam Dayv, seek God's Shelter; |
| ਨਿਰਭੈ ਹੋਇ ਭਜੀਐ ਭਗਵਾਨ ॥੪॥੧॥ | be fearless, and vibrate on the Lord God. \|\|4\|\|1\|\| |
| ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥ | Why not make a bet with me, O Lord of Wealth? |
| ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ ॥ | From the master comes the servant, and from the servant, comes the master. This is the game I play with You. \|\|1\|\|Pause\|\| |
| ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥ | You Yourself are the deity, and You are the temple of worship. You are the devoted worshipper. |
| ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥ | From the water, the waves rise up, and from the waves, the water. They are only different by figures of speech. \|\|1\|\| |
| ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥ | You Yourself sing, and You Yourself dance. You Yourself blow the bugle. |
| ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥ | Says Naam Dayv, You are my Lord and Master. Your humble servant is imperfect; You are perfect. \|\|2\|\|2\|\| |
| ਦਾਸ ਅਨਿੰਨ ਮੇਰੋ ਨਿਜ ਰੂਪ ॥ | Says God: my slave is devoted only to me; he is in my very image. |
| ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥ | The sight of him, even for an instant, cures the three fevers; his touch brings liberation from the deep dark pit of household affairs. \|\|1\|\|Pause\|\| |
| ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ | The devotee can release anyone from my bondage, but I cannot release anyone from his. |

| ੧੨੫੩ | 1253 |
|---|---|
| ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥ | If, at any time, he grabs and binds me, even then, I cannot protest. \|\|1\|\| |
| ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ | I am bound by virtue; I am the Life of all. My slaves are my very life. |
| ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥ | Says Naam Dayv, as is the quality of his soul, so is my love which illuminates him. \|\|2\|\|3\|\| |
| ਸਾਰੰਗ ॥ | Saarang: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ | So what have you accomplished by listening to the Puraanas? |
| ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥ | Faithful devotion has not welled up within you, and you have not been inspired to give to the hungry. \|\|1\|\|Pause\|\| |
| ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥ | You have not forgotten sexual desire, and you have not forgotten anger; greed has not left you either. |
| ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥ | Your mouth has not stopped slandering and gossiping about others. Your service is useless and fruitless. \|\|1\|\| |
| ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥ | By breaking into the houses of others and robbing them, you fill your belly, you sinner. |
| ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥ | But when you go to the world beyond, your guilt will be well known, by the acts of ignorance which you committed. \|\|2\|\| |
| ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ | Cruelty has not left your mind; you have not cherished kindness for other living beings. |
| ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥ | Parmaanand has joined the Saadh Sangat, the Company of the Holy. Why have you not followed the sacred teachings? \|\|3\|\|1\|\|6\|\| |
| ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ | O mind, do not even associate with those who have turned their backs on the Lord. |

ਸਾਰੰਗ ਮਹਲਾ ੫ ਸੂਰਦਾਸ ॥

Saarang, Fifth Mehl, Sur Daas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਹਰਿ ਕੇ ਸੰਗ ਬਸੇ ਹਰਿ ਲੋਕ ॥

The people of the Lord dwell with the Lord.

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥

They dedicate their minds and bodies to Him; they dedicate everything to Him. They are intoxicated with the celestial melody of intuitive ecstasy. ||1||Pause||

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥

Gazing upon the Blessed Vision of the Lord's Darshan, they are cleansed of corruption. They obtain absolutely everything.

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥

They have nothing to do with anything else; they gaze on the beauteous Face of God. ||1||

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥

But one who forsakes the elegantly beautiful Lord, and harbors desire for anything else, is like a leech on the body of a leper.

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥

Says Sur Daas, God has taken my mind in His Hands. He has blessed me with the world beyond. ||2||1||8||

ਸਾਰੰਗ ਕਬੀਰ ਜੀਉ ॥

Saarang, Kabeer Jee:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਹਰਿ ਬਿਨੁ ਕਉਨੁ ਸਹਾਈ ਮਨ ਕਾ ॥

Other than the Lord, who is the Help and Support of the mind?

ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥

Love and attachment to mother, father, sibling, child and spouse, is all just an illusion. ||1||Pause||

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥

So build a raft to the world hereafter; what faith do you place in wealth?

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥

What confidence do you place in this fragile vessel; it breaks with the slightest stroke. ||1||

ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥

You shall obtain the rewards of all righteousness and goodness, if you desire to be the dust of all.

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥

Says Kabeer, listen, O Saints: this mind is like the bird, flying above the forest. ||2||1||9||

## ੧੨੫੪

## 1254

ਰਾਗੁ ਮਲਾਰ ਚਉਪਦੇ ਮਹਲਾ ੧
ਘਰੁ ੧

Raag Malaar, Chau-Padas, First Mehl,
First House:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥

Eating, drinking, laughing and sleeping, the mortal forgets about dying.

ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥

Forgetting his Lord and Master, the mortal is ruined, and his life is cursed. He cannot remain forever. ||1||

ਪ੍ਰਾਣੀ ਏਕੋ ਨਾਮੁ ਧਿਆਵਹੁ ॥

O mortal, meditate on the One Lord.

ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥

You shall go to your true home with honor. ||1 Pause||

ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥

Those who serve You - what can they give You? They beg for and receive what cannot remain.

ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥੨॥

You are the Great Giver of all souls; You are the Life within all living beings. ||2||

ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥

The Gurmukhs meditate, and receive the Ambrosial Nectar; thus they become pure.

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥੩॥

Day and night, chant the Naam, the Name of the Lord, O mortal. It makes the filthy immaculate. ||3||

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥

As is the season, so is the comfort of the body, and so is the body itself.

ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥੧॥

O Nanak, that season is beautiful; without the Name, what season is it? ||4||1||

ਮਲਾਰ ਮਹਲਾ ੧ ॥

Malaar, First Mehl:

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥

I offer prayers to my Beloved Guru, that He may unite me with my Husband Lord.

| | |
|---|---|
| ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥ | I hear the thunder in the clouds, and my mind is cooled and soothed; imbued with the Love of my Dear Beloved, I sing His Glorious Praises. \|\|1\|\| |
| ਬਰਸੁ ਘਨਾ ਮੇਰਾ ਮਨੁ ਭੀਨਾ ॥ | The rain pours down, and my mind is drenched with His Love. |
| ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ ਰਹਾਉ ॥ | The drop of Ambrosial Nectar pleases my heart; the Guru has fascinated my mind, which is drenched in the sublime essence of the Lord. \|\|1\|\|Pause\|\| |
| ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥ | With intuitive peace and poise, the soul-bride is loved by her Husband Lord; her mind is pleased and appeased by the Guru's Teachings. |
| ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥ | She is the happy soul-bride of her Husband Lord; her mind and body are filled with joy by His Love. \|\|2\|\| |
| ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥ | Discarding her demerits, she becomes detached; with the Lord as her Husband, her marriage is eternal. |
| ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥ | She never suffers separation or sorrow; her Lord God showers her with His Grace. \|\|3\|\| |
| ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥ | Her mind is steady and stable; she does not come and go in reincarnation. |
| ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥ | She takes the Shelter of the Perfect Guru. O Nanak, as Gurmukh, chant the Naam; you shall be accepted as the true soul-bride of the Lord. \|\|4\|\|2\|\| |
| ਮਲਾਰ ਮਹਲਾ ੧ ॥ | Malaar, First Mehl: |
| ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥ | They pretend to understand the Truth, but they are not satisfied by the Naam; they waste their lives in egotism. |
| **੧੨੫੫** | **1255** |
| ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥ | Caught in slander and attachment to the wealth and women of others, they eat poison and suffer in pain. |
| ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥ | They think about the Shabad, but they are not released from their fear and fraud; the minds and mouths are filled with Maya, Maya. |

| | |
|---|---|
| ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥ | Loading the heavy and crushing load, they die, only to be reborn, and waste their lives again. \|\|1\|\| |
| ਮਨਿ ਭਾਵੈ ਸਬਦੁ ਸੁਹਾਇਆ ॥ | The Word of the Shabad is so very beautiful; it is pleasing to my mind. |
| ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥ | The mortal wanders lost in reincarnation, wearing various robes and clothes; when he is saved and protected by the Guru, then he finds the Truth. \|\|1\|\|Pause\|\| |
| ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥ | He does not try to wash away his angry passions by bathing at sacred shrines. He does not love the Name of the Lord. |
| ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥ | He abandons and discards the priceless jewel, and he goes back from where he came. |
| ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥ | And so he becomes a maggot in manure, and in that, he is absorbed. |
| ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥ | The more he tastes, the more he is diseased; without the Guru, there is no peace and poise. \|\|2\|\| |
| ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥ | Focusing my awareness on selfless service, I joyfully sing His Praises. As Gurmukh, I contemplate spiritual wisdom. |
| ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥ | The seeker comes forth, and the debater dies down; I am a sacrifice, a sacrifice to the Guru, the Creator Lord. |
| ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥ | I am low and wretched, with shallow and false understanding; You embellish and exalt me through the Word of Your Shabad. |
| ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥ | And wherever there is self-realization, You are there; O True Lord Savior, You save us and carry us across. \|\|3\|\| |
| ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥ | Where should I sit to chant Your Praises; which of Your Infinite Praises should I chant? |
| ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ ॥ | The Unknown cannot be known; O Inaccessible, Unborn Lord God, You are the Lord and Master of masters. |
| ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ ॥ | How can I compare You to anyone else I see? All are beggars - You are the Great Giver. |
| ਭਗਤਿਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ ਉਰਿ ਧਾਰਾ ॥੪॥੩॥ | Lacking devotion, Nanak looks to Your Door; please bless him with Your One Name, that he may enshrine it in his heart. \|\|4\|\|3\|\| |

ਮਲਾਰ ਮਹਲਾ ੧ ॥

Malaar, First Mehl:

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥

The soul-bride who has not known delight with her Husband Lord, shall weep and wail with a wretched face.

ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥੧॥

She becomes hopeless, caught in the noose of her own karma; without the Guru, she wanders deluded by doubt. ||1||

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥

So rain down, O clouds. My Husband Lord has come home.

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ ਰਹਾਉ ॥

I am a sacrifice to my Guru, who has led me to meet my Lord God. ||1||Pause||

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥

My love, my Lord and Master is forever fresh; I am embellished with devotional worship night and day.

ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ ॥੨॥

I am liberated, gazing on the Blessed Vision of the Guru's Darshan. Devotional worship has made me glorious and exalted throughout the ages. ||2||

ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ ॥

I am Yours; the three worlds are Yours as well. You are mine, and I am Yours.

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥੩॥

Meeting with the True Guru, I have found the Immaculate Lord; I shall not be consigned to this terrifying world-ocean ever again. ||3||

ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥

If the soul-bride is filled with delight on seeing her Husband Lord, then her decorations are true.

ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥੪॥

With the Immaculate Celestial Lord, she becomes the truest of the true. Following the Guru's Teachings, she leans on the Support of the Naam. ||4||

ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥

She is liberated; the Guru has untied her bonds. Focusing her awareness on the Shabad, she attains honor.

ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥

O Nanak, the Lord's Name is deep within her heart; as Gurmukh, she is united in His Union. ||5||4||

ਮਹਲਾ ੧ ਮਲਾਰ ॥

First Mehl, Malaar:

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥

Others' wives, others' wealth, greed, egotism, corruption and poison;

ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥

evil passions, slander of others, sexual desire and anger - give up all these. ||1||

ਮਹਲ ਮਹਿ ਬੈਠੇ ਅਗਮ ਅਪਾਰ ॥

The Inaccessible, Infinite Lord is sitting in His Mansion.

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥

That humble being, whose conduct is in harmony with the jewel of the Guru's Shabad, obtains the Ambrosial Nectar. ||1||Pause||

## ੧੨੫੬

## 1256

ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥

He sees pleasure and pain as both the same, along with good and bad in the world.

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥

Wisdom, understanding and awareness are found in the Name of the Lord. In the Sat Sangat, the True Congregation, embrace love for the Guru. ||2||

ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥

Day and night, profit is obtained through the Lord's Name. The Guru, the Giver, has given this gift.

ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥

That Sikh who becomes Gurmukh obtains it. The Creator blesses him with His Glance of Grace. ||3||

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥

The body is a mansion, a temple, the home of the Lord; He has infused His Infinite Light into it.

ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥

O Nanak, the Gurmukh is invited to the Mansion of the Lord's Presence; the Lord unites him in His Union. ||4||5||

ਮਲਾਰ ਮਹਲਾ ੧ ਘਰੁ ੨

Malaar, First Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਪਵਣੈ ਪਾਣੀ ਜਾਣੈ ਜਾਤਿ ॥

Know that the creation was formed through air and water;

ਕਾਇਆਂ ਅਗਨਿ ਕਰੇ ਨਿਭਰਾਂਤਿ ॥

have no doubt that the body was made through fire.

ਜੰਮਹਿ ਜੀਅ ਜਾਣੈ ਜੇ ਥਾਉ ॥

And if you know where the soul comes from,

ਸੁਰਤਾ ਪੰਡਿਤੁ ਤਾ ਕਾ ਨਾਉ ॥੧॥

you shall be known as a wise religious scholar. ||1||

| | |
|---|---|
| ਗੁਣ ਗੋਬਿੰਦ ਨ ਜਾਣੀਅਹਿ ਮਾਇ ॥ | Who can know the Glorious Praises of the Lord of the Universe, O mother? |
| ਅਣਡੀਠਾ ਕਿਛੁ ਕਹਣੁ ਨ ਜਾਇ ॥ | Without seeing Him, we cannot say anything about Him. |
| ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥ | How can anyone speak and describe Him, O mother? \|\|1\|\|Pause\|\| |
| ਊਪਰਿ ਦਰਿ ਅਸਮਾਨਿ ਪਇਆਲਿ ॥ | He is high above the sky, and beneath the nether worlds. |
| ਕਿਉ ਕਰਿ ਕਹੀਐ ਦੇਹੁ ਵੀਚਾਰਿ ॥ | How can I speak of Him? Let me understand. |
| ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥ | Who knows what sort of Name is chanted, in the heart, without the tongue? \|\|2\|\| |
| ਕਥਨੀ ਬਦਨੀ ਰਹੈ ਨਿਭਰਾਂਤਿ ॥ | Undoubtedly, words fail me. |
| ਸੋ ਬੂਝੈ ਹੋਵੈ ਜਿਸੁ ਦਾਤਿ ॥ | He alone understands, who is blessed. |
| ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ | Day and night, deep within, he remains lovingly attuned to the Lord. |
| ਸੋਈ ਪੁਰਖੁ ਜਿ ਸਚਿ ਸਮਾਇ ॥੩॥ | He is the true person, who is merged in the True Lord. \|\|3\|\| |
| ਜਾਤਿ ਕੁਲੀਨੁ ਸੇਵਕੁ ਜੇ ਹੋਇ ॥ | If someone of high social standing becomes a selfless servant, |
| ਤਾ ਕਾ ਕਹਣਾ ਕਹਹੁ ਨ ਕੋਇ ॥ | then his praises cannot even be expressed. |
| ਵਿਚਿ ਸਨਾਤੀ ਸੇਵਕੁ ਹੋਇ ॥ | And if someone from a low social class becomes a selfless servant, |
| ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬॥ | O Nanak, he shall wear shoes of honor. \|\|4\|\|1\|\|6\|\| |
| ਮਲਾਰ ਮਹਲਾ ੧ ॥ | Malaar, First Mehl: |
| ਦੁਖੁ ਵੇਛੋੜਾ ਇਕੁ ਦੁਖੁ ਭੂਖ ॥ | The pain of separation - this is the hungry pain I feel. |
| ਇਕੁ ਦੁਖੁ ਸਕਤਵਾਰ ਜਮਦੂਤ ॥ | Another pain is the attack of the Messenger of Death. |
| ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ | Another pain is the disease consuming my body. |
| ਵੈਦ ਨ ਭੋਲੇ ਦਾਰੂ ਲਾਇ ॥੧॥ | O foolish doctor, don't give me medicine. \|\|1\|\| |
| ਵੈਦ ਨ ਭੋਲੇ ਦਾਰੂ ਲਾਇ ॥ | O foolish doctor, don't give me medicine. |
| ਦਰਦੁ ਹੋਵੈ ਦੁਖੁ ਰਹੈ ਸਰੀਰ ॥ | The pain persists, and the body continues to suffer. |

| | |
|---|---|
| ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ | Your medicine has no effect on me. \|\|1\|\|Pause\|\| |
| ਖਸਮੁ ਵਿਸਾਰਿ ਕੀਏ ਰਸ ਭੋਗ ॥ | Forgetting his Lord and Master, the mortal enjoys sensual pleasures; |
| ਤਾਂ ਤਨਿ ਉਠਿ ਖਲੋਏ ਰੋਗ ॥ | then, disease rises up in his body. |
| ਮਨ ਅੰਧੇ ਕਉ ਮਿਲੈ ਸਜਾਇ ॥ | The blind mortal receives his punishment. |
| ਵੈਦ ਨ ਭੋਲੇ ਦਾਰੂ ਲਾਇ ॥੨॥ | O foolish doctor, don't give me medicine. \|\|2\|\| |
| ਚੰਦਨ ਕਾ ਫਲੁ ਚੰਦਨ ਵਾਸੁ ॥ | The value of sandalwood lies in its fragrance. |
| ਮਾਣਸ ਕਾ ਫਲੁ ਘਟ ਮਹਿ ਸਾਸੁ ॥ | The value of the human lasts only as long as the breath in the body. |
| ਸਾਸਿ ਗਇਐ ਕਾਇਆ ਢਲਿ ਪਾਇ ॥ | When the breath is taken away, the body crumbles into dust. |
| ਤਾ ਕੈ ਪਾਛੈ ਕੋਇ ਨ ਖਾਇ ॥੩॥ | After that, no one takes any food. \|\|3\|\| |
| ਕੰਚਨ ਕਾਇਆ ਨਿਰਮਲ ਹੰਸੁ ॥ | The mortal's body is golden, and the soul-swan is immaculate and pure, |
| ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ | if even a tiny particle of the Immaculate Naam is within. |
| ਦੂਖ ਰੋਗ ਸਭਿ ਗਇਆ ਗਵਾਇ ॥ | All pain and disease are eradicated. |
| ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥ | O Nanak, the mortal is saved through the True Name. \|\|4\|\|2\|\|7\|\| |
| ਮਲਾਰ ਮਹਲਾ ੧ ॥ | Malaar, First Mehl: |
| ਦੁਖ ਮਹੁਰਾ ਮਾਰਣ ਹਰਿ ਨਾਮੁ ॥ | Pain is the poison. The Lord's Name is the antidote. |
| ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ | Grind it up in the mortar of contentment, with the pestle of charitable giving. |
| **੧੨੫੭** | **1257** |
| ਨਿਤ ਨਿਤ ਲੇਹੁ ਨ ਛੀਜੈ ਦੇਹ ॥ | Take it each and every day, and your body shall not waste away. |
| ਅੰਤ ਕਾਲਿ ਜਮੁ ਮਾਰੈ ਠੇਹ ॥੧॥ | At the very last instant, you shall strike down the Messenger of Death. \|\|1\|\| |
| ਐਸਾ ਦਾਰੂ ਖਾਹਿ ਗਵਾਰ ॥ | So take such medicine, O fool, |

| | |
|---|---|
| ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥ | by which your corruption shall be taken away. \|\|1\|\|Pause\|\| |
| ਰਾਜੁ ਮਾਲੁ ਜੋਬਨੁ ਸਭੁ ਛਾਂਵ ॥ | Power, wealth and youth are all just shadows, |
| ਰਥਿ ਫਿਰੰਦੈ ਦੀਸਹਿ ਥਾਵ ॥ | as are the vehicles you see moving around. |
| ਦੇਹ ਨ ਨਾਉ ਨ ਹੋਵੈ ਜਾਤਿ ॥ | Neither your body, nor your fame, nor your social status shall go along with you. |
| ਓਥੈ ਦਿਹੁ ਐਥੈ ਸਭ ਰਾਤਿ ॥੨॥ | In the next world it is day, while here, it is all night. \|\|2\|\| |
| ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ | Let your taste for pleasures be the firewood, let your greed be the ghee, |
| ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ | and your sexual desire and anger the cooking oil; burn them in the fire. |
| ਹੋਮ ਜਗ ਅਰੁ ਪਾਠ ਪੁਰਾਣ ॥ | Some make burnt offerings, hold sacred feasts, and read the Puraanas. |
| ਜੋ ਤਿਸੁ ਭਾਵੈ ਸੋ ਪਰਵਾਣ ॥੩॥ | Whatever pleases God is acceptable. \|\|3\|\| |
| ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ | Intense meditation is the paper, and Your Name is the insignia. |
| ਜਿਨ ਕਉ ਲਿਖਿਆ ਏਹੁ ਨਿਧਾਨੁ ॥ | Those for whom this treasure is ordered, |
| ਸੇ ਧਨਵੰਤ ਦਿਸਹਿ ਘਰਿ ਜਾਇ ॥ | look wealthy when they reach their true home. |
| ਨਾਨਕ ਜਨਨੀ ਧੰਨੀ ਮਾਇ ॥੪॥੩॥੮॥ | O Nanak, blessed is that mother who gave birth to them. \|\|4\|\|3\|\|8\|\| |
| ਮਲਾਰ ਮਹਲਾ ੧ ॥ | Malaar, First Mehl: |
| ਬਾਗੇ ਕਾਪੜ ਬੋਲੈ ਬੈਣ ॥ | You wear white clothes, and speak sweet words. |
| ਲੰਮਾ ਨਕੁ ਕਾਲੇ ਤੇਰੇ ਨੈਣ ॥ | Your nose is sharp, and your eyes are black. |
| ਕਬਹੂੰ ਸਾਹਿਬੁ ਦੇਖਿਆ ਭੈਣ ॥੧॥ | Have you ever seen your Lord and Master, O sister? \|\|1\|\| |
| ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬ ਸੰਮ੍ਰਿਥ ਤੇਰੈ ਤਾਣਿ ॥ | O my All-powerful Lord and Master, by Your power, I fly and soar, and ascend to the heavens. |
| ਜਲਿ ਥਲਿ ਡੂੰਗਰਿ ਦੇਖਾਂ ਤੀਰ ॥ | I see Him in the water, on the land, in the mountains, on the river-banks, |
| ਥਾਨ ਥਨੰਤਰਿ ਸਾਹਿਬੁ ਬੀਰ ॥੨॥ | in all places and interspaces, O brother. \|\|2\|\| |
| ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ | He fashioned the body, and gave it wings; |

| | |
|---|---|
| ਅਤਿ ਤ੍ਰਿਸਨਾ ਉਡਣੈ ਕੀ ਡੰਝ ॥ | He gave it great thirst and desire to fly. |
| ਨਦਰਿ ਕਰੇ ਤਾਂ ਬੰਧਾਂ ਧੀਰ ॥ | When He bestows His Glance of Grace, I am comforted and consoled. |
| ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥ | As He makes me see, so do I see, O brother. ‖3‖ |
| ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥ | Neither this body, nor its wings, shall go to the world hereafter. |
| ਪਉਣੈ ਪਾਣੀ ਅਗਨੀ ਕਾ ਸਨਬੰਧ ॥ | It is a fusion of air, water and fire. |
| ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ | O Nanak, if it is in the mortal's karma, then he meditates on the Lord, with the Guru as his Spiritual Teacher. |
| ਸਚਿ ਸਮਾਵੈ ਏਹੁ ਸਰੀਰੁ ॥੪॥੪॥੯॥ | This body is absorbed in the Truth. ‖4‖4‖9‖ |
| ਮਲਾਰ ਮਹਲਾ ੩ ਚਉਪਦੇ ਘਰੁ ੧ | Malaar, Third Mehl, Chau-Padas, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ | The Formless Lord is formed by Himself. He Himself deludes in doubt. |
| ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥ | Creating the Creation, the Creator Himself beholds it; He enjoins us as He pleases. |
| ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥ | This is the true greatness of His servant, that he obeys the Hukam of the Lord's Command. ‖1‖ |
| ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥ | Only He Himself knows His Will. By Guru's Grace, it is grasped. |
| ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥ | When this play of Shiva and Shakti comes to his home, he remains dead while yet alive. ‖1‖Pause‖ |
| ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥ | They read the Vedas, and read them again, and engage in arguments about Brahma, Vishnu and Shiva. |
| ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥ | This three-phased Maya has deluded the whole world into cynicism about death and birth. |
| ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥ | By Guru's Grace, know the One Lord, and the anxiety of your mind will be allayed. ‖2‖ |

ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ ॥
I am meek, foolish and thoughtless, but still, You take care of me.

ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥
Please be kind to me, and make me the slave of Your slaves, so that I may serve You.

ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥
Please bless me with the treasure of the One Name, that I may chant it, day and night. ||3||

ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥
Says Nanak, by Guru's Grace, understand. Hardly anyone considers this.

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥
Like foam bubbling up on the surface of the water, so is this world.

## ੧੨੫੮ / 1258

ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥
It shall eventually merge back into that from which it came, and all its expanse shall be gone. ||4||1||

ਮਲਾਰ ਮਹਲਾ ੩ ॥
Malaar, Third Mehl:

ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥
Those who realize the Hukam of the Lord's Command are united with Him; through the Word of His Shabad, their egotism is burnt away.

ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥
They perform true devotional worship day and night; they remain lovingly attuned to the True Lord.

ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥
They gaze on their True Lord forever, through the Word of the Guru's Shabad, with loving ease. ||1||

ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥
O mortal, accept His Will and find peace.

ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥
God is pleased by the Pleasure of His Own Will. Whomever He forgives, meets no obstacles on the way. ||1||Pause||

ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥
Under the influence of the three gunas, the three dispositions, the mind wanders everywhere, without love or devotion to the Lord.

ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
No one is ever saved or liberated, by doing deeds in ego.

ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥

Whatever our Lord and Master wills, comes to pass. People wander according to their past actions. ||2||

ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥

Meeting with the True Guru, the mind is overpowered; the Lord's Name comes to abide in the mind.

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥

The value of such a person cannot be estimated; nothing at all can be said about him.

ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥

He comes to dwell in the fourth state; he remains merged in the True Lord. ||3||

ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ ਕੀਮਤਿ ਕਹਣੁ ਨ ਜਾਇ ॥

My Lord God is Inaccessible and Unfathomable. His value cannot be expressed.

ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ ॥

By Guru's Grace, he comes to understand, and live the Shabad.

ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥

O Nanak, praise the Naam, the Name of the Lord, Har, Har; you shall be honored in the Court of the Lord. ||4||2||

ਮਲਾਰ ਮਹਲਾ ੩ ॥

Malaar, Third Mehl:

ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥

Rare is that person who, as Gurmukh, understands; the Lord has bestowed His Glance of Grace.

ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ ॥

There is no Giver except the Guru. He grants His Grace and forgives.

ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥

Meeting the Guru, peace and tranquility well up; chant the Naam, the Name of the Lord, day and night. ||1||

ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥

O my mind, meditate on the Ambrosial Name of the Lord.

ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥

Meeting with the True Guru and the Primal Being, the Name is obtained, and one remains forever absorbed in the Lord's Name. ||1||Pause||

ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥

The self-willed manmukhs are forever separated from the Lord; no one is with them.

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥

They are stricken with the great disease of egotism; they are hit on the head by the Messenger of Death.

| | |
|---|---|
| ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਾਲਿ ॥੨॥ | Those who follow the Guru's Teachings are never separated from the Sat Sangat, the True Congregation. They dwell on the Naam, night and day. \|\|2\|\| |
| ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ ॥ | You are the One and Only Creator of all. You continually create, watch over and contemplate. |
| ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ ॥ | Some are Gurmukh - You unite them with Yourself. You bless them with the treasure of devotion. |
| ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥੩॥ | You Yourself know everything. Unto whom should I complain? \|\|3\|\| |
| ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ | The Name of the Lord, Har, Har, is Ambrosial Nectar. By the Lord's Grace, it is obtained. |
| ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ ॥ | Chanting the Name of the Lord, Har, Har, night and day, the intuitive peace and poise of the Guru is obtained. |
| ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ ॥੪॥੩॥ | O Nanak, the Naam is the greatest treasure. Focus your consciousness on the Naam. \|\|4\|\|3\|\| |
| ਮਲਾਰ ਮਹਲਾ ੩ ॥ | Malaar, Third Mehl: |
| ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ ॥ | I praise the Guru, the Giver of peace, forever. He truly is the Lord God. |
| ਗੁਰ ਪਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ ॥ | By Guru's Grace, I have obtained the supreme status. His glorious greatness is glorious! |
| ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ ॥੧॥ | One who sings the Glorious Praises of the True Lord, merges in the True Lord. \|\|1\|\| |
| ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥ | O mortal, contemplate the Guru's Word in your heart. |
| ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਾਲਿ ॥੧॥ ਰਹਾਉ ॥ | Abandon your false family, poisonous egotism and desire; remember in your heart, that you will have to leave. \|\|1\|\|Pause\|\| |
| ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ | The True Guru is the Giver of the Lord's Name. There is no other giver at all. |

| ੧੨੫੯ | 1259 |
|---|---|
| ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ ॥ | Bestowing the gift of the soul, He satisfies the mortal beings, and merges them in the True Name. |
| ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥ | Night and day, they ravish and enjoy the Lord within the heart; they are intuitively absorbed in Samaadhi. ‖2‖ |
| ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ ॥ | The Shabad, the Word of the True Guru, has pierced my mind. The True Word of His Bani permeates my heart. |
| ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥ | My God is Unseen; He cannot be seen. The Gurmukh speaks the Unspoken. |
| ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ ॥੩॥ | When the Giver of peace grants His Grace, the mortal being meditates on the Lord, the Life of the Universe. ‖3‖ |
| ਆਵਣ ਜਾਣਾ ਬਹੁੜਿ ਨ ਹੋਵੈ ਗੁਰਮੁਖਿ ਸਹਜਿ ਧਿਆਇਆ ॥ | He does not come and go in reincarnation any longer; the Gurmukh meditates intuitively. |
| ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥ | From the mind, the mind merges into our Lord and Master; the mind is absorbed into the Mind. |
| ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ ॥੪॥ | In truth, the True Lord is pleased with truth; eradicate egotism from within yourself. ‖4‖ |
| ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ | Our One and Only Lord and Master dwells within the mind; there is no other at all. |
| ਏਕੋੁ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥ | The One Name is Sweet Ambrosial Nectar; it is Immaculate Truth in the world. |
| ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥ | O Nanak, the Name of God is obtained, by those who are so predestined. ‖5‖4‖ |
| ਮਲਾਰ ਮਹਲਾ ੩ ॥ | Malaar, Third Mehl: |
| ਗਣ ਗੰਧਰਬ ਨਾਮੇ ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ ॥ | All the heavenly heralds and celestial singers are saved through the Naam, the Name of the Lord. |
| ਹਉਮੈ ਮਾਰਿ ਸਦ ਮੰਨਿ ਵਸਾਇਆ ਹਰਿ ਰਾਖਿਆ ਉਰਿ ਧਾਰਿ ॥ | They contemplate the Word of the Guru's Shabad. Subduing their ego, the Name abides in their minds; they keep the Lord enshrined in their hearts. |
| ਜਿਸਹਿ ਬੁਝਾਏ ਸੋਈ ਬੂਝੈ ਜਿਸ ਨੋ ਆਪੇ ਲਏ ਮਿਲਾਇ ॥ | He alone understands, whom the Lord causes to understand; the Lord unites him with Himself. |

| | |
|---|---|
| ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥੧॥ | Night and day, he sings the Word of the Shabad and the Guru's Bani; he remains lovingly attuned to the True Lord. \|\|1\|\| |
| ਮਨ ਮੇਰੇ ਖਿਨੁ ਖਿਨੁ ਨਾਮੁ ਸਮ੍ਾਲਿ ॥ | O my mind, each and every moment, dwell on the Naam. |
| ਗੁਰ ਕੀ ਦਾਤਿ ਸਬਦ ਸੁਖੁ ਅੰਤਰਿ ਸਦਾ ਨਿਬਹੈ ਤੇਰੈ ਨਾਲਿ ॥੧॥ ਰਹਾਉ ॥ | The Shabad is the Guru's Gift. It shall bring you lasting peace deep within; it shall always stand by you. \|\|1\|\|Pause\|\| |
| ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ ॥ | The self-willed manmukhs never give up their hypocrisy; in the love of duality, they suffer in pain. |
| ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ ॥ | Forgetting the Naam, their minds are imbued with corruption. They waste away their lives uselessly. |
| ਇਹ ਵੇਲਾ ਫਿਰਿ ਹਥਿ ਨ ਆਵੈ ਅਨਦਿਨੁ ਸਦਾ ਪਛੁਤਾਏ ॥ | This opportunity shall not come into their hands again; night and day, they shall always regret and repent. |
| ਮਰਿ ਮਰਿ ਜਨਮੈ ਕਦੇ ਨ ਬੂਝੈ ਵਿਸਟਾ ਮਾਹਿ ਸਮਾਏ ॥੨॥ | They die and die again and again, only to be reborn, but they never understand. They rot away in manure. \|\|2\|\| |
| ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥ | The Gurmukhs are imbued with the Naam, and are saved; they contemplate the Word of the Guru's Shabad. |
| ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥ | Meditating on the Name of the Lord, they are Jivan-mukta, liberated while yet alive. They enshrine the Lord within their hearts. |
| ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ | Their minds and bodies are immaculate, their intellect is immaculate and sublime. Their speech is sublime as well. |
| ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥ | They realize the One Primal Being, the One Lord God. There is no other at all. \|\|3\|\| |
| ਆਪੇ ਕਰੇ ਕਰਾਏ ਪ੍ਰਭੁ ਆਪੇ ਆਪੇ ਨਦਰਿ ਕਰੇਇ ॥ | God Himself is the Doer, and He Himself is the Cause of causes. He Himself bestows His Glance of Grace. |
| ਮਨੁ ਤਨੁ ਰਾਤਾ ਗੁਰ ਕੀ ਬਾਣੀ ਸੇਵਾ ਸੁਰਤਿ ਸਮੇਇ ॥ | My mind and body are imbued with the Word of the Guru's Bani. My consciousness is immersed in His service. |
| ਅੰਤਰਿ ਵਸਿਆ ਅਲਖ ਅਭੇਵਾ ਗੁਰਮੁਖਿ ਹੋਇ ਲਖਾਇ ॥ | The Unseen and Inscrutable Lord dwells deep within. He is seen only by the Gurmukh. |

| | |
|---|---|
| ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ ॥੪॥੫॥ | O Nanak, He gives to whomever He pleases. According to the Pleasure of His Will, He leads the mortals on. \|\|4\|\|5\|\| |
| ਮਲਾਰ ਮਹਲਾ ੩ ਦੁਤੁਕੇ ॥ | Malaar, Third Mehl, Du-Tukas: |
| ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥ | Through the True Guru, the mortal obtains the special place, the Mansion of the Lord's Presence in his own home. |
| ਗੁਰ ਸਬਦੀ ਚੂਕੈ ਅਭਿਮਾਨੁ ॥੧॥ | Through the Word of the Guru's Shabad, his egotistical pride is dispelled. \|\|1\|\| |
| ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ ॥ | Those who have the Naam inscribed on their foreheads, |
| ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ ਰਹਾਉ ॥ | meditate on the Naam night and day, forever and ever. They are honored in the True Court of the Lord. \|\|1\|\|Pause\|\| |
| ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥ | From the True Guru, they learn the ways and means of the mind. Night and day, they focus their meditation on the Lord forever. |
| **੧੨੬੦** | **1260** |
| ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥ | Imbued with the Word of the Guru's Shabad, they remain forever detached. They are honored in the True Court of the Lord. \|\|2\|\| |
| ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥ | This mind plays, subject to the Lord's Will; in an instant, it wanders out in the ten directions and returns home again. |
| ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥੩॥ | When the True Lord God Himself bestows His Glance of Grace, then this mind is instantly brought under control by the Gurmukh. \|\|3\|\| |
| ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥ | The mortal comes to know the ways and means of the mind, realizing and contemplating the Shabad. |
| ਨਾਨਕ ਨਾਮੁ ਧਿਆਇ ਸਦਾ ਤੂ ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥ | O Nanak, meditate forever on the Naam, and cross over the terrifying world-ocean. \|\|4\|\|6\|\| |

| | |
|---|---|
| ਮਲਾਰ ਮਹਲਾ ੩ ॥ | Malaar, Third Mehl: |
| ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ ਘਟਿ ਘਟਿ ਰਹਿਆ ਸਮਾਈ ॥ | Soul, body and breath of life are all His; He is permeating and pervading each and every heart. |
| ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ ॥੧॥ | Except the One Lord, I do not know any other at all. The True Guru has revealed this to me. \|\|1\|\| |
| ਮਨ ਮੇਰੇ ਨਾਮਿ ਰਹਉ ਲਿਵ ਲਾਈ ॥ | O my mind, remain lovingly attuned to the Naam, the Name of the Lord. |
| ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥੧॥ ਰਹਾਉ ॥ | Through the Word of the Guru's Shabad, I meditate on the Lord, the Unseen, Unfathomable and Infinite Creator. \|\|1\|\|Pause\|\| |
| ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ ॥ | Mind and body are pleased, lovingly attuned to the One Lord, intuitively absorbed in peace and poise. |
| ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥੨॥ | By Guru's Grace, doubt and fear are dispelled, being lovingly attuned to the One Name. \|\|2\|\| |
| ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥ | When the mortal follows the Guru's Teachings, and lives the Truth, then he attains the state of emancipation. |
| ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥੩॥ | Among millions, how rare is that one who understands, and is lovingly attuned to the Name of the Lord. \|\|3\|\| |
| ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ ॥ | Wherever I look, there I see the One. This understanding has come through the Guru's Teachings. |
| ਮਨੁ ਤਨੁ ਪ੍ਰਾਨ ਧਰੀਂ ਤਿਸੁ ਆਗੈ ਨਾਨਕ ਆਪੁ ਗਵਾਈ ॥੪॥੭॥ | I place my mind, body and breath of life in offering before Him; O Nanak, self-conceit is gone. \|\|4\|\|7\|\| |
| ਮਲਾਰ ਮਹਲਾ ੩ ॥ | Malaar, Third Mehl: |
| ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ॥ | My True Lord God, the Eradicator of suffering, is found through the Word of the Shabad. |
| ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥੧॥ | Imbued with devotional worship, the mortal remains forever detached. He is honored in the True Court of the Lord. \|\|1\|\| |
| ਮਨ ਰੇ ਮਨ ਸਿਉ ਰਹਉ ਸਮਾਈ ॥ | O mind, remain absorbed in the Mind. |

| | |
|---|---|
| ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥੧॥ ਰਹਾਉ ॥ | The mind of the Gurmukh is pleased with the Lord's Name, lovingly attuned to the Lord. \|\|1\|\|Pause\|\| |
| ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥ | My God is totally Inaccessible and Unfathomable; through the Guru's Teachings, He is understood. |
| ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥ | True self-discipline rests in singing the Kirtan of the Lord's Praises, lovingly attuned to the Lord. \|\|2\|\| |
| ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥ | He Himself is the Shabad, and He Himself is the True Teachings; He merges our light into the Light. |
| ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥ | The breath vibrates through this frail body; the Gurmukh obtains the ambrosial nectar. \|\|3\|\| |
| ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥ | He Himself fashions, and He Himself links us to our tasks; the True Lord is pervading everywhere. |
| ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥੪॥੮॥ | O Nanak, without the Naam, the Name of the Lord, no one is anything. Through the Naam, we are blessed with glory. \|\|4\|\|8\|\| |
| ਮਲਾਰ ਮਹਲਾ ੩ ॥ | Malaar, Third Mehl: |
| ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥ | The mortal is enticed by the poison of corruption, burdened with such a heavy load. |
| ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥੧॥ | The Lord has placed the magic spell of the Shabad into his mouth, and destroyed the poison of ego. \|\|1\|\| |
| ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥ | O mortal, egotism and attachment are such heavy loads of pain. |
| ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥ | This terrifying world-ocean cannot be crossed; through the Lord's Name, the Gurmukh crosses over to the other side. \|\|1\|\|Pause\|\| |
| ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥ | Attachment to the three-phased show of Maya pervades all the created forms. |
| ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥ | In the Sat Sangat, the Society of the Saints, the state of supreme awareness is attained. The Merciful Lord carries us across. \|\|2\|\| |

| | |
|---|---|
| ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥ | The smell of sandalwood is so sublime; its fragrance spreads out far and wide. |
| **੧੨੬੧** | **1261** |
| ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥ | The lifestyle of the Lord's humble servant is exalted and sublime. He spreads the Kirtan of the Lord's Praises throughout the world. ‖3‖ |
| ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ ॥ | O my Lord and Master, please be merciful, merciful to me, that I may enshrine the Lord, Har, Har, Har, within my heart. |
| ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ ॥੪॥੯॥ | Nanak has found the Perfect True Guru; in his mind, he chants the Name of the Lord. ‖4‖9‖ |
| ਮਲਾਰ ਮਹਲਾ ੩ ਘਰੁ ੨ | Malaar, Third Mehl, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ | Is this mind a householder, or is this mind a detached renunciate? |
| ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ | Is this mind beyond social class, eternal and unchanging? |
| ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ | Is this mind fickle, or is this mind detached? |
| ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥ | How has this mind been gripped by possessiveness? ‖1‖ |
| ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ | O Pandit, O religious scholar, reflect on this in your mind. |
| ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥ | Why do you read so many other things, and carry such a heavy load? ‖1‖Pause‖ |
| ਮਾਇਆ ਮਮਤਾ ਕਰਤੈ ਲਾਈ ॥ | The Creator has attached it to Maya and possessiveness. |
| ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ | Enforcing His Order, He created the world. |
| ਗੁਰ ਪਰਸਾਦੀ ਬੂਝਹੁ ਭਾਈ ॥ | By Guru's Grace, understand this, O Siblings of Destiny. |
| ਸਦਾ ਰਹਹੁ ਹਰਿ ਕੀ ਸਰਣਾਈ ॥੨॥ | Remain forever in the Sanctuary of the Lord. ‖2‖ |

| | |
|---|---|
| ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ | He alone is a Pandit, who sheds the load of the three qualities. |
| ਅਨਦਿਨੁ ਏਕੋ ਨਾਮੁ ਵਖਾਣੈ ॥ | Night and day, he chants the Name of the One Lord. |
| ਸਤਿਗੁਰ ਕੀ ਓਹੁ ਦੀਖਿਆ ਲੇਇ ॥ | He accepts the Teachings of the True Guru. |
| ਸਤਿਗੁਰ ਆਗੈ ਸੀਸੁ ਧਰੇਇ ॥ | He offers his head to the True Guru. |
| ਸਦਾ ਅਲਗੁ ਰਹੈ ਨਿਰਬਾਣੁ ॥ | He remains forever unattached in the state of Nirvaanaa. |
| ਸੋ ਪੰਡਿਤੁ ਦਰਗਹ ਪਰਵਾਣੁ ॥੩॥ | Such a Pandit is accepted in the Court of the Lord. \|\|3\|\| |
| ਸਭਨਾਂ ਮਹਿ ਏਕੋ ਏਕੁ ਵਖਾਣੈ ॥ | He preaches that the One Lord is within all beings. |
| ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ | As he sees the One Lord, he knows the One Lord. |
| ਜਾ ਕਉ ਬਖਸੇ ਮੇਲੇ ਸੋਇ ॥ | That person, whom the Lord forgives, is united with Him. |
| ਐਥੈ ਓਥੈ ਸਦਾ ਸੁਖੁ ਹੋਇ ॥੪॥ | He finds eternal peace, here and hereafter. \|\|4\|\| |
| ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ | Says Nanak, what can anyone do? |
| ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥ | He alone is liberated, whom the Lord blesses with His Grace. |
| ਅਨਦਿਨੁ ਹਰਿ ਗੁਣ ਗਾਵੈ ਸੋਇ ॥ | Night and day, he sings the Glorious Praises of the Lord. |
| ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥ | Then, he no longer bothers with the proclamations of the Shaastras or the Vedas. \|\|5\|\|1\|\|10\|\| |
| ਮਲਾਰ ਮਹਲਾ ੩ ॥ | Malaar, Third Mehl: |
| ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥ | The self-willed manmukhs wander lost in reincarnation, confused and deluded by doubt. |
| ਜਮਕਾਲੁ ਮਾਰੇ ਨਿਤ ਪਤਿ ਗਵਾਈ ॥ | The Messenger of Death constantly beats them and disgraces them. |
| ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥ | Serving the True Guru, the mortal's subservience to Death is ended. |
| ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥੧॥ | He meets the Lord God, and enters the Mansion of His Presence. \|\|1\|\| |
| ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥ | O mortal, as Gurmukh, meditate on the Naam, the Name of the Lord. |

| | |
|---|---|
| ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥ | In duality, you are ruining and wasting this priceless human life. You trade it away in exchange for a shell. \|\|1\|\|Pause\|\| |
| ਕਰਿ ਕਿਰਪਾ ਗੁਰਮੁਖਿ ਲਗੈ ਪਿਆਰੁ ॥ | The Gurmukh falls in love with the Lord, by His Grace. |
| ਅੰਤਰਿ ਭਗਤਿ ਹਰਿ ਹਰਿ ਉਰਿ ਧਾਰੁ ॥ | He enshrines loving devotion to the Lord, Har, Har, deep within his heart. |
| ਭਵਜਲੁ ਸਬਦਿ ਲੰਘਾਵਣਹਾਰੁ ॥ | The Word of the Shabad carries him across the terrifying world-ocean. |
| ਦਰਿ ਸਾਚੈ ਦਿਸੈ ਸਚਿਆਰੁ ॥੨॥ | He appears true in the True Court of the Lord. \|\|2\|\| |
| ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ | Performing all sorts of rituals, they do not find the True Guru. |
| ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥ | Without the Guru, so many wander lost and confused in Maya. |
| ਹਉਮੈ ਮਮਤਾ ਬਹੁ ਮੋਹੁ ਵਧਾਇਆ ॥ | Egotism, possessiveness and attachment rise up and increase within them. |
| ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥ | In the love of duality, the self-willed manmukhs suffer in pain. \|\|3\|\| |
| ਆਪੇ ਕਰਤਾ ਅਗਮ ਅਥਾਹਾ ॥ | The Creator Himself is Inaccessible and Infinite. |
| ਗੁਰ ਸਬਦੀ ਜਪੀਐ ਸਚੁ ਲਾਹਾ ॥ | Chant the Word of the Guru's Shabad, and earn the true profit. |
| ਹਾਜਰੁ ਹਜੂਰਿ ਹਰਿ ਵੇਪਰਵਾਹਾ ॥ | The Lord is Independent, Ever-present, here and now. |
| **੧੨੬੨** | **1262** |
| ਨਾਨਕ ਗੁਰਮੁਖਿ ਨਾਮਿ ਸਮਾਹਾ ॥੪॥੨॥੧੧॥ | O Nanak, the Gurmukh merges in the Naam. \|\|4\|\|2\|\|11\|\| |
| ਮਲਾਰ ਮਹਲਾ ੩ ॥ | Malaar, Third Mehl: |
| ਜੀਵਤ ਮੁਕਤ ਗੁਰਮਤੀ ਲਾਗੇ ॥ | Those who are attached to the Guru's Teachings, are Jivan-mukta, liberated while yet alive. |
| ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥ | They remain forever awake and aware night and day, in devotional worship of the Lord. |
| ਸਤਿਗੁਰੁ ਸੇਵਹਿ ਆਪੁ ਗਵਾਇ ॥ | They serve the True Guru, and eradicate their self-conceit. |

| | |
|---|---|
| ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥ | I fall at the feet of such humble beings. \|\|1\|\| |
| ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥ | Constantly singing the Glorious Praises of the Lord, I live. |
| ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥ | The Word of the Guru's Shabad is such totally sweet elixir. Through the Name of the Lord, I have attained the state of liberation. \|\|1\|\|Pause\|\| |
| ਮਾਇਆ ਮੋਹੁ ਅਗਿਆਨੁ ਗੁਬਾਰੁ ॥ | Attachment to Maya leads to the darkness of ignorance. |
| ਮਨਮੁਖ ਮੋਹੇ ਮੁਗਧ ਗਵਾਰ ॥ | The self-willed manmukhs are attached, foolish and ignorant. |
| ਅਨਦਿਨੁ ਧੰਧਾ ਕਰਤ ਵਿਹਾਇ ॥ | Night and day, their lives pass away in worldly entanglements. |
| ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥ | They die and die again and again, only to be reborn and receive their punishment. \|\|2\|\| |
| ਗੁਰਮੁਖਿ ਰਾਮ ਨਾਮਿ ਲਿਵ ਲਾਈ ॥ | The Gurmukh is lovingly attuned to the Name of the Lord. |
| ਕੂੜੈ ਲਾਲਚਿ ਨਾ ਲਪਟਾਈ ॥ | He does not cling to false greed. |
| ਜੋ ਕਿਛੁ ਹੋਵੈ ਸਹਜਿ ਸੁਭਾਇ ॥ | Whatever he does, he does with intuitive poise. |
| ਹਰਿ ਰਸੁ ਪੀਵੈ ਰਸਨ ਰਸਾਇ ॥੩॥ | He drinks in the sublime essence of the Lord; his tongue delights in its flavor. \|\|3\|\| |
| ਕੋਟਿ ਮਧੇ ਕਿਸਹਿ ਬੁਝਾਈ ॥ | Among millions, hardly any understand. |
| ਆਪੇ ਬਖਸੇ ਦੇ ਵਡਿਆਈ ॥ | The Lord Himself forgives, and bestows His glorious greatness. |
| ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ | Whoever meets with the Primal Lord God, shall never be separated again. |
| ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥ | Nanak is absorbed in the Name of the Lord, Har, Har. \|\|4\|\|3\|\|12\|\| |
| ਮਲਾਰ ਮਹਲਾ ੩ ॥ | Malaar, Third Mehl: |
| ਰਸਨਾ ਨਾਮੁ ਸਭੁ ਕੋਈ ਕਹੈ ॥ | Everyone speaks the Name of the Lord with the tongue. |
| ਸਤਿਗੁਰੁ ਸੇਵੇ ਤਾ ਨਾਮੁ ਲਹੈ ॥ | But only by serving the True Guru does the mortal receive the Name. |
| ਬੰਧਨ ਤੋੜੇ ਮੁਕਤਿ ਘਰਿ ਰਹੈ ॥ | His bonds are shattered, and he stays in the house of liberation. |

| | |
|---|---|
| ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥ | Through the Word of the Guru's Shabad, he sits in the eternal, unchanging house. \|\|1\|\| |
| ਮੇਰੇ ਮਨ ਕਾਹੇ ਰੋਸੁ ਕਰੀਜੈ ॥ | O my mind, why are you angry? |
| ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ ਰਹਾਉ ॥ | In this Dark Age of Kali Yuga, the Lord's Name is the source of profit. Contemplate and appreciate the Guru's Teachings within your heart, night and day. \|\|1\|\|Pause\|\| |
| ਬਾਬੀਹਾ ਖਿਨੁ ਖਿਨੁ ਬਿਲਲਾਇ ॥ | Each and every instant, the rainbird cries and calls. |
| ਬਿਨੁ ਪਿਰ ਦੇਖੇ ਨੀਂਦ ਨ ਪਾਇ ॥ | Without seeing her Beloved, she does not sleep at all. |
| ਇਹੁ ਵੇਛੋੜਾ ਸਹਿਆ ਨ ਜਾਇ ॥ | She cannot endure this separation. |
| ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ॥੨॥ | When she meets the True Guru, then she intuitively meets her Beloved. \|\|2\|\| |
| ਨਾਮਹੀਣੁ ਬਿਨਸੈ ਦੁਖੁ ਪਾਇ ॥ | Lacking the Naam, the Name of the Lord, the mortal suffers and dies. |
| ਤ੍ਰਿਸਨਾ ਜਲਿਆ ਭੂਖ ਨ ਜਾਇ ॥ | He is burnt in the fire of desire, and his hunger does not depart. |
| ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ | Without good destiny, he cannot find the Naam. |
| ਬਹੁ ਬਿਧਿ ਥਾਕਾ ਕਰਮ ਕਮਾਇ ॥੩॥ | He performs all sorts of rituals until he is exhausted. \|\|3\|\| |
| ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ | The mortal thinks about the Vedic teachings of the three gunas, the three dispositions. |
| ਬਿਖਿਆ ਮੈਲੁ ਬਿਖਿਆ ਵਾਪਾਰੁ ॥ | He deals in corruption, filth and vice. |
| ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ | He dies, only to be reborn; he is ruined over and over again. |
| ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥ | The Gurmukh enshrines the glory of the supreme state of celestial peace. \|\|4\|\| |
| ਗੁਰੁ ਮਾਨੈ ਮਾਨੈ ਸਭੁ ਕੋਇ ॥ | One who has faith in the Guru - everyone has faith in him. |
| ਗੁਰ ਬਚਨੀ ਮਨੁ ਸੀਤਲੁ ਹੋਇ ॥ | Through the Guru's Word, the mind is cooled and soothed. |
| ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥ | Throughout the four ages, that humble being is known to be pure. |
| ਨਾਨਕ ਗੁਰਮੁਖਿ ਵਿਰਲਾ ਕੋਇ ॥੫॥੪॥੧੩॥੯॥੧੩॥੨੨॥ | O Nanak, that Gurmukh is so rare. \|\|5\|\|4\|\|13\|\|9\|\|13\|\|22\|\| |

| | |
|---|---|
| ਰਾਗੁ ਮਲਾਰ ਮਹਲਾ ੪ ਘਰੁ ੧ ਚਉਪਦੇ | Raag Malaar, Fourth Mehl, First House, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥ | Night and day, I meditate on the Lord, Har, Har, within my heart; through the Guru's Teachings, my pain is forgotten. |
| ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ | The chains of all my hopes and desires have been snapped; my Lord God has showered me with His Mercy. \|\|1\|\| |
| ਨੈਨੀ ਹਰਿ ਹਰਿ ਲਾਗੀ ਤਾਰੀ ॥ | My eyes gaze eternally on the Lord, Har, Har. |
| ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥੧॥ ਰਹਾਉ ॥ | Gazing on the True Guru, my mind blossoms forth. I have met with the Lord, the Lord of the World. \|\|1\|\|Pause\|\| |
| **੧੨੬੩** | **1263** |
| ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥ | One who forgets such a Name of the Lord, Har, Har - his family is dishonored. |
| ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ ॥੨॥ | His family is sterile and barren, and his mother is made a widow. \|\|2\|\| |
| ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿ ਧਾਰੀ ॥ | O Lord, let me meet the Holy Guru, who night and day keeps the Lord enshrined in his heart. |
| ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ ॥੩॥ | Seeing the Guru, the GurSikh blossoms forth, like the child seeing his mother. \|\|3\|\| |
| ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥ | The soul-bride and the Husband Lord live together as one, but the hard wall of egotism has come between them. |
| ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥ | The Perfect Guru demolishes the wall of egotism; servant Nanak has met the Lord, the Lord of the World. \|\|4\|\|1\|\| |
| ਮਲਾਰ ਮਹਲਾ ੪ ॥ | Malaar, Fourth Mehl: |
| ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ | The Ganges, the Jamunaa, the Godaavari and the Saraswati - these rivers strive for the dust of the feet of the Holy. |

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥

Overflowing with their filthy sins, the mortals take cleansing baths in them; the rivers' pollution is washed away by the dust of the feet of the Holy. ||1||

ਤੀਰਥਿ ਅਠਸਠਿ ਮਜਨੁ ਨਾਈ ॥

Instead of bathing at the sixty-eight sacred shrines of pilgrimage, take your cleansing bath in the Name.

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥

When the dust of the feet of the Sat Sangat rises up into the eyes, all filthy evil-mindedness is removed. ||1||Pause||

ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥

Bhaageerat'h the penitent brought the Ganges down, and Shiva established Kaydaar.

ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥

Krishna grazed cows in Kaashi; through the humble servant of the Lord, these places became famous. ||2||

ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥

And all the sacred shrines of pilgrimage established by the gods, long for the dust of the feet of the Holy.

ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥

Meeting with the Lord's Saint, the Holy Guru, I apply the dust of His feet to my face. ||3||

ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥

And all the creatures of Your Universe, O my Lord and Master, long for the dust of the feet of the Holy.

ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

O Nanak, one who has such destiny inscribed on his forehead, is blessed with the dust of the feet of the Holy; the Lord carries him across. ||4||2||

ਮਲਾਰ ਮਹਲਾ ੪ ॥

Malaar, Fourth Mehl:

ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ ॥

The Lord seems sweet to that humble being who is blessed by the Grace of the Lord.

ਤਿਸ ਕੀ ਭੂਖ ਦੂਖ ਸਭਿ ਉਤਰੈ ਜੋ ਹਰਿ ਗੁਣ ਹਰਿ ਉਚਰੈ ॥੧॥

His hunger and pain are totally taken away; he chants the Glorious Praises of the Lord, Har, Har. ||1||

ਜਪਿ ਮਨ ਹਰਿ ਹਰਿ ਹਰਿ ਨਿਸਤਰੈ ॥

Meditating on the Lord, Har, Har, Har, the mortal is emancipated.

ਗੁਰ ਕੇ ਬਚਨ ਕਰਨ ਸੁਨਿ ਧਿਆਵੈ ਭਵ ਸਾਗਰੁ ਪਾਰਿ ਪਰੈ ॥੧॥ ਰਹਾਉ ॥

One who listens to the Guru's Teachings and meditates on them, is carried across the terrifying world-ocean. ||1||Pause||

ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ ॥

I am the slave of that humble being, who is blessed by the Grace of the Lord, Har, Har.

ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ ॥੨॥

Meeting with the Lord's humble servant, peace is obtained; all the pollution and filth of evil-mindedness is washed away. ||2||

ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ ॥

The humble servant of the Lord feels hunger only for the Lord. He is satisfied only when he chants the Lord's Glories.

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥੩॥

The humble servant of the Lord is a fish in the Water of the Lord. Forgetting the Lord, he would dry up and die. ||3||

ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ ॥

He alone knows this love, who enshrines it within his mind.

ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ ॥੪॥੩॥

Servant Nanak gazes upon the Lord and is at peace; The hunger of his body is totally satisfied. ||4||3||

ਮਲਾਰ ਮਹਲਾ ੪ ॥

Malaar, Fourth Mehl:

ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ ॥

All the beings and creatures which God has created - on their foreheads, He has written their destiny.

ਹਰਿ ਜਨ ਕਉ ਹਰਿ ਦੀਨ੍ਹ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ ॥੧॥

The Lord blesses His humble servant with glorious greatness. The Lord enjoins him to his tasks. ||1||

ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ ॥

The True Guru implants the Naam, the Name of the Lord, Har, Har, within.

## ੧੨੬੪

## 1264

ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ ਹਰਿ ਭਉਜਲੁ ਜਗਤੁ ਤਰਾਵੈ ॥੧॥ ਰਹਾਉ ॥

Chant the Name of the Lord, O Sikhs of the Guru, O my Siblings of Destiny. Only the Lord will carry you across the terrifying world-ocean. ||1||Pause||

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥

That humble being who worships, adores and serves the Guru is pleasing to my Lord God.

ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ ॥੨॥

To worship and adore the True Guru is to serve the Lord. In His Mercy, He saves us and carries us across. ||2||

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥

The ignorant and the blind wander deluded by doubt; deluded and confused, they pick flowers to offer to their idols.

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥੩॥

They worship lifeless stones and serve the tombs of the dead; all their efforts are useless. ||3||

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥

He alone is said to be the True Guru, who realizes God, and proclaims the Sermon of the Lord, Har, Har.

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥੪॥

Offer the Guru sacred foods, clothes, silk and satin robes of all sorts; know that He is True. The merits of this shall never leave you lacking. ||4||

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥

The Divine True Guru is the Embodiment, the Image of the Lord; He utters the Ambrosial Word.

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥

O Nanak, blessed and good is the destiny of that humble being, who focuses his consciousness on the Feet of the Lord. ||5||4||

ਮਲਾਰ ਮਹਲਾ ੪ ॥

Malaar, Fourth Mehl:

ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥

Those whose hearts are filled with my True Guru - those Saints are good and noble in every way.

ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥

Seeing them, my mind blossoms forth in bliss; I am forever a sacrifice to them. ||1||

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥

O spiritual teacher, chant the Name of the Lord, day and night.

ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥

All hunger and thirst are satisfied, for those who partake of the sublime essence of the Lord, through the Guru's Teachings. ||1||Pause||

ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥

The slaves of the Lord are our Holy companions. Meeting with them, doubt is taken away.

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥

As the swan separates the milk from the water, the Holy Saint removes the fire of egotism from the body. ||2||

ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥

Those who do not love the Lord in their hearts are deceitful; they continually practice deception.

ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥

What can anyone give them to eat? Whatever they themselves plant, they must eat. ||3||

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥

This is the Quality of the Lord, and of the Lord's humble servants as well; the Lord places His Own Essence within them.

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥

Blessed, blessed, is Guru Nanak, who looks impartially on all; He crosses over and transcends both slander and praise. ||4||5||

ਮਲਾਰ ਮਹਲਾ ੪ ॥

Malaar, Fourth Mehl:

ਅਗਮੁ ਅਗੋਚਰੁ ਨਾਮੁ ਹਰਿ ਊਤਮੁ ਹਰਿ ਕਿਰਪਾ ਤੇ ਜਪਿ ਲਇਆ ॥

The Name of the Lord is inaccessible, unfathomable, exalted and sublime. It is chanted by the Lord's Grace.

ਸਤਸੰਗਤਿ ਸਾਧ ਪਾਈ ਵਡਭਾਗੀ ਸੰਗਿ ਸਾਧੂ ਪਾਰਿ ਪਇਆ ॥੧॥

By great good fortune, I have found the True Congregation, and in the Company of the Holy, I am carried across. ||1||

ਮੇਰੈ ਮਨਿ ਅਨਦਿਨੁ ਅਨਦੁ ਭਇਆ ॥

My mind is in ecstasy, night and day.

ਗੁਰ ਪਰਸਾਦਿ ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ ॥੧॥ ਰਹਾਉ ॥

By Guru's Grace, I chant the Name of the Lord. Doubt and fear are gone from my mind. ||1||Pause||

ਜਿਨ ਹਰਿ ਗਾਇਆ ਜਿਨ ਹਰਿ ਜਪਿਆ ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ ॥

Those who chant and meditate on the Lord - O Lord, in Your Mercy, please unite me with them.

ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ ॥੨॥

Gazing upon them, I am at peace; the pain and disease of egotism are gone. ||2||

| | |
|---|---|
| ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥ | Those who meditate on the Naam, the Name of the Lord in their hearts - their lives become totally fruitful. |
| ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ ॥੩॥ | They themselves swim across, and carry the world across with them. Their ancestors and family cross over as well. \|\|3\|\| |
| ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ॥ | You Yourself created the whole world, and You Yourself keep it under Your control. |
| **੧੨੬੫** | 1265 |
| ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ ਬਿਖੁ ਡੁਬਦਾ ਕਾਢਿ ਲਇਆ ॥੪॥੬॥ | God has showered His Mercy on servant Nanak; He has lifted him up, and rescued him from the ocean of poison. \|\|4\|\|6\|\| |
| ਮਲਾਰ ਮਹਲਾ ੪ ॥ | Malaar, Fourth Mehl: |
| ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥ | Those who do not drink in the Ambrosial Nectar by Guru's Grace - their thirst and hunger are not relieved. |
| ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥ | The foolish self-willed manmukh burns in the fire of egotistical pride; he suffers painfully in egotism. |
| ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥ | Coming and going, he wastes his life uselessly; afflicted with pain, he regrets and repents. |
| ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥ | He does not even think of the One, from whom he originated. Cursed is his life, and cursed is his food. \|\|1\|\| |
| ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥ | O mortal, as Gurmukh, meditate on the Naam, the Name of the Lord. |
| ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥ | The Lord, Har, Har, in His Mercy leads the mortal to meet the Guru; he is absorbed in the Name of the Lord, Har, Har. \|\|1\|\|Pause\|\| |
| ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥ | The life of the self-willed manmukh is useless; he comes and goes in shame. |
| ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ | In sexual desire and anger, the proud ones are drowned. They are burnt in their egotism. |

| | |
|---|---|
| ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥ | They do not attain perfection or understanding; their intellect is dimmed. Tossed by the waves of greed, they suffer in pain. |
| ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥ | Without the Guru, they suffer in terrible pain. Seized by Death, they weep and wail. ‖2‖ |
| ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥ | As Gurmukh, I have attained the Unfathomable Name of the Lord, with intuitive peace and poise. |
| ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥ | The treasure of the Naam abides deep within my heart. My tongue sings the Glorious Praises of the Lord. |
| ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥ | I am forever in bliss, day and night, lovingly attuned to the One Word of the Shabad. |
| ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥ | I have obtained the treasure of the Naam with intuitive ease; this is the glorious greatness of the True Guru. ‖3‖ |
| ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥ | Through the True Guru, the Lord, Har, Har, comes to dwell within my mind. I am forever a sacrifice to the True Guru. |
| ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥ | I have dedicated my mind and body to Him, and placed everything before Him in offering. I focus my consciousness on His Feet. |
| ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥ | Please be merciful to me, O my Perfect Guru, and unite me with Yourself. |
| ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥੪॥੭॥ | I am just iron; the Guru is the boat, to carry me across. ‖4‖7‖ |
| ਮਲਾਰ ਮਹਲਾ ੪ ਪੜਤਾਲ ਘਰੁ ੩ | Malaar, Fourth Mehl, Partaal, Third House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ ॥੧॥ ਰਹਾਉ ॥ | The humble servant of the Lord chants the Name of the Supreme Lord; he joins the Saadh Sangat, the Company of the Lord's Holy. ‖1‖Pause‖ |
| ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥੧॥ | Deal only in the wealth of the Lord, and gather only the wealth of the Lord. No thief can ever steal it. ‖1‖ |

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥

The rainbirds and the peacocks sing day and night, hearing the thunder in the clouds. ||2||

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥

Whatever the deer, the fish and the birds sing, they chant to the Lord, and no other. ||3||

ਨਾਨਕ ਜਨ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ ॥੪॥੧॥੮॥

Servant Nanak sings the Kirtan of the Lord's Praises; the sound and fury of Death has totally gone away. ||4||1||8||

ਮਲਾਰ ਮਹਲਾ ੪ ॥

Malaar, Fourth Mehl:

ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥

They speak and chant the Name of the Lord, Raam, Raam; the very fortunate ones seek Him.

ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾ ਕੈ ਪਾਇ ਲਾਗੀ ॥੧॥ ਰਹਾਉ ॥

Whoever shows me the Way of the Lord - I fall at his feet. ||1||Pause||

ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ ॥

The Lord is my Friend and Companion; I am in love with the Lord.

## ੧੨੬੬

## 1266

ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ ॥੧॥

I sing of the Lord, and I speak of the Lord; I have discarded all other loves. ||1||

ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ ॥

My Beloved is the Enticer of the mind; The Detached Lord God is the Embodiment of Supreme bliss.

ਹਰਿ ਦੇਖੇ ਜੀਵਤ ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ ॥੨॥੨॥੯॥੯॥੧੩॥੯॥੩੧॥

Nanak lives by gazing upon the Lord; may I see Him for a moment, for even just an instant. ||2||2||9||9||13||9||31||

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧

Raag Malaar, Fifth Mehl, Chau-Padas, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥

What are you so worried about? What are you thinking? What have you tried?

| | |
|---|---|
| ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥ | Tell me - the Lord of the Universe - who controls Him? ‖1‖ |
| ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥ | The rain showers down from the clouds, O companion. The Guest has come into my home. |
| ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥ | I am meek; my Lord and Master is the Ocean of Mercy. I am absorbed in the nine treasures of the Naam, the Name of the Lord. ‖1‖Pause‖ |
| ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥ | I have prepared all sorts of foods in various ways, and all sorts of sweet deserts. |
| ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥ | I have made my kitchen pure and sacred. Now, O my Sovereign Lord King, please sample my food. ‖2‖ |
| ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥ | The villains have been destroyed, and my friends are delighted. This is Your Own Mansion and Temple, O Lord. |
| ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥ | When my Playful Beloved came into my household, then I found total peace. ‖3‖ |
| ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ | In the Society of the Saints, I have the Support and Protection of the Perfect Guru; this is the pre-ordained destiny inscribed upon my forehead. |
| ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥ | Servant Nanak has found his Playful Husband Lord. He shall never suffer in sorrow again. ‖4‖1‖ |
| ਮਲਾਰ ਮਹਲਾ ੫ ॥ | Malaar, Fifth Mehl: |
| ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ॥ | When the baby's only food is milk, it cannot survive without its milk. |
| ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ ॥੧॥ | The mother takes care of it, and pours milk into its mouth; then, it is satisfied and fulfilled. ‖1‖ |
| ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ | I am just a baby; God, the Great Giver, is my Father. |
| ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ ॥੧॥ ਰਹਾਉ ॥ | The child is so foolish; it makes so many mistakes. But it has nowhere else to go. ‖1‖Pause‖ |

| | |
|---|---|
| ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥ | The mind of the poor child is fickle; he touches even snakes and fire. |
| ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥੨॥ | His mother and father hug him close in their embrace, and so he plays in joy and bliss. \|\|2\|\| |
| ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥ | What hunger can the child ever have, O my Lord and Master, when You are his Father? |
| ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥੩॥ | The treasure of the Naam and the nine treasures are in Your celestial household. You fulfill the desires of the mind. \|\|3\|\| |
| ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ | My Merciful Father has issued this Command: whatever the child asks for, is put into his mouth. |
| ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥ | Nanak, the child, longs for the Blessed Vision of God's Darshan. May His Feet always dwell within my heart. \|\|4\|\|2\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥ | I tried everything, and gathered all devices together; I have discarded all my anxieties. |
| ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ | I have begun to set all my household affairs right; I have placed my faith in my Lord and Master. \|\|1\|\| |
| ਸੁਨੀਐ ਬਾਜੈ ਬਾਜ ਸੁਹਾਵੀ ॥ | I listen to the celestial vibrations resonating and resounding. |
| ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥ | Sunrise has come, and I gaze upon the Face of my Beloved. My household is filled with peace and pleasure. \|\|1\|\|Pause\|\| |
| ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥ | I focus my mind, and embellish and adorn the place within; then I go out to speak with the Saints. |
| ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥ | Seeking and searching, I have found my Husband Lord; I bow at His Feet and worship Him with devotion. \|\|2\|\| |
| **੧੨੬੭** | **1267** |
| ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥ | When my Beloved came to live in my house, I began to sing the songs of bliss. |

| | |
|---|---|
| ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥ | My friends and companions are happy; God leads me to meet the Perfect Guru. \|\|3\|\| |
| ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥ | My friends and companions are in ecstasy; the Guru has completed all my projects. |
| ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥ | Says Nanak, I have met my Husband, the Giver of peace; He shall never leave me and go away. \|\|4\|\|3\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥ | From a king to a worm, and from a worm to the lord of gods, they engage in evil to fill their bellies. |
| ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ ॥੧॥ | They renounce the Lord, the Ocean of Mercy, and worship some other; they are thieves and killers of the soul. \|\|1\|\| |
| ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥ | Forgetting the Lord, they suffer in sorrow and die. |
| ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ ॥੧॥ ਰਹਾਉ ॥ | They wander lost in reincarnation through all sorts of species; they do not find shelter anywhere. \|\|1\|\|Pause\|\| |
| ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥ | Those who abandon their Lord and Master and think of some other, are foolish, stupid, idiotic donkeys. |
| ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥ | How can they cross over the ocean in a paper boat? Their egotistical boasts that they will cross over are meaningless. \|\|2\|\| |
| ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥ | Shiva, Brahma, angels and demons, all burn in the fire of death. |
| ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥ | Nanak seeks the Sanctuary of the Lord's Lotus Feet; O God, Creator, please do not send me into exile. \|\|3\|\|4\|\| |
| ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧ | Raag Malaar, Fifth Mehl, Du-Padas, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥ | My God is detached and free of desire. |

| | |
|---|---|
| ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਪ੍ਰੀਤਿ ਹਮਾਰੀ ਲਾਗੀ ॥੧॥ ਰਹਾਉ ॥ | I cannot survive without Him, even for an instant. I am so in love with Him. \|\|1\|\|Pause\|\| |
| ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ ॥ | Associating with the Saints, God has come into my consciousness. By their Grace, I have been awakened. |
| ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ ॥੧॥ | Hearing the Teachings, my mind has become immaculate. Imbued with the Lord's Love, I sing His Glorious Praises. \|\|1\|\| |
| ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ ਬਡਭਾਗੀਂ ॥ | Dedicating this mind, I have made friends with the Saints. They have become merciful to me; I am very fortunate. |
| ਮਹਾ ਸੁਖੁ ਪਾਇਆ ਬਰਨਿ ਨ ਸਾਕਉ ਰੇਨੁ ਨਾਨਕ ਜਨ ਪਾਗੀ ॥੨॥੧॥੫॥ | I have found absolute peace - I cannot describe it. Nanak has obtained the dust of the feet of the humble. \|\|2\|\|1\|\|5\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥ | O mother, please lead me to union with my Beloved. |
| ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥੧॥ ਰਹਾਉ ॥ | All my friends and companions sleep totally in peace; their Beloved Lord has come into the homes of their hearts. \|\|1\|\|Pause\|\| |
| ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥ | I am worthless; God is forever Merciful. I am unworthy; what clever tricks could I try? |
| ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀਂ ਇਹ ਹਉਮੈ ਕੀ ਢੀਠਾਈ ॥੧॥ | I claim to be on a par with those who are imbued with the Love of their Beloved. This is my stubborn egotism. \|\|1\|\| |
| ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ ॥ | I am dishonored - I seek the Sanctuary of the One, the Guru, the True Guru, the Primal Being, the Giver of peace. |
| ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ ॥੨॥੨॥੬॥ | In an instant, all my pains have been taken away; Nanak passes the night of his life in peace. \|\|2\|\|2\|\|6\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥ | Rain down, O cloud; do not delay. |

ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥੧॥ ਰਹਾਉ ॥

O beloved cloud, O support of the mind, you bring lasting bliss and joy to the mind. ||1||Pause||

ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥

I take to Your Support, O my Lord and Master; how could You forget me?

## ੧੨੬੮

## 1268

ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥੧॥

I am Your beautiful bride, Your servant and slave. I have no nobility without my Husband Lord. ||1||

ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ ॥

When my Lord and Master listened to my prayer, He hurried to shower me with His Mercy.

ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥੨॥੩॥੭॥

Says Nanak, I have become just like my Husband Lord; I am blessed with honor, nobility and the lifestyle of goodness. ||2||3||7||

ਮਲਾਰ ਮਹਲਾ ੫ ॥

Malaar, Fifth Mehl:

ਪ੍ਰੀਤਮ ਸਾਚਾ ਨਾਮੁ ਧਿਆਇ ॥

Meditate on the True Name of your Beloved.

ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ ॥੧॥ ਰਹਾਉ ॥

The pains and sorrows of the terrifying world-ocean are dispelled, by enshrining the Image of the Guru within your heart. ||1||Pause||

ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ ॥

Your enemies shall be destroyed, and all the evil-doers shall perish, when you come to the Sanctuary of the Lord.

ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥

The Savior Lord has given me His Hand and saved me; I have obtained the wealth of the Naam. ||1||

ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥

Granting His Grace, He has eradicated all my sins; He has placed the Immaculate Naam within my mind.

ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ ॥੨॥੪॥੮॥

O Nanak, the Treasure of Virtue fills my mind; I shall never again suffer in pain. ||2||4||8||

ਮਲਾਰ ਮਹਲਾ ੫ ॥

Malaar, Fifth Mehl:

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥

My Beloved God is the Lover of my breath of life.

| | |
|---|---|
| ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ ਧਾਰੇ ॥੧॥ ਰਹਾਉ ॥ | Please bless me with the loving devotional worship of the Naam, O Kind and Compassionate Lord. \|\|1\|\|Pause\|\| |
| ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ ॥ | I meditate in remembrance on Your Feet, O my Beloved; my heart is filled with hope. |
| ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ ॥੧॥ | I offer my prayer to the humble Saints; my mind thirsts for the Blessed Vision of the Lord's Darshan. \|\|1\|\| |
| ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ ॥ | Separation is death, and Union with the Lord is life. Please bless Your humble servant with Your Darshan. |
| ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥੨॥੫॥੯॥ | O my God, please be Merciful, and bless Nanak with the support, the life and wealth of the Naam. \|\|2\|\|5\|\|9\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਅਬ ਅਪਨੇ ਪ੍ਰੀਤਮ ਸਿਉ ਬਨਿ ਆਈ ॥ | Now, I have become just like my Beloved. |
| ਰਾਜਾ ਰਾਮੁ ਰਮਤ ਸੁਖੁ ਪਾਇਓ ਬਰਸੁ ਮੇਘ ਸੁਖਦਾਈ ॥੧॥ ਰਹਾਉ ॥ | Dwelling on my Sovereign Lord King, I have found peace. Rain down, O peace-giving cloud. \|\|1\|\|Pause\|\| |
| ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ ਨਾਮੁ ਨਵੈ ਨਿਧਿ ਪਾਈ ॥ | I cannot forget Him, even for an instant; He is the Ocean of peace. Through the Naam, the Name of the Lord, I have obtained the nine treasures. |
| ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ ॥੧॥ | My perfect destiny has been activated, meeting with the Saints, my help and support. \|\|1\|\| |
| ਸੁਖ ਉਪਜੇ ਦੁਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ ॥ | Peace has welled up, and all pain has been dispelled, lovingly attuned to the Supreme Lord God. |
| ਤਰਿਓ ਸੰਸਾਰੁ ਕਠਿਨ ਭੈ ਸਾਗਰੁ ਹਰਿ ਨਾਨਕ ਚਰਨ ਧਿਆਈ ॥੨॥੬॥੧੦॥ | The arduous and terrifying world-ocean is crossed over, O Nanak, by meditating on the Feet of the Lord. \|\|2\|\|6\|\|10\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਘਨਿਹਰ ਬਰਸਿ ਸਗਲ ਜਗੁ ਛਾਇਆ ॥ | The clouds have rained down all over the world. |

| | |
|---|---|
| ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥ | My Beloved Lord God has become merciful to me; I am blessed with ecstasy, bliss and peace. \|\|1\|\|Pause\|\| |
| ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥ | My sorrows are erased, and all my thirsts are quenched, meditating on the Supreme Lord God. |
| ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥ | In the Saadh Sangat, the Company of the Holy, death and birth come to an end, and the mortal does not wander anywhere, ever again. \|\|1\|\| |
| ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥ | My mind and body are imbued with the Immaculate Naam, the Name of the Lord; I am lovingly attuned to His Lotus Feet. |
| ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥ | God has made Nanak His Own; slave Nanak seeks His Sanctuary. \|\|2\|\|7\|\|11\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਬਿਛੁਰਤ ਕਿਉ ਜੀਵੇ ਓਇ ਜੀਵਨ ॥ | Separated from the Lord, how can any living being live? |
| ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ ॥੧॥ ਰਹਾਉ ॥ | My consciousness is filled with yearning and hope to meet my Lord, and drink in the sublime essence of His Lotus Feet. \|\|1\|\|Pause\|\| |
| ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ ॥ | Those who are thirsty for You, O my Beloved, are not separated from You. |
| ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥੧॥ | Those who forget my Beloved Lord are dead and dying. \|\|1\|\| |
| **੧੨੬੯** | **1269** |
| ਮਨਿ ਤਨਿ ਰਵਿ ਰਹਿਆ ਜਗਦੀਸੁਰ ਪੇਖਤ ਸਦਾ ਹਜੂਰੇ ॥ | The Lord of the Universe is permeating and pervading my mind and body; I see Him Ever-present, here and now. |
| ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ ॥੨॥੮॥੧੨॥ | O Nanak, He is permeating the inner being of all; He is all-pervading everywhere. \|\|2\|\|8\|\|12\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥ | Vibrating and meditating on the Lord, who has not been carried across? |

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ ॥੧॥ ਰਹਾਉ ॥

Those reborn into the body of a bird, the body of a fish, the body of a deer, and the body of a bull - in the Saadh Sangat, the Company of the Holy, they are saved. ||1||Pause||

ਦੇਵ ਕੁਲ ਦੈਤ ਕੁਲ ਜਖ੍ਯ ਕਿੰਨਰ ਨਰ ਸਾਗਰ ਉਤਰੇ ਪਾਰੇ ॥

The families of gods, the families of demons, titans, celestial singers and human beings are carried across the ocean.

ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ ॥੧॥

Whoever meditates and vibrates on the Lord in the Saadh Sangat - his pains are taken away. ||1||

ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥

Sexual desire, anger and the pleasures of terrible corruption - he keeps away from these.

ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ ॥੨॥੯॥੧੩॥

He meditates on the Lord, Merciful to the meek, the Embodiment of Compassion; Nanak is forever a sacrifice to Him. ||2||9||13||

ਮਲਾਰ ਮਹਲਾ ੫ ॥

Malaar, Fifth Mehl:

ਆਜੁ ਮੈ ਬੈਸਿਓ ਹਰਿ ਹਾਟ ॥

Today, I am seated in the Lord's store.

ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥

With the wealth of the Lord, I have entered into partnership with the humble; I shall not have to take the Highway of Death. ||1||Pause||

ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ ॥

Showering me with His Kindness, the Supreme Lord God has saved me; the doors of doubt have been opened wide.

ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ ॥੧॥

I have found God, the Banker of Infinity; I have earned the profit of the wealth of His Feet. ||1||

ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ ॥

I have grasped the protection of the Sanctuary of the Unchanging, Unmoving, Imperishable Lord; He has picked up my sins and thrown them out.

ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ ॥੨॥੧੦॥੧੪॥

Slave Nanak's sorrow and suffering has ended. He shall never again be squeezed into the mold of reincarnation. ||2||10||14||

ਮਲਾਰ ਮਹਲਾ ੫ ॥

Malaar, Fifth Mehl:

ਬਹੁ ਬਿਧਿ ਮਾਇਆ ਮੋਹ ਹਿਰਾਨੋ ॥

In so many ways, attachment to Maya leads to ruin.

ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥

Among millions, it is very rare to find a selfless servant who remains a perfect devotee for very long. ||1||Pause||

ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥

Roaming and wandering here and there, the mortal finds only trouble; his body and wealth become strangers to himself.

ਲੋਗ ਦੁਰਾਇ ਕਰਤ ਠਗਿਆਈ ਹੋਤੌ ਸੰਗਿ ਨ ਜਾਨੋ ॥੧॥

Hiding from people, he practices deception; he does not know the One who is always with him. ||1||

ਮ੍ਰਿਗ ਪੰਖੀ ਮੀਨ ਦੀਨ ਨੀਚ ਇਹ ਸੰਕਟ ਫਿਰਿ ਆਨੋ ॥

He wanders through troubled incarnations of low and wretched species as a deer, a bird and a fish.

ਕਹੁ ਨਾਨਕ ਪਾਹਨ ਪ੍ਰਭ ਤਾਰਹੁ ਸਾਧਸੰਗਤਿ ਸੁਖ ਮਾਨੋ ॥੨॥੧੧॥੧੫॥

Says Nanak, O God, I am a stone - please carry me across, that I may enjoy peace in the Saadh Sangat, the Company of the Holy. ||2||11||15||

ਮਲਾਰ ਮਹਲਾ ੫ ॥

Malaar, Fifth Mehl:

ਦੁਸਟ ਮੁਏ ਬਿਖੁ ਖਾਈ ਰੀ ਮਾਈ ॥

The cruel and evil ones died after taking poison, O mother.

ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ ਆਈ ॥੧॥ ਰਹਾਉ ॥

And the One, to whom all creatures belong, has saved us. God has granted His Grace. ||1||Pause||

ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ॥

The Inner-knower, the Searcher of hearts, is contained within all; why should I be afraid, O Siblings of Destiny?

ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈਂ ॥੧॥

God, my Help and Support, is always with me. He shall never leave; I see Him everywhere. ||1||

ਅਨਾਥਾ ਨਾਥੁ ਦੀਨ ਦੁਖ ਭੰਜਨ ਆਪਿ ਲੀਏ ਲੜਿ ਲਾਈ ॥

He is the Master of the masterless, the Destroyer of the pains of the poor; He has attached me to the hem of His robe.

ਹਰਿ ਕੀ ਓਟ ਜੀਵਹਿ ਦਾਸ ਤੇਰੇ ਨਾਨਕ ਪ੍ਰਭ ਸਰਣਾਈ ॥੨॥੧੨॥੧੬॥

O Lord, Your slaves live by Your Support; Nanak has come to the Sanctuary of God. ||2||12||16||

ਮਲਾਰ ਮਹਲਾ ੫ ॥

Malaar, Fifth Mehl:

ਮਨ ਮੇਰੇ ਹਰਿ ਕੇ ਚਰਨ ਰਵੀਜੈ ॥

O my mind, dwell on the Feet of the Lord.

| | |
|---|---|
| ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ ਪੰਖ ਲਗਾਇ ਮਿਲੀਜੈ ॥੧॥ ਰਹਾਉ ॥ | My mind is enticed by thirst for the Blessed Vision of the Lord; I would take wings and fly out to meet Him. \|\|1\|\|Pause\|\| |
| ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ ॥ | Searching and seeking, I have found the Path, and now I serve the Holy. |
| ਧਾਰਿ ਅਨੁਗ੍ਰਹੁ ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ ॥੧॥ | O my Lord and Master, please be kind to me, that I may drink in Your most sublime essence. \|\|1\|\| |
| ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥ | Begging and pleading, I have come to Your Sanctuary; I am on fire - please shower me with Your Mercy! |
| ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥੨॥੧੩॥੧੭॥ | Please give me Your Hand - I am Your slave, O Lord. Please make Nanak Your Own. \|\|2\|\|13\|\|17\|\| |

## ੧੨੭੦ / 1270

| | |
|---|---|
| ਮਲਾਰ ਮਃ ੫ ॥ | Malaar, Fifth Mehl: |
| ਪ੍ਰਭ ਕੋ ਭਗਤਿ ਬਛਲੁ ਬਿਰਦਾਇਓ ॥ | It is God's Nature to love His devotees. |
| ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ ॥੧॥ ਰਹਾਉ ॥ | He destroys the slanderers, crushing them beneath His Feet. His Glory is manifest everywhere. \|\|1\|\|Pause\|\| |
| ਜੈ ਜੈ ਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ ॥ | His Victory is celebrated all throughout the world. He blesses all creatures with compassion. |
| ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ ॥੧॥ | Hugging him close in His Embrace, the Lord saves and protects His slave. The hot winds cannot even touch him. \|\|1\|\| |
| ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥ | My Lord and Master has made me His Own; dispelling my doubts and fears, He has made me happy. |
| ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ ॥੨॥੧੪॥੧੮॥ | The Lord's slaves enjoy ultimate ecstasy; O Nanak, faith has welled up in my mind. \|\|2\|\|14\|\|18\|\| |
| ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ | Raag Malaar, Fifth Mehl, Chau-Padas, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |

| | |
|---|---|
| ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ | The Gurmukh sees God pervading everywhere. |
| ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥ | The Gurmukh knows that the universe is the extension of the three gunas, the three dispositions. |
| ਗੁਰਮੁਖਿ ਨਾਦ ਬੇਦ ਬੀਚਾਰੁ ॥ | The Gurmukh reflects on the Sound-current of the Naad, and the wisdom of the Vedas. |
| ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥ | Without the Perfect Guru, there is only pitch-black darkness. \|\|1\|\| |
| ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥ | O my mind, calling on the Guru, eternal peace is found. |
| ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ ਰਹਾਉ ॥ | Following the Guru's Teachings, the Lord comes to dwell within the heart; I meditate on my Lord and Master with every breath and morsel of food. \|\|1\|\|Pause\|\| |
| ਗੁਰ ਕੇ ਚਰਣ ਵਿਟਹੁ ਬਲਿ ਜਾਉ ॥ | I am a sacrifice to the Guru's Feet. |
| ਗੁਰ ਕੇ ਗੁਣ ਅਨਦਿਨੁ ਨਿਤ ਗਾਉ ॥ | Night and day, I continually sing the Glorious Praises of the Guru. |
| ਗੁਰ ਕੀ ਧੂੜਿ ਕਰਉ ਇਸਨਾਨੁ ॥ | I take my cleansing bath in the dust of the Guru's Feet. |
| ਸਾਚੀ ਦਰਗਹ ਪਾਈਐ ਮਾਨੁ ॥੨॥ | I am honored in the True Court of the Lord. \|\|2\|\| |
| ਗੁਰੁ ਬੋਹਿਥੁ ਭਵਜਲ ਤਾਰਣਹਾਰੁ ॥ | The Guru is the boat, to carry me across the terrifying world-ocean. |
| ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ ॥ | Meeting with the Guru, I shall not be reincarnated ever again. |
| ਗੁਰ ਕੀ ਸੇਵਾ ਸੋ ਜਨੁ ਪਾਏ ॥ | That humble being serves the Guru, |
| ਜਾ ਕਉ ਕਰਮਿ ਲਿਖਿਆ ਧੁਰਿ ਆਏ ॥੩॥ | who has such karma inscribed on his forehead by the Primal Lord. \|\|3\|\| |
| ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ | The Guru is my life; the Guru is my support. |
| ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥ | The Guru is my way of life; the Guru is my family. |
| ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ | The Guru is my Lord and Master; I seek the Sanctuary of the True Guru. |
| ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ ॥੪॥੧॥੧੯॥ | O Nanak, the Guru is the Supreme Lord God; His value cannot be estimated. \|\|4\|\|1\|\|19\|\| |

| | |
|---|---|
| ਮਲਾਰ ਮਹਲਾ ੫ ॥ | Malaar, Fifth Mehl: |
| ਗੁਰ ਕੇ ਚਰਨ ਹਿਰਦੈ ਵਸਾਏ ॥ | I enshrine the Lord's Feet within my heart; |
| ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥ | in His Mercy, God has united me with Himself. |
| ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥ | God enjoins His servant to his tasks. |
| ਤਾ ਕੀ ਕੀਮਤਿ ਕਹੀ ਨ ਜਾਇ ॥੧॥ | His worth cannot be expressed. \|\|1\|\| |
| ਕਰਿ ਕਿਰਪਾ ਪੂਰਨ ਸੁਖਦਾਤੇ ॥ | Please be merciful to me, O Perfect Giver of peace. |
| ਤੁਮ੍ਰੀ ਕ੍ਰਿਪਾ ਤੇ ਤੂੰ ਚਿਤਿ ਆਵਹਿ ਆਠ ਪਹਰ ਤੇਰੈ ਰੰਗਿ ਰਾਤੇ ॥੧॥ ਰਹਾਉ ॥ | By Your Grace, You come to mind; I am imbued with Your Love, twenty-four hours a day. \|\|1\|\|Pause\|\| |
| ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ | Singing and listening, it is all by Your Will. |
| ਹੁਕਮੁ ਬੂਝੈ ਸੋ ਸਾਚਿ ਸਮਾਣਾ ॥ | One who understands the Hukam of Your Command is absorbed in Truth. |
| ਜਪਿ ਜਪਿ ਜੀਵਹਿ ਤੇਰਾ ਨਾਂਉ ॥ | Chanting and meditating on Your Name, I live. |
| ਤੁਝ ਬਿਨੁ ਦੂਜਾ ਨਾਹੀ ਥਾਉ ॥੨॥ | Without You, there is no place at all. \|\|2\|\| |
| ਦੁਖ ਸੁਖ ਕਰਤੇ ਹੁਕਮੁ ਰਜਾਇ ॥ | Pain and pleasure come by Your Command, O Creator Lord. |
| ਭਾਣੈ ਬਖਸ ਭਾਣੈ ਦੇਇ ਸਜਾਇ ॥ | By the Pleasure of Your Will You forgive, and by the Pleasure of Your Will You award punishment. |
| ਦੁਹਾਂ ਸਿਰਿਆਂ ਕਾ ਕਰਤਾ ਆਪਿ ॥ | You are the Creator of both realms. |
| ਕੁਰਬਾਣੁ ਜਾਂਈ ਤੇਰੇ ਪਰਤਾਪ ॥੩॥ | I am a sacrifice to Your Glorious Grandeur. \|\|3\|\| |
| ਤੇਰੀ ਕੀਮਤਿ ਤੂਹੈ ਜਾਣਹਿ ॥ | You alone know Your value. |
| ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ ॥ | You alone understand, You Yourself speak and listen. |
| ਸੇਈ ਭਗਤ ਜੋ ਤੁਧੁ ਭਾਣੇ ॥ | They alone are devotees, who are pleasing to Your Will. |
| **੧੨੭੧** | **1271** |
| ਨਾਨਕ ਤਿਨ ਕੈ ਸਦ ਕੁਰਬਾਣੇ ॥੪॥੨॥੨੦॥ | Nanak is forever a sacrifice to them. \|\|4\|\|2\|\|20\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਪਰਮੇਸਰੁ ਹੋਆ ਦਇਆਲੁ ॥ | The Transcendent Lord God has become merciful; |

| | |
|---|---|
| ਮੇਘੁ ਵਰਸੈ ਅੰਮ੍ਰਿਤ ਧਾਰ ॥ | Ambrosial Nectar is raining down from the clouds. |
| ਸਗਲੇ ਜੀਅ ਜੰਤ ਤ੍ਰਿਪਤਾਸੇ ॥ | All beings and creatures are satisfied; |
| ਕਾਰਜ ਆਏ ਪੂਰੇ ਰਾਸੇ ॥੧॥ | their affairs are perfectly resolved. \|\|1\|\| |
| ਸਦਾ ਸਦਾ ਮਨ ਨਾਮੁ ਸਮ੍ਹਾਲਿ ॥ | O my mind, dwell on the Lord, forever and ever. |
| ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥੧॥ ਰਹਾਉ ॥ | Serving the Perfect Guru, I have obtained it. It shall stay with me both here and hereafter. \|\|1\|\|Pause\|\| |
| ਦੁਖੁ ਭੰਨਾ ਭੈ ਭੰਜਨਹਾਰ ॥ | He is the Destroyer of pain, the Eradicator of fear. |
| ਆਪਣਿਆ ਜੀਆ ਕੀ ਕੀਤੀ ਸਾਰ ॥ | He takes care of His beings. |
| ਰਾਖਨਹਾਰ ਸਦਾ ਮਿਹਰਵਾਨ ॥ | The Savior Lord is kind and compassionate forever. |
| ਸਦਾ ਸਦਾ ਜਾਈਐ ਕੁਰਬਾਨ ॥੨॥ | I am a sacrifice to Him, forever and ever. \|\|2\|\| |
| ਕਾਲੁ ਗਵਾਇਆ ਕਰਤੈ ਆਪਿ ॥ | The Creator Himself has eliminated death. |
| ਸਦਾ ਸਦਾ ਮਨ ਤਿਸ ਨੋ ਜਾਪਿ ॥ | Meditate on Him forever and ever, O my mind. |
| ਦ੍ਰਿਸਟਿ ਧਾਰਿ ਰਾਖੇ ਸਭਿ ਜੰਤ ॥ | He watches all with His Glance of Grace and protects them. |
| ਗੁਣ ਗਾਵਹੁ ਨਿਤ ਨਿਤ ਭਗਵੰਤ ॥੩॥ | Continually and continuously, sing the Glorious Praises of the Lord God. \|\|3\|\| |
| ਏਕੋ ਕਰਤਾ ਆਪੇ ਆਪ ॥ | The One and Only Creator Lord is Himself by Himself. |
| ਹਰਿ ਕੇ ਭਗਤ ਜਾਣਹਿ ਪਰਤਾਪ ॥ | The Lord's devotees know His Glorious Grandeur. |
| ਨਾਵੈ ਕੀ ਪੈਜ ਰਖਦਾ ਆਇਆ ॥ | He preserves the Honor of His Name. |
| ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥ | Nanak speaks as the Lord inspires him to speak. \|\|4\|\|3\|\|21\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਗੁਰ ਸਰਣਾਈ ਸਗਲ ਨਿਧਾਨ ॥ | All treasures are found in the Sanctuary of the Guru. |
| ਸਾਚੀ ਦਰਗਹਿ ਪਾਈਐ ਮਾਨੁ ॥ | Honor is obtained in the True Court of the Lord. |
| ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ | Doubt, fear, pain and suffering are taken away, |
| ਸਾਧਸੰਗਿ ਸਦ ਹਰਿ ਗੁਣ ਗਾਇ ॥੧॥ | forever singing the Glorious Praises of the Lord in the Saadh Sangat, the Company of the Holy. \|\|1\|\| |
| ਮਨ ਮੇਰੇ ਗੁਰੁ ਪੂਰਾ ਸਾਲਾਹਿ ॥ | O my mind, praise the Perfect Guru. |

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ ਰਹਾਉ ॥

Chant the treasure of the Naam, the Name of the Lord, day and night. You shall obtain the fruits of your mind's desires. ||1||Pause||

ਸਤਿਗੁਰ ਜੇਵਡੁ ਅਵਰੁ ਨ ਕੋਇ ॥

No one else is as great as the True Guru.

ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥

The Guru is the Supreme Lord, the Transcendent Lord God.

ਜਨਮ ਮਰਣ ਦੂਖ ਤੇ ਰਾਖੈ ॥

He saves us from the pains of death and birth,

ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥

and we will not have to taste the poison of Maya ever again. ||2||

ਗੁਰ ਕੀ ਮਹਿਮਾ ਕਥਨੁ ਨ ਜਾਇ ॥

The Guru's glorious grandeur cannot be described.

ਗੁਰੁ ਪਰਮੇਸਰੁ ਸਾਚੈ ਨਾਇ ॥

The Guru is the Transcendent Lord, in the True Name.

ਸਚੁ ਸੰਜਮੁ ਕਰਣੀ ਸਭੁ ਸਾਚੀ ॥

True is His self-discipline, and True are all His actions.

ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥੩॥

Immaculate and pure is that mind, which is imbued with love for the Guru. ||3||

ਗੁਰੁ ਪੂਰਾ ਪਾਈਐ ਵਡ ਭਾਗਿ ॥

The Perfect Guru is obtained by great good fortune.

ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥

Drive out sexual desire, anger and greed from your mind.

ਕਰਿ ਕਿਰਪਾ ਗੁਰ ਚਰਣ ਨਿਵਾਸਿ ॥

By His Grace, the Guru's Feet are enshrined within.

ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥

Nanak offers his prayer to the True Lord God. ||4||4||22||

ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩

Raag Malaar, Fifth Mehl, Partaal, Third House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥

Pleasing the Guru, I have fallen in love with my Merciful Beloved Lord.

ਕੀਨੋ ਰੀ ਸਗਲ ਸੀਗਾਰ ॥

I have made all my decorations,

ਤਜਿਓ ਰੀ ਸਗਲ ਬਿਕਾਰ ॥

and renounced all corruption;

ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥

my wandering mind has become steady and stable. ||1||Pause||

| | |
|---|---|
| ਐਸੇ ਰੇ ਮਨ ਪਾਇ ਕੈ ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥ | O my mind, lose your self-conceit by associating with the Holy, and you shall find Him. |
| ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥ | The unstruck celestial melody vibrates and resounds; like a song-bird, chant the Lord's Name, with words of sweetness and utter beauty. \|\|1\|\| |
| ਐਸੀ ਤੇਰੇ ਦਰਸਨ ਕੀ ਸੋਭ ਅਤਿ ਅਪਾਰ ਪ੍ਰਿਅ ਅਮੋਘ ਤੈਸੇ ਹੀ ਸੰਗਿ ਸੰਤ ਬਨੇ ॥ | Such is the glory of Your Darshan, so utterly infinite and fruitful, O my Love; so do we become by associating with the Saints. |
| ਭਵ ਉਤਾਰ ਨਾਮ ਭਨੇ ॥ | Vibrating, chanting Your Name, we cross over the terrifying world-ocean. |
| ਰਮ ਰਾਮ ਰਾਮ ਮਾਲ ॥ | They dwell on the Lord, Raam, Raam, chanting on their malas; |
| **੧੨੭੨** | 1272 |
| ਮਨਿ ਫੇਰਤੇ ਹਰਿ ਸੰਗਿ ਸੰਗੀਆ ॥ | their minds are turned towards the Lord in the Saadh Sangat, the Company of the Holy. |
| ਜਨ ਨਾਨਕ ਪ੍ਰਿਉ ਪ੍ਰੀਤਮੁ ਥੀਆ ॥੨॥੧॥੨੩॥ | O servant Nanak, their Beloved Lord seems so sweet to them. \|\|2\|\|1\|\|23\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਮਨੁ ਘਨੈ ਭ੍ਰਮੈ ਬਨੈ ॥ | My mind wanders through the dense forest. |
| ਉਮਕਿ ਤਰਸਿ ਚਾਲੈ ॥ | It walks with eagerness and love, |
| ਪ੍ਰਭ ਮਿਲਬੇ ਕੀ ਚਾਹ ॥੧॥ ਰਹਾਉ ॥ | hoping to meet God. \|\|1\|\|Pause\|\| |
| ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ ॥੧॥ | Maya with her three gunas - the three dispositions - has come to entice me; whom can I tell of my pain? \|\|1\|\| |
| ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ ॥ | I tried everything else, but nothing could rid me of my sorrow. |
| ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥੨॥੨॥੨੪॥ | So hurry to the Sanctuary of the Holy, O Nanak; joining them, sing the Glorious Praises of the Lord of the Universe. \|\|2\|\|2\|\|24\|\| |

| | |
|---|---|
| ਮਲਾਰ ਮਹਲਾ ੫ ॥ | Malaar, Fifth Mehl: |
| ਪ੍ਰਿਅ ਕੀ ਸੋਭ ਸੁਹਾਵਨੀ ਨੀਕੀ ॥ | The glory of my Beloved is noble and sublime. |
| ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥੧॥ ਰਹਾਉ ॥ | The celestial singers and angels sing His Sublime Praises in ecstasy, happiness and joy. \|\|1\|\|Pause\|\| |
| ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥ | The most worthy beings sing God's Praises in beautiful harmonies, in all sorts of ways, in myriads of sublime forms. \|\|1\|\| |
| ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ ॥ | Throughout the mountains, trees, deserts, oceans and galaxies, permeating each and every heart, the sublime grandeur of my Love is totally pervading. |
| ਸਾਧਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ ॥੨॥੩॥੨੫॥ | In the Saadh Sangat, the Company of the Holy, the Love of the Lord is found; O Nanak, sublime is that faith. \|\|2\|\|3\|\|25\|\| |
| ਮਲਾਰ ਮਹਲਾ ੫ ॥ | Malaar, Fifth Mehl: |
| ਗੁਰ ਪ੍ਰੀਤਿ ਪਿਆਰੇ ਚਰਨ ਕਮਲ ਰਿਦ ਅੰਤਰਿ ਧਾਰੇ ॥੧॥ ਰਹਾਉ ॥ | With love for the Guru, I enshrine the Lotus Feet of my Lord deep within my heart. \|\|1\|\|Pause\|\| |
| ਦਰਸੁ ਸਫਲਿਓ ਦਰਸੁ ਪੇਖਿਓ ਗਏ ਕਿਲਬਿਖ ਗਏ ॥ | I gaze on the Blessed Vision of His Fruitful Darshan; my sins are erased and taken away. |
| ਮਨ ਨਿਰਮਲ ਉਜੀਆਰੇ ॥੧॥ | My mind is immaculate and enlightened. \|\|1\|\| |
| ਬਿਸਮ ਬਿਸਮੈ ਬਿਸਮ ਭਈ ॥ | I am wonderstruck, stunned and amazed. |
| ਅਘ ਕੋਟਿ ਹਰਤੇ ਨਾਮ ਲਈ ॥ | Chanting the Naam, the Name of the Lord, millions of sins are destroyed. |
| ਗੁਰ ਚਰਨ ਮਸਤਕੁ ਡਾਰਿ ਪਹੀ ॥ | I fall at His Feet, and touch my forehead to them. |
| ਪ੍ਰਭ ਏਕ ਤੂੰਹੀ ਏਕ ਤੁਹੀ ॥ | You alone are, You alone are, O God. |
| ਭਗਤ ਟੇਕ ਤੁਹਾਰੇ ॥ | Your devotees take Your Support. |
| ਜਨ ਨਾਨਕ ਸਰਨਿ ਦੁਆਰੇ ॥੨॥੪॥੨੬॥ | Servant Nanak has come to the Door of Your Sanctuary. \|\|2\|\|4\|\|26\|\| |

ਮਲਾਰ ਮਹਲਾ ੫ ॥

Malaar, Fifth Mehl:

ਬਰਸੁ ਸਰਸੁ ਆਗਿਆ ॥

Rain down with happiness in God's Will.

ਹੋਹਿ ਆਨੰਦ ਸਗਲ ਭਾਗ ॥੧॥ ਰਹਾਉ ॥

Bless me with total bliss and good fortune. ||1||Pause||

ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥੧॥

My mind blossoms forth in the Society of the Saints; soaking up the rain, the earth is blessed and beautified. ||1||

ਘਨਘੋਰ ਪ੍ਰੀਤਿ ਮੋਰ ॥

The peacock loves the thunder of the rain clouds.

ਚਿਤੁ ਚਾਤ੍ਰਿਕ ਬੂੰਦ ਓਰ ॥

The rainbird's mind is drawn to the rain-drop

ਐਸੋ ਹਰਿ ਸੰਗੇ ਮਨ ਮੋਹ ॥

- so is my mind enticed by the Lord.

ਤਿਆਗਿ ਮਾਇਆ ਧੋਹ ॥

I have renounced Maya, the deceiver.

ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥

Joining with the Saints, Nanak is awakened. ||2||5||27||

ਮਲਾਰ ਮਹਲਾ ੫ ॥

Malaar, Fifth Mehl:

ਗੁਨ ਗੋੁਪਾਲ ਗਾਉ ਨੀਤ ॥

Sing forever the Glorious Praises of the Lord of the World.

ਰਾਮ ਨਾਮ ਧਾਰਿ ਚੀਤ ॥੧॥ ਰਹਾਉ ॥

Enshrine the Lord's Name in your consciousness. ||1||Pause||

ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥

Forsake your pride, and abandon your ego; join the Saadh Sangat, the Company of the Holy.

ਹਰਿ ਸਿਮਰਿ ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥੧॥

Meditate in loving remembrance on the One Lord; your sorrows shall be ended, O friend. ||1||

ਪਾਰਬ੍ਰਹਮ ਭਏ ਦਇਆਲ ॥

The Supreme Lord God has become merciful;

ਬਿਨਸਿ ਗਏ ਬਿਖੈ ਜੰਜਾਲ ॥

corrupt entanglements have come to an end.

ਸਾਧ ਜਨਾਂ ਕੈ ਚਰਨ ਲਾਗਿ ॥

Grasping the feet of the Holy,

ਨਾਨਕ ਗਾਵੈ ਗੋਬਿੰਦ ਨੀਤ ॥੨॥੬॥੨੮॥

Nanak sings forever the Glorious Praises of the Lord of the World. ||2||6||28||

ਮਲਾਰ ਮਹਲਾ ੫ ॥

Malaar, Fifth Mehl:

ਘਨੁ ਗਰਜਤ ਗੋਬਿੰਦ ਰੂਪ ॥

The Embodiment of the Lord of the Universe roars like the thunder-cloud.

| | |
|---|---|
| ਗੁਨ ਗਾਵਤ ਸੁਖ ਚੈਨ ॥੧॥ ਰਹਾਉ ॥ | Singing His Glorious Praises brings peace and bliss. \|\|1\|\|Pause\|\| |
| ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ ॥੧॥ | The Sanctuary of the Lord's Feet carries us across the world-ocean. His Sublime Word is the unstruck celestial melody. \|\|1\|\| |
| ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥ | The thirsty traveller's consciousness obtains the water of the soul from the pool of nectar. |
| ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥੨॥੭॥੨੯॥ | Servant Nanak loves the Blessed Vision of the Lord; in His Mercy, God has blessed him with it. \|\|2\|\|7\|\|29\|\| |

## ੧੨੭੩ — 1273

| | |
|---|---|
| ਮਲਾਰ ਮਹਲਾ ੫ ॥ | Malaar, Fifth Mehl: |
| ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ ਰਹਾਉ ॥ | O Lord of the Universe, O Lord of the World, O Dear Merciful Beloved. \|\|1\|\|Pause\|\| |
| ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥ | You are the Master of the breath of life, the Companion of the lost and forsaken, the Destroyer of the pains of the poor. \|\|1\|\| |
| ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥ | O All-powerful, Inaccessible, Perfect Lord, please shower me with Your Mercy. \|\|2\|\| |
| ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥੩੦॥ | Please, carry Nanak across the terrible, deep dark pit of the world to the other side. \|\|3\|\|8\|\|30\|\| |
| ਮਲਾਰ ਮਹਲਾ ੧ ਅਸਟਪਦੀਆ ਘਰੁ ੧ | Malaar, First Mehl, Ashtapadees, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ ॥ | The chakvi bird does not long for sleepy eyes; without her beloved, she does not sleep. |
| ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥੧॥ | When the sun rises, she sees her beloved with her eyes; she bows and touches his feet. \|\|1\|\| |
| ਪਿਰ ਭਾਵੈ ਪ੍ਰੇਮੁ ਸਖਾਈ ॥ | The Love of my Beloved is pleasing; it is my Companion and Support. |

| | |
|---|---|
| ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ ॥੧॥ ਰਹਾਉ ॥ | Without Him, I cannot live in this world even for an instant; such is my hunger and thirst. \|\|1\|\|Pause\|\| |
| ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ ॥ | The lotus in the pool blossoms forth intuitively and naturally, with the rays of the sun in the sky. |
| ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨॥ | Such is the love for my Beloved which imbues me; my light has merged into the Light. \|\|2\|\| |
| ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥ | Without water, the rainbird cries out, "Pri-o! Pri-o! - Beloved! Beloved!" It cries and wails and laments. |
| ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥੩॥ | The thundering clouds rain down in the ten directions; its thirst is not quenched until it catches the rain-drop in its mouth. \|\|3\|\| |
| ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ ॥ | The fish lives in water, from which it was born. It finds peace and pleasure according to its past actions. |
| ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥੪॥ | It cannot survive without water for a moment, even for an instant. Life and death depend on it. \|\|4\|\| |
| ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈਂ ॥ | The soul-bride is separated from her Husband Lord, who lives in His Own Country. He sends the Shabad, His Word, through the True Guru. |
| ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥ | She gathers virtues, and enshrines God within her heart. Imbued with devotion, she is happy. \|\|5\|\| |
| ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈਂ ॥ | Everyone cries out, "Beloved! Beloved!" But she alone finds her Beloved, who is pleasing to the Guru. |
| ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥੬॥ | Our Beloved is always with us; through the Truth, He blesses us with His Grace, and unites us in His Union. \|\|6\|\| |
| ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥ | He is the life of the soul in each and every soul; He permeates and pervades each and every heart. |
| ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥ | By Guru's Grace, He is revealed within the home of my heart; I am intuitively, naturally, absorbed into Him. \|\|7\|\| |

ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈਂ ॥

He Himself shall resolve all your affairs, when you meet with the Giver of peace, the Lord of the World.

ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥

By Guru's Grace, you shall find your Husband Lord within your own home; then, O Nanak, the fire within you shall be quenched. ||8||1||

ਮਲਾਰ ਮਹਲਾ ੧ ॥

Malaar, First Mehl:

ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥

Remain awake and aware, serving the Guru; except for the Lord, no one is mine.

ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥

Even by making all sorts of efforts, you shall not remain here; it shall melt like glass in the fire. ||1||

ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥

Tell me - why are you so proud of your body and wealth?

ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥

They shall vanish in an instant; O madman, this is how the world is wasting away, in egotism and pride. ||1||Pause||

ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥

Hail to the Lord of the Universe, God, our Saving Grace; He judges and saves the mortal beings.

ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥

All that is, belongs to You. No one else is equal to You. ||2||

ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥

Creating all beings and creatures, their ways and means are under Your control; You bless the Gurmukhs with the ointment of spiritual wisdom.

ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥

My Eternal, Unmastered Lord is over the heads of all. He is the Destroyer of death and rebirth, doubt and fear. ||3||

**੧੨੭੪**

1274

ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥

This wretched world is a fortress of paper, of color and form and clever tricks.

| | |
|---|---|
| ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ ॥੪॥ | A tiny drop of water or a little puff of wind destroys its glory; in an instant, its life is ended. \|\|4\|\| |
| ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥ | It is like a tree-house near the bank of a river, with a serpent's den in that house. |
| ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥ | When the river overflows, what happens to the tree house? The snake bites, like duality in the mind. \|\|5\|\| |
| ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ | Through the magic spell of the Guru's spiritual wisdom, and meditation on the Word of the Guru's Teachings, vice and corruption are burnt away. |
| ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥ | The mind and body are cooled and soothed and Truth is obtained, through the wondrous and unique devotional worship of the Lord. \|\|6\|\| |
| ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥ | All that exists begs of You; You are merciful to all beings. |
| ਤੁਮ੍ਹਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ | I seek Your Sanctuary; please save my honor, O Lord of the World, and bless me with Truth. \|\|7\|\| |
| ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥ | Bound in worldly affairs and entanglements, the blind one does not understand; he acts like a murderous butcher. |
| ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥ | But if he meets with the True Guru, then he comprehends and understands, and his mind is imbued with true spiritual wisdom. \|\|8\|\| |
| ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਿਉ ਗੁਰੁ ਅਪਨਾ ॥ | Without the Truth, this worthless body is false; I have consulted my Guru on this. |
| ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥ | O Nanak, that God has revealed God to me; without the Truth, all the world is just a dream. \|\|9\|\|2\|\| |
| ਮਲਾਰ ਮਹਲਾ ੧ ॥ | Malaar, First Mehl: |
| ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥ | The rainbird and the fish find peace in water; the deer is pleased by the sound of the bell. \|\|1\|\| |
| ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥ | The rainbird chirps in the night, O my mother. \|\|1\|\|Pause\|\| |

| | |
|---|---|
| ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥ | O my Beloved, my love for You shall never end, if it is Your Will. ‖2‖ |
| ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥ | Sleep is gone, and egotism is exhausted from my body; my heart is permeated with the Teachings of Truth. ‖3‖ |
| ਰੂਖੀਂ ਬਿਰਖੀਂ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥ | Flying among the trees and plants, I remain hungry; lovingly drinking in the Naam, the Name of the Lord, I am satisfied. ‖4‖ |
| ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥ | I stare at You, and my tongue cries out to You; I am so thirsty for the Blessed Vision of Your Darshan. ‖5‖ |
| ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥ | Without my Beloved, the more I decorate myself, the more my body burns; these clothes do not look good on my body. ‖6‖ |
| ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕੰਉ ਬਿਨ ਮਿਲੇ ਨੀਂਦ ਨ ਪਾਈ ॥੭॥ | Without my Beloved, I cannot survive even for an instant; without meeting Him, I cannot sleep. ‖7‖ |
| ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥ | Her Husband Lord is nearby, but the wretched bride does not know it. The True Guru reveals Him to her. ‖8‖ |
| ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥ | When she meets Him with intuitive ease, she finds peace; the Word of the Shabad quenches the fire of desire. ‖9‖ |
| ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥ | Says Nanak, through You, O Lord, my mind is pleased and appeased; I cannot express Your worth. ‖10‖3‖ |
| ਮਲਾਰ ਮਹਲਾ ੧ ਅਸਟਪਦੀਆ ਘਰੁ ੨ | Malaar, First Mehl, Ashtapadees, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਅਖਲੀ ਊਂਡੀ ਜਲੁ ਭਰ ਨਾਲਿ ॥ | The earth bends under the weight of the water, |
| ਡੂਗਰੁ ਊਚਉ ਗੜੁ ਪਾਤਾਲਿ ॥ | the lofty mountains and the caverns of the underworld. |
| ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ | Contemplating the Word of the Guru's Shabad, the oceans become calm. |

| | |
|---|---|
| ਮਾਰਗੁ ਮੁਕਤਾ ਹਉਮੈ ਮਾਰਿ ॥੧॥ | The path of liberation is found by subduing the ego. \|\|1\|\| |
| ਮੈ ਅੰਧੁਲੇ ਨਾਵੈ ਕੀ ਜੋਤਿ ॥ | I am blind; I seek the Light of the Name. |
| ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥੧॥ ਰਹਾਉ ॥ | I take the Support of the Naam, the Name of the Lord. I walk on the path of mystery of the Guru's Fear. \|\|1\|\|Pause\|\| |
| **੧੨੭੫** | **1275** |
| ਸਤਿਗੁਰ ਸਬਦੀ ਪਾਧਰੁ ਜਾਣਿ ॥ | Through the Shabad, the Word of the True Guru, the Path is known. |
| ਗੁਰ ਕੈ ਤਕੀਐ ਸਾਚੈ ਤਾਣਿ ॥ | With the Guru's Support, one is blessed with the strength of the True Lord. |
| ਨਾਮੁ ਸਮ੍ਹ੍ਹਾਲਸਿ ਰੂੜ੍ਹੀ ਬਾਣਿ ॥ | Dwell on the Naam, and realize the Beauteous Word of His Bani. |
| ਥੈਂ ਭਾਵੈ ਦਰੁ ਲਹਸਿ ਪਿਰਾਣਿ ॥੨॥ | If it is Your Will, Lord, You lead me to find Your Door. \|\|2\|\| |
| ਊਡਾਂ ਬੈਸਾ ਏਕ ਲਿਵ ਤਾਰ ॥ | Flying high or sitting down, I am lovingly focused on the One Lord. |
| ਗੁਰ ਕੈ ਸਬਦਿ ਨਾਮ ਆਧਾਰ ॥ | Through the Word of the Guru's Shabad, I take the Naam as my Support. |
| ਨਾ ਜਲੁ ਡੂੰਗਰੁ ਨ ਊਚੀ ਧਾਰ ॥ | There is no ocean of water, no mountain ranges rising up. |
| ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥੩॥ | I dwell within the home of my own inner being, where there is no path and no one travelling on it. \|\|3\|\| |
| ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥ | You alone know the way to that House in which You dwell. No one else knows the Mansion of Your Presence. |
| ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥ | Without the True Guru, there is no understanding. The whole world is buried under its nightmare. |
| ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥ | The mortal tries all sorts of things, and weeps and wails, but without the Guru, he does not know the Naam, the Name of the Lord. |
| ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥੪॥ | In the twinkling of an eye, the Naam saves him, if he realizes the Word of the Guru's Shabad. \|\|4\|\| |
| ਇਕਿ ਮੂਰਖ ਅੰਧੇ ਮੁਗਧ ਗਵਾਰ ॥ | Some are foolish, blind, stupid and ignorant. |
| ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥ | Some, through fear of the True Guru, take the Support of the Naam. |

| | |
|---|---|
| ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ | The True Word of His Bani is sweet, the source of ambrosial nectar. |
| ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥ | Whoever drinks it in, finds the Door of Salvation. \|\|5\|\| |
| ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥ | One who, through the love and fear of God, enshrines the Naam within his heart, acts according to the Guru's Instructions and knows the True Bani. |
| ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥ | When the clouds release their rain, the earth becomes beautiful; God's Light permeates each and every heart. |
| ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ | The evil-minded ones plant their seed in the barren soil; such is the sign of those who have no Guru. |
| ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥ | Without the True Guru, there is utter darkness; they drown there, even without water. \|\|6\|\| |
| ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ | Whatever God does, is by His Own Will. |
| ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ | That which is pre-ordained cannot be erased. |
| ਹੁਕਮੇ ਬਾਧਾ ਕਾਰ ਕਮਾਇ ॥ | Bound to the Hukam of the Lord's Command, the mortal does his deeds. |
| ਏਕ ਸਬਦਿ ਰਾਚੈ ਸਚਿ ਸਮਾਇ ॥੭॥ | Permeated by the One Word of the Shabad, the mortal is immersed in Truth. \|\|7\|\| |
| ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ | Your Command, O God, rules in the four directions; Your Name pervades the four corners of the nether regions as well. |
| ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ | The True Word of the Shabad is pervading amongst all. By His Grace, the Eternal One unites us with Himself. |
| ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ ॥ | Birth and death hang over the heads of all beings, along with hunger, sleep and dying. |
| ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ ॥੮॥੧॥੪॥ | The Naam is pleasing to Nanak's mind; O True Lord, Source of bliss, please bless me with Your Grace. \|\|8\|\|1\|\|4\|\| |

| | |
|---|---|
| ਮਲਾਰ ਮਹਲਾ ੧ ॥ | Malaar, First Mehl: |
| ਮਰਣ ਮੁਕਤਿ ਗਤਿ ਸਾਰ ਨ ਜਾਨੈ ॥ | You do not understand the nature of death and liberation. |
| ਕੰਠੇ ਬੈਠੀ ਗੁਰ ਸਬਦਿ ਪਛਾਨੈ ॥੧॥ | You are sitting on the river-bank; realize the Word of the Guru's Shabad. \|\|1\|\| |
| ਤੂ ਕੈਸੇ ਆੜਿ ਫਾਥੀ ਜਾਲਿ ॥ | You stork! - how were you caught in the net? |
| ਅਲਖੁ ਨ ਜਾਚਹਿ ਰਿਦੈ ਸਮ੍ਹਾਲਿ ॥੧॥ ਰਹਾਉ ॥ | You do not remember in your heart the Unseen Lord God. \|\|1\|\|Pause\|\| |
| ਏਕ ਜੀਅ ਕੈ ਜੀਆ ਖਾਹੀ ॥ | For your one life, you consume many lives. |
| ਜਲਿ ਤਰਤੀ ਬੂਡੀ ਜਲ ਮਾਹੀ ॥੨॥ | You were supposed to swim in the water, but you are drowning in it instead. \|\|2\|\| |
| ਸਰਬ ਜੀਅ ਕੀਏ ਪ੍ਰਤਪਾਨੀ ॥ | You have tormented all beings. |
| ਜਬ ਪਕੜੀ ਤਬ ਹੀ ਪਛੁਤਾਨੀ ॥੩॥ | When Death seizes you, then you shall regret and repent. \|\|3\|\| |
| ਜਬ ਗਲਿ ਫਾਸ ਪੜੀ ਅਤਿ ਭਾਰੀ ॥ | When the heavy noose is placed around your neck, |
| ਊਡਿ ਨ ਸਾਕੈ ਪੰਖ ਪਸਾਰੀ ॥੪॥ | you may spread your wings, but you shall not be able to fly. \|\|4\|\| |
| ਰਸਿ ਚੂਗਹਿ ਮਨਮੁਖਿ ਗਾਵਾਰਿ ॥ | You enjoy the tastes and flavors, you foolish self-willed manmukh. |
| ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥੫॥ | You are trapped. You can only be saved by virtuous conduct, spiritual wisdom and contemplation. \|\|5\|\| |
| ਸਤਿਗੁਰੁ ਸੇਵਿ ਤੂਟੈ ਜਮਕਾਲੁ ॥ | Serving the True Guru, you will shatter the Messenger of Death. |
| ਹਿਰਦੈ ਸਾਚਾ ਸਬਦੁ ਸਮ੍ਹਾਲੁ ॥੬॥ | In your heart, dwell on the True Word of the Shabad. \|\|6\|\| |
| ਗੁਰਮਤਿ ਸਾਚੀ ਸਬਦੁ ਹੈ ਸਾਰੁ ॥ | The Guru's Teachings, the True Word of the Shabad, is excellent and sublime. |
| ਹਰਿ ਕਾ ਨਾਮੁ ਰਖੈ ਉਰਿ ਧਾਰਿ ॥੭॥ | Keep the Name of the Lord enshrined in your heart. \|\|7\|\| |
| ਸੇ ਦੁਖ ਆਗੈ ਜਿ ਭੋਗ ਬਿਲਾਸੇ ॥ | One who is obsessed with enjoying pleasures here, shall suffer in pain hereafter. |
| ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥੮॥੨॥੫॥ | O Nanak, there is no liberation without the True Name. \|\|8\|\|2\|\|5\|\| |

# ੧੨੭੬

# 1276

ਮਲਾਰ ਮਹਲਾ ੩ ਅਸਟਪਦੀਆ
ਘਰੁ ੧ ॥
ੴ ਸਤਿਗੁਰ ਪ੍ਰਸਾਦਿ ॥

Malaar, Third Mehl, Ashtapadees,
First House:

One Universal Creator God.
By The Grace Of The True Guru:

ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥

If it is in his karma, then he finds the True Guru; without such karma, He cannot be found.

ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥੧॥

He meets the True Guru, and he is transformed into gold, if it is the Lord's Will. ||1||

ਮਨ ਮੇਰੇ ਹਰਿ ਹਰਿ ਨਾਮਿ ਚਿਤੁ ਲਾਇ ॥

O my mind, focus your consciousness on the Name of the Lord, Har, Har.

ਸਤਿਗੁਰ ਤੇ ਹਰਿ ਪਾਈਐ ਸਾਚਾ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥

The Lord is found through the True Guru, and then he remains merged with the True Lord. ||1||Pause||

ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥

Spiritual wisdom wells up through the True Guru, and then this cynicism is dispelled.

ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥

Through the True Guru, the Lord is realized, and then, he is not consigned to the womb of reincarnation ever again. ||2||

ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥

By Guru's Grace, the mortal dies in life, and by so dying, lives to practice the Word of the Shabad.

ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥

He alone finds the Door of Salvation, who eradicates self-conceit from within himself. ||3||

ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥

By Guru's Grace, the mortal is reincarnated into the Home of the Lord, having eradicated Maya from within.

ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥

He eats the uneatable, and is blessed with a discriminating intellect; he meets the Supreme Person, the Primal Lord God. ||4||

ਧਾਤੁਰ ਬਾਜੀ ਸੰਸਾਰੁ ਅਚੇਤੁ ਹੈ ਚਲੈ ਮੂਲੁ ਗਵਾਇ ॥

The world is unconscious, like a passing show; the mortal departs, having lost his capital.

ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥੫॥

The profit of the Lord is obtained in the Sat Sangat, the True Congregation; by good karma, it is found. ||5||

| | |
|---|---|
| ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ ॥ | Without the True Guru, no one finds it; see this in your mind, and consider this in your heart. |
| ਵਡਭਾਗੀ ਗੁਰੁ ਪਾਇਆ ਭਵਜਲੁ ਉਤਰੇ ਪਾਰਿ ॥੬॥ | By great good fortune, the mortal finds the Guru, and crosses over the terrifying world-ocean. \|\|6\|\| |
| ਹਰਿ ਨਾਮਾਂ ਹਰਿ ਟੇਕ ਹੈ ਹਰਿ ਹਰਿ ਨਾਮੁ ਅਧਾਰੁ ॥ | The Name of the Lord is my Anchor and Support. I take only the Support of the Name of the Lord, Har, Har. |
| ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ ॥੭॥ | O Dear Lord, please be kind and lead me to meet the Guru, that I may find the Door of Salvation. \|\|7\|\| |
| ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ ॥ | The pre-ordained destiny inscribed on the mortal's forehead by our Lord and Master cannot be erased. |
| ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ ॥੮॥੧॥ | O Nanak, those humble beings are perfect, who are pleased by the Lord's Will. \|\|8\|\|1\|\| |
| ਮਲਾਰ ਮਹਲਾ ੩ ॥ | Malaar, Third Mehl: |
| ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥ | The world is involved with the words of the Vedas, thinking about the three gunas - the three dispositions. |
| ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥ | Without the Name, it suffers punishment by the Messenger of Death; it comes and goes in reincarnation, over and over again. |
| ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥੧॥ | Meeting with the True Guru, the world is liberated, and finds the Door of Salvation. \|\|1\|\| |
| ਮਨ ਰੇ ਸਤਿਗੁਰੁ ਸੇਵਿ ਸਮਾਇ ॥ | O mortal, immerse yourself in service to the True Guru. |
| ਵਡੈ ਭਾਗਿ ਗੁਰ ਪੂਰਾ ਪਾਇਆ ਹਰਿ ਹਰਿ ਨਾਮੁ ਧਿਆਇ ॥੧॥ ਰਹਾਉ ॥ | By great good fortune, the mortal finds the Perfect Guru, and meditates on the Name of the Lord, Har, Har. \|\|1\|\|Pause\|\| |
| ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ ਹਰਿ ਆਪੇ ਦੇਇ ਅਧਾਰੁ ॥ | The Lord, by the Pleasure of His Own Will, created the Universe, and the Lord Himself gives it sustenance and support. |
| ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ ਹਰਿ ਸਿਉ ਲਾਗਾ ਪਿਆਰੁ ॥ | The Lord, by His Own Will, makes the mortal's mind immaculate, and lovingly attunes him to the Lord. |
| ਹਰਿ ਕੈ ਭਾਣੈ ਸਤਿਗੁਰੁ ਭੇਟਿਆ ਸਭੁ ਜਨਮੁ ਸਵਾਰਣਹਾਰੁ ॥੨॥ | The Lord, by His Own Will, leads the mortal to meet the True Guru, the Embellisher of all his lives. \|\|2\|\| |

| | |
|---|---|
| ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥ | Waaho! Waaho! Blessed and Great is the True Word of His Bani. Only a few, as Gurmukh, understand. |
| ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥ | Waaho! Waaho! Praise God as Great! No one else is as Great as He. |
| ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ ॥੩॥ | When God's Grace is received, He Himself forgives the mortal, and unites him with Himself. \|\|3\|\| |
| ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ ॥ | The True Guru has revealed our True, Supreme Lord and Master. |
| ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵ ਲਾਇ ॥ | The Ambrosial Nectar rains down and the mind is satisfied, remaining lovingly attuned to the True Lord. |
| ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥੪॥ | In the Lord's Name, it is forever rejuvenated; it shall never wither and dry up again. \|\|4\|\| |

## ੧੨੭੭ — 1277

| | |
|---|---|
| ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ ॥ | Without the True Guru, no one finds the Lord; anyone can try and see. |
| ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ ॥ | By the Lord's Grace, the True Guru is found, and then the Lord is met with intuitive ease. |
| ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥੫॥ | The self-willed manmukh is deluded by doubt; without good destiny, the Lord's wealth is not obtained. \|\|5\|\| |
| ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ | The three dispositions are completely distracting; people read and study and contemplate them. |
| ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥ | Those people are never liberated; they do not find the Door of Salvation. |
| ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥ | Without the True Guru, they are never released from bondage; they do not embrace love for the Naam, the Name of the Lord. \|\|6\|\| |
| ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ | The Pandits, the religious scholars, and the silent sages, reading and studying the Vedas, have grown weary. |
| ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥ | They do not even think of the Lord's Name; they do not dwell in the home of their own inner being. |
| ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥ | The Messenger of Death hovers over their heads; they are ruined by the deceit within themselves. \|\|7\|\| |

| | |
|---|---|
| ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ ॥ | Everyone longs for the Name of the Lord; without good destiny, it is not obtained. |
| ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥ | When the Lord bestows His Glance of Grace, the mortal meets the True Guru, and the Lord's Name comes to dwell within the mind. |
| ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥੮॥੨॥ | O Nanak, through the Name, honor wells up, and the mortal remains immersed in the Lord. \|\|8\|\|2\|\| |
| ਮਲਾਰ ਮਹਲਾ ੩ ਅਸਟਪਦੀ ਘਰੁ ੨ ॥ | Malaar, Third Mehl, Ashtapadees, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ | When the Lord shows His Mercy, He enjoins the mortal to work for the Guru. |
| ਦੁਖੁ ਪਲ੍ਹਰਿ ਹਰਿ ਨਾਮੁ ਵਸਾਏ ॥ | His pains are taken away, and the Lord's Name comes to dwell within. |
| ਸਾਚੀ ਗਤਿ ਸਾਚੈ ਚਿਤੁ ਲਾਏ ॥ | True deliverance comes by focusing one's consciousness on the True Lord. |
| ਗੁਰ ਕੀ ਬਾਣੀ ਸਬਦਿ ਸੁਣਾਏ ॥੧॥ | Listen to the Shabad, and the Word of the Guru's Bani. \|\|1\|\| |
| ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥ | O my mind, serve the Lord, Har, Har, the true treasure. |
| ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥ | By Guru's Grace, the wealth of the Lord is obtained. Night and day, focus your meditation on the Lord. \|\|1\|\|Pause\|\| |
| ਬਿਨੁ ਪਿਰ ਕਾਮਣਿ ਕਰੇ ਸੀਂਗਾਰੁ ॥ | The soul-bride who adorns herself without her Husband Lord, |
| ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥ | is ill-mannered and vile, wasted away into ruin. |
| ਮਨਮੁਖ ਕਾ ਇਹੁ ਬਾਦਿ ਆਚਾਰੁ ॥ | This is the useless way of life of the self-willed manmukh. |
| ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥ | Forgetting the Naam, the Name of the Lord, he performs all sorts of empty rituals. \|\|2\|\| |
| ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ | The bride who is Gurmukh is beautifully embellished. |
| ਸਬਦੇ ਪਿਰੁ ਰਾਖਿਆ ਉਰ ਧਾਰਿ ॥ | Through the Word of the Shabad, she enshrines her Husband Lord within her heart. |

| | |
|---|---|
| ਏਕੁ ਪਛਾਣੈ ਹਉਮੈ ਮਾਰਿ ॥ | She realizes the One Lord, and subdues her ego. |
| ਸੋਭਾਵੰਤੀ ਕਹੀਐ ਨਾਰਿ ॥੩॥ | That soul-bride is virtuous and noble. \|\|3\|\| |
| ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ | Without the Guru, the Giver, no one finds the Lord. |
| ਮਨਮੁਖ ਲੋਭਿ ਦੂਜੈ ਲੋਭਾਇਆ ॥ | The greedy self-willed manmukh is attracted and engrossed in duality. |
| ਐਸੇ ਗਿਆਨੀ ਬੂਝਹੁ ਕੋਇ ॥ | Only a few spiritual teachers realize this, |
| ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥ | that without meeting the Guru, liberation is not obtained. \|\|4\|\| |
| ਕਹਿ ਕਹਿ ਕਹਣੁ ਕਹੈ ਸਭੁ ਕੋਇ ॥ | Everyone tells the stories told by others. |
| ਬਿਨੁ ਮਨ ਮੂਏ ਭਗਤਿ ਨ ਹੋਇ ॥ | Without subduing the mind, devotional worship does not come. |
| ਗਿਆਨ ਮਤੀ ਕਮਲ ਪਰਗਾਸੁ ॥ | When the intellect achieves spiritual wisdom, the heart-lotus blossoms forth. |
| ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥ | The Naam, the Name of the Lord, comes to abide in that heart. \|\|5\|\| |
| ਹਉਮੈ ਭਗਤਿ ਕਰੇ ਸਭੁ ਕੋਇ ॥ | In egotism, everyone can pretend to worship God with devotion. |
| ਨਾ ਮਨੁ ਭੀਜੈ ਨਾ ਸੁਖੁ ਹੋਇ ॥ | But this does not soften the mind, and it does not bring peace. |
| ਕਹਿ ਕਹਿ ਕਹਣੁ ਆਪੁ ਜਾਣਾਏ ॥ | By speaking and preaching, the mortal only shows off his self-conceit. |
| ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥ | His devotional worship is useless, and his life is a total waste. \|\|6\|\| |
| ਸੇ ਭਗਤ ਸਤਿਗੁਰ ਮਨਿ ਭਾਏ ॥ | They alone are devotees, who are pleasing to the Mind of the True Guru. |
| ਅਨਦਿਨੁ ਨਾਮਿ ਰਹੇ ਲਿਵ ਲਾਏ ॥ | Night and day, they remain lovingly attuned to the Name. |
| ਸਦ ਹੀ ਨਾਮੁ ਵੇਖਹਿ ਹਜੂਰਿ ॥ | They behold the Naam, the Name of the Lord, ever-present, near at hand. |
| **੧੨੭੮** | **1278** |
| ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥ | Through the Word of the Guru's Shabad, He is pervading and permeating everywhere. \|\|7\|\| |
| ਆਪੇ ਬਖਸੇ ਦੇਇ ਪਿਆਰੁ ॥ | God Himself forgives, and bestows His Love. |

| | |
|---|---|
| ਹਉਮੈ ਰੋਗੁ ਵਡਾ ਸੰਸਾਰਿ ॥ | The world is suffering from the terrible disease of egotism. |
| ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ | By Guru's Grace, this disease is cured. |
| ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥ | O Nanak, through the Truth, the mortal remains immersed in the True Lord. ‖8‖1‖3‖5‖8‖ |
| ਰਾਗੁ ਮਲਾਰ ਛੰਤ ਮਹਲਾ ੫ ॥ | Raag Malaar, Chhant, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ ॥ | My Beloved Lord is the Giver of loving devotional worship. |
| ਅਪਨੇ ਜਨ ਸੰਗਿ ਰਾਤੇ ॥ | His humble servants are imbued with His Love. |
| ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵੀਸਰੈ ॥ | He is imbued with His servants, day and night; He does not forget them from His Mind, even for an instant. |
| ਗੋਪਾਲ ਗੁਣ ਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ ॥ | He is the Lord of the World, the Treasure of virtue; He is always with me. All glorious virtues belong to the Lord of the Universe. |
| ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥ | With His Feet, He has fascinated my mind; as His humble servant, I am intoxicated with love for His Name. |
| ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥੧॥ | O Nanak, my Beloved is forever Merciful; out of millions, hardly anyone realizes Him. ‖1‖ |
| ਪ੍ਰੀਤਮ ਤੇਰੀ ਗਤਿ ਅਗਮ ਅਪਾਰੇ ॥ | O Beloved, Your state is inaccessible and infinite. |
| ਮਹਾ ਪਤਿਤ ਤੁਮ੍ ਤਾਰੇ ॥ | You save even the worst sinners. |
| ਪਤਿਤ ਪਾਵਨ ਭਗਤਿ ਵਛਲ ਕ੍ਰਿਪਾ ਸਿੰਧੁ ਸੁਆਮੀਆ ॥ | He is the Purifier of sinners, the Lover of His devotees, the Ocean of mercy, our Lord and Master. |
| ਸੰਤਸੰਗੇ ਭਜੁ ਨਿਸੰਗੇ ਰੰਉ ਸਦਾ ਅੰਤਰਜਾਮੀਆ ॥ | In the Society of the Saints, vibrate and meditate on Him with commitment forever; He is the Inner-knower, the Searcher of hearts. |
| ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ ॥ | Those who wander in reincarnation through millions of births, are saved and carried across, by meditating in remembrance on the Naam. |
| ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਾਰੇ ॥੨॥ | Nanak is thirsty for the Blessed Vision of Your Darshan, O Dear Lord; please take care of him. ‖2‖ |
| ਹਰਿ ਚਰਨ ਕਮਲ ਮਨੁ ਲੀਨਾ ॥ | My mind is absorbed in the Lotus Feet of the Lord. |

| | |
|---|---|
| ਪ੍ਰਭ ਜਲ ਜਨ ਤੇਰੇ ਮੀਨਾ ॥ | O God, You are the water; Your humble servants are fish. |
| ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ ਨ ਜਾਨੀਐ ॥ | O Dear God, You alone are the water and the fish. I know that there is no difference between the two. |
| ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ ॥ | Please take hold of my arm and bless me with Your Name. I am honored only by Your Grace. |
| ਭਜੁ ਸਾਧਸੰਗੇ ਏਕ ਰੰਗੇ ਕ੍ਰਿਪਾਲ ਗੋਬਿਦ ਦੀਨਾ ॥ | In the Saadh Sangat, the Company of the Holy, vibrate and meditate with love on the One Lord of the Universe, who is Merciful to the meek. |
| ਅਨਾਥ ਨੀਚ ਸਰਣਾਇ ਨਾਨਕ ਕਰਿ ਮਇਆ ਅਪੁਨਾ ਕੀਨਾ ॥੩॥ | Nanak, the lowly and helpless, seeks the Sanctuary of the Lord, who in His Kindness has made him His Own. ‖3‖ |
| ਆਪਸ ਕਉ ਆਪੁ ਮਿਲਾਇਆ ॥ | He unites us with Himself. |
| ਭ੍ਰਮ ਭੰਜਨ ਹਰਿ ਰਾਇਆ ॥ | Our Sovereign Lord King is the Destroyer of fear. |
| ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥ | My Wondrous Lord and Master is the Inner-knower, the Searcher of hearts. My Beloved, the Treasure of virtue, has met me. |
| ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥ | Supreme happiness and peace well up, as I cherish the Glorious Virtues of the Lord of the Universe. |
| ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ ॥ | Meeting with Him, I am embellished and exalted; gazing on Him, I am fascinated, and I realize my pre-ordained destiny. |
| ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨ੍ਹੀ ਹਰਿ ਹਰਿ ਧਿਆਇਆ ॥੪॥੧॥ | Prays Nanak, I seek the Sanctuary of those who meditate on the Lord, Har, Har. ‖4‖1‖ |
| ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥ | Vaar Of Malaar, First Mehl, Sung To The Tune Of Rana Kailaash And Malda: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਲੋਕ ਮਹਲਾ ੩ ॥ | Shalok, Third Mehl: |
| ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ | Meeting with the Guru, the mind is delighted, like the earth embellished by the rain. |
| ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥ | Everything becomes green and lush; the pools and ponds are filled to overflowing. |

ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥
The inner self is imbued with the deep crimson color of love for the True Lord.

ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥
The heart-lotus blossoms forth and the mind becomes true; through the Word of the Guru's Shabad, it is ecstatic and exalted.

## ੧੨੭੯

## 1279

ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥
The self-willed manmukh is on the wrong side. You can see this with your own eyes.

ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥
He is caught in the trap like the deer; the Messenger of Death hovers over his head.

ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
Hunger, thirst and slander are evil; sexual desire and anger are horrible.

ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥
These cannot be seen with your eyes, until you contemplate the Word of the Shabad.

ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
Whoever is pleasing to You is content; all his entanglements are gone.

ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥
Serving the Guru, his capital is preserved. The Guru is the ladder and the boat.

ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥
O Nanak, whoever is attached to the Lord receives the essence; O True Lord, You are found when the mind is true. ||1||

ਮਹਲਾ ੧ ॥
First Mehl:

ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥
There is one path and one door. The Guru is the ladder to reach one's own place.

ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥
Our Lord and Master is so beautiful, O Nanak; all comfort and peace are in the Name of the True Lord. ||2||

ਪਉੜੀ ॥
Pauree:

ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥
He Himself created Himself; He Himself understands Himself.

ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥
Separating the sky and the earth, He has spread out His canopy.

| | |
|---|---|
| ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥ | Without any pillars, He supports the sky, through the insignia of His Shabad. |
| ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ | Creating the sun and the moon, He infused His Light into them. |
| ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ | He created the night and the day; Wondrous are His miraculous plays. |
| ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ | He created the sacred shrines of pilgrimage, where people contemplate righteousness and Dharma, and take cleansing baths on special occasions. |
| ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ | There is no other equal to You; how can we speak and describe You? |
| ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥ | You are seated on the throne of Truth; all others come and go in reincarnation. ‖1‖ |
| ਸਲੋਕ ਮਃ ੧ ॥ | Shalok, First Mehl: |
| ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ | O Nanak, when it rains in the month of Saawan, four are delighted: |
| ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥ | the snake, the deer, the fish and the wealthy people who seek pleasure. ‖1‖ |
| ਮਃ ੧ ॥ | First Mehl: |
| ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥ | O Nanak, when it rains in the month of Saawan, four suffer the pains of separation: |
| ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ | the cow's calves, the poor, the travellers and the servants. ‖2‖ |
| ਪਉੜੀ ॥ | Pauree: |
| ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ | You are True, O True Lord; You dispense True Justice. |
| ਬੈਠਾ ਤਾੜੀ ਲਾਇ ਕਵਲੁ ਛਪਾਇਆ ॥ | Like a lotus, You sit in the primal celestial trance; You are hidden from view. |
| ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ | Brahma is called great, but even he does not know Your limits. |

| | |
|---|---|
| ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ | You have no father or mother; who gave birth to You? |
| ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ | You have no form or feature; You transcend all social classes. |
| ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ | You have no hunger or thirst; You are satisfied and satiated. |
| ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ | You have merged Yourself into the Guru; You are pervading through the Word of Your Shabad. |
| ਸਚੇ ਹੀ ਪਤੀਆਇ ਸਚਿ ਸਮਾਇਆ ॥੨॥ | When he is pleasing to the True Lord, the mortal merges in Truth. \|\|2\|\| |
| ਸਲੋਕ ਮਃ ੧ ॥ | Shalok, First Mehl: |
| ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ | The physician was called in; he touched my arm and felt my pulse. |
| ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥ | The foolish physician did not know that the pain was in the mind. \|\|1\|\| |
| ਮਃ ੨ ॥ | Second Mehl: |
| ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ | O physician, you are a competent physician, if you first diagnose the disease. |
| ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥ | Prescribe such a remedy, by which all sorts of illnesses may be cured. |
| ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ | Administer that medicine, which will cure the disease, and allow peace to come and dwell in the body. |
| ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥ | Only when you are rid of your own disease, O Nanak, will you be known as a physician. \|\|2\|\| |
| ਪਉੜੀ ॥ | Pauree: |
| ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ | Brahma, Vishnu, Shiva and the deities were created. |
| ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥ | Brahma was given the Vedas, and enjoined to worship God. |
| ਦਸ ਅਵਤਾਰੀ ਰਾਮੁ ਰਾਜਾ ਆਇਆ ॥ | The ten incarnations, and Rama the king, came into being. |

| | |
|---|---|
| ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥ | According to His Will, they quickly killed all the demons. |
| ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ ॥ | Shiva serves Him, but cannot find His limits. |
| ਸਚੀ ਕੀਮਤਿ ਪਾਇ ਤਖਤੁ ਰਚਾਇਆ ॥ | He established His throne on the principles of Truth. |
| ਦੁਨੀਆ ਧੰਧੈ ਲਾਇ ਆਪੁ ਛਪਾਇਆ ॥ | He enjoined all the world to its tasks, while He keeps Himself hidden from view. |

## ੧੨੮੦ 1280

| | |
|---|---|
| ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥ | The Primal Lord has ordained that mortals must practice righteousness. \|\|3\|\| |
| ਸਲੋਕ ਮਃ ੨ ॥ | Shalok, Second Mehl: |
| ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥ | The month of Saawan has come, O my companions; think of your Husband Lord. |
| ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ ॥੧॥ | O Nanak, the discarded bride is in love with another; now she weeps and wails, and dies. \|\|1\|\| |
| ਮਃ ੨ ॥ | Second Mehl: |
| ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥ | The month of Saawan has come, O my companions; the clouds have burst forth with rain. |
| ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ ॥੨॥ | O Nanak, the blessed soul-brides sleep in peace; they are in love with their Husband Lord. \|\|2\|\| |
| ਪਉੜੀ ॥ | Pauree: |
| ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥ | He Himself has staged the tournament, and arranged the arena for the wrestlers. |
| ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥ | They have entered the arena with pomp and ceremony; the Gurmukhs are joyful. |
| ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥ | The false and foolish self-willed manmukhs are defeated and overcome. |

| | |
|---|---|
| ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ | The Lord Himself wrestles, and He Himself defeats them. He Himself staged this play. |
| ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥ | The One God is the Lord and Master of all; this is known by the Gurmukhs. |
| ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥ | He writes the inscription of His Hukam on the foreheads of all, without pen or ink. |
| ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥ | In the Sat Sangat, the True Congregation, Union with Him is obtained; there, the Glorious Praises of the Lord are chanted forever. |
| ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥ | O Nanak, praising the True Word of His Shabad, one comes to realize the Truth. \|\|4\|\| |
| ਸਲੋਕ ਮਃ ੩ ॥ | Shalok, Third Mehl: |
| ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ | Hanging low, low and thick in the sky, the clouds are changing color. |
| ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥ | How do I know whether my love for my Husband Lord shall endure? |
| ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥ | The love of those soul-brides endures, if their minds are filled with the Love and the Fear of God. |
| ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥ | O Nanak, she who has no Love and Fear of God - her body shall never find peace. \|\|1\|\| |
| ਮਃ ੩ ॥ | Third Mehl: |
| ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥ | Hanging low, low and thick in the sky, the clouds come, and pure water rains down. |
| ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥ | O Nanak, that soul-bride suffers in pain, whose mind is torn away from her Husband Lord. \|\|2\|\| |
| ਪਉੜੀ ॥ | Pauree: |
| ਦੋਵੈ ਤਰਫਾ ਉਪਾਇ ਇਕੁ ਵਰਤਿਆ ॥ | The One Lord created both sides and pervades the expanse. |
| ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥ | The words of the Vedas became pervasive, with arguments and divisions. |

| | |
|---|---|
| ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥ | Attachment and detachment are the two sides of it; Dharma, true religion, is the guide between the two. |
| ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥ | The self-willed manmukhs are worthless and false. Without a doubt, they lose in the Court of the Lord. |
| ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ | Those who follow the Guru's Teachings are the true spiritual warriors; they have conquered sexual desire and anger. |
| ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥ | They enter into the True Mansion of the Lord's Presence, embellished and exalted by the Word of the Shabad. |
| ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ | Those devotees are pleasing to Your Will, O Lord; they dearly love the True Name. |
| ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ ॥੫॥ | I am a sacrifice to those who serve their True Guru. ‖5‖ |
| ਸਲੋਕ ਮਃ ੩ ॥ | Shalok, Third Mehl: |
| ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ | Hanging low, low and thick in the sky, the clouds come, and water rains down in torrents. |
| ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥ | O Nanak, she walks in harmony with the Will of her Husband Lord; she enjoys peace and pleasure forever. ‖1‖ |
| ਮਃ ੩ ॥ | Third Mehl: |
| ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥ | Why are you standing up, standing up to look? You poor wretch, this cloud has nothing in its hands. |
| ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥ | The One who sent this cloud - cherish Him in your mind. |
| ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥ | He alone enshrines the Lord in his mind, upon whom the Lord bestows His Glance of Grace. |
| ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥ | O Nanak, all those who lack this Grace, cry and weep and wail. ‖2‖ |
| ਪਉੜੀ ॥ | Pauree: |
| ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥ | Serve the Lord forever; He acts in no time at all. |

ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥

He stretched the sky across the heavens; in an instant, He creates and destroys.

ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ ॥

He Himself created the world; He contemplates His Creative Omnipotence.

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥

The self-willed manmukh will be called to account hereafter; he will be severely punished.

## ੧੨੮੧

## 1281

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥

The Gurmukh's account is settled with honor; the Lord blesses him with the treasure of His Praise.

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥

No one's hands can reach there; no one will hear anyone's cries.

ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥

The True Guru will be your best friend there; at the very last instant, He will save you.

ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥

These beings should serve no other than the True Guru or the Creator Lord above the heads of all. ||6||

ਸਲੋਕ ਮਃ ੩ ॥

Shalok, Third Mehl:

ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ ॥

O rainbird, the One unto whom you call - everyone longs for that Lord.

ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥

When He grants His Grace, it rains, and the forests and fields blossom forth in their greenery.

ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ ॥

By Guru's Grace, He is found; only a rare few understand this.

ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ॥

Sitting down and standing up, meditate continually on Him, and be at peace forever and ever.

ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ॥੧॥

O Nanak, the Ambrosial Nectar rains down forever; the Lord gives it to the Gurmukh. ||1||

ਮਃ ੩ ॥

Third Mehl:

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥

When the people of the world are suffering in pain, they call upon the Lord in loving prayer.

| | |
|---|---|
| ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥ | The True Lord naturally listens and hears and gives comfort. |
| ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥ | He commands the god of rain, and the rain pours down in torrents. |
| ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥ | Corn and wealth are produced in great abundance and prosperity; their value cannot be estimated. |
| ਨਾਨਕ ਨਾਮੁ ਸਲਾਹਿ ਤੂ ਸਭਨਾ ਜੀਆ ਦੇਦਾ ਰਿਜਕੁ ਸੰਬਾਹਿ ॥ | O Nanak, praise the Naam, the Name of the Lord; He reaches out and gives sustenance to all beings. |
| ਜਿਤੁ ਖਾਧੈ ਸੁਖੁ ਊਪਜੈ ਫਿਰਿ ਦੂਖੁ ਨ ਲਾਗੈ ਆਇ ॥੨॥ | Eating this, peace is produced, and the mortal never again suffers in pain. \|\|2\|\| |
| ਪਉੜੀ ॥ | Pauree: |
| ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ॥ | O Dear Lord, You are the Truest of the True. You blend those who are truthful into Your Own Being. |
| ਦੂਜੈ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ ॥ | Those caught in duality are on the side of duality; entrenched in falsehood, they cannot merge into the Lord. |
| ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ ॥ | You Yourself unite, and You Yourself separate; You display Your Creative Omnipotence. |
| ਮੋਹੁ ਸੋਗੁ ਵਿਜੋਗੁ ਹੈ ਪੂਰਬਿ ਲਿਖਿਆ ਕਮਾਇ ॥ | Attachment brings the sorrow of separation; the mortal acts in accordance with pre-ordained destiny. |
| ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੈ ਲਿਵ ਲਾਇ ॥ | I am a sacrifice to those who remain lovingly attached to the Lord's Feet. |
| ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥ | They are like the lotus which remains detached, floating upon the water. |
| ਸੇ ਸੁਖੀਏ ਸਦਾ ਸੋਹਣੇ ਜਿਨ੍ ਵਿਚਹੁ ਆਪੁ ਗਵਾਇ ॥ | They are peaceful and beautiful forever; they eradicate self-conceit from within. |
| ਤਿਨ੍ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ ॥੭॥ | They never suffer sorrow or separation; they are merged in the Being of the Lord. \|\|7\|\| |
| ਸਲੋਕ ਮਃ ੩ ॥ | Shalok, Third Mehl: |
| ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥ | O Nanak, praise the Lord; everything is in His power. |

| | |
|---|---|
| ਤਿਸੈ ਸਰੇਵਿਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥ | Serve Him, O mortal beings; there is none other than Him. |
| ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾਂ ਸਦਾ ਸਦਾ ਸੁਖੁ ਹੋਇ ॥ | The Lord God abides within the mind of the Gurmukh, and then he is at peace, forever and ever. |
| ਸਹਸਾ ਮੂਲਿ ਨ ਹੋਵਈ ਸਭ ਚਿੰਤਾ ਵਿਚਹੁ ਜਾਇ ॥ | He is never cynical; all anxiety has been taken out from within him. |
| ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ | Whatever happens, happens naturally; no one has any say about it. |
| ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ ਫਲੁ ਪਾਇ ॥ | When the True Lord abides in the mind, then the mind's desires are fulfilled. |
| ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥੧॥ | O Nanak, He Himself hears the words of those, whose accounts are in His Hands. \|\|1\|\| |
| ਮਃ ੩ ॥ | Third Mehl: |
| ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ ॥ | The Ambrosial Nectar rains down continually; realize this through realization. |
| ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥ | Those who, as Gurmukh, realize this, keep the Lord's Ambrosial Nectar enshrined within their hearts. |
| ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥ | They drink in the Lord's Ambrosial Nectar, and remain forever imbued with the Lord; they conquer egotism and thirsty desires. |
| ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥ | The Name of the Lord is Ambrosial Nectar; the Lord showers His Grace, and it rains down. |
| ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ ॥੨॥ | O Nanak, the Gurmukh comes to behold the Lord, the Supreme Soul. \|\|2\|\| |
| **੧੨੮੨** | **1282** |
| ਪਉੜੀ ॥ | Pauree: |
| ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥ | How can the unweighable be weighed? Without weighing Him, He cannot be obtained. |
| ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ ॥ | Reflect on the Word of the Guru's Shabad, and immerse yourself in His Glorious Virtues. |
| ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ ॥ | He Himself weighs Himself; He unites in Union with Himself. |

| | |
|---|---|
| ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ | His value cannot be estimated; nothing can be said about this. |
| ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥ | I am a sacrifice to my Guru; He has made me realize this true realization. |
| ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥ | The world has been deceived, and the Ambrosial Nectar is being plundered. The self-willed manmukh does not realize this. |
| ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥ | Without the Name, nothing will go along with him; he wastes his life, and departs. |
| ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੮॥ | Those who follow the Guru's Teachings and remain awake and aware, preserve and protect the home of their heart; demons have no power against them. \|\|8\|\| |
| ਸਲੋਕ ਮਃ ੩ ॥ | Shalok, Third Mehl: |
| ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥ | O rainbird, do not cry out. Do not let this mind of yours be so thirsty for a drop of water. Obey the Hukam, the Command of your Lord and Master, |
| ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥ | and your thirst shall be quenched. Your love for Him shall increase four-fold. \|\|1\|\| |
| ਮਃ ੩ ॥ | Third Mehl: |
| ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥ | O rainbird, your place is in the water; you move around in the water. |
| ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥ | But you do not appreciate the water, and so you cry out. |
| ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥ | In the water and on the land, it rains down in the ten directions. No place is left dry. |
| ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥ | With so much rain, those who are die of thirst are very unfortunate. |
| ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥ | O Nanak, the Gurmukhs understand; the Lord abides within their minds. \|\|2\|\| |

| | |
|---|---|
| ਪਉੜੀ ॥ | Pauree: |
| ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥ | The Yogic Masters, celibates, Siddhas and spiritual teachers - none of them has found the limits of the Lord. |
| ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ ॥ | The Gurmukhs meditate on the Naam, and merge in You, O Lord. |
| ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ॥ | For thirty-six ages, God remained in utter darkness, as He pleased. |
| ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ ॥ | The vast expanse of water swirled around. |
| ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ ॥ | The Creator of all is Infinite, Endless and Inaccessible. |
| ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥ | He formed fire and conflict, hunger and thirst. |
| ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥ | Death hangs over the heads of the people of the world, in the love of duality. |
| ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥੯॥ | The Savior Lord saves those who realize the Word of the Shabad. ‖9‖ |
| ਸਲੋਕ ਮਃ ੩ ॥ | Shalok, Third Mehl: |
| ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥ | This rain pours down on all; it rains down in accordance with God's Loving Will. |
| ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥ | Those trees become green and lush, which remain immersed in the Guru's Word. |
| ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥੧॥ | O Nanak, by His Grace, there is peace; the pain of these creatures is gone. ‖1‖ |
| ਮਃ ੩ ॥ | Third Mehl: |
| ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥ | The night is wet with dew; lightning flashes, and the rain pours down in torrents. |
| ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥ | Food and wealth are produced in abundance when it rains, if it is the Will of God. |
| ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ ॥ | Consuming it, the minds of His creatures are satisfied, and they adopt the lifestyle of the way. |

| | |
|---|---|
| ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥ | This wealth is the play of the Creator Lord. Sometimes it comes, and sometimes it goes. |
| ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥ | The Naam is the wealth of the spiritually wise. It is permeating and pervading forever. |
| ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥੨॥ | O Nanak, those who are blessed with His Glance of Grace receive this wealth. ‖2‖ |
| ਪਉੜੀ ॥ | Pauree: |
| ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ | He Himself does, and causes all to be done. Unto whom can I complain? |
| ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥ | He Himself calls the mortal beings to account; He Himself causes them to act. |
| ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥ | Whatever pleases Him happens. Only a fool issues commands. |
| ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥ | He Himself saves and redeems; He Himself is the Forgiver. |
| ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ ॥ | He Himself sees, and He Himself hears; He gives His Support to all. |
| ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ ॥ | He alone is pervading and permeating all; He considers each and every one. |
| **੧੨੮੩** | 1283 |
| ਗੁਰਮੁਖਿ ਆਪੁ ਵੀਚਾਰੀਐ ਲਗੈ ਸਚਿ ਪਿਆਰੁ ॥ | The Gurmukh reflects on the self, lovingly attached to the True Lord. |
| ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ ॥੧੦॥ | O Nanak, whom can we ask? He Himself is the Great Giver. ‖10‖ |
| ਸਲੋਕ ਮਃ ੩ ॥ | Shalok, Third Mehl: |
| ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ॥ | This world is a rainbird; let no one be deluded by doubt. |
| ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥ | This rainbird is an animal; it has no understanding at all. |

ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥

The Name of the Lord is Ambrosial Nectar; drinking it in, thirst is quenched.

ਨਾਨਕ ਗੁਰਮੁਖਿ ਜਿਨ੍ਹ ਪੀਆ ਤਿਨ੍ਹ ਬਹੁੜਿ ਨ ਲਾਗੀ ਆਇ ॥੧॥

O Nanak, those Gurmukhs who drink it in shall never again be afflicted by thirst. ||1||

ਮਃ ੩ ॥

Third Mehl:

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥

Malaar is a calming and soothing raga; meditating on the Lord brings peace and tranquility.

ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥

When the Dear Lord grants His Grace, then the rain falls on all the people of the world.

ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ ॥

From this rain, all creatures find the ways and means to live, and the earth is embellished.

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥

O Nanak, this world is all water; everything came from water.

ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥

By Guru's Grace, a rare few realize the Lord; such humble beings are liberated forever. ||2||

ਪਉੜੀ ॥

Pauree:

ਸਚਾ ਵੇਪਰਵਾਹੁ ਇਕੋ ਤੂ ਧਣੀ ॥

O True and Independent Lord God, You alone are my Lord and Master.

ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ ॥

You Yourself are everything; who else is of any account?

ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ ॥

False is the pride of man. True is Your glorious greatness.

ਆਵਾ ਗਉਣੁ ਰਚਾਇ ਉਪਾਈ ਮੇਦਨੀ ॥

Coming and going in reincarnation, the beings and species of the world came into being.

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥

But if the mortal serves his True Guru, his coming into the world is judged to be worthwhile.

ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ ॥

And if he eradicates egotism from within himself, then how can he be judged?

ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥

The self-willed manmukh is lost in the darkness of emotional attachment, like the man lost in the wilderness.

ਕਟੇ ਪਾਪ ਅਸੰਖ ਨਾਵੈ ਇਕ ਕਣੀ ॥੧੧॥

Countless sins are erased, by even a tiny particle of the Lord's Name. ||11||

| | |
|---|---|
| ਸਲੋਕ ਮਃ ੩ ॥ | Shalok, Third Mehl: |
| ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥ | O rainbird, you do not know the Mansion of your Lord and Master's Presence. Offer your prayers to see this Mansion. |
| ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥ | You speak as you please, but your speech is not accepted. |
| ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥ | Your Lord and Master is the Great Giver; whatever you desire, you shall receive from Him. |
| ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥ | Not only the thirst of the poor rainbird, but the thirst of the whole world is quenched. \|\|1\|\| |
| ਮਃ ੩ ॥ | Third Mehl: |
| ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ ॥ | The night is wet with dew; the rainbird sings the True Name with intuitive ease. |
| ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ ॥ | This water is my very soul; without water, I cannot survive. |
| ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ ॥ | Through the Word of the Guru's Shabad, this water is obtained, and egotism is eradicated from within. |
| ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥੨॥ | O Nanak, I cannot live without Him, even for a moment; the True Guru has led me to meet Him. \|\|2\|\| |
| ਪਉੜੀ ॥ | Pauree: |
| ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥ | There are countless worlds and nether regions; I cannot calculate their number. |
| ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥ | You are the Creator, the Lord of the Universe; You create it, and You destroy it. |
| ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ | The 8.4 million species of beings issued forth from You. |
| ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ ॥ | Some are called kings, emperors and nobles. |
| ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥ | Some claim to be bankers and accumulate wealth, but in duality they lose their honor. |

| | |
|---|---|
| ਇਕਿ ਦਾਤੇ ਇਕਿ ਮੰਗਤੇ ਸਭਨਾ ਸਿਰਿ ਸੋਈ ॥ | Some are givers, and some are beggars; God is above the heads of all. |
| ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ | Without the Name, they are vulgar, dreadful and wretched. |
| ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥੧੨॥ | Falsehood shall not last, O Nanak; whatever the True Lord does, comes to pass. \|\|12\|\| |
| ਸਲੋਕ ਮਃ ੩ ॥ | Shalok, Third Mehl: |
| ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥ | O rainbird, the virtuous soul-bride attains the Mansion of her Lord's Presence; the unworthy, unvirtuous one is far away. |
| ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ॥ | Deep within your inner being, the Lord abides. The Gurmukh beholds Him ever-present. |
| ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ ॥ | When the Lord bestows His Glance of Grace, the mortal no longer weeps and wails. |
| ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ ॥੧॥ | O Nanak, those who are imbued with the Naam intuitively merge with the Lord; they practice the Word of the Guru's Shabad. \|\|1\|\| |
| **੧੨੮੪** | 1284 |
| ਮਃ ੩ ॥ | Third Mehl: |
| ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ॥ | The rainbird prays: O Lord, grant Your Grace, and bless me with the gift of the life of the soul. |
| ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ ॥ | Without the water, my thirst is not quenched, and my breath of life is ended and gone. |
| ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ ॥ | You are the Giver of peace, O Infinite Lord God; You are the Giver of the treasure of virtue. |
| ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ ॥੨॥ | O Nanak, the Gurmukh is forgiven; in the end, the Lord God shall be your only friend. \|\|2\|\| |
| ਪਉੜੀ ॥ | Pauree: |
| ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ ॥ | He created the world; He considers the merits and demerits of the mortals. |

| | |
|---|---|
| ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥ | Those who are entangled in the three gunas - the three dispositions - do not love the Naam, the Name of the Lord. |
| ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥ | Forsaking virtue, they practice evil; they shall be miserable in the Court of the Lord. |
| ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥ | They lose their life in the gamble; why did they even come into the world? |
| ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥ | But those who conquer and subdue their minds, through the True Word of the Shabad - night and day, they love the Naam. |
| ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ ॥ | Those people enshrine the True, Invisible and Infinite Lord in their hearts. |
| ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ | You, O Lord, are the Giver, the Treasure of virtue; I am unvirtuous and unworthy. |
| ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥੧੩॥ | He alone finds You, whom You bless and forgive, and inspire to contemplate the Word of the Guru's Shabad. \|\|13\|\| |
| ਸਲੋਕ ਮਃ ੫ ॥ | Shalok, Fifth Mehl: |
| ਰਾਤਿ ਨ ਵਿਹਾਵੀ ਸਾਕਤਾਂ ਜਿਨ੍ਾ ਵਿਸਰੈ ਨਾਉ ॥ | The faithless cynics forget the Name of the Lord; the night of their lives does not pass in peace. |
| ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ ॥੧॥ | Their days and nights become comfortable, O Nanak, singing the Glorious Praises of the Lord. \|\|1\|\| |
| ਮਃ ੫ ॥ | Fifth Mehl: |
| ਰਤਨ ਜਵੇਹਰ ਮਾਣਕਾ ਹਭੇ ਮਣੀ ਮਥੰਨਿ ॥ | All sorts of jewels and gems, diamonds and rubies, shine forth from their foreheads. |
| ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ ॥੨॥ | O Nanak, those who are pleasing to God, look beautiful in the Court of the Lord. \|\|2\|\| |
| ਪਉੜੀ ॥ | Pauree: |
| ਸਚਾ ਸਤਿਗੁਰੁ ਸੇਵਿ ਸਚੁ ਸਮ੍ਾਲਿਆ ॥ | Serving the True Guru, I dwell on the True Lord. |
| ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥ | The work you have done for the True Guru shall be very useful in the end. |

ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥

The Messenger of Death cannot even touch that person who is protected by the True Lord.

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥

Lighting the lamp of the Guru's Teachings, my awareness has been awakened.

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥

The self-willed manmukhs are false; without the Name, they wander around like demons.

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥

They are nothing more than beasts, wrapped up in human skin; they are black-hearted within.

ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥

The True Lord is pervading all; through the True Word of the Shabad, He is seen.

ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥

O Nanak, the Naam is the greatest treasure. The Perfect Guru has revealed it to me. ||14||

ਸਲੋਕ ਮਃ ੩ ॥

Shalok, Third Mehl:

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥

The rainbird realizes the Hukam of the Lord's Command with intuitive ease through the Guru.

ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥

The clouds mercifully burst forth, and the rain pours down in torrents.

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥

The cries and wailings of the rainbird have ceased, and peace has come to abide in its mind.

ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥

O Nanak, praise that Lord, who reaches out and gives sustenance to all beings and creatures. ||1||

ਮਃ ੩ ॥

Third Mehl:

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥

O rainbird, you do not know what thirst is within you, or what you can drink to quench it.

ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥

You wander in the love of duality, and you do not obtain the Ambrosial Water.

ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥

When God casts His Glance of Grace, then the mortal automatically meets the True Guru.

ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ ॥੨॥

O Nanak, the Ambrosial Water is obtained from the True Guru, and then the mortal remains merged in the Lord with intuitive ease. ||2||

ਪਉੜੀ ॥

Pauree:

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥

Some go and sit in the forest realms, and do not answer any calls.

ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥

Some, in the dead of winter, break the ice and immerse themselves in freezing water.

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥

Some rub ashes on their bodies, and never wash off their dirt.

ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥

Some look hideous, with their uncut hair matted and dishevelled. They bring dishonor to their family and ancestry.

## ੧੨੮੫

## 1285

ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥

Some wander naked day and night and never sleep.

ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥

Some burn their limbs in fire, damaging and ruining themselves.

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥

Without the Name, the body is reduced to ashes; what good is it to speak and cry then?

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥

Those who serve the True Guru, are embellished and exalted in the Court of their Lord and Master. ||15||

ਸਲੋਕ ਮਃ ੩ ॥

Shalok, Third Mehl:

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥

The rainbird chirps in the ambrosial hours of the morning before the dawn; its prayers are heard in the Court of the Lord.

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥

The order is issued to the clouds, to let the rains of mercy shower down.

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥

I am a sacrifice to those who enshrine the True Lord within their hearts.

| | |
|---|---|
| ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥ | O Nanak, through the Name, all are rejuvenated, contemplating the Word of the Guru's Shabad. ‖1‖ |
| ਮਃ ੩ ॥ | Third Mehl: |
| ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥ | O rainbird, this is not the way to quench your thirst, even though you may cry out a hundred times. |
| ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥ | By God's Grace, the True Guru is found; by His Grace, love wells up. |
| ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥ | O Nanak, when the Lord and Master abides in the mind, corruption and evil leave from within. ‖2‖ |
| ਪਉੜੀ ॥ | Pauree: |
| ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ | Some are Jains, wasting their time in the wilderness; by their pre-ordained destiny, they are ruined. |
| ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥ | The Naam, the Name of the Lord, is not on their lips; they do not bathe at sacred shrines of pilgrimage. |
| ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ | They pull out their hair with their hands, instead of shaving. |
| ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ | They remain unclean day and night; they do not love the Word of the Shabad. |
| ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ | They have no status, no honor, and no good karma. They waste away their lives in vain. |
| ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥ | Their minds are false and impure; that which they eat is impure and defiled. |
| ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ | Without the Shabad, no one achieves a lifestyle of good conduct. |
| ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥ | The Gurmukh is absorbed in the True Lord God, the Universal Creator. ‖16‖ |
| ਸਲੋਕ ਮਃ ੩ ॥ | Shalok, Third Mehl: |
| ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ | In the month of Saawan, the bride is happy, contemplating the Word of the Guru's Shabad. |

| | |
|---|---|
| ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥ | O Nanak, she is a happy soul-bride forever; her love for the Guru is unlimited. ‖1‖ |
| ਮਃ ੩ ॥ | Third Mehl: |
| ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ ॥ | In Saawan, she who has no virtue is burned, in attachment and love of duality. |
| ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥੨॥ | O Nanak, she does not appreciate the value of her Husband Lord; all her decorations are worthless. ‖2‖ |
| ਪਉੜੀ ॥ | Pauree: |
| ਸਚਾ ਅਲਖ ਅਭੇਉ ਹਠਿ ਨ ਪਤੀਜਈ ॥ | The True, Unseen, Mysterious Lord is not won over by stubbornness. |
| ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥ | Some sing according to traditional ragas, but the Lord is not pleased by these ragas. |
| ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥ | Some dance and dance and keep the beat, but they do not worship Him with devotion. |
| ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ | Some refuse to eat; what can be done with these fools? |
| ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ | Thirst and desire have greatly increased; nothing brings satisfaction. |
| ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥ | Some are tied down by rituals; they hassle themselves to death. |
| ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ | In this world, profit comes by drinking in the Ambrosial Nectar of the Naam. |
| ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥ | The Gurmukhs gather in loving devotional worship of the Lord. ‖17‖ |
| ਸਲੋਕ ਮਃ ੩ ॥ | Shalok, Third Mehl: |
| ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥ | Those Gurmukhs who sing in the Raga of Malaar - their minds and bodies become cool and calm. |
| ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ | Through the Word of the Guru's Shabad, they realize the One, the One True Lord. |

| | |
|---|---|
| ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥ | Their minds and bodies are true; they obey the True Lord, and they are known as true. |
| ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ | True devotional worship is deep within them; they are automatically blessed with honor. |
| ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥ | In this Dark Age of Kali Yuga, there is utter darkness; the self-willed manmukh cannot find the way. |
| ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥ | O Nanak, very blessed are those Gurmukhs, unto whom the Lord is revealed. \|\|1\|\| |
| ਮਃ ੩ ॥ | Third Mehl: |
| ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥ | The clouds rain down mercifully, and joy wells up in the minds of the people. |
| ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ ॥ | I am forever a sacrifice to the One, by whose Command the clouds burst forth with rain. |
| **੧੨੮੬** | **1286** |
| ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥ | The Gurmukhs dwell on the Word of the Shabad. They sing the Glorious Praises of the True Lord. |
| ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥ | O Nanak, those humble beings who are imbued with the Naam are pure and immaculate. They are intuitively merged in the True Lord. \|\|2\|\| |
| ਪਉੜੀ ॥ | Pauree: |
| ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ | Serving the Perfect True Guru, I have found the Perfect Lord. |
| ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥ | Meditating on the Perfect Lord, by perfect karma, I have enshrined the Shabad within my mind. |
| ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ | Through perfect spiritual wisdom and meditation, my filth has been washed away. |
| ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥ | The Lord is my sacred shrine of pilgrimage and pool of purification; I wash my mind in Him. |
| ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ | One who dies in the Shabad and conquers his mind - blessed is the mother who gave birth to him. |

| | |
|---|---|
| ਦਰਿ ਸਚੈ ਸਚਿਆਰੁ ਸਚਾ ਆਇਆ ॥ | He is true in the Court of the Lord, and his coming into this world is judged to be true. |
| ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥ | No one can challenge that person, with whom our Lord and Master is pleased. |
| ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥੧੮॥ | O Nanak, praising the True Lord, his pre-ordained destiny is activated. \|\|18\|\| |
| ਸਲੋਕ ਮਃ ੧ ॥ | Shalok, Third Mehl: |
| ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ | Those who give out ceremonial hats of recognition are fools; those who receive them have no shame. |
| ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥ | The mouse cannot enter its hole with a basket tied around its waist. |
| ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ | Those who give out blessings shall die, and those that they bless shall also depart. |
| ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥ | O Nanak, no one knows the Lord's Command, by which all must depart. |
| ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ | The spring harvest is the Name of the One Lord; the harvest of autumn is the True Name. |
| ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥ | I receive a letter of pardon from my Lord and Master, when I reach His Court. |
| ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ | There are so many courts of the world, and so many who come and go there. |
| ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥ | There are so many beggars begging; so many beg and beg until death. \|\|1\|\| |
| ਮਃ ੧ ॥ | First Mehl: |
| ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ | The elephant eats a hundred pounds of ghee and molasses, and five hundred pounds of corn. |
| ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ | He belches and grunts and scatters dust, and when the breath leaves his body, he regrets it. |
| ਅੰਧੀ ਫੂਕਿ ਮੁਈ ਦੇਵਾਨੀ ॥ | The blind and arrogant die insane. |
| ਖਸਮਿ ਮਿਟੀ ਫਿਰਿ ਭਾਨੀ ॥ | Submitting to the Lord, one become pleasing to Him. |

| | |
|---|---|
| ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ | The sparrow eats only half a grain, then it flies through the sky and chirps. |
| ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ | The good sparrow is pleasing to her Lord and Master, if she chirps the Name of the Lord. |
| ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥ | The powerful tiger kills hundreds of deer, and all sorts of other animals eat what it leaves. |
| ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥ | It becomes very strong, and cannot be contained in its den, but when it must go, it regrets. |
| ਅੰਧਾ ਕਿਸ ਨੋ ਬੁਕਿ ਸੁਣਾਵੈ ॥ | So who is impressed by the roar of the blind beast? |
| ਖਸਮੈ ਮੂਲਿ ਨ ਭਾਵੈ ॥ | He is not pleasing at all to his Lord and Master. |
| ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ | The insect loves the milkweed plant; perched on its branch, it eats it. |
| ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ | It becomes good and pleasing to its Lord and Master, if it chirps the Name of the Lord. |
| ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ | O Nanak, the world lasts for only a few days; indulging in pleasures, pain is produced. |
| ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ | There are many who boast and brag, but none of them can remain detached from the world. |
| ਮਖੀ ਮਿਠੈ ਮਰਣਾ ॥ | The fly dies for the sake of sweets. |
| ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥ | O Lord, death does not even approach those whom You protect. You carry them across the terrifying world-ocean. \|\|2\|\| |
| ਪਉੜੀ ॥ | Pauree: |
| ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ | You are Inaccessible and Unfathomable, O Invisible and Infinite True Lord Master. |
| ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥ | You are the Giver, all are beggars of You. You alone are the Great Giver. |
| ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥ | Those who serve You find peace, reflecting on the Guru's Teachings. |
| ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ | Some, according to Your Will, are in love with Maya. |
| ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥ | Through the Word of the Guru's Shabad, praise the Lord with love and affection within. |

| | |
|---|---|
| ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥ | Without love, there is no devotion. Without the True Guru, love is not enshrined. |
| ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ | You are the Lord God; everyone serves You. This is the prayer of Your humble minstrel. |
| ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥ | Please bless me with the gift of contentment, that I may receive the True Name as my Support. \|\|19\|\| |

## ੧੨੮੭ 1287

| | |
|---|---|
| ਸਲੋਕ ਮਃ ੧ ॥ | Shalok, First Mehl: |
| ਰਾਤੀ ਕਾਲੁ ਘਟੈ ਦਿਨਿ ਕਾਲੁ ॥ | Through the night the time ticks away; through the day the time ticks away. |
| ਛਿਜੈ ਕਾਇਆ ਹੋਇ ਪਰਾਲੁ ॥ | The body wears away and turns to straw. |
| ਵਰਤਣਿ ਵਰਤਿਆ ਸਰਬ ਜੰਜਾਲੁ ॥ | All are involved and entangled in worldly entanglements. |
| ਭੁਲਿਆ ਚੁਕਿ ਗਇਆ ਤਪ ਤਾਲੁ ॥ | The mortal has mistakenly renounced the way of service. |
| ਅੰਧਾ ਝਖਿ ਝਖਿ ਪਇਆ ਝੇਰਿ ॥ | The blind fool is caught in conflict, bothered and bewildered. |
| ਪਿਛੈ ਰੋਵਹਿ ਲਿਆਵਹਿ ਫੇਰਿ ॥ | Those who weep after someone has died - can they bring him back to life? |
| ਬਿਨੁ ਬੂਝੇ ਕਿਛੁ ਸੂਝੈ ਨਾਹੀ ॥ | Without realization, nothing can be understood. |
| ਮੋਇਆ ਰੋਂਹਿ ਰੋਂਦੇ ਮਰਿ ਜਾਂਹੀਂ ॥ | The weepers who weep for the dead shall themselves die as well. |
| ਨਾਨਕ ਖਸਮੈ ਏਵੈ ਭਾਵੈ ॥ | O Nanak, this is the Will of our Lord and Master. |
| ਸੇਈ ਮੂਏ ਜਿਨਿ ਚਿਤਿ ਨ ਆਵੈ ॥੧॥ | Those who do not remember the Lord, are dead. \|\|1\|\| |
| ਮਃ ੧ ॥ | First Mehl: |
| ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ ॥ | Love dies, and affection dies; hatred and strife die. |
| ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥ | The color fades, and beauty vanishes; the body suffers and collapses. |
| ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ ॥ | Where did he come from? Where is he going? Did he exist or not? |
| ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥ | The self-willed manmukh made empty boasts, indulging in parties and pleasures. |

ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥੨॥

O Nanak, without the True Name, his honor is torn away, from head to foot. ||2||

ਪਉੜੀ ॥

Pauree:

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥

The Ambrosial Naam, the Name of the Lord, is forever the Giver of peace. It shall be your Help and Support in the end.

ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥

Without the Guru, the world is insane. It does not appreciate the worth of the Name.

ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥

Those who serve the True Guru are accepted and approved. Their light merges into the Light.

ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥

That servant who enshrines the Lord’s Will within his mind, becomes just like his Lord and Master.

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥

Tell me, who has ever found peace by following his own will? The blind act in blindness.

ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥

No one is ever satisfied and fulfilled by evil and corruption. The hunger of the fool is not satisfied.

ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥

Attached to duality, all are ruined; without the True Guru, there is no understanding.

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥

Those who serve the True Guru find peace; they are blessed with Grace by the Will of the Lord. ||20||

ਸਲੋਕ ਮਃ ੧ ॥

Shalok, First Mehl:

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥

Modesty and righteousness both, O Nanak, are qualities of those who are blessed with true wealth.

ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥

Do not refer to that wealth as your friend, which leads you to get your head beaten.

ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥

Those who possess only this worldly wealth are known as paupers.

ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥

But those, within whose hearts You dwell, O Lord - those people are oceans of virtue. ||1||

| | |
|---|---|
| ਮਃ ੧ ॥ | First Mehl: |
| ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ | Worldly possessions are obtained by pain and suffering; when they are gone, they leave pain and suffering. |
| ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ | O Nanak, without the True Name, hunger is never satisfied. |
| ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ | Beauty does not satisfy hunger; when the man sees beauty, he hungers even more. |
| ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥ | As many as are the pleasures of the body, so many are the pains which afflict it. ‖2‖ |
| ਮਃ ੧ ॥ | First Mehl: |
| ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ | Acting blindly, the mind becomes blind. The blind mind makes the body blind. |
| ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ | Why make a dam with mud and plaster? Even a dam made of stones gives way. |
| ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ | The dam has burst. There is no boat. There is no raft. The water's depth is unfathomable. |
| ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥ | O Nanak, without the True Name, many multitudes have drowned. ‖3‖ |
| ਮਃ ੧ ॥ | First Mehl: |
| ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ | Thousands of pounds of gold, and thousands of pounds of silver; the king over the heads of thousands of kings. |
| ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ | Thousands of armies, thousands of marching bands and spearmen; the emperor of thousands of horsemen. |
| ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ | The unfathomable ocean of fire and water must be crossed. |
| ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ | The other shore cannot be seen; only the roar of pitiful cries can be heard. |
| ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥ | O Nanak, there, it shall be known, whether anyone is a king or an emperor. ‖4‖ |

| | |
|---|---|
| ਪਉੜੀ ॥ | Pauree: |
| ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ | Some have chains around their necks, in bondage to the Lord. |
| ਬਧੇ ਛੁਟਹਿ ਸਚਿ ਸਚੁ ਪਛਾਣੀਐ ॥ | They are released from bondage, realizing the True Lord as True. |
| **੧੨੮੮** | **1288** |
| ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ | One whose pre-ordained destiny is activated, comes to know the True Lord. |
| ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ | By God's Command, it is ordained. When the mortal goes, he knows. |
| ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ | Realize the Word of the Shabad, and cross over the terrifying world-ocean. |
| ਚੋਰ ਜਾਰ ਜੂਆਰ ਪੀੜੇ ਘਾਣੀਐ ॥ | Thieves, adulterers and gamblers are pressed like seeds in the mill. |
| ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ | Slanderers and gossipers are hand-cuffed. |
| ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥ | The Gurmukh is absorbed in the True Lord, and is famous in the Court of the Lord. ‖21‖ |
| ਸਲੋਕ ਮਃ ੨ ॥ | Shalok, Second Mehl: |
| ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ | The beggar is known as an emperor, and the fool is known as a religious scholar. |
| ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥ | The blind man is known as a seer; this is how people talk. |
| ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ | The trouble-maker is called a leader, and the liar is seated with honor. |
| ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥ | O Nanak, the Gurmukhs know that this is justice in the Dark Age of Kali Yuga. ‖1‖ |
| ਮਃ ੧ ॥ | First Mehl: |
| ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ | Deer, falcons and government officials are known to be trained and clever. |

| | |
|---|---|
| ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ | When the trap is set, they trap their own kind; hereafter they will find no place of rest. |
| ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ ॥ | He alone is learned and wise, and he alone is a scholar, who practices the Name. |
| ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥ | First, the tree puts down its roots, and then it spreads out its shade above. |
| ਰਾਜੇ ਸੀਹ ਮੁਕਦਮ ਕੁਤੇ ॥ | The kings are tigers, and their officials are dogs; |
| ਜਾਇ ਜਗਾਇਨਿ੍ ਬੈਠੇ ਸੁਤੇ ॥ | they go out and awaken the sleeping people to harass them. |
| ਚਾਕਰ ਨਹਦਾ ਪਾਇਨਿ੍ ਘਾਉ ॥ | The public servants inflict wounds with their nails. |
| ਰਤੁ ਪਿਤੁ ਕੁਤਿਹੋ ਚਟਿ ਜਾਹੁ ॥ | The dogs lick up the blood that is spilled. |
| ਜਿਥੈ ਜੀਆਂ ਹੋਸੀ ਸਾਰ ॥ | But there, in the Court of the Lord, all beings will be judged. |
| ਨਕੀਂ ਵਢੀਂ ਲਾਇਤਬਾਰ ॥੨॥ | Those who have violated the people's trust will be disgraced; their noses will be cut off. ‖2‖ |
| ਪਉੜੀ ॥ | Pauree: |
| ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ | He Himself creates the world, and He himself takes care of it. |
| ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ | Without the Fear of God, doubt is not dispelled, and love for the Name is not embraced. |
| ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ | Through the True Guru, the Fear of God wells up, and the Door of Salvation is found. |
| ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ | Through the Fear of God, intuitive ease is obtained, and one's light merges into the Light of the Infinite. |
| ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ | Through the Fear of God, the terrifying world-ocean is crossed over, reflecting on the Guru's Teachings. |
| ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥ | Through the Fear of God, the Fearless Lord is found; He has no end or limitation. |
| ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥ | The self-willed manmukhs do not appreciate the value of the Fear of God. Burning in desire, they weep and wail. |
| ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥ | O Nanak, through the Name, peace is obtained, by enshrining the Guru's Teachings within the heart. ‖22‖ |

| | |
|---|---|
| ਸਲੋਕ ਮਃ ੧ ॥ | Shalok, First Mehl: |
| ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ | Beauty and sexual desire are friends; hunger and tasty food are tied together. |
| ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ | Greed is bound up in its search for wealth, and sleep will use even a tiny space as a bed. |
| ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ | Anger barks and brings ruin on itself, blindly pursuing useless conflicts. |
| ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥ | It is good to be silent, O Nanak; without the Name, one's mouth spews forth only filth. ‖1‖ |
| ਮਃ ੧ ॥ | First Mehl: |
| ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ | Royal power, wealth, beauty, social status and youth are the five thieves. |
| ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ | These thieves have plundered the world; no one's honor has been spared. |
| ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ | But these thieves themselves are robbed, by those who fall at the Guru's Feet. |
| ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥ | O Nanak, the multitudes who do not have good karma are plundered. ‖2‖ |
| ਪਉੜੀ ॥ | Pauree: |
| ਪੜਿਆ ਲੇਖੇਦਾਰੁ ਲੇਖਾ ਮੰਗੀਐ ॥ | The learned and educated are called to account for their actions. |
| ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ | Without the Name, they are judged false; they become miserable and suffer hardship. |
| ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ | Their path becomes treacherous and difficult, and their way is blocked. |
| ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥ | Through the Shabad, the Word of the True and Independent Lord God, one becomes content. |
| ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ | The Lord is deep and profound and unfathomable; His depth cannot be measured. |
| ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥ | Without the Guru, the mortals are beaten and punched in the face and the mouth, and no one is released. |

| | |
|---|---|
| ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ | Chanting the Naam, the Name of the Lord, one returns to his true home with honor. |
| ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥ | Know that the Lord, by the Hukam of His Command, gives sustenance and the breath of life. \|\|23\|\| |

## ੧੨੮੯ — 1289

| | |
|---|---|
| ਸਲੋਕ ਮਃ ੧ ॥ | Shalok, First Mehl: |
| ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥ | Living beings are formed of air, water and fire. They are subject to pleasure and pain. |
| ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ | In this world, in the nether regions of the underworld, and in the Akaashic ethers of the heavens, some remain ministers in the Court of the Lord. |
| ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥ | Some live long lives, while others suffer and die. |
| ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥ | Some give and consume, and still their wealth is not exhausted, while others remain poor forever. |
| ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ | In His Will He creates, and in His Will He destroys thousands in an instant. |
| ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥ | He has harnessed everyone with His harness; when He forgives, he breaks the harness. |
| ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ | He has no color or features; He is invisible and beyond calculation. |
| ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥ | How can He be described? He is known as the Truest of the True. |
| ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ | All the actions which are done and described, O Nanak, are done by the Indescribable Lord Himself. |
| ਅਕਥ ਕੀ ਕਥਾ ਸੁਣੇਇ ॥ | Whoever hears the description of the indescribable, |
| ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥ | is blessed with wealth, intelligence, perfection, spiritual wisdom and eternal peace. \|\|1\|\| |
| ਮਃ ੧ ॥ | First Mehl: |
| ਅਜਰੁ ਜਰੈ ਤ ਨਉ ਕੁਲ ਬੰਧੁ ॥ | One who bears the unbearable, controls the nine holes of the body. |

| | |
|---|---|
| ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥ | One who worships and adores the Lord with his breath of life, gains stability in his body-wall. |
| ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥ | Where has he come from, and where will he go? |
| ਜੀਵਤ ਮਰਤ ਰਹੈ ਪਰਵਾਣੁ ॥ | Remaining dead while yet alive, he is accepted and approved. |
| ਹੁਕਮੈ ਬੂਝੈ ਤਤੁ ਪਛਾਣੈ ॥ | Whoever understands the Hukam of the Lord's Command, realizes the essence of reality. |
| ਇਹੁ ਪਰਸਾਦੁ ਗੁਰੂ ਤੇ ਜਾਣੈ ॥ | This is known by Guru's Grace. |
| ਹੋਂਦਾ ਫੜੀਅਗੁ ਨਾਨਕ ਜਾਣੁ ॥ | O Nanak, know this: egotism leads to bondage. |
| ਨਾ ਹਉ ਨਾ ਮੈ ਜੂਨੀ ਪਾਣੁ ॥੨॥ | Only those who have no ego and no self-conceit, are not consigned to reincarnation. \|\|2\|\| |
| ਪਉੜੀ ॥ | Pauree: |
| ਪੜੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ | Read the Praise of the Lord's Name; other intellectual pursuits are false. |
| ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥ | Without dealing in Truth, life is worthless. |
| ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ | No one has ever found the Lord's end or limitation. |
| ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥ | All the world is enveloped by the darkness of egotistical pride. It does not like the Truth. |
| ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ | Those who depart from this world, forgetting the Naam, shall be roasted in the frying pan. |
| ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥ | They pour the oil of duality within, and burn. |
| ਆਇਆ ਉਠੀ ਖੇਲੁ ਫਿਰੈ ਉਵਤਿਆ ॥ | They come into the world and wander around aimlessly; they depart when the play is finished. |
| ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥ | O Nanak, imbued with Truth, the mortals merge in Truth. \|\|24\|\| |
| ਸਲੋਕ ਮਃ ੧ ॥ | Shalok, First Mehl: |
| ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ | First, the mortal is conceived in the flesh, and then he dwells in the flesh. |
| ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ | When he comes alive, his mouth takes flesh; his bones, skin and body are flesh. |

| | |
|---|---|
| ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ | He comes out of the womb of flesh, and takes a mouthful of flesh at the breast. |
| ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ | His mouth is flesh, his tongue is flesh; his breath is in the flesh. |
| ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ | He grows up and is married, and brings his wife of flesh into his home. |
| ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ | Flesh is produced from flesh; all relatives are made of flesh. |
| ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ | When the mortal meets the True Guru, and realizes the Hukam of the Lord's Command, then he comes to be reformed. |
| ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਨਾਸੁ ॥੧॥ | Releasing himself, the mortal does not find release; O Nanak, through empty words, one is ruined. ‖1‖ |
| ਮਃ ੧ ॥ | First Mehl: |
| ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ | The fools argue about flesh and meat, but they know nothing about meditation and spiritual wisdom. |
| ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ | What is called meat, and what is called green vegetables? What leads to sin? |
| ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ | It was the habit of the gods to kill the rhinoceros, and make a feast of the burnt offering. |
| ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ | Those who renounce meat, and hold their noses when sitting near it, devour men at night. |
| ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ | They practice hypocrisy, and make a show before other people, but they do not understand anything about meditation or spiritual wisdom. |
| ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ | O Nanak, what can be said to the blind people? They cannot answer, or even understand what is said. |
| ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ | They alone are blind, who act blindly. They have no eyes in their hearts. |
| ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ | They are produced from the blood of their mothers and fathers, but they do not eat fish or meat. |

| ੧੨੯੦ | 1290 |
|---|---|
| ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ | But when men and women meet in the night, they come together in the flesh. |
| ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ | In the flesh we are conceived, and in the flesh we are born; we are vessels of flesh. |
| ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ | You know nothing of spiritual wisdom and meditation, even though you call yourself clever, O religious scholar. |
| ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ | O master, you believe that flesh on the outside is bad, but the flesh of those in your own home is good. |
| ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ | All beings and creatures are flesh; the soul has taken up its home in the flesh. |
| ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ | They eat the uneatable; they reject and abandon what they could eat. They have a teacher who is blind. |
| ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ | In the flesh we are conceived, and in the flesh we are born; we are vessels of flesh. |
| ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ | You know nothing of spiritual wisdom and meditation, even though you call yourself clever, O religious scholar. |
| ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥ | Meat is allowed in the Puraanas, meat is allowed in the Bible and the Koran. Throughout the four ages, meat has been used. |
| ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ | It is featured in sacred feasts and marriage festivities; meat is used in them. |
| ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ | Women, men, kings and emperors originate from meat. |
| ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ | If you see them going to hell, then do not accept charitable gifts from them. |
| ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ | The giver goes to hell, while the receiver goes to heaven - look at this injustice. |
| ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ | You do not understand your own self, but you preach to other people. O Pandit, you are very wise indeed. |
| ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ | O Pandit, you do not know where meat originated. |

| | |
|---|---|
| ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ | Corn, sugar cane and cotton are produced from water. The three worlds came from water. |
| ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ | Water says, "I am good in many ways." But water takes many forms. |
| ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥ | Forsaking these delicacies, one becomes a true Sannyaasee, a detached hermit. Nanak reflects and speaks. \|\|2\|\| |
| ਪਉੜੀ ॥ | Pauree: |
| ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥ | What can I say with only one tongue? I cannot find your limits. |
| ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ | Those who contemplate the True Word of the Shabad are absorbed into You, O Lord. |
| ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥ | Some wander around in saffron robes, but without the True Guru, no one finds the Lord. |
| ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥ | They wander in foreign lands and countries until they grow weary, but You hide Yourself within them. |
| ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ | The Word of the Guru's Shabad is a jewel, through which the Lord shines forth and reveals Himself. |
| ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ | Realizing one's own self, following the Guru's Teachings, the mortal is absorbed into Truth. |
| ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥ | Coming and going, the tricksters and magicians put on their magic show. |
| ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥ | But those whose minds are pleased by the True Lord, praise the True One, the Ever-stable Lord. \|\|25\|\| |
| ਸਲੋਕ ਮਃ ੧ ॥ | Shalok, First Mehl: |
| ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ ॥ | O Nanak, the tree of actions done in Maya yields ambrosial fruit and poisonous fruit. |
| ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ ॥੧॥ | The Creator does all deeds; we eat the fruits as He ordains. \|\|1\|\| |

| | |
|---|---|
| ਮਃ ੨ ॥ | Second Mehl: |
| ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥ | O Nanak, burn worldly greatness and glory in the fire. |
| ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥ | These burnt offerings have caused mortals to forget the Naam, the Name of the Lord. Not even one of them will go along with you in the end. \|\|2\|\| |
| ਪਉੜੀ ॥ | Pauree: |
| ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥ | He judges each and every being; by the Hukam of His Command, He leads us on. |
| ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥ | Justice is in Your Hands, O Lord; You are pleasing to my mind. |
| ਕਾਲੁ ਚਲਾਏ ਬੰਨਿ ਕੋਇ ਨ ਰਖਸੀ ॥ | The mortal is bound and gagged by Death and lead away; no one can rescue him. |
| ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ ॥ | Old age, the tyrant, dances on the mortal's shoulders. |
| ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ ॥ | So climb aboard the boat of the True Guru, and the True Lord will rescue you. |
| ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ ॥ | The fire of desire burns like an oven, consuming mortals night and day. |
| ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ | Like trapped birds, the mortals peck at the corn; only through the Lord's Command will they find release. |
| ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥੨੬॥ | Whatever the Creator does, comes to pass; falsehood shall fail in the end. \|\|26\|\| |
| **੧੨੯੧** | 1291 |
| ਸਲੋਕ ਮਃ ੧ ॥ | Shalok, First Mehl: |
| ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ | The True Guru is the All-knowing Primal Being; He shows us our true home within the home of the self. |
| ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ | The Panch Shabad, the Five Primal Sounds, resonate and resound within; the insignia of the Shabad is revealed there, vibrating gloriously. |
| ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ | Worlds and realms, nether regions, solar systems and galaxies are wondrously revealed. |

| | |
|---|---|
| ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ | The strings and the harps vibrate and resound; the true throne of the Lord is there. |
| ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥ | Listen to the music of the home of the heart - Sukhmani, peace of mind. Lovingly tune in to His state of celestial ecstasy. |
| ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥ | Contemplate the Unspoken Speech, and the desires of the mind are dissolved. |
| ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥ | The heart-lotus is turned upside-down, and is filled with Ambrosial Nectar. This mind does not go out; it does not get distracted. |
| ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ | It does not forget the Chant which is chanted without chanting; it is immersed in the Primal Lord God of the ages. |
| ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥ | All the sister-companions are blessed with the five virtues. The Gurmukhs dwell in the home of the self deep within. |
| ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥ | Nanak is the slave of that one who seeks the Shabad and finds this home within. ‖1‖ |
| ਮਃ ੧ ॥ | First Mehl: |
| ਚਿਲਿਮਿਲਿ ਬਿਸੀਆਰ ਦੁਨੀਆ ਫਾਨੀ ॥ | The extravagant glamor of the world is a passing show. |
| ਕਾਲੂਬਿ ਅਕਲ ਮਨ ਗੋਰ ਨ ਮਾਨੀ ॥ | My twisted mind does not believe that it will end up in a grave. |
| ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ ॥ | I am meek and lowly; You are the great river. |
| ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ ॥ | Please, bless me with the one thing; everything else is poison, and does not tempt me. |
| ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ ॥ | You filled this fragile body with the water of life, O Lord, by Your Creative Power. |
| ਮਨ ਤੁਆਨਾ ਤੂ ਕੁਦਰਤੀ ਆਇਆ ॥ | By Your Omnipotence, I have become powerful. |
| ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ ॥ | Nanak is a dog in the Court of the Lord, intoxicated more and more, all the time. |
| ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥੨॥ | The world is on fire; the Name of the Lord is cooling and soothing. ‖2‖ |

| | |
|---|---|
| ਪਉੜੀ ਨਵੀ ਮਃ ੫ ॥ | New Pauree, Fifth Mehl: |
| ਸਭੋ ਵਰਤੈ ਚਲਤੁ ਚਲਤੁ ਵਖਾਣਿਆ ॥ | His wonderful play is all-pervading; it is wonderful and amazing! |
| ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥ | As Gurmukh, I know the Transcendent Lord, the Supreme Lord God. |
| ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥ | All my sins and corruption are washed away, through the insignia of the Shabad, the Word of God. |
| ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥ | In the Saadh Sangat, the Company of the Holy, one is saved, and becomes free. |
| ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥ | Meditating, meditating in remembrance on the Great Giver, I enjoy all comforts and pleasures. |
| ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥ | I have become famous throughout the world, under the canopy of His kindness and grace. |
| ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥ | He Himself has forgiven me, and united me with Himself; I am forever a sacrifice to Him. |
| ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥ | O Nanak, by the Pleasure of His Will, my Lord and Master has blended me with Himself. ‖27‖ |
| ਸਲੋਕ ਮਃ ੧ ॥ | Shalok, First Mehl: |
| ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ | Blessed is the paper, blessed is the pen, blessed is the inkwell, and blessed is the ink. |
| ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥ | Blessed is the writer, O Nanak, who writes the True Name. ‖1‖ |
| ਮਃ ੧ ॥ | First Mehl: |
| ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ | You Yourself are the writing tablet, and You Yourself are the pen. You are also what is written on it. |
| ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ | Speak of the One Lord, O Nanak; how could there be any other? ‖2‖ |
| ਪਉੜੀ ॥ | Pauree: |
| ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ | You Yourself are all-pervading; You Yourself made the making. |

| | |
|---|---|
| ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥ | Without You, there is no other at all; You are permeating and pervading everywhere. |
| ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ | You alone know Your state and extent. Only You can estimate Your worth. |
| ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥ | You are invisible, imperceptible and inaccessible. You are revealed through the Guru's Teachings. |
| ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥ | Deep within, there is ignorance, suffering and doubt; through the spiritual wisdom of the Guru, they are eradicated. |
| ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ | He alone meditates on the Naam, whom You unite with Yourself, in Your Mercy. |
| ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥ | You are the Creator, the Inaccessible Primal Lord God; You are all-pervading everywhere. |
| ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ ॥ | To whatever You link the mortal, O True Lord, to that he is linked. Nanak sings Your Glorious Praises. \|\|28\|\|1\|\| Sudh\|\| |

## ੧੨੯੨ / 1292

| | |
|---|---|
| ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ | Raag Malaar, The Word Of The Devotee Naam Dayv Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥ | Serve the King, the Sovereign Lord of the World. He has no ancestry; He is immaculate and pure. |
| ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ॥੧॥ ਰਹਾਉ ॥ | Please bless me with the gift of devotion, which the humble Saints beg for. \|\|1\|\|Pause\|\| |
| ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ ॥ | His Home is the pavilion seen in all directions; His ornamental heavenly realms fill the seven worlds alike. |
| ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ॥ | In His Home, the virgin Lakshmi dwells. The moon and the sun are His two lamps; the wretched Messenger of Death stages his dramas, and levies taxes on all. |
| ਸੁ ਐਸਾ ਰਾਜਾ ਸ੍ਰੀ ਨਰਹਰੀ ॥੧॥ | Such is my Sovereign Lord King, the Supreme Lord of all. \|\|1\|\| |

ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥

In His House, the four-faced Brahma, the cosmic potter lives. He created the entire universe.

ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ ॥

In His House, the insane Shiva, the Guru of the World, lives; he imparts spiritual wisdom to explain the essence of reality.

ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ ॥

Sin and virtue are the standard-bearers at His Door; Chitr and Gupt are the recording angels of the conscious and subconscious.

ਧਰਮ ਰਾਇ ਪਰੁਲੀ ਪ੍ਰਤਿਹਾਰੁ ॥

The Righteous Judge of Dharma, the Lord of Destruction, is the door-man.

ਸੋੁ ਐਸਾ ਰਾਜਾ ਸ੍ਰੀ ਗੋਪਾਲੁ ॥੨॥

Such is the Supreme Sovereign Lord of the World. ||2||

ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥

In His Home are the heavenly heralds, celestial singers, Rishis and poor minstrels, who sing so sweetly.

ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥

All the Shaastras take various forms in His theater, singing beautiful songs.

ਚਉਰ ਢੂਲ ਜਾਂ ਚੈ ਹੈ ਪਵਣੁ ॥

The wind waves the fly-brush over Him;

ਚੇਰੀ ਸਕਤਿ ਜੀਤਿ ਲੇ ਭਵਣੁ ॥

His hand-maiden is Maya, who has conquered the world.

ਅੰਡ ਟੂਕ ਜਾ ਚੈ ਭਸਮਤੀ ॥

The shell of the earth is His fireplace.

ਸੋੁ ਐਸਾ ਰਾਜਾ ਤ੍ਰਿਭਵਣ ਪਤੀ ॥੩॥

Such is the Sovereign Lord of the three worlds. ||3||

ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥

In His Home, the celestial turtle is the bed-frame, woven with the strings of the thousand-headed snake.

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥

His flower-girls are the eighteen loads of vegetation; His water-carriers are the nine hundred sixty million clouds.

ਨਖ ਪ੍ਰਸੇਵ ਜਾ ਚੈ ਸੁਰਸਰੀ ॥

His sweat is the Ganges River.

ਸਪਤ ਸਮੁੰਦ ਜਾਂ ਚੈ ਘੜਥਲੀ ॥

The seven seas are His water-pitchers.

ਏਤੇ ਜੀਅ ਜਾਂ ਚੈ ਵਰਤਣੀ ॥

The creatures of the world are His household utensils.

ਸੋੁ ਐਸਾ ਰਾਜਾ ਤ੍ਰਿਭਵਣ ਧਣੀ ॥੪॥

Such is the Sovereign Lord King of the three worlds. ||4||

ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ ॥

In His home are Arjuna, Dhroo, Prahlaad, Ambreek, Naarad, Nayjaa, the Siddhas and Buddhas, the ninety-two heavenly heralds and celestial singers in their wondrous play.

ਏਤੇ ਜੀਅ ਜਾਂ ਚੈ ਹਹਿ ਘਰੀ ॥

All the creatures of the world are in His House.

| | |
|---|---|
| ਸਰਬ ਬਿਆਪਿਕ ਅੰਤਰ ਹਰੀ ॥ | The Lord is diffused in the inner beings of all. |
| ਪ੍ਰਣਵੈ ਨਾਮਦੇਉ ਤਾਂ ਚੀ ਆਣਿ ॥ | Prays Naam Dayv, seek His Protection. |
| ਸਗਲ ਭਗਤ ਜਾ ਚੈ ਨੀਸਾਣਿ ॥੫॥੧॥ | All the devotees are His banner and insignia. \|\|5\|\|1\|\| |
| ਮਲਾਰ ॥ | Malaar: |
| ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ | Please do not forget me; please do not forget me, |
| ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥ | please do not forget me, O Lord. \|\|1\|\|Pause\|\| |
| ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥ | The temple priests have doubts about this, and everyone is furious with me. |
| ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥ | Calling me low-caste and untouchable, they beat me and drove me out; what should I do now, O Beloved Father Lord? \|\|1\|\| |
| ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥ | If You liberate me after I am dead, no one will know that I am liberated. |
| ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥ | These Pandits, these religious scholars, call me low-born; when they say this, they tarnish Your honor as well. \|\|2\|\| |
| ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥ | You are called kind and compassionate; the power of Your Arm is absolutely unrivalled. |
| ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥੨॥ | The Lord turned the temple around to face Naam Dayv; He turned His back on the Brahmins. \|\|3\|\|2\|\| |
| **੧੨੯੩** | 1293 |
| ਮਲਾਰ ਬਾਣੀ ਭਗਤ ਰਵਿਦਾਸ ਜੀ ਕੀ | Malaar, The Word Of The Devotee Ravi Daas Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥ | O humble townspeople, I am obviously just a shoemaker. |

| | |
|---|---|
| ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥ | In my heart I cherish the Glories of the Lord, the Lord of the Universe. \|\|1\|\|Pause\|\| |
| ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥ | Even if wine is made from the water of the Ganges, O Saints, do not drink it. |
| ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥ | This wine, and any other polluted water which mixes with the Ganges, is not separate from it. \|\|1\|\| |
| ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ | The palmyra palm tree is considered impure, and so its leaves are considered impure as well. |
| ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥ | But if devotional prayers are written on paper made from its leaves, then people bow in reverence and worship before it. \|\|2\|\| |
| ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥ | It is my occupation to prepare and cut leather; each day, I carry the carcasses out of the city. |
| ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥ | Now, the important Brahmins of the city bow down before me; Ravi Daas, Your slave, seeks the Sanctuary of Your Name. \|\|3\|\|1\|\| |
| ਮਲਾਰ ॥ | Malaar: |
| ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥ | Those humble beings who meditate on the Lord's Lotus Feet - none are equal to them. |
| ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥ | The Lord is One, but He is diffused in many forms. Bring in, bring in, that All-pervading Lord. \|\|Pause\|\| |
| ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥ | He who writes the Praises of the Lord God, and sees nothing else at all, is a low-class, untouchable fabric-dyer by trade. |
| ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥੧॥ | The Glory of the Name is seen in the writings of Vyaas and Sanak, throughout the seven continents. \|\|1\|\| |

| | |
|---|---|
| ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥ | And he whose family used to kill cows at the festivals of Eed and Bakareed, who worshipped Shayks, martyrs and spiritual teachers, |
| ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥ | whose father used to do such things - his son Kabeer became so successful that he is now famous throughout the three worlds. \|\|2\|\| |
| ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥ | And all the leather-workers in those families still go around Benares removing the dead cattle |
| ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥ | - the ritualistic Brahmins bow in reverence before their son Ravi Daas, the slave of the Lord's slaves. \|\|3\|\|2\|\| |
| ਮਲਾਰ | Malaar: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥ | What sort of devotional worship will lead me to meet my Beloved, the Lord of my breath of life? |
| ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥ | In the Saadh Sangat, the Company of the Holy, I have obtained the supreme status. \|\|Pause\|\| |
| ਮੈਲੇ ਕਪਰੇ ਕਹਾ ਲਉ ਧੋਵਉ ॥ | How long shall I wash these dirty clothes? |
| ਆਵੈਗੀ ਨੀਦ ਕਹਾ ਲਗੁ ਸੋਵਉ ॥੧॥ | How long shall I remain asleep? \|\|1\|\| |
| ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥ | Whatever I was attached to, has perished. |
| ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥ | The shop of false merchandise has closed down. \|\|2\|\| |
| ਕਹੁ ਰਵਿਦਾਸ ਭਇਓ ਜਬ ਲੇਖੋ ॥ | Says Ravi Daas, when the account is called for and given, |
| ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥ | whatever the mortal has done, he shall see. \|\|3\|\|1\|\|3\|\| |

# ੧੨੯੪

# 1294

ਰਾਗੁ ਕਾਨੜਾ ਚਉਪਦੇ ਮਹਲਾ ੪ ਘਰੁ ੧

Raag Kaanraa, Chau-Padas, Fourth Mehl, First House:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ ॥

Meeting with the Holy people, my mind blossoms forth.

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ ॥੧॥ ਰਹਾਉ ॥

I am a sacrifice, a sacrifice, a sacrifice, a sacrifice to those Holy beings; joining the Sangat, the Congregation, I am carried across to the other side. ||1||Pause||

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ ਸਾਧ ਜਨਾਂ ਪਗ ਪਰਿਆ ॥

O Lord, Har, Har, please bless me with Your Mercy, God, that I may fall at the feet of the Holy.

ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ ਮਿਲਿ ਸਾਧੂ ਪਤਿਤ ਉਧਰਿਆ ॥੧॥

Blessed, blessed are the Holy, who know the Lord God. Meeting with the Holy, even sinners are saved. ||1||

ਮਨੂਆ ਚਲੈ ਚਲੈ ਬਹੁ ਬਹੁ ਬਿਧਿ ਮਿਲਿ ਸਾਧੂ ਵਸਗਤਿ ਕਰਿਆ ॥

The mind roams and rambles all around in all directions. Meeting with the Holy, it is overpowered and brought under control,

ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ ॥੨॥

just as when the fisherman spreads his net over the water, he catches and overpowers the fish. ||2||

ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ ॥

The Saints, the Saints of the Lord, are noble and good. Meeting with the humble Saints, filth is washed away.

ਹਉਮੈ ਦੁਰਤੁ ਗਇਆ ਸਭੁ ਨੀਕਰਿ ਜਿਉ ਸਾਬੁਨਿ ਕਾਪਰੁ ਕਰਿਆ ॥੩॥

All the sins and egotism are washed away, like soap washing dirty clothes. ||3||

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਗੁਰ ਸਤਿਗੁਰ ਚਰਨ ਉਰ ਧਰਿਆ ॥

According to that pre-ordained destiny inscribed on my forehead by my Lord and Master, I have enshrined the Feet of the Guru, the True Guru, within my heart.

ਸਭੁ ਦਾਲਦੁ ਦੂਖ ਭੰਜ ਪ੍ਰਭੁ ਪਾਇਆ ਜਨ ਨਾਨਕ ਨਾਮਿ ਉਧਰਿਆ ॥੪॥੧॥

I have found God, the Destroyer of all poverty and pain; servant Nanak is saved through the Naam. ||4||1||

ਕਾਨੜਾ ਮਹਲਾ ੪ ॥

Kaanraa, Fourth Mehl:

ਮੇਰਾ ਮਨੁ ਸੰਤ ਜਨਾ ਪਗ ਰੇਨ ॥

My mind is the dust of the feet of the Saints.

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਮਨੁ ਕੋਰਾ ਹਰਿ ਰੰਗਿ ਭੇਨ ॥੧॥ ਰਹਾਉ ॥

Joining the Sangat, the Congregation, I listen to the sermon of the Lord, Har, Har. My crude and uncultured mind is drenched with the Love of the Lord. ||1||Pause||

ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ ॥

I am thoughtless and unconscious; I do not know God's state and extent. The Guru has made me thoughtful and conscious.

ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤੁ ਮਨਿ ਹਰਿ ਹਰਿ ਨਾਮੁ ਜਪੇਨ ॥੧॥

God is Merciful to the meek; He has made me His Own. My mind chants and meditates on the Name of the Lord, Har, Har. ||1||

ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ ਹੀਅਰਾ ਤੇਨ ॥

Meeting with the Lord's Saints, the Beloveds of the mind, I would cut out my heart, and offer it to them.

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ ॥੨॥

Meeting with the Lord's Saints, I meet with the Lord; this sinner has been sanctified. ||2||

ਹਰਿ ਕੇ ਜਨ ਊਤਮ ਜਗਿ ਕਹੀਅਹਿ ਜਿਨ ਮਿਲਿਆ ਪਾਥਰ ਸੇਨ ॥

The humble servants of the Lord are said to be exalted in this world; meeting with them, even stones are softened.

## ੧੨੯੫

## 1295

ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ ॥੩॥

I cannot even describe the noble grandeur of such humble beings; the Lord, Har, Har, has made them sublime and exalted. ||3||

ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ ਦੇਨ ॥

You, Lord are the Great Merchant-Banker; O God, my Lord and Master, I am just a poor peddler; please bless me with the wealth.

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ ਲੇਨ ॥੪॥੨॥

Please bestow Your Kindness and Mercy upon servant Nanak, God, so that he may load up the merchandise of the Lord, Har, Har. ||4||2||

ਕਾਨੜਾ ਮਹਲਾ ੪ ॥

Kaanraa, Fourth Mehl:

ਜਪਿ ਮਨ ਰਾਮ ਨਾਮ ਪਰਗਾਸ ॥

O mind, chant the Name of the Lord, and be enlightened.

ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ ॥੧॥ ਰਹਾਉ ॥

Meet with the Saints of the Lord, and focus your love; remain balanced and detached within your own household. ||1||Pause||

ਹਮ ਹਰਿ ਹਿਰਦੈ ਜਪਿਓ ਨਾਮੁ ਨਰਹਰਿ ਪ੍ਰਭਿ ਕ੍ਰਿਪਾ ਕਰੀ ਕਿਰਪਾਸ ॥

I chant the Name of the Lord, Nar-Har, within my heart; God the Merciful has shown His Mercy.

ਅਨਦਿਨੁ ਅਨਦੁ ਭਇਆ ਮਨੁ ਬਿਗਸਿਆ ਉਦਮ ਭਏ ਮਿਲਨ ਕੀ ਆਸ ॥੧॥

Night and day, I am in ecstasy; my mind has blossomed forth, rejuvenated. I am trying - I hope to meet my Lord. ||1||

ਹਮ ਹਰਿ ਸੁਆਮੀ ਪ੍ਰੀਤਿ ਲਗਾਈ ਜਿਤਨੇ ਸਾਸ ਲੀਏ ਹਮ ਗ੍ਰਾਸ ॥

I am in love with the Lord, my Lord and Master; I love Him with every breath and morsel of food I take.

ਕਿਲਬਿਖ ਦਹਨ ਭਏ ਖਿਨ ਅੰਤਰਿ ਤੂਟਿ ਗਏ ਮਾਇਆ ਕੇ ਫਾਸ ॥੨॥

My sins were burnt away in an instant; the noose of the bondage of Maya was loosened. ||2||

ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ ਤਾਸ ॥

I am such a worm! What karma am I creating? What can I do? I am a fool, a total idiot, but God has saved me.

ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥੩॥

I am unworthy, heavy as stone, but joining the Sat Sangat, the True Congregation, I am carried across to the other side. ||3||

ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥

The Universe which God created is all above me; I am the lowest, engrossed in corruption.

ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥੪॥੩॥

With the Guru, my faults and demerits have been erased. Servant Nanak has been united with God Himself. ||4||3||

ਕਾਨੜਾ ਮਹਲਾ ੪ ॥

Kaanraa, Fourth Mehl:

ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ ॥

O my mind, chant the Name of the Lord, through the Guru's Word.

ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ ਦੁਰਮਤਿ ਦੂਜਾ ਭਾਉ ਗਇਓ ਸਭ ਝਾਕ ॥੧॥ ਰਹਾਉ ॥

The Lord, Har, Har, has shown me His Mercy, and my evil-mindedness, love of duality and sense of alienation are totally gone, thanks to the Lord of the Universe. ||1||Pause||

ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ ॥

There are so many forms and colors of the Lord. The Lord is pervading each and every heart, and yet He is hidden from view.

ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ ॥੧॥

Meeting with the Lord's Saints, the Lord is revealed, and the doors of corruption are shattered. ||1||

ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ ॥

The glory of the Saintly beings is absolutely great; they lovingly enshrine the Lord of Bliss and Delight within their hearts.

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ ॥੨॥

Meeting with the Lord's Saints, I meet with the Lord, just as when the calf is seen - the cow is there as well. ||2||

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ ॥

The Lord, Har, Har, is within the humble Saints of the Lord; they are exalted - they know, and they inspire others to know as well.

ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ ॥੩॥

The fragrance of the Lord permeates their hearts; they have abandoned the foul stench. ||3||

ਤੁਮਰੇ ਜਨ ਤੁਮ੍ ਹੀ ਪ੍ਰਭ ਕੀਏ ਹਰਿ ਰਾਖਿ ਲੇਹੁ ਆਪਨ ਅਪਨਾਕ ॥

You make those humble beings Your Own, God; You protect Your Own, O Lord.

ਜਨ ਨਾਨਕ ਕੇ ਸਖਾ ਹਰਿ ਭਾਈ ਮਾਤ ਪਿਤਾ ਬੰਧਪ ਹਰਿ ਸਾਕ ॥੪॥੪॥

The Lord is servant Nanak's companion; the Lord is his sibling, mother, father, relative and relation. ||4||4||

ਕਾਨੜਾ ਮਹਲਾ ੪ ॥

Kaanraa, Fourth Mehl:

ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥

O my mind, consciously chant the Name of the Lord, Har, Har.

ਹਰਿ ਹਰਿ ਵਸਤੁ ਮਾਇਆ ਗੜ੍ਹਿ ਵੇੜ੍ਹੀ ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ ਰਹਾਉ ॥

The commodity of the Lord, Har, Har, is locked in the fortress of Maya; through the Word of the Guru's Shabad, I have conquered the fortress. ||1||Pause||

| | |
|---|---|
| ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ ॥ | In false doubt and superstition, people wander all around, lured by love and emotional attachment to their children and families. |
| ਜੈਸੇ ਤਰਵਰ ਕੀ ਤੁਛ ਛਾਇਆ ਖਿਨ ਮਹਿ ਬਿਨਸਿ ਜਾਇ ਦੇਹ ਭੀਤਿ ॥੧॥ | But just like the passing shade of the tree, your body-wall shall crumble in an instant. \|\|1\|\| |
| ਹਮਰੇ ਪ੍ਰਾਨ ਪ੍ਰੀਤਮ ਜਨ ਊਤਮ ਜਿਨ ਮਿਲਿਆ ਮਨਿ ਹੋਇ ਪ੍ਰਤੀਤਿ ॥ | The humble beings are exalted; they are my breath of life and my beloveds; meeting them, my mind is filled with faith. |
| ਪਰਚੈ ਰਾਮੁ ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ ॥੨॥ | Deep within the heart, I am happy with the Pervading Lord; with love and joy, I dwell upon the Steady and Stable Lord. \|\|2\|\| |
| **੧੨੯੬** | **1296** |
| ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ ਰੰਗੀਤਿ ॥ | The humble Saints, the Saints of the Lord, are noble and sublime; meeting them, the mind is tinged with love and joy. |
| ਹਰਿ ਰੰਗੁ ਲਹੈ ਨ ਉਤਰੈ ਕਬਹੂ ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ ॥੩॥ | The Lord's Love never fades away, and it never wears off. Through the Lord's Love, one goes and meets the Lord, Har, Har. \|\|3\|\| |
| ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥ | I am a sinner; I have committed so many sins. The Guru has cut them, cut them, and hacked them off. |
| ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥੫॥ | The Guru has placed the healing remedy of the Name of the Lord, Har, Har, into my mouth. Servant Nanak, the sinner, has been purified and sanctified. \|\|4\|\|5\|\| |
| ਕਾਨੜਾ ਮਹਲਾ ੪ ॥ | Kaanraa, Fourth Mehl: |
| ਜਪਿ ਮਨ ਰਾਮ ਨਾਮ ਜਗੰਨਾਥ ॥ | Chant, O my mind, the Name of the Lord, the Lord of the Universe. |
| ਘੂਮਨ ਘੇਰ ਪਰੇ ਬਿਖੁ ਬਿਖਿਆ ਸਤਿਗੁਰ ਕਾਢਿ ਲੀਏ ਦੇ ਹਾਥ ॥੧॥ ਰਹਾਉ ॥ | I was caught in the whirlpool of poisonous sin and corruption. The True Guru gave me His Hand; He lifted me up and pulled me out. \|\|1\|\|Pause\|\| |
| ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ ॥ | O my Fearless, Immaculate Lord and Master, please save me - I am a sinner, a sinking stone. |

| | |
|---|---|
| ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥ ॥੧॥ | I am lured and enticed by sexual desire, anger, greed and corruption, but associating with You, I am carried across, like iron in the wooden boat. \|\|1\|\| |
| ਤੁਮ੍ ਵਡ ਪੁਰਖ ਬਡ ਅਗਮ ਅਗੋਚਰ ਹਮ ਢੂਢਿ ਰਹੇ ਪਾਈ ਨਹੀ ਹਾਥ ॥ | You are the Great Primal Being, the most Inaccessible and Unfathomable Lord God; I search for You, but cannot find Your depth. |
| ਤੂ ਪਰੈ ਪਰੈ ਅਪਰੰਪਰੁ ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ ॥੨॥ | You are the farthest of the far, beyond the beyond, O my Lord and Master; You alone know Yourself, O Lord of the Universe. \|\|2\|\| |
| ਅਦ੍ਰਿਸਟੁ ਅਗੋਚਰ ਨਾਮੁ ਧਿਆਏ ਸਤਸੰਗਤਿ ਮਿਲਿ ਸਾਧੂ ਪਾਥ ॥ | I meditate on the Name of the Unseen and Unfathomable Lord; joining the Sat Sangat, the True Congregation, I have found the Path of the Holy. |
| ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥ ॥੩॥ | Joining the congregation, I listen to the Gospel of the Lord, Har, Har; I meditate on the Lord, Har, Har, and speak the Unspoken Speech. \|\|3\|\| |
| ਹਮਰੇ ਪ੍ਰਭ ਜਗਦੀਸ ਗੁਸਾਈ ਹਮ ਰਾਖਿ ਲੇਹੁ ਜਗੰਨਾਥ ॥ | My God is the Lord of the World, the Lord of the Universe; please save me, O Lord of all Creation. |
| ਜਨ ਨਾਨਕੁ ਦਾਸੁ ਦਾਸ ਦਾਸਨ ਕੋ ਪ੍ਰਭ ਕਰਹੁ ਕ੍ਰਿਪਾ ਰਾਖਹੁ ਜਨ ਸਾਥ ॥੪॥੬॥ | Servant Nanak is the slave of the slave of Your slaves. O God, please bless me with Your Grace; please protect me and keep me with Your humble servants. \|\|4\|\|6\|\| |
| ਕਾਨੜਾ ਮਹਲਾ ੪ ਪੜਤਾਲ ਘਰੁ ੫ ॥ | Kaanraa, Fourth Mehl, Partaal, Fifth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਨ ਜਾਪਹੁ ਰਾਮ ਗੁਪਾਲ ॥ | O mind, meditate on the Lord, the Lord of the World. |
| ਹਰਿ ਰਤਨ ਜਵੇਹਰ ਲਾਲ ॥ | The Lord is the Jewel, the Diamond, the Ruby. |
| ਹਰਿ ਗੁਰਮੁਖਿ ਘੜਿ ਟਕਸਾਲ ॥ | The Lord fashions the Gurmukhs in His Mint. |
| ਹਰਿ ਹੋ ਹੋ ਕਿਰਪਾਲ ॥੧॥ ਰਹਾਉ ॥ | O Lord, please, please, be Merciful to me. \|\|1\|\|Pause\|\| |
| ਤੁਮਰੇ ਗੁਨ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ ਰਾਮ ਰਾਮ ਰਾਮ ਰਾਮ ਲਾਲ ॥ | Your Glorious Virtues are inaccessible and unfathomable; how can my one poor tongue describe them? O my Beloved Lord, Raam, Raam, Raam, Raam. |

ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥੧॥

O Dear Lord, You, You, You alone know Your Unspoken Speech. I have become enraptured, enraptured, enraptured, meditating on the Lord. ||1||

ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ ਮੇਰੇ ਮਨਿ ਤਨਿ ਜੀਹ ਹਰਿ ਹਰੇ ਹਰੇ ਰਾਮ ਨਾਮ ਧਨੁ ਮਾਲ ॥

The Lord, my Lord and Master, is my Companion and my Breath of Life; the Lord is my Best Friend. My mind, body and tongue are attuned to the Lord, Har, Haray, Haray. The Lord is my Wealth and Property.

ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ ਹਉ ਬਲਿ ਬਲੇ ਹਉ ਬਲਿ ਬਲੇ ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥੨॥੧॥੭॥

She alone obtains her Husband Lord, who is so predestined. Through the Guru's Teachings, she sings the Glorious Praises of the Lord Har. I am a sacrifice, a sacrifice to the Lord, O servant Nanak. Meditating on the Lord, I have become enraptured.

ਕਾਨੜਾ ਮਹਲਾ ੪ ॥

Kaanraa, Fourth Mehl:

ਹਰਿ ਗੁਨ ਗਾਵਹੁ ਜਗਦੀਸ ॥

Sing the Glorious Praises of the Lord, the Lord of the Universe.

ਏਕਾ ਜੀਹ ਕੀਚੈ ਲਖ ਬੀਸ ॥

Let my one tongue become two hundred thousand

ਜਪਿ ਹਰਿ ਹਰਿ ਸਬਦਿ ਜਪੀਸ ॥

with them all, I will meditate on the Lord, Har, Har, and chant the Word of the Shabad.

ਹਰਿ ਹੋ ਹੋ ਕਿਰਪੀਸ ॥੧॥ ਰਹਾਉ ॥

O Lord, please, please, be Merciful to me. ||1||Pause||

ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ ਹਰਿ ਜਪਿ ਜਪੇ ਜਪੁ ਜਾਪਉ ਜਗਦੀਸ ॥

O Lord, my Lord and Master, please be Merciful to me; please enjoin me to serve You. I chant and meditate on the Lord, I chant and meditate on the Lord, I chant and meditate on the Lord of the Universe.

ਤੁਮਰੇ ਜਨ ਰਾਮੁ ਜਪਹਿ ਤੇ ਊਤਮ ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ ॥੧॥

Your humble servants chant and meditate on You, O Lord; they are sublime and exalted. I am a sacrifice, a sacrifice, a sacrifice, a sacrifice to them. ||1||

## ੧੨੯੭

## 1297

ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ ॥

O Lord, You are the Greatest of the Great, the Greatest of the Great, the most Lofty and High. You do whatever You please.

ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ ॥੨॥੨॥੮॥

Servant Nanak drinks in the Ambrosial Nectar through the Guru's Teachings. Blessed, blessed, blessed, blessed, blessed and praised is the Guru. ||2||2||8||

ਕਾਨੜਾ ਮਹਲਾ ੪ ॥

Kaanraa, Fourth Mehl:

ਭਜੁ ਰਾਮੋ ਮਨਿ ਰਾਮ ॥

O mind, meditate and vibrate on the Lord, Raam, Raam.

ਜਿਸੁ ਰੂਪ ਨ ਰੇਖ ਵਡਾਮ ॥

He has no form or feature - He is Great!

ਸਤਸੰਗਤਿ ਮਿਲੁ ਭਜੁ ਰਾਮ ॥

Joining the Sat Sangat, the True Congregation, vibrate and meditate on the Lord.

ਬਡ ਹੋ ਹੋ ਭਾਗ ਮਥਾਮ ॥੧॥ ਰਹਾਉ ॥

This is the high destiny written on your forehead. ||1||Pause||

ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ ਤਿਤੁ ਘਰਿ ਆਨਦੋ ਆਨੰਦੁ ਭਜੁ ਰਾਮ ਰਾਮ ਰਾਮ ॥

That household, that mansion, in which the Lord's Praises are sung - that home is filled with ecstasy and joy; so vibrate and meditate on the Lord, Raam, Raam, Raam.

ਰਾਮ ਨਾਮ ਗੁਨ ਗਾਵਹੁ ਹਰਿ ਪ੍ਰੀਤਮ ਉਪਦੇਸਿ ਗੁਰੂ ਗੁਰ ਸਤਿਗੁਰਾ ਸੁਖੁ ਹੋਤੁ ਹਰਿ ਹਰੇ ਹਰਿ ਹਰੇ ਹਰੇ ਭਜੁ ਰਾਮ ਰਾਮ ਰਾਮ ॥੧॥

Sing the Glorious Praises of the Name of the Lord, the Beloved Lord. Through the Teachings of the Guru, the Guru, the True Guru, you shall find peace. So vibrate and meditate on the Lord, Har, Haray, the Lord, Raam |1|

ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ ਸਭੁ ਤੂ ਤੂ ਤੂ ਰਾਮ ਰਾਮ ਰਾਮ ॥

You are the Support of the whole universe, Lord; O Merciful Lord, You, You, You are the Creator of all, Raam, Raam, Raam.

ਜਨ ਨਾਨਕੋ ਸਰਣਾਗਤੀ ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ ॥੨॥੩॥੯॥

Servant Nanak seeks Your Sanctuary; please bless him with the Guru's Teachings, that he may vibrate and meditate on the Lord, Raam, Raam, Raam. ||2||3||9||

ਕਾਨੜਾ ਮਹਲਾ ੪ ॥

Kaanraa, Fourth Mehl:

ਸਤਿਗੁਰ ਚਾਟਉ ਪਗ ਚਾਟ ॥

I eagerly kiss the Feet of the True Guru.

ਜਿਤੁ ਮਿਲਿ ਹਰਿ ਪਾਧਰ ਬਾਟ ॥

Meeting Him, the Path to the Lord becomes smooth and easy.

ਭਜੁ ਹਰਿ ਰਸੁ ਰਸ ਹਰਿ ਗਾਟ ॥

I lovingly vibrate and meditate on the Lord, and gulp down His Sublime Essence.

ਹਰਿ ਹੋ ਹੋ ਲਿਖੇ ਲਿਲਾਟ ॥੧॥ ਰਹਾਉ ॥

The Lord has written this destiny on my forehead. ||1||Pause||

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥

Some perform the six rituals and rites; the Siddhas, seekers and Yogis put on all sorts of pompous shows, with their hair all tangled and matted.

ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥੧॥

Yoga - Union with the Lord God - is not obtained by wearing religious robes; the Lord is found in the Sat Sangat, the True Congregation, and the Guru's Teachings. The humble Saints throw the doors wide open. ||1||

ਤੂ ਅਪਰੰਪਰੁ ਸੁਆਮੀ ਅਤਿ ਅਗਾਹੁ ਤੂ ਭਰਪੁਰਿ ਰਹਿਆ ਜਲ ਥਲੇ ਹਰਿ ਇਕੁ ਇਕੋ ਇਕ ਏਕੈ ਹਰਿ ਥਾਟ ॥

O my Lord and Master, You are the farthest of the far, utterly unfathomable. You are totally pervading the water and the land. You alone are the One and Only Unique Lord of all creation.

ਤੂ ਜਾਣਹਿ ਸਭ ਬਿਧਿ ਬੂਝਹਿ ਆਪੇ ਜਨ ਨਾਨਕ ਕੇ ਪ੍ਰਭ ਘਟਿ ਘਟੇ ਘਟਿ ਘਟੇ ਘਟਿ ਹਰਿ ਘਾਟ ॥੨॥੪॥੧੦॥

You alone know all Your ways and means. You alone understand Yourself. Servant Nanak's Lord God is in each heart, in every heart, in the home of each and every heart. ||2||4||10||

ਕਾਨੜਾ ਮਹਲਾ ੪ ॥

Kaanraa, Fourth Mehl:

ਜਪਿ ਮਨ ਗੋਬਿਦ ਮਾਧੋ ॥

O mind, chant and meditate on the Lord, the Lord of the Universe.

ਹਰਿ ਹਰਿ ਅਗਮ ਅਗਾਧੋ ॥

The Lord, Har, Har, is inaccessible and unfathomable.

ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥

Through the Guru's Teachings, my intellect attains the Lord God.

ਧੁਰਿ ਹੋ ਹੋ ਲਿਖੇ ਲਿਲਾਧੋ ॥੧॥ ਰਹਾਉ ॥

This is the pre-ordained destiny written on my forehead. ||1||Pause||

ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ ॥

Collecting the poison of Maya, people think of all sorts of evil. But peace is found only by vibrating and meditating on the Lord; with the Saints, in the Sangat, the Society of the Saints, meet the True Guru, the Holy Guru.

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥੧॥

Just as when the iron slag is transmuted into gold by touching the Philosopher's Stone - when the sinner joins the Sangat, he becomes pure, through the Guru's Teachings. ||1||

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥

Just like the heavy iron which is carried across on the wooden raft, sinners are carried across in the Saadh Sangat, the Company of the Holy, and the Guru, the True Guru, the Holy Guru.

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥੨॥੫॥੧੧॥

There are four castes, four social classes, and four stages of life. Whoever meets the Guru, Guru Nanak, is himself carried across, and he carries all his ancestors and generations across as well. ||2||5||11||

ਕਾਨੜਾ ਮਹਲਾ ੪ ॥

Kaanraa, Fourth Mehl:

ਹਰਿ ਜਸੁ ਗਾਵਹੁ ਭਗਵਾਨ ॥

Sing the Praises of the Lord God.

ਜਸੁ ਗਾਵਤ ਪਾਪ ਲਹਾਨ ॥

Singing His Praises, sins are washed away.

ਮਤਿ ਗੁਰਮਤਿ ਸੁਨਿ ਜਸੁ ਕਾਨ ॥

Through the Word of the Guru's Teachings, listen to His Praises with your ears.

ਹਰਿ ਹੋ ਹੋ ਕਿਰਪਾਨ ॥੧॥ ਰਹਾਉ ॥

The Lord shall be Merciful to you. ||1||Pause||

## ੧੨੯੮

## 1298

ਤੇਰੇ ਜਨ ਧਿਆਵਹਿ ਇਕ ਮਨਿ ਇਕ ਚਿਤਿ ਤੇ ਸਾਧੂ ਸੁਖ ਪਾਵਹਿ ਜਪਿ ਹਰਿ ਹਰਿ ਨਾਮੁ ਨਿਧਾਨ ॥

Your humble servants focus their consciousness and meditate on You with one-pointed mind; those Holy beings find peace, chanting the Name of the Lord, Har, Har, the Treasure of Bliss.

ਉਸਤਤਿ ਕਰਹਿ ਪ੍ਰਭ ਤੇਰੀਆ ਮਿਲਿ ਸਾਧੂ ਸਾਧ ਜਨਾ ਗੁਰ ਸਤਿਗੁਰੂ ਭਗਵਾਨ ॥੧॥

They sing Your Praises, God, meeting with the Holy, the Holy people, and the Guru, the True Guru, O Lord God. ||1||

ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ ॥

They alone obtain the fruit of peace, within whose hearts You, O my Lord and Master, abide. They cross over the terrifying world-ocean - they are known as the Lord's devotees.

ਤਿਨ ਸੇਵਾ ਹਮ ਲਾਇ ਹਰੇ ਹਮ ਲਾਇ ਹਰੇ ਜਨ ਨਾਨਕ ਕੇ ਹਰਿ ਤੂ ਤੂ ਤੂ ਤੂ ਤੂ ਭਗਵਾਨ ॥੨॥੬॥੧੨॥

Please enjoin me to their service, Lord, please enjoin me to their service. O Lord God, You, You, You, You, You are the Lord of servant Nanak. ||2||6||12||

ਕਾਨੜਾ ਮਹਲਾ ੫ ਘਰੁ ੨

Kaanraa, Fifth Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ ॥

Sing the Glorious Praises of the Lord of the World, the Treasure of Mercy.

ਦੁਖ ਬਿਦਾਰਨ ਸੁਖਦਾਤੇ ਸਤਿਗੁਰ ਜਾ ਕਉ ਭੇਟਤ ਹੋਇ ਸਗਲ ਸਿਧਿ ॥੧॥ ਰਹਾਉ ॥

The True Guru is the Destroyer of pain, the Giver of peace; meeting Him, one is totally fulfilled. ||1||Pause||

ਸਿਮਰਤ ਨਾਮੁ ਮਨਹਿ ਸਾਧਾਰੈ ॥

Meditate in remembrance on the Naam, the Support of the mind.

ਕੋਟਿ ਪਰਾਧੀ ਖਿਨ ਮਹਿ ਤਾਰੈ ॥੧॥

Millions of sinners are carried across in an instant. ||1||

ਜਾ ਕਉ ਚੀਤਿ ਆਵੈ ਗੁਰੁ ਅਪਨਾ ॥

Whoever remembers his Guru,

ਤਾ ਕਉ ਦੂਖੁ ਨਹੀ ਤਿਲੁ ਸੁਪਨਾ ॥੨॥

shall not suffer sorrow, even in dreams. ||2||

ਜਾ ਕਉ ਸਤਿਗੁਰੁ ਅਪਨਾ ਰਾਖੈ ॥

Whoever keeps his Guru enshrined within

ਸੋ ਜਨੁ ਹਰਿ ਰਸੁ ਰਸਨਾ ਚਾਖੈ ॥੩॥

- that humble being tastes the sublime essence of the Lord with his tongue. ||3||

ਕਹੁ ਨਾਨਕ ਗੁਰਿ ਕੀਨੀ ਮਇਆ ॥

Says Nanak, the Guru has been Kind to me;

ਹਲਤਿ ਪਲਤਿ ਮੁਖ ਊਜਲ ਭਇਆ ॥੪॥੧॥

here and hereafter, my face is radiant. ||4||1||

ਕਾਨੜਾ ਮਹਲਾ ੫ ॥

Kaanraa, Fifth Mehl:

ਆਰਾਧਉ ਤੁਝਹਿ ਸੁਆਮੀ ਅਪਨੇ ॥

I worship and adore You, my Lord and Master.

ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥੧॥ ਰਹਾਉ ॥

Standing up and sitting down, while sleeping and awake, with each and every breath, I meditate on the Lord. ||1||Pause||

| | |
|---|---|
| ਤਾ ਕੈ ਹਿਰਦੈ ਬਸਿਓ ਨਾਮੁ ॥ | The Naam, the Name of the Lord, abides within the hearts of those, |
| ਜਾ ਕਉ ਸੁਆਮੀ ਕੀਨੋ ਦਾਨੁ ॥੧॥ | whose Lord and Master blesses them with this gift. \|\|1\|\| |
| ਤਾ ਕੈ ਹਿਰਦੈ ਆਈ ਸਾਂਤਿ ॥ | Peace and tranquility come into the hearts of those |
| ਠਾਕੁਰ ਭੇਟੇ ਗੁਰ ਬਚਨਾਂਤਿ ॥੨॥ | who meet their Lord and Master, through the Word of the Guru. \|\|2\|\| |
| ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥੩॥ | Those whom the Guru blesses with the Mantra of the Naam are wise, and blessed with all powers,. \|\|3\|\| |
| ਕਹੁ ਨਾਨਕ ਤਾ ਕੈ ਬਲਿ ਜਾਉ ॥ | Says Nanak, I am a sacrifice to those |
| ਕਲਿਜੁਗ ਮਹਿ ਪਾਇਆ ਜਿਨਿ ਨਾਉ ॥੪॥੨॥ | who are blessed with the Name in this Dark Age of Kali Yuga. \|\|4\|\|2\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥ | Sing the Praises of God, O my tongue. |
| ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ਰਹਾਉ ॥ | Humbly bow to the Saints, over and over again; through them, the Feet of the Lord of the Universe shall come to abide within you. \|\|1\|\|Pause\|\| |
| ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥ | The Door to the Lord cannot be found by any other means. |
| ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥ | When He becomes Merciful, we come to meditate on the Lord, Har, Har. \|\|1\|\| |
| ਕੋਟਿ ਕਰਮ ਕਰਿ ਦੇਹ ਨ ਸੋਧਾ ॥ | The body is not purified by millions of rituals. |
| ਸਾਧਸੰਗਤਿ ਮਹਿ ਮਨੁ ਪਰਬੋਧਾ ॥੨॥ | The mind is awakened and enlightened only in the Saadh Sangat, the Company of the Holy. \|\|2\|\| |
| ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥ | Thirst and desire are not quenched by enjoying the many pleasures of Maya. |
| ਨਾਮੁ ਲੈਤ ਸਰਬ ਸੁਖ ਪਾਇਆ ॥੩॥ | Chanting the Naam, the Name of the Lord, total peace is found. \|\|3\|\| |
| ਪਾਰਬ੍ਰਹਮ ਜਬ ਭਏ ਦਇਆਲ ॥ | When the Supreme Lord God becomes Merciful, |

ਕਹੁ ਨਾਨਕ ਤਉ ਛੂਟੇ ਜੰਜਾਲ ॥੪॥੩॥
says Nanak, then one is rid of worldly entanglements. ||4||3||

ਕਾਨੜਾ ਮਹਲਾ ੫ ॥
Kaanraa, Fifth Mehl:

ਐਸੀ ਮਾਂਗੁ ਗੋਬਿਦ ਤੇ ॥
Beg for such blessings from the Lord of the Universe:

ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥੧॥ ਰਹਾਉ ॥
to work for the Saints, and the Saadh Sangat, the Company of the Holy. Chanting the Name of the Lord, the supreme status is obtained. ||1||Pause||

ਪੂਜਾ ਚਰਨਾ ਠਾਕੁਰ ਸਰਨਾ ॥
Worship the Feet of Your Lord and Master, and seek His Sanctuary.

ਸੋਈ ਕੁਸਲੁ ਜੁ ਪ੍ਰਭ ਜੀਉ ਕਰਨਾ ॥੧॥
Take joy in whatever God does. ||1||

ਸਫਲ ਹੋਤ ਇਹ ਦੁਰਲਭ ਦੇਹੀ ॥
This precious human body becomes fruitful,

## ੧੨੯੯ 1299

ਜਾ ਕਉ ਸਤਿਗੁਰੁ ਮਇਆ ਕਰੇਹੀ ॥੨॥
when the True Guru shows His Kindness. ||2||

ਅਗਿਆਨ ਭਰਮੁ ਬਿਨਸੈ ਦੁਖ ਡੇਰਾ ॥
The house of ignorance, doubt and pain is destroyed,

ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ ॥੩॥
for those within whose hearts the Guru's Feet abide. ||3||

ਸਾਧਸੰਗਿ ਰੰਗਿ ਪ੍ਰਭੁ ਧਿਆਇਆ ॥
In the Saadh Sangat, lovingly meditate on God.

ਕਹੁ ਨਾਨਕ ਤਿਨਿ ਪੂਰਾ ਪਾਇਆ ॥੪॥੪॥
Says Nanak, you shall obtain the Perfect Lord. ||4||4||

ਕਾਨੜਾ ਮਹਲਾ ੫ ॥
Kaanraa, Fifth Mehl:

ਭਗਤਿ ਭਗਤਨ ਹੂੰ ਬਨਿ ਆਈ ॥
Devotion is the natural quality of God's devotees.

ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥੧॥ ਰਹਾਉ ॥
Their bodies and minds are blended with their Lord and Master; He unites them with Himself. ||1||Pause||

ਗਾਵਨਹਾਰੀ ਗਾਵੈ ਗੀਤ ॥
The singer sings the songs,

| | |
|---|---|
| ਤੇ ਉਧਰੇ ਬਸੇ ਜਿਹ ਚੀਤ ॥੧॥ | but she alone is saved, within whose consciousness the Lord abides. \|\|1\|\| |
| ਪੇਖੇ ਬਿੰਜਨ ਪਰੋਸਨਹਾਰੈ ॥ | The one who sets the table sees the food, |
| ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ ॥੨॥ | but only one who eats the food is satisfied. \|\|2\|\| |
| ਅਨਿਕ ਸ੍ਵਾਂਗ ਕਾਛੇ ਭੇਖਧਾਰੀ ॥ | People disguise themselves with all sorts of costumes, |
| ਜੈਸੋ ਸਾ ਤੈਸੋ ਦ੍ਰਿਸਟਾਰੀ ॥੩॥ | but in the end, they are seen as they truly are. \|\|3\|\| |
| ਕਹਨ ਕਹਾਵਨ ਸਗਲ ਜੰਜਾਰ ॥ | Speaking and talking are all just entanglements. |
| ਨਾਨਕ ਦਾਸ ਸਚੁ ਕਰਣੀ ਸਾਰ ॥੪॥੫॥ | O slave Nanak, the true way of life is excellent. \|\|4\|\|5\|\| |

ਕਾਨੜਾ ਮਹਲਾ ੫ ॥ — Kaanraa, Fifth Mehl:

| | |
|---|---|
| ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ ॥੧॥ ਰਹਾਉ ॥ | Your humble servant listens to Your Praises with delight. \|\|1\|\|Pause\|\| |
| ਮਨਹਿ ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ ਜਤ ਕਤ ਪੇਖਉ ਆਹਿਓ ॥੧॥ | My mind is enlightened, gazing upon the Glory of God. Wherever I look, there He is. \|\|1\|\| |
| ਸਭ ਤੇ ਪਰੈ ਪਰੈ ਤੇ ਊਚਾ ਗਹਿਰ ਗੰਭੀਰ ਅਥਾਹਿਓ ॥੨॥ | You are the farthest of all, the highest of the far, profound, unfathomable and unreachable. \|\|2\|\| |
| ਓਤਿ ਪੋਤਿ ਮਿਲਿਓ ਭਗਤਨ ਕਉ ਜਨ ਸਿਉ ਪਰਦਾ ਲਾਹਿਓ ॥੩॥ | You are united with Your devotees, through and through; You have removed Your veil for Your humble servants. \|\|3\|\| |
| ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ ॥੪॥੬॥ | By Guru's Grace, Nanak sings Your Glorious Praises; he is intuitively absorbed in Samaadhi. \|\|4\|\|6\|\| |

ਕਾਨੜਾ ਮਹਲਾ ੫ ॥ — Kaanraa, Fifth Mehl:

| | |
|---|---|
| ਸੰਤਨ ਪਹਿ ਆਪਿ ਉਧਾਰਨ ਆਇਓ ॥੧॥ ਰਹਾਉ ॥ | I have come to the Saints to save myself. \|\|1\|\|Pause\|\| |
| ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ ਦ੍ਰਿੜਾਇਓ ॥੧॥ | Gazing upon the Blessed Vision of their Darshan, I am sanctified; they have implanted the Mantra of the Lord, Har, Har, within me. \|\|1\|\| |

| | |
|---|---|
| ਕਾਟੇ ਰੋਗ ਭਏ ਮਨ ਨਿਰਮਲ ਹਰਿ ਹਰਿ ਅਉਖਧੁ ਖਾਇਓ ॥੨॥ | The disease has been eradicated, and my mind has become immaculate. I have taken the healing medicine of the Lord, Har, Har. \|\|2\|\| |
| ਅਸਥਿਤ ਭਏ ਬਸੇ ਸੁਖ ਥਾਨਾ ਬਹੁਰਿ ਨ ਕਤਹੂ ਧਾਇਓ ॥੩॥ | I have become steady and stable, and I dwell in the home of peace. I shall never again wander anywhere. \|\|3\|\| |
| ਸੰਤ ਪ੍ਰਸਾਦਿ ਤਰੇ ਕੁਲ ਲੋਗਾ ਨਾਨਕ ਲਿਪਤ ਨ ਮਾਇਓ ॥੪॥੭॥ | By the Grace of the Saints, the people and all their generations are saved; O Nanak, they are not engrossed in Maya. \|\|4\|\|7\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਬਿਸਰਿ ਗਈ ਸਭ ਤਾਤਿ ਪਰਾਈ ॥ | I have totally forgotten my jealousy of others, |
| ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ | since I found the Saadh Sangat, the Company of the Holy. \|\|1\|\|Pause\|\| |
| ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ | No one is my enemy, and no one is a stranger. I get along with everyone. \|\|1\|\| |
| ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥ | Whatever God does, I accept that as good. This is the sublime wisdom I have obtained from the Holy. \|\|2\|\| |
| ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ | The One God is pervading in all. Gazing upon Him, beholding Him, Nanak blossoms forth in happiness. \|\|3\|\|8\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਠਾਕੁਰ ਜੀਉ ਤੁਹਾਰੋ ਪਰਨਾ ॥ | O my Dear Lord and Master, You alone are my Support. |
| ਮਾਨੁ ਮਹਤੁ ਤੁਮ੍ਹਾਰੈ ਊਪਰਿ ਤੁਮ੍ਰੀ ਓਟ ਤੁਮ੍ਹਾਰੀ ਸਰਨਾ ॥੧॥ ਰਹਾਉ ॥ | You are my Honor and Glory; I seek Your Support, and Your Sanctuary. \|\|1\|\|Pause\|\| |
| ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮਰਾ ਨਾਮੁ ਰਿਦੈ ਲੈ ਧਰਨਾ ॥ | You are my Hope, and You are my Faith. I take Your Name and enshrine it within my heart. |
| ਤੁਮਰੋ ਬਲੁ ਤੁਮ ਸੰਗਿ ਸੁਹੇਲੇ ਜੋ ਜੋ ਕਹਹੁ ਸੋਈ ਸੋਈ ਕਰਨਾ ॥੧॥ | You are my Power; associating with You, I am embellished and exalted. I do whatever You say. \|\|1\|\| |

| | |
|---|---|
| ਤੁਮਰੀ ਦਇਆ ਮਇਆ ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ ਤਰਨਾ ॥ | Through Your Kindness and Compassion, I find peace; when You are Merciful, I cross over the terrifying world-ocean. |
| ਅਭੈ ਦਾਨੁ ਨਾਮੁ ਹਰਿ ਪਾਇਓ ਸਿਰੁ ਡਾਰਿਓ ਨਾਨਕ ਸੰਤ ਚਰਨਾ ॥੨॥੯॥ | Through the Name of the Lord, I obtain the gift of fearlessness; Nanak places his head on the feet of the Saints. \|\|2\|\|9\|\| |

## ੧੩੦੦ / 1300

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਸਾਧ ਸਰਨਿ ਚਰਨ ਚਿਤੁ ਲਾਇਆ ॥ | In the Sanctuary of the Holy, I focus my consciousness on the Lord's Feet. |
| ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥੧॥ ਰਹਾਉ ॥ | When I was dreaming, I heard and saw only dream-objects. The True Guru has implanted the Mantra of the Naam, the Name of the Lord, within me. \|\|1\|\|Pause\|\| |
| ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥ | Power, youth and wealth do not bring satisfaction; people chase after them again and again. |
| ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥੧॥ | I have found peace and tranquility, and all my thirsty desires have been quenched, singing His Glorious Praises. \|\|1\|\| |
| ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥ | Without understanding, they are like beasts, engrossed in doubt, emotional attachment and Maya. |
| ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥੨॥੧੦॥ | But in the Saadh Sangat, the Company of the Holy, the noose of Death is cut, O Nanak, and one intuitively merges in celestial peace. \|\|2\|\|10\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਹਰਿ ਕੇ ਚਰਨ ਹਿਰਦੈ ਗਾਇ ॥ | Sing of the Lord's Feet within your heart. |
| ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ ਰਹਾਉ ॥ | Meditate, meditate in constant remembrance on God, the Embodiment of soothing peace and cooling tranquility. \|\|1\|\|Pause\|\| |
| ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥੧॥ | All your hopes shall be fulfilled, and the pain of millions of deaths and births shall be gone. \|\|1\|\| |

| | |
|---|---|
| ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥ | Immerse yourself in the Saadh Sangat, the Company of the Holy, and you shall obtain the benefits of giving charitable gifts, and all sorts of good deeds. |
| ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨ ਖਾਇ ॥੨॥੧੧॥ | Sorrow and suffering shall be erased, O Nanak, and you shall never again be devoured by death. \|\|2\|\|11\|\| |
| ਕਾਨੜਾ ਮਹਲਾ ੫ ਘਰੁ ੩ | Kaanraa, Fifth Mehl, Third House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਥੀਐ ਸੰਤਸੰਗਿ ਪ੍ਰਭ ਗਿਆਨੁ ॥ | Speak of God's Wisdom in the Sat Sangat, the True Congregation. |
| ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥੧॥ ਰਹਾਉ ॥ | Meditating in remembrance on the Perfect Supreme Divine Light, the Transcendent Lord God, honor and glory are obtained. \|\|1\|\|Pause\|\| |
| ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥ | One's comings and goings in reincarnation cease, and suffering is dispelled, meditating in remembrance in the Saadh Sangat, the Company of the Holy. |
| ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥੧॥ | Sinners are sanctified in an instant, in the love of the Supreme Lord God. \|\|1\|\| |
| ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥ | Whoever speaks and listens to the Kirtan of the Lord's Praises is rid of evil-mindedness. |
| ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥ | All hopes and desires, O Nanak, are fulfilled. \|\|2\|\|1\|\|12\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਸਾਧਸੰਗਤਿ ਨਿਧਿ ਹਰਿ ਕੋ ਨਾਮ ॥ | The Treasure of the Naam, the Name of the Lord, is found in the Saadh Sangat, the Company of the Holy. |
| ਸੰਗਿ ਸਹਾਈ ਜੀਅ ਕੈ ਕਾਮ ॥੧॥ ਰਹਾਉ ॥ | It is the Companion of the soul, its Helper and Support. \|\|1\|\|Pause\|\| |
| ਸੰਤ ਰੇਨੁ ਨਿਤਿ ਮਜਨੁ ਕਰੈ ॥ | Continually bathing in the dust of the feet of the Saints, |
| ਜਨਮ ਜਨਮ ਕੇ ਕਿਲਬਿਖ ਹਰੈ ॥੧॥ | the sins of countless incarnations are washed away. \|\|1\|\| |
| ਸੰਤ ਜਨਾ ਕੀ ਊਚੀ ਬਾਨੀ ॥ | The words of the humble Saints are lofty and exalted. |

ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥੨॥੨॥੧੩॥

Meditating, meditating in remembrance, O Nanak, mortal beings are carried across and saved. ||2||2||13||

ਕਾਨੜਾ ਮਹਲਾ ੫ ॥

Kaanraa, Fifth Mehl:

ਸਾਧੂ ਹਰਿ ਹਰੇ ਗੁਨ ਗਾਇ ॥

O Holy people, sing the Glorious Praises of the Lord, Har, Haray.

ਮਾਨ ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ ॥੧॥ ਰਹਾਉ ॥

Mind, body, wealth and the breath of life - all come from God; remembering Him in meditation, pain is taken away. ||1||Pause||

ਈਤ ਊਤ ਕਹਾ ਲੋੁਭਾਵਹਿ ਏਕ ਸਿਉ ਮਨੁ ਲਾਇ ॥੧॥

Why are you entangled in this and that? Let your mind be attuned to the One. ||1||

ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ ॥੨॥

The place of the Saints is utterly sacred; meet with them, and meditate on the Lord of the Universe. ||2||

ਸਗਲ ਤਿਆਗਿ ਸਰਨਿ ਆਇਓ ਨਾਨਕ ਲੇਹੁ ਮਿਲਾਇ ॥੩॥੩॥੧੪॥

O Nanak, I have abandoned everything and come to Your Sanctuary. Please let me merge with You. ||3||3||14||

ਕਾਨੜਾ ਮਹਲਾ ੫ ॥

Kaanraa, Fifth Mehl:

ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ ॥੧॥ ਰਹਾਉ ॥

Gazing upon and beholding my Best Friend, I blossom forth in bliss; my God is the One and Only. ||1||Pause||

ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥

He is the Image of Ecstasy, Intuitive Peace and Poise. There is no other like Him. ||1||

ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥੨॥

Meditating in remembrance on the Lord, Har, Har, even once, millions of sins are erased. ||2||

**੧੩੦੧**

1301

ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥੩॥

Uttering His Glorious Praises, suffering is eradicated, and the heart becomes tranquil and calm. ||3||

ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥੪॥੪॥੧੫॥

Drink in the Sweet, Sublime Ambrosial Nectar, O Nanak, and be imbued with the Love of the Lord. ||4||4||15||

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਸਾਜਨਾ ਸੰਤ ਆਉ ਮੇਰੈ ॥੧॥ ਰਹਾਉ ॥ | O friends, O Saints, come to me. \|\|1\|\|Pause\|\| |
| ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ ॥੧॥ | Singing the Glorious Praises of the Lord with pleasure and joy, the sins will be erased and thrown away. \|\|1\|\| |
| ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥ | Touch your forehead to the feet of the Saints, and your dark household shall be illumined. \|\|2\|\| |
| ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥੩॥ | By the Grace of the Saints, the heart-lotus blossoms forth. Vibrate and meditate on the Lord of the Universe, and see Him near at hand. \|\|3\|\| |
| ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥ | By the Grace of God, I have found the Saints. Over and over again, Nanak is a sacrifice to that moment. \|\|4\|\|5\|\|16\|\| |

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਚਰਨ ਸਰਨ ਗੋਪਾਲ ਤੇਰੀ ॥ | I seek the Sanctuary of Your Lotus Feet, O Lord of the World. |
| ਮੋਹ ਮਾਨ ਧੋਹ ਭਰਮ ਰਾਖਿ ਲੀਜੈ ਕਾਟਿ ਬੇਰੀ ॥੧॥ ਰਹਾਉ ॥ | Save me from emotional attachment, pride, deception and doubt; please cut away these ropes which bind me. \|\|1\|\|Pause\|\| |
| ਬੂਡਤ ਸੰਸਾਰ ਸਾਗਰ ॥ | I am drowning in the world-ocean. |
| ਉਧਰੇ ਹਰਿ ਸਿਮਰਿ ਰਤਨਾਗਰ ॥੧॥ | Meditating in remembrance on the Lord, the Source of Jewels, I am saved. \|\|1\|\| |
| ਸੀਤਲਾ ਹਰਿ ਨਾਮੁ ਤੇਰਾ ॥ | Your Name, Lord, is cooling and soothing. |
| ਪੂਰਨੋ ਠਾਕੁਰ ਪ੍ਰਭੁ ਮੇਰਾ ॥੨॥ | God, my Lord and Master, is Perfect. \|\|2\|\| |
| ਦੀਨ ਦਰਦ ਨਿਵਾਰਿ ਤਾਰਨ ॥ | You are the Deliverer, the Destroyer of the sufferings of the meek and the poor. |
| ਹਰਿ ਕ੍ਰਿਪਾ ਨਿਧਿ ਪਤਿਤ ਉਧਾਰਨ ॥੩॥ | The Lord is the Treasure of Mercy, the Saving Grace of sinners. \|\|3\|\| |

| | |
|---|---|
| ਕੋਟਿ ਜਨਮ ਦੂਖ ਕਰਿ ਪਾਇਓ ॥ | I have suffered the pains of millions of incarnations. |
| ਸੁਖੀ ਨਾਨਕ ਗੁਰਿ ਨਾਮੁ ਦ੍ਰਿੜਾਇਓ ॥੪॥੬॥੧੭॥ | Nanak is at peace; the Guru has implanted the Naam, the Name of the Lord, within me. \|\|4\|\|6\|\|17\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ ॥ | Blessed is that love, which is attuned to the Lord's Feet. |
| ਕੋਟਿ ਜਾਪ ਤਾਪ ਸੁਖ ਪਾਏ ਆਇ ਮਿਲੇ ਪੂਰਨ ਬਡਭਾਗੀ ॥੧॥ ਰਹਾਉ ॥ | The peace which comes from millions of chants and deep meditations is obtained by perfect good fortune and destiny. \|\|1\|\|Pause\|\| |
| ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥ | I am Your helpless servant and slave; I have given up all other support. |
| ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥ | Every trace of doubt has been eradicated, remembering God in meditation. I have applied the ointment of spiritual wisdom, and awakened from my sleep. \|\|1\|\| |
| ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ ਪੂਰਨ ਰਤਨਾਗੀ ॥ | You are Unfathomably Great and Utterly Vast, O my Lord and Master, Ocean of Mercy, Source of Jewels. |
| ਨਾਨਕੁ ਜਾਚਕੁ ਹਰਿ ਹਰਿ ਨਾਮੁ ਮਾਂਗੈ ਮਸਤਕੁ ਆਨਿ ਧਰਿਓ ਪ੍ਰਭ ਪਾਗੀ ॥੨॥੭॥੧੮॥ | Nanak, the beggar, begs for the Name of the Lord, Har, Har; he rests his forehead upon God's Feet. \|\|2\|\|7\|\|18\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਕੁਚਿਲ ਕਠੋਰ ਕਪਟ ਕਾਮੀ ॥ | I am filthy, hard-hearted, deceitful and obsessed with sexual desire. |
| ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ ਰਹਾਉ ॥ | Please carry me across, as You wish, O my Lord and Master. \|\|1\|\|Pause\|\| |
| ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ ॥੧॥ | You are All-powerful and Potent to grant Sanctuary. Exerting Your Power, You protect us. \|\|1\|\| |
| ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥ | Chanting and deep meditation, penance and austere self-discipline, fasting and purification - salvation does not come by any of these means. |

| | |
|---|---|
| ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥ | Please lift me up and out of this deep, dark ditch; O God, please bless Nanak with Your Glance of Grace. \|\|2\|\|8\|\|19\|\| |
| ਕਾਨੜਾ ਮਹਲਾ ੫ ਘਰੁ ੪ | Kaanraa, Fifth Mehl, Fourth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਾਰਾਇਨ ਨਰਪਤਿ ਨਮਸਕਾਰੈ ॥ | The one who bows in humble reverence to the Primal Lord, the Lord of all beings |
| ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥ | - I am a sacrifice, a sacrifice to such a Guru; He Himself is liberated, and He carries me across as well. \|\|1\|\|Pause\|\| |
| ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ | Which, which, which of Your Glorious Virtues should I chant? There is no end or limitation to them. |
| ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥ | There are thousands, tens of thousands, hundreds of thousands, many millions of them, but those who contemplate them are very rare. \|\|1\|\| |
| **੧੩੦੨** | 1302 |
| ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥ | I am wonder-struck, wonder-struck, wonder-struck and amazed, dyed in the deep crimson color of my Beloved. |
| ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥ | Says Nanak, the Saints savor this sublime essence, like the mute, who tastes the sweet candy, but only smiles. \|\|2\|\|1\|\|20\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਨ ਜਾਨੀ ਸੰਤਨ ਪ੍ਰਭ ਬਿਨੁ ਆਨ ॥ | The Saints do not know any other except God. |
| ਊਚ ਨੀਚ ਸਭ ਪੇਖਿ ਸਮਾਨੋ ਮੁਖਿ ਬਕਨੋ ਮਨਿ ਮਾਨ ॥੧॥ ਰਹਾਉ ॥ | They look upon all equally, the high and the low; they speak of Him with their mouths, and honor Him in their minds. \|\|1\|\|Pause\|\| |
| ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ ॥ | He is pervading and permeating each and every heart; He is the Ocean of Peace, the Destroyer of fear. He is my praanaa - the Breath of Life. |
| ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥੧॥ | My mind was enlightened, and my doubt was dispelled, when the Guru whispered His Mantra into my ears. \|\|1\|\| |

| | |
|---|---|
| ਕਰਤ ਰਹੇ ਕ੍ਰਤਗ੍ ਕਰੁਣਾ ਮੈ ਅੰਤਰਜਾਮੀ ਗ੍ਯਾਨ ॥ | He is All-powerful, the Ocean of Mercy, the All-knowing Searcher of Hearts. |
| ਆਠ ਪਹਰ ਨਾਨਕ ਜਸੁ ਗਾਵੈ ਮਾਂਗਨ ਕਉ ਹਰਿ ਦਾਨ ॥੨॥੨॥੨੧॥ | Twenty-four hours a day Nanak sings His Praises, and begs for the Gift of the Lord. \|\|2\|\|2\|\|21\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਕਹਨ ਕਹਾਵਨ ਕਉ ਕਈ ਕੇਤੈ ॥ | Many speak and talk about God. |
| ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥ | But one who understands the essence of Yoga - such a humble servant is very rare\|\|1\|\|Pause\|\| |
| ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ | He has no pain - he is totally at peace. With his eyes, he sees only the One Lord. |
| ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ | No one seems evil to him - all are good. There is no defeat - he is totally victorious. \|\|1\|\| |
| ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥ | He is never in sorrow - he is always happy; but he gives this up, and does not take anything. |
| ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥ | Says Nanak, the humble servant of the Lord is himself the Lord, Har, Har; he does not come and go in reincarnation. \|\|2\|\|3\|\|22\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਹੀਏ ਕੋ ਪ੍ਰੀਤਮੁ ਬਿਸਰਿ ਨ ਜਾਇ ॥ | I pray that my heart may never forget my Beloved. |
| ਤਨ ਮਨ ਗਲਤ ਭਏ ਤਿਹ ਸੰਗੇ ਮੋਹਨੀ ਮੋਹਿ ਰਹੀ ਮੋਰੀ ਮਾਇ ॥੧॥ ਰਹਾਉ ॥ | My body and mind are blended with Him, but the Enticer, Maya, is enticing me, O my mother. \|\|1\|\|Pause\|\| |
| ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ ਤੇਊ ਤੇਊ ਗਹੇ ਰਹੇ ਅਟਕਾਇ ॥ | Those unto whom I tell my pain and frustration - they themselves are caught and stuck. |
| ਅਨਿਕ ਭਾਂਤਿ ਕੀ ਏਕੈ ਜਾਲੀ ਤਾ ਕੀ ਗੰਠਿ ਨਹੀ ਛੋਰਾਇ ॥੧॥ | In all sorts of ways, Maya has cast the net; the knots cannot be loosened. \|\|1\|\| |

| | |
|---|---|
| ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥ | Wandering and roaming, slave Nanak has come to the Sanctuary of the Saints. |
| ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ ॥੨॥੪॥੨੩॥ | The bonds of ignorance, doubt, emotional attachment and the love of Maya have been cut; God hugs me close in His Embrace. \|\|2\|\|4\|\|23\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਆਨਦ ਰੰਗ ਬਿਨੋਦ ਹਮਾਰੈ ॥ | My home is filled with ecstasy, pleasure and joy. |
| ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ ॥੧॥ ਰਹਾਉ ॥ | I sing the Naam, and I meditate on the Naam. The Naam is the Support of my breath of life. \|\|1\|\|Pause\|\| |
| ਨਾਮੋ ਗਿਆਨੁ ਨਾਮੁ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥ | The Naam is spiritual wisdom, the Naam is my purifying bath. The Naam resolves all my affairs. |
| ਹਰਿ ਨਾਮੋ ਸੋਭਾ ਨਾਮੁ ਬਡਾਈ ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥੧॥ | The Naam, the Name of the Lord, is glorious grandeur; the Naam is glorious greatness. The Name of the Lord carries me across the terrifying world-ocean. \|\|1\|\| |
| ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ ॥ | The Unfathomable Treasure, the Priceless Gem - I have received it, through the Guru's Feet. |
| ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ ਦਰਸਾਰੈ ॥੨॥੫॥੨੪॥ | Says Nanak, God has become Merciful; my heart is intoxicated by the Blessed Vision of His Darshan. \|\|2\|\|5\|\|24\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਸਾਜਨ ਮੀਤ ਸੁਆਮੀ ਨੇਰੋ ॥ | My Friend, my Best Friend, my Lord and Master, is near. |
| ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ ॥੧॥ ਰਹਾਉ ॥ | He sees and hears everything; He is with everyone. You are here for such short time - why do you do evil? \|\|1\|\|Pause\|\| |
| ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ ॥ | Except for the Naam, whatever you are involved with is nothing - nothing is yours. |
| ਆਗੈ ਦ੍ਰਿਸਟਿ ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ ॥੧॥ | Hereafter, everything is revealed to your gaze; but in this world, all are enticed by the darkness of doubt. \|\|1\|\| |
| ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ ॥ | People are caught in Maya, attached to their children and spouses. They have forgotten the Great and Generous Giver. |

| ੧੩੦੩ | 1303 |
|---|---|
| ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥੨॥੬॥੨੫॥ | Says Nanak, I have one article of faith; my Guru is the One who releases me from bondage. \|\|2\|\|6\|\|25\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਬਿਖੈ ਦਲੁ ਸੰਤਨਿ ਤੁਮ੍ਹ੍ਹਰੈ ਗਾਹਿਓ ॥ | Your Saints have overwhelmed the wicked army of corruption. |
| ਤੁਮਰੀ ਟੇਕ ਭਰੋਸਾ ਠਾਕੁਰ ਸਰਨਿ ਤੁਮ੍ਹ੍ਹਾਰੀ ਆਹਿਓ ॥੧॥ ਰਹਾਉ ॥ | They take Your Support and place their faith in You, O my Lord and Master; they seek Your Sanctuary. \|\|1\|\|Pause\|\| |
| ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ ਮਿਟਾਹਿਓ ॥ | Gazing upon the Blessed Vision of Your Darshan, the terrible sins of countless lifetimes are erased. |
| ਭਇਓ ਪ੍ਰਗਾਸੁ ਅਨਦ ਉਜੀਆਰਾ ਸਹਜਿ ਸਮਾਧਿ ਸਮਾਹਿਓ ॥੧॥ | I am illumined, enlightened and filled with ecstasy. I am intuitively absorbed in Samaadhi. \|\|1\|\| |
| ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ ॥ | Who says that You cannot do everything? You are Infinitely All-powerful. |
| ਕ੍ਰਿਪਾ ਨਿਧਾਨ ਰੰਗ ਰੂਪ ਰਸ ਨਾਮੁ ਨਾਨਕ ਲੈ ਲਾਹਿਓ ॥੨॥੭॥੨੬॥ | O Treasure of Mercy, Nanak savors Your Love and Your Blissful Form, earning the Profit of the Naam, the Name of the Lord. \|\|2\|\|7\|\|26\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਬੂਡਤ ਪ੍ਰਾਨੀ ਹਰਿ ਜਪਿ ਧੀਰੈ ॥ | The drowning mortal is comforted and consoled, meditating on the Lord. |
| ਬਿਨਸੈ ਮੋਹੁ ਭਰਮੁ ਦੁਖੁ ਪੀਰੈ ॥੧॥ ਰਹਾਉ ॥ | He is rid of emotional attachment, doubt, pain and suffering. \|\|1\|\|Pause\|\| |
| ਸਿਮਰਉ ਦਿਨੁ ਰੈਨਿ ਗੁਰ ਕੇ ਚਰਨਾ ॥ | I meditate in remembrance, day and night, on the Guru’s Feet. |
| ਜਤ ਕਤ ਪੇਖਉ ਤੁਮਰੀ ਸਰਨਾ ॥੧॥ | Wherever I look, I see Your Sanctuary. \|\|1\|\| |
| ਸੰਤ ਪ੍ਰਸਾਦਿ ਹਰਿ ਕੇ ਗੁਨ ਗਾਇਆ ॥ | By the Grace of the Saints, I sing the Glorious Praises of the Lord. |
| ਗੁਰ ਭੇਟਤ ਨਾਨਕ ਸੁਖੁ ਪਾਇਆ ॥੨॥੮॥੨੭॥ | Meeting with the Guru, Nanak has found peace. \|\|2\|\|8\|\|27\|\| |

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਸਿਮਰਤ ਨਾਮੁ ਮਨਹਿ ਸੁਖੁ ਪਾਈਐ ॥ | Meditating in remembrance on the Naam, peace of mind is found. |
| ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥੧॥ ਰਹਾਉ ॥ | Meeting the Holy Saint, sing the Praises of the Lord. \|\|1\|\|Pause\|\| |
| ਕਰਿ ਕਿਰਪਾ ਪ੍ਰਭ ਰਿਦੈ ਬਸੇਰੋ ॥ | Granting His Grace, God has come to dwell within my heart. |
| ਚਰਨ ਸੰਤਨ ਕੈ ਮਾਥਾ ਮੇਰੋ ॥੧॥ | I touch my forehead to the feet of the Saints. \|\|1\|\| |
| ਪਾਰਬ੍ਰਹਮ ਕਉ ਸਿਮਰਹੁ ਮਨਾਂ ॥ | Meditate, O my mind, on the Supreme Lord God. |
| ਗੁਰਮੁਖਿ ਨਾਨਕ ਹਰਿ ਜਸੁ ਸੁਨਾਂ ॥੨॥੯॥੨੮॥ | As Gurmukh, Nanak listens to the Praises of the Lord. \|\|2\|\|9\|\|28\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ ॥ | My mind loves to touch the Feet of God. |
| ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥੧॥ ਰਹਾਉ ॥ | My tongue is satisfied with the Food of the Lord, Har, Har. My eyes are contented with the Blessed Vision of God. \|\|1\|\|Pause\|\| |
| ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ ॥ | My ears are filled with the Praise of my Beloved; all my foul sins and faults are erased. |
| ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ ॥੧॥ | My feet follow the Path of Peace to my Lord and Master; my body and limbs joyfully blossom forth in the Society of the Saints. \|\|1\|\| |
| ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥ | I have taken Sanctuary in my Perfect, Eternal, Imperishable Lord. I do not bother trying anything else. |
| ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ ॥੨॥੧੦॥੨੯॥ | Taking them by the hand, O Nanak, God saves His humble servants; they shall not perish in the deep, dark world-ocean. \|\|2\|\|10\|\|29\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ ॥੧॥ ਰਹਾਉ ॥ | Those fools who bellow with rage and destructive deceit, are crushed and killed innumerable times. \|\|1\|\|Pause\|\| |

ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ ॥੧॥

Intoxicated with egotism and imbued with other tastes, I am in love with my evil enemies. My Beloved watches over me as I wander through thousands of incarnations. ||1||

ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ ॥

My dealings are false, and my lifestyle is chaotic. Intoxicated with the wine of emotion, I am burning in the fire of anger.

ਕਰੁਣ ਕ੍ਰਿਪਾਲ ਗੁੋਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ ॥੨॥੧੧॥੩੦॥

O Merciful Lord of the World, Embodiment of Compassion, Relative of the meek and the poor, please save Nanak; I seek Your Sanctuary. ||2||11||30||

ਕਾਨੜਾ ਮਹਲਾ ੫ ॥

Kaanraa, Fifth Mehl:

ਜੀਅ ਪ੍ਰਾਨ ਮਾਨ ਦਾਤਾ ॥

The Giver of the soul, the breath of life and honor

ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥

- forgetting the Lord, all is lost. ||1||Pause||

ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥

You have forsaken the Lord of the Universe, and become attached to another - you are throwing away the Ambrosial Nectar, to take dust.

ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥

What do you expect from corrupt pleasures? You fool! What makes you think that they will bring peace? ||1||

**੧੩੦੪**

**1304**

ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥

Engrossed in unfulfilled sexual desire, unresolved anger and greed, you shall be consigned to reincarnation.

ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥

But I have entered the Sanctuary of the Purifier of sinners. O Nanak, I know that I shall be saved. ||2||12||31||

ਕਾਨੜਾ ਮਹਲਾ ੫ ॥

Kaanraa, Fifth Mehl:

ਅਵਿਲੋਕਉ ਰਾਮ ਕੋ ਮੁਖਾਰਬਿੰਦ ॥

I gaze on the Lotus-like Face of the Lord.

ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥੧॥ ਰਹਾਉ ॥

Searching and seeking, I have found the Jewel. I am totally rid of all anxiety. ||1||Pause||

ਚਰਨ ਕਮਲ ਰਿਦੈ ਧਾਰਿ ॥

Enshrining His Lotus Feet within my heart,

ਉਤਰਿਆ ਦੁਖੁ ਮੰਦ ॥੧॥

pain and wickedness have been dispelled. ||1||

| | |
|---|---|
| ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥ | The Lord of all the Universe is my kingdom, wealth and family. |
| ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥ | In the Saadh Sangat, the Company of the Holy, Nanak has earned the Profit; he shall never die again. \|\|2\|\|13\|\|32\|\| |
| ਕਾਨੜਾ ਮਹਲਾ ੫ ਘਰੁ ੫ | Kaanraa, Fifth Mehl, Fifth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪ੍ਰਭ ਪੂਜਹੋ ਨਾਮੁ ਅਰਾਧਿ ॥ | Worship God, and adore His Name. |
| ਗੁਰ ਸਤਿਗੁਰ ਚਰਨੀ ਲਾਗਿ ॥ | Grasp the Feet of the Guru, the True Guru. |
| ਹਰਿ ਪਾਵਹੁ ਮਨੁ ਅਗਾਧਿ ॥ | The Unfathomable Lord shall come into your mind, |
| ਜਗੁ ਜੀਤੋ ਹੋ ਹੋ ਗੁਰ ਕਿਰਪਾਧਿ ॥੧॥ ਰਹਾਉ ॥ | and by Guru's Grace, you shall be victorious in this world. \|\|1\|\|Pause\|\| |
| ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥ | I have studied countless ways of worship in all sorts of ways, but that alone is worship, which is pleasing to the Lord's Will. |
| ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥ | This body-puppet is made of clay - what can it do by itself? |
| ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ ॥੧॥ | O God, those humble beings meet You, whom You grasp by the arm, and place on the Path. \|\|1\|\| |
| ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ ॥ | I do not know of any other support; O Lord, You are my only Hope and Support. |
| ਕਿਆ ਦੀਨੁ ਕਰੇ ਅਰਦਾਸਿ ॥ | I am meek and poor - what prayer can I offer? |
| ਜਉ ਸਭ ਘਟਿ ਪ੍ਰਭੂ ਨਿਵਾਸ ॥ | God abides in every heart. |
| ਪ੍ਰਭ ਚਰਨਨ ਕੀ ਮਨਿ ਪਿਆਸ ॥ | My mind is thirsty for the Feet of God. |
| ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਹਰਾ ਹਉ ਬਲਿ ਬਲਿ ਸਦ ਬਲਿ ਜਾਸ ॥੨॥੧॥੩੩॥ | Servant Nanak, Your slave, speaks: I am a sacrifice, a sacrifice, forever a sacrifice to You. \|\|2\|\|1\|\|33\|\| |
| ਕਾਨੜਾ ਮਹਲਾ ੫ ਘਰੁ ੬ | Kaanraa, Fifth Mehl, Sixth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਗਤ ਉਧਾਰਨ ਨਾਮ ਪ੍ਰਿਅ ਤੇਰੈ ॥ | Your Name, O my Beloved, is the Saving Grace of the world. |

| | |
|---|---|
| ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ ॥ | The Lord's Name is the wealth of the nine treasures. |
| ਹਰਿ ਰੰਗ ਰੰਗ ਰੰਗ ਅਨੂਪੇਰੈ ॥ | One who is imbued with the Love of the Incomparably Beautiful Lord is joyful. |
| ਕਾਹੇ ਰੇ ਮਨ ਮੋਹਿ ਮਗਨੇਰੈ ॥ | O mind, why do you cling to emotional attachments? |
| ਨੈਨਹੁ ਦੇਖੁ ਸਾਧ ਦਰਸੇਰੈ ॥ | With your eyes, gaze upon the Blessed Vision, the Darshan of the Holy. |
| ਸੋ ਪਾਵੈ ਜਿਸੁ ਲਿਖਤੁ ਲਿਲੇਰੈ ॥੧॥ ਰਹਾਉ ॥ | They alone find it, who have such destiny inscribed upon their foreheads. \|\|1\|\|Pause\|\| |
| ਸੇਵਉ ਸਾਧ ਸੰਤ ਚਰਨੇਰੈ ॥ | I serve at the feet of the Holy Saints. |
| ਬਾਂਛਉ ਧੂਰਿ ਪਵਿਤ੍ਰ ਕਰੇਰੈ ॥ | I long for the dust of their feet, which purifies and sanctifies. |
| ਅਠਸਠਿ ਮਜਨੁ ਮੈਲੁ ਕਟੇਰੈ ॥ | Just like the sixty-eight sacred shrines of pilgrimage, it washes away filth and pollution. |
| ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ ॥ | With each and every breath I meditate on Him, and never turn my face away. |
| ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ | Of your thousands and millions, nothing shall go along with you. |
| ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥੧॥ | Only the Name of God will call to you in the end. \|\|1\|\| |
| ਮਨਸਾ ਮਾਨਿ ਏਕ ਨਿਰੰਕੇਰੈ ॥ | Let it be your wish to honor and obey the One Formless Lord. |
| ਸਗਲ ਤਿਆਗਹੁ ਭਾਉ ਦੂਜੇਰੈ ॥ | Abandon the love of everything else. |
| ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥ | What Glorious Praises of Yours can I utter, O my Beloved? |
| ਬਰਨਿ ਨ ਸਾਕਉ ਏਕ ਟੁਲੇਰੈ ॥ | I cannot describe even one of Your Virtues. |
| ਦਰਸਨ ਪਿਆਸ ਬਹੁਤੁ ਮਨਿ ਮੇਰੈ ॥ | My mind is so thirsty for the Blessed Vision of His Darshan. |
| ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥੨॥੧॥੩੪॥ | Please come and meet Nanak, O Divine Guru of the World. \|\|2\|\|1\|\|34\|\| |

## ੧੩੦੫ — 1305

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਐਸੀ ਕਉਨ ਬਿਧੇ ਦਰਸਨ ਪਰਸਨਾ ॥੧॥ ਰਹਾਉ ॥ | How may I obtain the Blessed Vision of Your Darshan? \|\|1\|\|Pause\|\| |

| | |
|---|---|
| ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥੧॥ | I hope and thirst for Your wish-fulfilling image; my heart yearns and longs for You. \|\|1\|\| |
| ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥ | The meek and humble Saints are like thirsty fish; the Saints of the Lord are absorbed in Him. |
| ਹਰਿ ਸੰਤਨਾ ਕੀ ਰੇਨ ॥ | I am the dust of the feet of the Lord's Saints. |
| ਹੀਉ ਅਰਪਿ ਦੇਨ ॥ | I dedicate my heart to them. |
| ਪ੍ਰਭ ਭਏ ਹੈ ਕਿਰਪੇਨ ॥ | God has become Merciful to me. |
| ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥੨॥੨॥੩੫॥ | Renouncing pride and leaving behind emotional attachment, O Nanak, one meets with the Dear Lord. \|\|2\|\|2\|\|35\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਰੰਗਾ ਰੰਗ ਰੰਗਨ ਕੇ ਰੰਗਾ ॥ | The Playful Lord imbues all with the Color of His Love. |
| ਕੀਟ ਹਸਤ ਪੂਰਨ ਸਭ ਸੰਗਾ ॥੧॥ ਰਹਾਉ ॥ | From the ant to the elephant, He is permeating and pervading all. \|\|1\|\|Pause\|\| |
| ਬਰਤ ਨੇਮ ਤੀਰਥ ਸਹਿਤ ਗੰਗਾ ॥ | Some go on fasts, make vows, and take pilgrimages to sacred shrines on the Ganges. |
| ਜਲੁ ਹੇਵਤ ਭੂਖ ਅਰੁ ਨੰਗਾ ॥ | They stand naked in the water, enduring hunger and poverty. |
| ਪੂਜਾਚਾਰ ਕਰਤ ਮੇਲੰਗਾ ॥ | They sit cross-legged, perform worship services and do good deeds. |
| ਚਕ੍ਰ ਕਰਮ ਤਿਲਕ ਖਾਟੰਗਾ ॥ | They apply religious symbols to their bodies, and ceremonial marks to their limbs. |
| ਦਰਸਨੁ ਭੇਟੇ ਬਿਨੁ ਸਤਸੰਗਾ ॥੧॥ | They read through the Shaastras, but they do not join the Sat Sangat, the True Congregation. \|\|1\|\| |
| ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ | They stubbornly practice ritualistic postures, standing on their heads. |
| ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥ | They are afflicted with the disease of egotism, and their faults are not covered up. |
| ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ | They burn in the fire of sexual frustration, unresolved anger and compulsive desire. |
| ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥ | He alone is liberated, O Nanak, whose True Guru is Good. \|\|2\|\|3\|\|36\|\| |

| | |
|---|---|
| ਕਾਨੜਾ ਮਹਲਾ ੫ ਘਰੁ ੭ | Kaanraa, Fifth Mehl, Seventh House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥ | My thirst has been quenched, meeting with the Holy. |
| ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥ | The five thieves have run away, and I am in peace and poise; singing, singing, singing the Glorious Praises of the Lord, I obtain the Blessed Vision of my Beloved. \|\|1\|\|Pause\|\| |
| ਜੈਸੀ ਕਰੀ ਪ੍ਰਭ ਮੋ ਸਿਉ ਮੋ ਸਿਉ ਐਸੀ ਹਉ ਕੈਸੇ ਕਰਉ ॥ | That which God has done for me - how can I do that for Him in return? |
| ਹੀਉ ਤੁਮ੍ਹਾਰੇ ਬਲਿ ਬਲੇ ਬਲਿ ਬਲੇ ਬਲਿ ਗਈ ॥੧॥ | I make my heart a sacrifice, a sacrifice, a sacrifice, a sacrifice, a sacrifice to You. \|\|1\|\| |
| ਪਹਿਲੇ ਪੈ ਸੰਤ ਪਾਇ ਧਿਆਇ ਧਿਆਇ ਪ੍ਰੀਤਿ ਲਾਇ ॥ | First, I fall at the feet of the Saints; I meditate, meditate, lovingly attuned to You. |
| ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ ॥ | O God, where is that Place, where You contemplate all Your beings? |
| ਅਨਿਕ ਦਾਸ ਕੀਰਤਿ ਕਰਹਿ ਤੁਹਾਰੀ ॥ | Countless slaves sing Your Praises. |
| ਸੋਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ ॥ | He alone meets You, who is pleasing to Your Will. Servant Nanak remains absorbed in his Lord and Master. |
| ਏਕ ਤੂਹੀ ਤੂਹੀ ਤੂਹੀ ॥੨॥੧॥੩੭॥ | You, You, You alone, Lord. \|\|2\|\|1\|\|37\|\| |
| ਕਾਨੜਾ ਮਹਲਾ ੫ ਘਰੁ ੮ | Kaanraa, Fifth Mehl, Eighth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ ॥੧॥ ਰਹਾਉ ॥ | Give up your pride and your self-conceit; the Loving, Merciful Lord is watching over all. O mind, become the dust of His Feet. \|\|1\|\|Pause\|\| |
| ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥ | Through the Mantra of the Lord's Saints, experience the spiritual wisdom and meditation of the Lord of the World. \|\|1\|\| |

| | |
|---|---|
| ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ | Within your heart, sing the Praises of the Lord of the Universe, and be lovingly attuned to His Lotus Feet. He is the Fascinating Lord, Merciful to the meek and the humble. |
| ਕ੍ਰਿਪਾਲ ਦਇਆ ਮਇਆ ਧਾਰਿ ॥ | O Merciful Lord, please bless me with Your Kindness and Compassion. |
| ਨਾਨਕੁ ਮਾਗੈ ਨਾਮੁ ਦਾਨੁ ॥ | Nanak begs for the Gift of the Naam, the Name of the Lord. |
| ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥ | I have abandoned emotional attachment, doubt and all egotistical pride. \|\|2\|\|1\|\|38\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥੧॥ ਰਹਾਉ ॥ | Speaking of God, filth and pollution are burnt away; This comes by meeting with the Guru, and not by any other efforts. \|\|1\|\|Pause\|\| |
| **੧੩੦੬** | 1306 |
| ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥ | Making pilgrimages to sacred rivers, observing the six rituals, wearing matted and tangled hair, performing fire sacrifices and carrying ceremonial walking sticks - none of these are of any use. \|\|1\|\| |
| ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥ | All sorts of efforts, austerities, wanderings and various speeches - none of these will lead you to find the Lord's Place. |
| ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥੨॥੨॥੩੯॥ | I have considered all considerations, O Nanak, but peace comes only by vibrating and meditating on the Name. \|\|2\|\|2\|\|39\|\| |
| ਕਾਨੜਾ ਮਹਲਾ ੫ ਘਰੁ ੯ | Kaanraa, Fifth Mehl, Ninth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪਤਿਤ ਪਾਵਨੁ ਭਗਤਿ ਬਛਲੁ ਭੈ ਹਰਨ ਤਾਰਨ ਤਰਨ ॥੧॥ ਰਹਾਉ ॥ | The Purifier of sinners, the Lover of His devotees, the Destroyer of fear - He carries us across to the other side. \|\|1\|\|Pause\|\| |
| ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ ॥੧॥ | My eyes are satisfied, gazing upon the Blessed Vision of His Darshan; my ears are satisfied, hearing His Praise. \|\|1\|\| |

| | |
|---|---|
| ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ ॥ | He is the Master of the praanaa, the breath of life; He is the Giver of Support to the unsupported. I am meek and poor - I seek the Sanctuary of the Lord of the Universe. |
| ਆਸ ਪੂਰਨ ਦੁਖ ਬਿਨਾਸਨ ਗਹੀ ਓਟ ਨਾਨਕ ਹਰਿ ਚਰਨ ॥੨॥੧॥੪੦॥ | He is the Fulfiller of hope, the Destroyer of pain. Nanak grasps the Support of the Feet of the Lord. ‖2‖1‖40‖ |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ ॥ | I seek the Sanctuary of the Feet of my Merciful Lord and Master; I do not go anywhere else. |
| ਪਤਿਤ ਪਾਵਨ ਬਿਰਦੁ ਸੁਆਮੀ ਉਧਰਤੇ ਹਰਿ ਧਿਆਇ ॥੧॥ ਰਹਾਉ ॥ | It is the Inherent Nature of our Lord and Master to purify sinners. Those who meditate on the Lord are saved. ‖1‖Pause‖ |
| ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥ | The world is a swamp of wickedness and corruption. The blind sinner has fallen into the ocean of emotional attachment and pride, |
| ਬਿਕਲ ਮਾਇਆ ਸੰਗਿ ਧੰਧ ॥ | bewildered by the entanglements of Maya. |
| ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥੧॥ | God Himself has taken me by the hand and lifted me up and out of it; save me, O Sovereign Lord of the Universe. ‖1‖ |
| ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ ॥ | He is the Master of the masterless, the Supporting Lord of the Saints, the Neutralizer of millions of sins. |
| ਮਨਿ ਦਰਸਨੈ ਕੀ ਪਿਆਸ ॥ | My mind thirsts for the Blessed Vision of His Darshan. |
| ਪ੍ਰਭ ਪੂਰਨ ਗੁਨਤਾਸ ॥ | God is the Perfect Treasure of Virtue. |
| ਕ੍ਰਿਪਾਲ ਦਇਆਲ ਗੁਪਾਲ ਨਾਨਕ ਹਰਿ ਰਸਨਾ ਗੁਨ ਗਾਇ ॥੨॥੨॥੪੧॥ | O Nanak, sing and savor the Glorious Praises of the Lord, the Kind and Compassionate Lord of the World. ‖2‖2‖41‖ |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਵਾਰਿ ਵਾਰਉ ਅਨਿਕ ਡਾਰਉ ॥ | Countless times, I am a sacrifice, a sacrifice |
| ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥੧॥ ਰਹਾਉ ॥ | to that moment of peace, on that night when I was joined with my Beloved. ‖1‖Pause‖ |
| ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥ | Mansions of gold, and beds of silk sheets - O sisters, I have no love for these. ‖1‖ |

ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥

Pearls, jewels and countless pleasures, O Nanak, are useless and destructive without the Naam, the Name of the Lord.

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥

Even with only dry crusts of bread, and a hard floor on which to sleep, my life passes in peace and pleasure with my Beloved, O sisters. ||2||3||42||

ਕਾਨੜਾ ਮਹਲਾ ੫ ॥

Kaanraa, Fifth Mehl:

ਅਹੰ ਤੋਰੋ ਮੁਖੁ ਜੋਰੋ ॥

Give up your ego, and turn your face to God.

ਗੁਰੁ ਗੁਰੁ ਕਰਤ ਮਨੁ ਲੋਰੋ ॥

Let your yearning mind call out, "Guru, Guru".

ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ ਰਹਾਉ ॥

My Beloved is the Lover of Love. ||1||Pause||

ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥

The bed of your household shall be cozy, and your courtyard shall be comfortable; shatter and break the bonds which tie you to the five thieves. ||1||

ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥

You shall not come and go in reincarnation; you shall dwell in your own home deep within, and your inverted heart-lotus shall blossom forth.

ਛੁਟਕੀ ਹਉਮੈ ਸੋਰੋ ॥

The turmoil of egotism shall be silenced.

ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥

Nanak sings - he sings the Praises of God, the Ocean of Virtue. ||2||4||43||

ਕਾਨੜਾ ਮਃ ੫ ਘਰੁ ੯ ॥

Kaanraa, Fifth Mehl, Ninth House:

ਤਾਂ ਤੇ ਜਾਪਿ ਮਨਾ ਹਰਿ ਜਾਪਿ ॥

This is why you should chant and meditate on the Lord, O mind.

ਜੋ ਸੰਤ ਬੇਦ ਕਹਤ ਪੰਥੁ ਗਾਖਰੋ ਮੋਹ ਮਗਨ ਅਹੰ ਤਾਪ ॥ ਰਹਾਉ ॥

The Vedas and the Saints say that the path is treacherous and difficult. You are intoxicated with emotional attachment and the fever of egotism. ||Pause||

ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ ॥੧॥

Those who are imbued and intoxicated with the wretched Maya, suffer the pains of emotional attachment. ||1||

ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ ॥

That humble being is saved, who chants the Naam; You Yourself save him.

ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥੨॥੫॥੪੪॥

Emotional attachment, fear and doubt are dispelled, O Nanak, by the Grace of the Saints. ||2||5||44||

| ੧੩੦੭ | 1307 |
| --- | --- |
| ਕਾਨੜਾ ਮਹਲਾ ੫ ਘਰੁ ੧੦ | Kaanraa, Fifth Mehl, Tenth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥ | Give me that blessing, O Dear Saints, for which my soul would be a sacrifice. |
| ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥ | Enticed by pride, entrapped and plundered by the five thieves, still, you live near them. I have come to the Sanctuary of the Holy, and I have been rescued from my association with those demons. \|\|1\|\|Pause\|\| |
| ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥ | I wandered through millions of lifetimes and incarnations. I am so very tired - I have fallen at God's Door. \|\|1\|\| |
| ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥ | The Lord of the Universe has become Kind to me; He has blessed me with the Support of the Naam. |
| ਦੁਲਭ ਜਨਮੁ ਸਫਲੁ ਨਾਨਕ ਭਵ ਉਤਾਰਿ ਪਾਰਿ ॥੨॥੧॥੪੫॥ | This precious human life has become fruitful and prosperous; O Nanak, I am carried across the terrifying world-ocean. \|\|2\|\|1\|\|45\|\| |
| ਕਾਨੜਾ ਮਹਲਾ ੫ ਘਰੁ ੧੧ | Kaanraa, Fifth Mehl, Eleventh House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਹਜ ਸੁਭਾਏ ਆਪਨ ਆਏ ॥ | He Himself has come to me, in His Natural Way. |
| ਕਛੂ ਨ ਜਾਨੌ ਕਛੂ ਦਿਖਾਏ ॥ | I know nothing, and I show nothing. |
| ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥੧॥ ਰਹਾਉ ॥ | I have met God through innocent faith, and He has blessed me with peace. \|\|1\|\|Pause\|\| |
| ਸੰਜੋਗਿ ਮਿਲਾਏ ਸਾਧ ਸੰਗਾਏ ॥ | By the good fortune of my destiny, I have joined the Saadh Sangat, the Company of the Holy. |
| ਕਤਹੂ ਨ ਜਾਏ ਘਰਹਿ ਬਸਾਏ ॥ | I do not go out anywhere; I dwell in my own home. |
| ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥੧॥ | God, the Treasure of Virtue, has been revealed in this body-robe. \|\|1\|\| |
| ਚਰਨ ਲੁਭਾਏ ਆਨ ਤਜਾਏ ॥ | I have fallen in love with His Feet; I have abandoned everything else. |
| ਥਾਨ ਥਨਾਏ ਸਰਬ ਸਮਾਏ ॥ | In the places and interspaces, He is All-pervading. |

| | |
|---|---|
| ਰਸਕਿ ਰਸਕਿ ਨਾਨਕੁ ਗੁਨ ਬੋਲੈ ॥੨॥੧॥੪੬॥ | With loving joy and excitement, Nanak speaks His Praises. \|\|2\|\|1\|\|46\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਗੋਬਿੰਦ ਠਾਕੁਰ ਮਿਲਨ ਦੁਰਾਈਂ ॥ | It is so hard to meet the Lord of the Universe, my Lord and Master. |
| ਪਰਮਿਤਿ ਰੂਪੁ ਅਗੰਮ ਅਗੋਚਰ ਰਹਿਓ ਸਰਬ ਸਮਾਈ ॥੧॥ ਰਹਾਉ ॥ | His Form is Immeasurable, Inaccessible and Unfathomable; He is All-pervading everywhere. \|\|1\|\|Pause\|\| |
| ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ ॥੧॥ | By speaking and wandering, nothing is gained; nothing is obtained by clever tricks and devices. \|\|1\|\| |
| ਜਤਨ ਜਤਨ ਅਨਿਕ ਉਪਾਵ ਰੇ ਤਉ ਮਿਲਿਓ ਜਉ ਕਿਰਪਾਈ ॥ | People try all sorts of things, but the Lord is only met when He shows His Mercy. |
| ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾ ਨਿਧਿ ਜਨ ਨਾਨਕ ਸੰਤ ਰੇਨਾਈ ॥੨॥੨॥੪੭॥ | God is Kind and Compassionate, the Treasure of Mercy; servant Nanak is the dust of the feet of the Saints. \|\|2\|\|2\|\|47\|\| |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਮਾਈ ਸਿਮਰਤ ਰਾਮ ਰਾਮ ਰਾਮ ॥ | O mother, I meditate on the Lord, Raam, Raam, Raam. |
| ਪ੍ਰਭ ਬਿਨਾ ਨਾਹੀ ਹੋਰੁ ॥ | Without God, there is no other at all. |
| ਚਿਤਵਉ ਚਰਨਾਰਬਿੰਦ ਸਾਸਨ ਨਿਸਿ ਭੋਰ ॥੧॥ ਰਹਾਉ ॥ | I remember His Lotus Feet with every breath, night and day. \|\|1\|\|Pause\|\| |
| ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ ॥ | He loves me and makes me His Own; my union with Him shall never be broken. |
| ਪ੍ਰਾਨ ਮਨੁ ਧਨੁ ਸਰਬਸੋੁ ਹਰਿ ਗੁਨ ਨਿਧੇ ਸੁਖ ਮੋਰ ॥੧॥ | He is my breath of life, mind, wealth and everything. The Lord is the Treasure of Virtue and Peace. \|\|1\|\| |
| ਈਤ ਊਤ ਰਾਮ ਪੂਰਨੁ ਨਿਰਖਤ ਰਿਦ ਖੋਰਿ ॥ | Here and hereafter, the Lord is perfectly pervading; He is seen deep within the heart. |
| ਸੰਤ ਸਰਨ ਤਰਨ ਨਾਨਕ ਬਿਨਸਿਓ ਦੁਖੁ ਘੋਰ ॥੨॥੩॥੪੮॥ | In the Sanctuary of the Saints, I am carried across; O Nanak, the terrible pain has been taken away. \|\|2\|\|3\|\|48\|\| |

| | |
|---|---|
| ਕਾਨੜਾ ਮਹਲਾ ੫ ॥ | Kaanraa, Fifth Mehl: |
| ਜਨ ਕੋ ਪ੍ਰਭੁ ਸੰਗੇ ਅਸਨੇਹੁ ॥ | God's humble servant is in love with Him. |
| ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥ | You are my Friend, my very best Friend; everything is in Your Home. ‖1‖Pause‖ |
| ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧॥ | I beg for honor, I beg for strength; please bless me with wealth, property and children. ‖1‖ |
| ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥ | You are the Technology of liberation, the Way to worldly success, the Perfect Lord of Supreme Bliss, the Transcendent Treasure. |
| **੧੩੦੮** | 1308 |
| ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥੨॥੪॥੪੯॥ | In the Fear of God and loving devotion, Nanak is exalted and enraptured, forever and ever a sacrifice to Him. ‖2‖4‖49‖ |
| ਕਾਨੜਾ ਮਹਲਾ ੫ ॥ | Kaanraa, Fifth Mehl: |
| ਕਰਤ ਕਰਤ ਚਰਚ ਚਰਚ ਚਰਚਰੀ ॥ | The debaters debate and argue their arguments. |
| ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ ਰਹਾਉ ॥ | The Yogis and meditators, religious and spiritual teachers roam and ramble, wandering endlessly all over the earth. ‖1‖Pause‖ |
| ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥ | They are egotistical, self-centered and conceited, foolish, stupid, idiotic and insane. |
| ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥ | Wherever they go and wander, death is always with them, forever and ever and ever and ever. ‖1‖ |
| ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥ | Give up your pride and stubborn self-conceit; death, yes, death, is always close and near at hand. |
| ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥੧੨॥੬੨॥ | Vibrate and meditate on the Lord, Har, Haray, Haray. Says Nanak, listen you fool: without vibrating, and meditating, and dwelling on Him, your life is uselessly wasting away. ‖2‖5‖50‖12‖62‖ |

| | |
|---|---|
| ਕਾਨੜਾ ਅਸਟਪਦੀਆ ਮਹਲਾ ੪ ਘਰੁ ੧ | Kaanraa, Ashtapadees, Fourth Mehl, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ | Chant the Name of the Lord, O mind, and find peace. |
| ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ ॥ | The more you chant and meditate, the more you will be at peace; serve the True Guru, and merge in the Lord. \|\|1\|\|Pause\|\| |
| ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥ | Each and every instant, the humble devotees long for Him; chanting the Naam, they find peace. |
| ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥ | The taste of other pleasures is totally eradicated; nothing pleases them, except the Name. \|\|1\|\| |
| ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥ | Following the Guru's Teachings, the Lord seems sweet to them; the Guru inspires them to speak sweet words. |
| ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥ | Through the Word of the True Guru's Bani, the Primal Lord God is revealed; so focus your consciousness on His Bani. \|\|2\|\| |
| ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥ | Hearing the Word of the Guru's Bani, my mind has been softened and saturated with it; my mind has returned to its own home deep within. |
| ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥ | The Unstruck Melody resonates and resounds there continuously; the stream of nectar trickles down constantly. \|\|3\|\| |
| ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥ | Singing the Name of the One Lord each and every instant, and following the Guru's Teachings, the mind is absorbed in the Naam. |
| ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥ | Listening to the Naam, the mind is pleased with the Naam, and satisfied with the Naam. \|\|4\|\| |
| ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥ | People wear lots of bracelets, glittering with gold; they wear all sorts of fine clothes. |
| ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥ | But without the Naam, they are all bland and insipid. They are born, only to die again, in the cycle of reincarnation. \|\|5\|\| |
| ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥ | The veil of Maya is a thick and heavy veil, a whirlpool which destroys one's home. |

ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥

Sins and corrupt vices are totally heavy, like rusted slag. They will not let you cross over the poisonous and treacherous world-ocean. ||6||

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥

Let the Fear of God and neutral detachment be the boat; the Guru is the Boatman, who carries us across in the Word of the Shabad.

ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥

Meeting with the Lord, the Name of the Lord, merge in the Lord, the Name of the Lord. ||7||

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

Attached to ignorance, people are falling asleep; attached to the Guru's spiritual wisdom, they awaken.

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥

O Nanak, by His Will, He makes us walk as He pleases. ||8||1||

ਕਾਨੜਾ ਮਹਲਾ ੪ ॥

Kaanraa, Fourth Mehl:

ਜਪਿ ਮਨ ਹਰਿ ਹਰਿ ਨਾਮੁ ਤਰਾਵੈਗੋ ॥

O mind, chant the Name of the Lord, Har, Har, and be carried across.

ਜੋ ਜੋ ਜਪੈ ਸੋਈ ਗਤਿ ਪਾਵੈ ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ ॥੧॥ ਰਹਾਉ ॥

Whoever chants and meditates on it is emancipated. Like Dhroo and Prahlaad, they merge in the Lord. ||1||Pause||

## ੧੩੦੯

## 1309

ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈਗੋ ॥

Mercy, mercy, mercy - O Dear Lord, please shower Your Mercy on me, and attach me to Your Name.

ਕਰਿ ਕਿਰਪਾ ਸਤਿਗੁਰੂ ਮਿਲਾਵਹੁ ਮਿਲਿ ਸਤਿਗੁਰ ਨਾਮੁ ਧਿਆਵੈਗੋ ॥੧॥

Please be Merciful, and lead me to meet the True Guru; meeting the True Guru, I meditate on the Naam, the Name of the Lord. ||1||

ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥

The filth of egotism from countless incarnations sticks to me; joining the Sangat, the Holy Congregation, this filth is washed away.

ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ ॥੨॥

As iron is carried across if it is attached to wood, one who is attached to the Word of the Guru's Shabad finds the Lord. ||2||

ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥

Joining the Society of the Saints, joining the Sat Sangat, the True Congregation, you shall come to receive the Sublime Essence of the Lord.

| | |
|---|---|
| ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥੩॥ | But not joining the Sangat, and committing actions in egotistical pride, is like drawing out clean water, and throwing it in the mud. ‖3‖ |
| ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸੁ ਮੀਠ ਲਗਾਵੈਗੋ ॥ | The Lord is the Protector and Saving Grace of His humble devotees. The Lord's Sublime Essence seems so sweet to these humble beings. |
| ਖਿਨੁ ਖਿਨੁ ਨਾਮੁ ਦੇਇ ਵਡਿਆਈ ਸਤਿਗੁਰ ਉਪਦੇਸਿ ਸਮਾਵੈਗੋ ॥੪॥ | Each and every instant, they are blessed with the Glorious Greatness of the Naam; through the Teachings of the True Guru, they are absorbed in Him. ‖4‖ |
| ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥ | Bow forever in deep respect to the humble devotees; if you bow to those humble beings, you shall obtain the fruit of virtue. |
| ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥੫॥ | Those wicked enemies who slander the devotees are destroyed, like Harnaakhash. ‖5‖ |
| ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥ | Brahma, the son of the lotus, and Vyaas, the son of the fish, practiced austere penance and were worshipped. |
| ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥੬॥ | Whoever is a devotee - worship and adore that person. Get rid of your doubts and superstitions. ‖6‖ |
| ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥ | Do not be fooled by appearances of high and low social class. Suk Dayv bowed at the feet of Janak, and meditated. |
| ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥ | Even though Janak threw his left-overs and garbage on Suk Dayv's head, his mind did not waver, even for an instant. ‖7‖ |
| ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥ | Janak sat upon his regal throne, and applied the dust of the nine sages to his forehead. |
| ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈਗੋ ॥੮॥੨॥ | Please shower Nanak with your Mercy, O my Lord and Master; make him the slave of Your slaves. ‖8‖2‖ |
| ਕਾਨੜਾ ਮਹਲਾ ੪ ॥ | Kaanraa, Fourth Mehl: |
| ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥ | O mind, follow the Guru's Teachings, and joyfully sing God's Praises. |

| | |
|---|---|
| ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥੧॥ ਰਹਾਉ ॥ | If my one tongue became hundreds of thousands and millions, I would meditate on Him millions and millions of times. \|\|1\|\|Pause\|\| |
| ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥ | The serpent king chants and meditates on the Lord with his thousands of heads, but even by these chants, he cannot find the Lord's limits. |
| ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥ | You are Utterly Unfathomable, Inaccessible and Infinite. Through the Wisdom of the Guru's Teachings, the mind becomes steady and balanced. \|\|1\|\| |
| ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥ | Those humble beings who meditate on You are noble and exalted. Meditating on the Lord, they are at peace. |
| ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥ | Bidur, the son of a slave-girl, was an untouchable, but Krishna hugged him close in His Embrace. \|\|2\|\| |
| ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥ | Wood is produced from water, but by holding onto wood, one is saved from drowning. |
| ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ ॥੩॥ | The Lord Himself embellishes and exalts His humble servants; He confirms His Innate Nature. \|\|3\|\| |
| ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥ | I am like a stone, or a piece of iron, heavy stone and iron; in the Boat of the Guru's Congregation, I am carried across, |
| ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥੪॥ | like Kabeer the weaver, who was saved in the Sat Sangat, the True Congregation. He became pleasing to the minds of the humble Saints. \|\|4\|\| |
| ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ | Standing up, sitting down, rising up and walking on the path, I meditate. |
| ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥ | The True Guru is the Word, and the Word is the True Guru, who teaches the Path of Liberation. \|\|5\|\| |
| ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ | By His Training, I find strength with each and every breath; now that I am trained and tamed, I meditate on the Naam, the Name of the Lord. |
| ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥ | By Guru's Grace, egotism is extinguished, and then, through the Guru's Teachings, I merge in the Naam. \|\|6\|\| |

| ੧੩੧੦ | 1310 |
|---|---|
| ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥ | The True Guru is the Giver of the life of the soul, but the unfortunate ones do not love Him. |
| ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥ | This opportunity shall not come into their hands again; in the end, they will suffer in torment and regret. \|\|7\|\| |
| ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥ | If a good person seeks goodness for himself, he should bow low in humble surrender to the Guru. |
| ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥ | Nanak prays: please show kindness and compassion to me, O my Lord and Master, that I may apply the dust of the True Guru to my forehead. \|\|8\|\|3\|\| |
| ਕਾਨੜਾ ਮਹਲਾ ੪ ॥ | Kaanraa, Fourth Mehl: |
| ਮਨੁ ਹਰਿ ਰੰਗਿ ਰਾਤਾ ਗਾਵੈਗੋ ॥ | O mind, be attuned to His Love, and sing. |
| ਭੈ ਭੈ ਤ੍ਰਾਸ ਭਏ ਹੈ ਨਿਰਮਲ ਗੁਰਮਤਿ ਲਾਗਿ ਲਗਾਵੈਗੋ ॥੧॥ ਰਹਾਉ ॥ | The Fear of God makes me fearless and immaculate; I am dyed in the color of the Guru's Teachings. \|\|1\|\|Pause\|\| |
| ਹਰਿ ਰੰਗਿ ਰਾਤਾ ਸਦ ਬੈਰਾਗੀ ਹਰਿ ਨਿਕਟਿ ਤਿਨਾ ਘਰਿ ਆਵੈਗੋ ॥ | Those who are attuned to the Lord's Love remain balanced and detached forever; they live near the Lord, who comes into their house. |
| ਤਿਨ ਕੀ ਪੰਕ ਮਿਲੈ ਤਾਂ ਜੀਵਾ ਕਰਿ ਕਿਰਪਾ ਆਪਿ ਦਿਵਾਵੈਗੋ ॥੧॥ | If I am blessed with the dust of their feet, then I live. Granting His Grace, He Himself bestows it. \|\|1\|\| |
| ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥ | Mortal beings are attached to greed and duality. Their minds are unripe and unfit, and will not accept the Dye of His Love. |
| ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥ | But their lives are transformed through the Word of the Guru's Teachings. Meeting with the Guru, the Primal Being, they are dyed in the color of His Love. \|\|2\|\| |
| ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥ | There are ten organs of sense and action; the ten wander unrestrained. Under the influence of the three dispositions, they are not stable, even for an instant. |
| ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥ | Coming in contact with the True Guru, they are brought under control; then, salvation and liberation are attained. \|\|3\|\| |

| | |
|---|---|
| ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ | The One and Only Creator of the Universe is All-pervading everywhere. All shall once again merge into the One. |
| ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥ | His One Form has one, and many colors; He leads all according to His One Word. ‖4‖ |
| ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥ | The Gurmukh realizes the One and Only Lord; He is revealed to the Gurmukh. |
| ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥ | The Gurmukh goes and meets the Lord in His Mansion deep within; the Unstruck Word of the Shabad vibrates there. ‖5‖ |
| ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥ | God created all the beings and creatures of the universe; He blesses the Gurmukh with glory. |
| ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥ | Without meeting the Guru, no one obtains the Mansion of His Presence. They suffer the agony of coming and going in reincarnation. ‖6‖ |
| ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥ | For countless lifetimes, I have been separated from my Beloved; in His Mercy, the Guru has united me with Him. |
| ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥ | Meeting the True Guru, I have found absolute peace, and my polluted intellect blossoms forth. ‖7‖ |
| ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥ | O Lord, Har, Har, please grant Your Grace; O Life of the World, instill faith in the Naam within me. |
| ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥ | Nanak is the Guru, the Guru, the True Guru; I am immersed in the Sanctuary of the True Guru. ‖8‖4‖ |
| ਕਾਨੜਾ ਮਹਲਾ ੪ ॥ | Kaanraa, Fourth Mehl: |
| ਮਨ ਗੁਰਮਤਿ ਚਾਲ ਚਲਾਵੈਗੋ ॥ | O mind, walk on the Path of the Guru's Teachings. |
| ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥੧॥ ਰਹਾਉ ॥ | Just as the wild elephant is subdued by the prod, the mind is disciplined by the Word of the Guru's Shabad. ‖1‖Pause‖ |
| ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥ | The wandering mind wanders, roams and rambles in the ten directions; but the Guru holds it, and lovingly attunes it to the Lord. |

| | |
|---|---|
| ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥੧॥ | The True Guru implants the Word of the Shabad deep within the heart; the Ambrosial Naam, the Name of the Lord, trickles into the mouth. ‖1‖ |
| ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥ | The snakes are filled with poisonous venom; the Word of the Guru's Shabad is the antidote - place it in your mouth. |
| ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥ | Maya, the serpent, does not even approach one who is rid of the poison, and lovingly attuned to the Lord. ‖2‖ |
| ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥ | The dog of greed is very powerful in the village of the body; the Guru strikes it and drives it out in an instant. |
| ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥ | Truth, contentment, righteousness and Dharma have settled there; in the village of the Lord, sing the Glorious Praises of the Lord. ‖3‖ |
| **੧੩੧੧** | 1311 |
| ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥ | The mortal beings are sinking in the swamp of emotional attachment; the Guru lifts them up, and saves them from sinking. |
| ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥੪॥ | Crying, "Save me! Save me!", the humble come to His Sanctuary; the Guru reaches out His Hand, and lifts them up. ‖4‖ |
| ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ ॥ | The whole world is like a game in a dream, all a game. God plays and causes the game to be played. |
| ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥੫॥ | So earn the Profit of the Naam by following the Guru's Teachings; you shall go to the Court of the Lord in robes of honor. ‖5‖ |
| ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥ | They act in egotism, and make others act in egotism; they collect and gather up the blackness of sin. |
| ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥੬॥ | And when death comes, they suffer in agony; they must eat what they have planted. ‖6‖ |
| ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥ | O Saints, gather the Wealth of the Lord's Name; if you depart after packing these provisions, you shall be honored. |

| | |
|---|---|
| ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥੭॥ | So eat, spend, consume and give abundantly; the Lord will give - there will be no deficiency. \|\|7\|\| |
| ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥ | The wealth of the Lord's Name is deep within the heart. In the Sanctuary of the Guru, this wealth is found. |
| ਨਾਨਕ ਦਇਆ ਦਇਆ ਕਰਿ ਦੀਨੀ ਦੁਖੁ ਦਾਲਦੁ ਭੰਜਿ ਸਮਾਵੈਗੋ ॥੮॥੫॥ | O Nanak, God has been kind and compassionate; He has blessed me. Removing pain and poverty, He has blended me with Himself. \|\|8\|\|5\|\| |
| ਕਾਨੜਾ ਮਹਲਾ ੪ ॥ | Kaanraa, Fourth Mehl: |
| ਮਨੁ ਸਤਿਗੁਰ ਸਰਨਿ ਧਿਆਵੈਗੋ ॥ | O mind, seek the Sanctuary of the True Guru, and meditate. |
| ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ ॥੧॥ ਰਹਾਉ ॥ | Iron is transformed into gold by touching the philosopher's stone; it takes on its qualities. \|\|1\|\|Pause\|\| |
| ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥ | The True Guru, the Great Primal Being, is the philosopher's stone. Whoever is attached to Him receives fruitful rewards. |
| ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ ॥੧॥ | Just as Prahlaad was saved by the Guru's Teachings, the Guru protects the honor of His servant. \|\|1\|\| |
| ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ | The Word of the True Guru is the most Sublime and Noble Word. Through the Guru's Word, the Ambrosial Nectar is obtained. |
| ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥੨॥ | Ambreek the king was blessed with the status of immortality, meditating on the Word of the True Guru. \|\|2\|\| |
| ਸਤਿਗੁਰ ਸਰਨਿ ਸਰਨਿ ਮਨਿ ਭਾਈ ਸੁਧਾ ਸੁਧਾ ਕਰਿ ਧਿਆਵੈਗੋ ॥ | The Sanctuary, the Protection and Sanctuary of the True Guru is pleasing to the mind. It is sacred and pure - meditate on it. |
| ਦਇਆਲ ਦੀਨ ਭਏ ਹੈ ਸਤਿਗੁਰ ਹਰਿ ਮਾਰਗੁ ਪੰਥੁ ਦਿਖਾਵੈਗੋ ॥੩॥ | The True Guru has become Merciful to the meek and the poor; He has shown me the Path, the Way to the Lord. \|\|3\|\| |
| ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ ॥ | Those who enter the Sanctuary of the True Guru are firmly established; God comes to protect them. |
| ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥੪॥ | If someone aims an arrow at the Lord's humble servant, it will turn around and hit him instead. \|\|4\|\| |

ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥

Those who bathe in the Sacred Pool of the Lord, Har, Har, Har, Har, Har, are blessed with honor in His Court.

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥੫॥

Those who meditate on the Guru's Teachings, the Guru's Instructions, the Guru's Wisdom, are united in the Lord's Union; He hugs them close in His Embrace. ||5||

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ ॥

The Guru's Word is the Sound-current of the Naad, The Guru's Word is the wisdom of the Vedas; coming in contact with the Guru, meditate on the Naam.

ਹਰਿ ਹਰਿ ਰੂਪੁ ਹਰਿ ਰੂਪੋ ਹੋਵੈ ਹਰਿ ਜਨ ਕਉ ਪੂਜ ਕਰਾਵੈਗੋ ॥੬॥

In the Image of the Lord, Har, Har, one becomes the Embodiment of the Lord. The Lord makes His humble servant worthy of worship. ||6||

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥

The faithless cynic does not submit to the True Guru; the Lord makes the non-believer wander in confusion.

ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥੭॥

The waves of greed are like packs of dogs. The poison of Maya sticks to the body-skeleton. ||7||

ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥

The Lord's Name is the Saving Grace of the whole world; join the Sangat, and meditate on the Naam.

ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ ਰਾਖਿ ਸਮਾਵੈਗੋ ॥੮॥੬॥

O my God, please protect and preserve Nanak in the Sat Sangat, the True Congregation; save him, and let him merge in You. ||8||6||

ਛਕਾ ੧ ॥

First Set of Six

## ੧੩੧੨

## 1312

ਕਾਨੜਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

Kaanraa, Chhant, Fifth Mehl:

One Universal Creator God.
By The Grace Of The True Guru:

ਸੇ ਉਧਰੇ ਜਿਨ ਰਾਮ ਧਿਆਏ ॥

They alone are saved, who meditate on the Lord.

ਜਤਨ ਮਾਇਆ ਕੇ ਕਾਮਿ ਨ ਆਏ ॥

Working for Maya is useless.

ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ ॥

Meditating on the Lord, all fruits and rewards are obtained. They are blessed, blessed and very fortunate.

ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ ॥

They are awake and aware in the True Congregation; attached to the Naam, they are lovingly attuned to the One.

ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥

I have renounced pride, emotional attachment, wickedness and corruption; attached to the Holy, I am carried across at their feet.

ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ ॥੧॥

Prays Nanak, I have come to the Sanctuary of my Lord and Master; by great good fortune, I obtain the Blessed Vision of His Darshan. ||1||

ਮਿਲਿ ਸਾਧੂ ਨਿਤ ਭਜਹ ਨਾਰਾਇਣ ॥

The Holy meet together, and continually vibrate and meditate on the Lord.

ਰਸਕਿ ਰਸਕਿ ਸੁਆਮੀ ਗੁਣ ਗਾਇਣ ॥

With love and excitement, they sing the Glorious Praises of their Lord and Master.

ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ ॥

Singing His Praises they live, drinking in the Lord's Nectar; the cycle of birth and death is over for them.

ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ ਲਾਗਏ ॥

Finding the True Congregation and meditating on the Lord, one is never again afflicted with pain.

ਕਰਿ ਦਇਆ ਦਾਤੇ ਪੁਰਖ ਬਿਧਾਤੇ ਸੰਤ ਸੇਵ ਕਮਾਇਣ ॥

By the Grace of the Great Giver, the Architect of Destiny, we work to serve the Saints.

ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ ਹਰਿ ਦਰਸਿ ਸਹਜਿ ਸਮਾਇਣ ॥੨॥

Prays Nanak, I long for the dust of the feet of the humble; I am intuitively absorbed in the Blessed Vision of the Lord. ||2||

ਸਗਲੇ ਜੰਤ ਭਜਹੁ ਗੋਪਾਲੈ ॥

All beings vibrate and meditate on the Lord of the World.

ਜਪ ਤਪ ਸੰਜਮ ਪੂਰਨ ਘਾਲੈ ॥

This brings the merits of chanting and meditation, austere self-discipline and perfect service.

ਨਿਤ ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ ॥

Vibrating and meditating continuously on our Lord and Master, the Inner-knower, the Searcher of hearts, one's life becomes totally fruitful.

ਗੋਬਿਦੁ ਗਾਈਐ ਨਿਤ ਧਿਆਈਐ ਪਰਵਾਣੁ ਸੋਈ ਆਇਆ ॥

Those who sing and meditate continually on the Lord of the Universe - their coming into the world is blessed and approved.

ਜਪ ਤਾਪ ਸੰਜਮ ਹਰਿ ਹਰਿ ਨਿਰੰਜਨ ਗੋਬਿੰਦ ਧਨੁ ਸੰਗਿ ਚਾਲੈ ॥

The Immaculate Lord, Har, Har, is meditation and chanting, and austere self-discipline; only the Wealth of the Lord of the Universe shall go along with you in the end.

| | |
|---|---|
| ਬਿਨਵੰਤਿ ਨਾਨਕ ਕਰਿ ਦਇਆ ਦੀਜੈ ਹਰਿ ਰਤਨੁ ਬਾਧਉ ਪਾਲੈ ॥੩॥ | Prays Nanak, please grant Your Grace, O Lord, and bless me with the Jewel, that I may carry it in my pocket. ‖3‖ |
| ਮੰਗਲਚਾਰ ਚੋਜ ਆਨੰਦਾ ॥ | His Wondrous and Amazing Plays are blissful |
| ਕਰਿ ਕਿਰਪਾ ਮਿਲੇ ਪਰਮਾਨੰਦਾ ॥ | granting His Grace, He bestows supreme ecstasy. |
| ਪ੍ਰਭ ਮਿਲੇ ਸੁਆਮੀ ਸੁਖਹਗਾਮੀ ਇਛ ਮਨ ਕੀ ਪੁੰਨੀਆ ॥ | God, my Lord and Master, the Bringer of peace, has met me, and the desires of my mind are fulfilled. |
| ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ ॥ | Congratulations pour in; I am intuitively absorbed in the Lord. I shall never again cry out in pain. |
| ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ ॥ | He hugs me close in His Embrace, and blesses me with peace; the evil of sin and corruption is gone. |
| ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ ॥੪॥੧॥ | Prays Nanak, I have met my Lord and Master, the Primal Lord, the Embodiment of Bliss. ‖4‖1‖ |

## ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ

## Vaar Of Kaanraa, Fourth Mehl, Sung To The Tune Of The Ballad Of Musa:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਸਲੋਕ ਮਃ ੪ ॥

Shalok, Fourth Mehl:

| | |
|---|---|
| ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥ | Follow the Guru's Teachings, and enshrine the Treasure of the Lord's Name within your heart. |
| ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ | Become the slave of the Lord's slaves, and conquer egotism and corruption. |
| ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥ | You shall win this treasure of life; you shall never lose. |
| ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥ | Blessed, blessed and very fortunate are those, O Nanak, who savor the Sublime Essence of the Lord through the Guru's Teachings. ‖1‖ |

ਮਃ ੪ ॥

Fourth Mehl:

| | |
|---|---|
| ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ ॥ | Govind, Govind, Govind - the Lord God, the Lord of the Universe is the Treasure of Virtue. |

ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥

Meditating on Govind, Govind, the Lord of the Universe, through the Guru's Teachings, you shall be honored in the Court of the Lord.

## ੧੩੧੩

## 1313

ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ ॥

Meditating on God, chanting Govind, Govind, Govind, your face shall be radiant; you shall be famous and exalted.

ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ ॥੨॥

O Nanak, the Guru is the Lord God, the Lord of the Universe; meeting Him, you shall obtain the Name of the Lord. ||2||

ਪਉੜੀ ॥

Pauree:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥

You Yourself are the Siddha and the seeker; You Yourself are the Yoga and the Yogi.

ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥

You Yourself are the Taster of tastes; You Yourself are the Enjoyer of pleasures.

ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ॥

You Yourself are All-pervading; whatever You do comes to pass.

ਸਤਸੰਗਤਿ ਸਤਿਗੁਰ ਧੰਨੁ ਧਨੋੁ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥

Blessed, blessed, blessed, blessed, blessed is the Sat Sangat, the True Congregation of the True Guru. Join them - speak and chant the Lord's Name.

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ ॥੧॥

Let everyone chant together the Name of the Lord, Har, Har, Haray, Har, Har, Haray; chanting Har, all sins are washed away. ||1||

ਸਲੋਕ ਮਃ ੪ ॥

Shalok, Fourth Mehl:

ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ ॥

Har, Har, Har, Har is the Name of the Lord; rare are those who, as Gurmukh, obtain it.

ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ ॥

Egotism and possessiveness are eradicated, and evil-mindedness is washed away.

ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥੧॥

O Nanak, one who is blessed with such pre-ordained destiny chants the Lord's Praises, night and day. ||1||

| | |
|---|---|
| ਮਃ ੪ ॥ | Fourth Mehl: |
| ਹਰਿ ਆਪੇ ਆਪਿ ਦਇਆਲੁ ਹਰਿ ਆਪੇ ਕਰੇ ਸੁ ਹੋਇ ॥ | The Lord Himself is Merciful; whatever the Lord Himself does, comes to pass. |
| ਹਰਿ ਆਪੇ ਆਪਿ ਵਰਤਦਾ ਹਰਿ ਜੇਵਡੁ ਅਵਰੁ ਨ ਕੋਇ ॥ | The Lord Himself is All-pervading. There is no other as Great as the Lord. |
| ਜੋ ਹਰਿ ਪ੍ਰਭੁ ਭਾਵੈ ਸੋ ਥੀਐ ਜੋ ਹਰਿ ਪ੍ਰਭੁ ਕਰੇ ਸੁ ਹੋਇ ॥ | Whatever pleases the Lord God's Will comes to pass; whatever the Lord God does is done. |
| ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੂ ਹਰਿ ਸੋਇ ॥ | No one can appraise His Value; the Lord God is Endless. |
| ਨਾਨਕ ਗੁਰਮੁਖਿ ਹਰਿ ਸਾਲਾਹਿਆ ਤਨੁ ਮਨੁ ਸੀਤਲੁ ਹੋਇ ॥੨॥ | O Nanak, as Gurmukh, praise the Lord; your body and mind shall be cooled and soothed. ‖2‖ |
| ਪਉੜੀ ॥ | Pauree: |
| ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ ॥ | You are the Light of all, the Life of the World; You imbue each and every heart with Your Love. |
| ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ ॥ | All meditate on You, O my Beloved; You are the True, True Primal Being, the Immaculate Lord. |
| ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ॥ | The One is the Giver; the whole world is the beggar. All the beggars beg for His Gifts. |
| ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ ॥ | You are the servant, and You are the Lord and Master of all. Through the Guru's Teachings, we are ennobled and uplifted. |
| ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ ॥੨॥ | Let everyone say that the Lord is the Master of the senses, the Master of all faculties; through Him, we obtain all fruits and rewards. ‖2‖ |
| ਸਲੋਕ ਮਃ ੪ ॥ | Shalok, Fourth Mehl: |
| ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ | O mind, meditate on the Name of the Lord, Har, Har; you shall be honored in the Court of the Lord. |
| ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥ | You shall obtain the fruits that you desire, focusing your meditation on the Word of the Guru's Shabad. |
| ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥ | All your sins and mistakes shall be wiped away, and you shall be rid of egotism and pride. |

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥

The heart-lotus of the Gurmukh blossoms forth, recognizing God within every soul.

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੧॥

O Lord God, please shower Your Mercy upon servant Nanak, that he may chant the Lord's Name. ||1||

ਮਃ ੪ ॥

Fourth Mehl:

ਹਰਿ ਹਰਿ ਨਾਮੁ ਪਵਿਤੁ ਹੈ ਨਾਮੁ ਜਪਤ ਦੁਖੁ ਜਾਇ ॥

The Name of the Lord, Har, Har, is Sacred and Immaculate. Chanting the Naam, pain is dispelled.

ਜਿਨ ਕਉ ਪੂਰਬਿ ਲਿਖਿਆ ਤਿਨ ਮਨਿ ਵਸਿਆ ਆਇ ॥

God comes to abide in the minds of those who have such pre-ordained destiny.

ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ ॥

Those who walk in harmony with the Will of the True Guru are rid of pain and poverty.

ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ ॥

No one finds the Lord by his own will; see this, and satisfy your mind.

ਜਨੁ ਨਾਨਕੁ ਦਾਸਨ ਦਾਸੁ ਹੈ ਜੋ ਸਤਿਗੁਰ ਲਾਗੇ ਪਾਇ ॥੨॥

Servant Nanak is the slave of the slave of those who fall at the Feet of the True Guru. ||2||

ਪਉੜੀ ॥

Pauree:

**੧੩੧੪**

1314

ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ ਸਭ ਤੇਰੀ ਬਣਤ ਬਣਾਵਣੀ ॥

You are pervading and permeating all places and interspaces, O Creator. You made all that has been made.

ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ ॥

You created the entire universe, with all its colors and shades; in so many ways and means and forms You formed it.

ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ ॥

O Lord of Light, Your Light is infused within all; You link us to the Guru's Teachings.

ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ ਮੁਖਿ ਗੁਰਮੁਖਿ ਹਰਿ ਸਮਝਾਵਣੀ ॥

They alone meet the True Guru, unto whom You are Merciful; O Lord, You instruct them in the Guru's Word.

ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥੩॥

Let everyone chant the Name of the Lord, chant the Name of the Great Lord; all poverty, pain and hunger shall be taken away. ||3||

| | |
|---|---|
| ਸਲੋਕ ਮਃ ੪ ॥ | Shalok, Fourth Mehl: |
| ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ | The Ambrosial Nectar of the Name of the Lord, Har, Har, is sweet; enshrine this Ambrosial Nectar of the Lord within your heart. |
| ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥ | The Lord God prevails in the Sangat, the Holy Congregation; reflect upon the Shabad and understand. |
| ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ ॥ | Meditating on the Name of the Lord, Har, Har, within the mind, the poison of egotism is eradicated. |
| ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ ॥ | One who does not remember the Name of the Lord, Har, Har, shall totally lose this life in the gamble. |
| ਗੁਰਿ ਤੁਠੈ ਹਰਿ ਚੇਤਾਇਆ ਹਰਿ ਨਾਮਾ ਹਰਿ ਉਰ ਧਾਰਿ ॥ | By Guru's Grace, one remembers the Lord, and enshrines the Lord's Name within the heart. |
| ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੧॥ | O servant Nanak, his face shall be radiant in the Court of the True Lord. \|\|1\|\| |
| ਮਃ ੪ ॥ | Fourth Mehl: |
| ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥ | To chant the Lord's Praise and His Name is sublime and exalted. This is the most excellent deed in this Dark Age of Kali Yuga. |
| ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥ | His Praises come through the Guru's Teachings and Instructions; wear the Necklace of the Lord's Name. |
| ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥ | Those who meditate on the Lord are very fortunate. They are entrusted with the Treasure of the Lord. |
| ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥ | Without the Name, no matter what people may do, they continue to waste away in egotism. |
| ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥ | Elephants can be washed and bathed in water, but they only throw dust on their heads again. |
| ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥ | O Kind and Compassionate True Guru, please unite me with the Lord, that the One Creator of the Universe may abide within my mind. |
| ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥੨॥ | Those Gurmukhs who listen to the Lord and believe in Him - servant Nanak salutes them. \|\|2\|\| |

ਪਉੜੀ ॥

Pauree:

ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥

The Lord's Name is the most sublime and precious merchandise. The Primal Lord God is my Lord and Master.

ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥

The Lord has staged His Play, and He Himself permeates it. The whole world deals in this merchandise.

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥

Your Light is the light in all beings, O Creator. All Your Expanse is True.

ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥

All those who meditate on You become prosperous; through the Guru's Teachings, they sing Your Praises, O Formless Lord.

ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ ॥੪॥

Let everyone chant the Lord, the Lord of the World, the Lord of the Universe, and cross over the terrifying world-ocean. ||4||

ਸਲੋਕ ਮਃ ੪ ॥

Shalok, Fourth Mehl:

ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥

I have only one tongue, and the Glorious Virtues of the Lord God are Unapproachable and Unfathomable.

ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ ॥

I am ignorant - how can I meditate on You, Lord? You are Great, Unapproachable and Immeasurable.

ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ ॥

O Lord God, please bless me with that sublime wisdom, that I may fall at the Feet of the Guru, the True Guru.

ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ ॥

O Lord God, please lead me to the Sat Sangat, the True Congregation, where even a sinner like myself may be saved.

ਜਨ ਨਾਨਕ ਕਉ ਹਰਿ ਬਖਸਿ ਲੈਹੁ ਹਰਿ ਤੁਠੈ ਮੇਲਿ ਮਿਲਾਹ ॥

O Lord, please bless and forgive servant Nanak; please unite him in Your Union.

ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ ਤਰਾਹ ॥੧॥

O Lord, please be merciful and hear my prayer; I am a sinner and a worm - please save me! ||1||

ਮਃ ੪ ॥

Fourth Mehl:

ਹਰਿ ਕਰਹੁ ਕ੍ਰਿਪਾ ਜਗਜੀਵਨਾ ਗੁਰੁ ਸਤਿਗੁਰੁ ਮੇਲਿ ਦਇਆਲੁ ॥

O Lord, Life of the World, please bless me with Your Grace, and lead me to meet the Guru, the Merciful True Guru.

| | |
|---|---|
| ਗੁਰ ਸੇਵਾ ਹਰਿ ਹਮ ਭਾਈਆ ਹਰਿ ਹੋਆ ਹਰਿ ਕਿਰਪਾਲੁ ॥ | I am happy to serve the Guru; the Lord has become merciful to me. |
| **੧੩੧੫** | 1315 |
| ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ ॥ | All my hopes and desires have been forgotten; my mind is rid of its worldly entanglements. |
| ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥ | The Guru, in His Mercy, implanted the Naam within me; I am enraptured with the Word of the Shabad. |
| ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ ॥੨॥ | Servant Nanak has obtained the inexhaustible wealth; the Lord's Name is his wealth and property. ‖2‖ |
| ਪਉੜੀ ॥ | Pauree: |
| ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ ॥ | O Lord, You are the Greatest of the Great, the Greatest of the Great, the Most Lofty and Exalted of all, the Greatest of the Great. |
| ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥ | Those who meditate on the Infinite Lord, who meditate on the Lord, Har, Har, Har, are rejuvenated. |
| ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ ॥ | Those who sing and listen to Your Praises, O my Lord and Master, have millions of sins destroyed. |
| ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ ॥ | I know that those divine beings who follow the Guru's Teachings are just like You, Lord. They are the greatest of the great, so very fortunate. |
| ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥੫॥ | Let everyone meditate on the Lord, who was True in the primal beginning, and True throughout the ages; He is revealed as True here and now, and He shall be True forever and ever. Servant Nanak is the slave of His slaves. ‖5‖ |
| ਸਲੋਕ ਮਃ ੪ ॥ | Shalok, Fourth Mehl: |
| ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ ॥ | I meditate on my Lord, the Life of the World, the Lord, chanting the Guru's Mantra. |
| ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥ | The Lord is Unapproachable, Inaccessible and Unfathomable; the Lord, Har, Har, has spontaneously come to meet me. |

| | |
|---|---|
| ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥ | The Lord Himself is pervading each and every heart; the Lord Himself is Endless. |
| ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾ ਕੰਤ ॥ | The Lord Himself enjoys all pleasures; the Lord Himself is the Husband of Maya. |
| ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ ॥ | The Lord Himself gives in charity to the whole world, and all the beings and creatures which He created. |
| ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਮਾਂਗਹਿ ਹਰਿ ਜਨ ਸੰਤ ॥ | O Merciful Lord God, please bless me with Your Bountiful Gifts; the humble Saints of the Lord beg for them. |
| ਜਨ ਨਾਨਕ ਕੇ ਪ੍ਰਭ ਆਇ ਮਿਲੁ ਹਮ ਗਾਵਹ ਹਰਿ ਗੁਣ ਛੰਤ ॥੧॥ | O God of servant Nanak, please come and meet me; I sing the Songs of the Glorious Praises of the Lord. \|\|1\|\| |
| ਮਃ ੪ ॥ | Fourth Mehl: |
| ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ ॥ | The Name of the Lord God is my Best Friend. My mind and body are drenched with the Naam. |
| ਸਭਿ ਆਸਾ ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ ॥੨॥ | All the hopes of the Gurmukh are fulfilled; servant Nanak is comforted, hearing the Naam, the Name of the Lord. \|\|2\|\| |
| ਪਉੜੀ ॥ | Pauree: |
| ਹਰਿ ਊਤਮੁ ਹਰਿਆ ਨਾਮੁ ਹੈ ਹਰਿ ਪੁਰਖੁ ਨਿਰੰਜਨੁ ਮਉਲਾ ॥ | The Lord's Sublime Name is energizing and rejuvenating. The Immaculate Lord, the Primal Being, blossoms forth. |
| ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਸੇਵੇ ਚਰਨ ਨਿਤ ਕਉਲਾ ॥ | Maya serves at the feet of those who chant and meditate on the Lord, Har, Har, day and night. |
| ਨਿਤ ਸਾਰਿ ਸਮਾਲ੍ਹੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ ॥ | The Lord always looks after and cares for all His beings and creatures; He is with all, near and far. |
| ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ ॥ | Those whom the Lord inspires to understand, understand; the True Guru, God, the Primal Being, is pleased with them. |
| ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ ਗੁਣ ਗਾਵਤ ਗੁਣੀ ਸਮਉਲਾ ॥੬॥ | Let everyone sing the Praise of the Lord of the Universe, the Lord, the Lord of the Universe, the Lord, the Lord of the Universe; singing the Praise of the Lord, one is absorbed in His Glorious Virtues. \|\|6\|\| |

ਸਲੋਕ ਮਃ ੪ ॥

Shalok, Fourth Mehl:

ਸੁਤਿਆ ਹਰਿ ਪ੍ਰਭੁ ਚੇਤਿ ਮਨਿ ਹਰਿ ਸਹਜਿ ਸਮਾਧਿ ਸਮਾਇ ॥

O mind, even in sleep, remember the Lord God; let yourself be intuitively absorbed into the Celestial State of Samaadhi.

ਜਨ ਨਾਨਕ ਹਰਿ ਹਰਿ ਚਾਉ ਮਨਿ ਗੁਰੁ ਤੁਠਾ ਮੇਲੇ ਮਾਇ ॥੧॥

Servant Nanak's mind longs for the Lord, Har, Har. As the Guru pleases, he is absorbed into the Lord, O mother. ||1||

ਮਃ ੪ ॥

Fourth Mehl:

ਹਰਿ ਇਕਸੁ ਸੇਤੀ ਪਿਰਹੜੀ ਹਰਿ ਇਕੋ ਮੇਰੈ ਚਿਤਿ ॥

I am in love with the One and Only Lord; the One Lord fills my consciousness.

ਜਨ ਨਾਨਕ ਇਕੁ ਅਧਾਰੁ ਹਰਿ ਪ੍ਰਭ ਇਕਸ ਤੇ ਗਤਿ ਪਤਿ ॥੨॥

Servant Nanak takes the Support of the One Lord God; through the One, he obtains honor and salvation. ||2||

ਪਉੜੀ ॥

Pauree:

ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥

The Panch Shabad, the Five Primal Sounds, vibrate with the Wisdom of the Guru's Teachings; by great good fortune, the Unstruck Melody resonates and resounds.

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ॥

I see the Lord, the Source of Bliss, everywhere; through the Word of the Guru's Shabad, the Lord of the Universe is revealed.

ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥

From the primal beginning, and throughout the ages, the Lord has One Form. Through the Wisdom of the Guru's Teachings, I vibrate and meditate on the Lord God.

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ ॥

O Merciful Lord God, please bless me with Your Bounty; O Lord God, please preserve and protect the honor of Your humble servant.

## ੧੩੧੬

## 1316

ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥

Let everyone proclaim: Blessed is the Guru, the True Guru, the Guru, the True Guru; meeting Him, the Lord covers their faults and deficiencies. ||7||

ਸਲੋਕੁ ਮਃ ੪ ॥

Shalok, Fourth Mehl:

ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ ॥

The sacred pool of devotional worship is filled to the brim and overflowing in torrents.

| | |
|---|---|
| ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡ ਭਾਗ ਲਹੰਨਿ ॥੧॥ | Those who obey the True Guru, O servant Nanak, are very fortunate - they find it. \|\|1\|\| |
| ਮਃ ੪ ॥ | Fourth Mehl: |
| ਹਰਿ ਹਰਿ ਨਾਮ ਅਸੰਖ ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥ | The Names of the Lord, Har, Har, are countless. The Glorious Virtues of the Lord, Har, Har, cannot be described. |
| ਹਰਿ ਹਰਿ ਅਗਮੁ ਅਗਾਧਿ ਹਰਿ ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥ | The Lord, Har, Har, is Inaccessible and Unfathomable; how can the humble servants of the Lord be united in His Union? |
| ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥ | Those humble beings meditate and chant the Praises of the Lord, Har, Har, but they do not attain even a tiny bit of His Worth. |
| ਜਨ ਨਾਨਕ ਹਰਿ ਅਗਮ ਪ੍ਰਭ ਹਰਿ ਮੇਲਿ ਲੈਹੁ ਲੜਿ ਲਾਇ ॥੨॥ | O servant Nanak, the Lord God is Inaccessible; the Lord has attached me to His Robe, and united me in His Union. \|\|2\|\| |
| ਪਉੜੀ ॥ | Pauree: |
| ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ ॥ | The Lord is Inaccessible and Unfathomable. How will I see the Blessed Vision of the Lord's Darshan? |
| ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥ | If He were a material object, then I could describe Him, but He has no form or feature. |
| ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥ | Understanding comes only when the Lord Himself gives understanding; only such a humble being sees it. |
| ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ | The Sat Sangat, the True Congregation of the True Guru, is the school of the soul, where the Glorious Virtues of the Lord are studied. |
| ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥ | Blessed, blessed is the tongue, blessed is the hand, and blessed is the Teacher, the True Guru; meeting Him, the Account of the Lord is written. \|\|8\|\| |
| ਸਲੋਕ ਮਃ ੪ ॥ | Shalok, Fourth Mehl: |
| ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥ | The Name of the Lord, Har, Har, is Ambrosial Nectar. Meditate on the Lord, with love for the True Guru. |
| ਹਰਿ ਹਰਿ ਨਾਮੁ ਪਵਿਤੁ ਹੈ ਹਰਿ ਜਪਤ ਸੁਨਤ ਦੁਖੁ ਜਾਇ ॥ | The Name of the Lord, Har, Har is Sacred and Pure. Chanting it and listening to it, pain is taken away. |

ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਲਿਖਿਆ ਧੁਰਿ ਪਾਇ ॥

They alone worship and adore the Lord's Name, upon whose foreheads such pre-ordained destiny is written.

ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ ॥

Those humble beings are honored in the Court of the Lord; the Lord comes to abide in their minds.

ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ ॥੧॥

O servant Nanak, their faces are radiant. They listen to the Lord; their minds are filled with love. ||1||

ਮਃ ੪ ॥

Fourth Mehl:

ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥

The Name of the Lord, Har, Har, is the greatest treasure. The Gurmukhs obtain it.

ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥

The True Guru comes to meet those who have such pre-ordained destiny written upon their foreheads.

ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ ॥

Their bodies and minds are cooled and soothed; peace and tranquility come to dwell in their minds.

ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ ॥੨॥

O Nanak, chanting the Name of the Lord, Har, Har, all poverty and pain is dispelled. ||2||

ਪਉੜੀ ॥

Pauree:

ਹਉ ਵਾਰਿਆ ਤਿਨ ਕਉ ਸਦਾ ਸਦਾ ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ ॥

I am a sacrifice, forever and ever, to those who have seen my Beloved True Guru.

ਤਿਨ ਕਉ ਮਿਲਿਆ ਮੇਰਾ ਸਤਿਗੁਰੂ ਜਿਨ ਕਉ ਧੁਰਿ ਮਸਤਕਿ ਲੇਖਿਆ ॥

They alone meet my True Guru, who have such pre-ordained destiny written upon their foreheads.

ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥

I meditate on the Inaccessible Lord, according to the Guru's Teachings; God has no form or feature.

ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥

Those who follow the Guru's Teachings and meditate on the Inaccessible Lord, merge with their Lord and Master and become one with Him.

ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਨਰ ਨਰਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ ॥੯॥

Let everyone proclaim out loud, the Name of the Lord, the Lord, the Lord; the profit of devotional worship of the Lord is blessed and sublime. ||9||

| | |
|---|---|
| ਸਲੋਕ ਮਃ ੪ ॥ | Shalok, Fourth Mehl: |
| ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥ | The Lord's Name is permeating and pervading all. Repeat the Name of the Lord, Raam, Raam. |
| ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥ | The Lord is in the home of each and every soul. God created this play with its various colors and forms. |
| ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥ | The Lord, the Life of the World, dwells near at hand. The Guru, my Friend, has made this clear. |
| **੧੩੧੭** | **1317** |
| ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥ | They alone meet the Lord, the Lord God, their Lord and Master, whose love for the Lord is pre-ordained. |
| ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥ | Servant Nanak meditates on the Naam, the Name of the Lord; through the Word of the Guru's Teachings, chant it consciously with your mind. ‖1‖ |
| ਮਃ ੪ ॥ | Fourth Mehl: |
| ਹਰਿ ਪ੍ਰਭੁ ਸਜਣੁ ਲੋੜਿ ਲਹੁ ਭਾਗਿ ਵਸੈ ਵਡਭਾਗਿ ॥ | Seek the Lord God, your Best Friend; by great good fortune, He comes to dwell with the very fortunate ones. |
| ਗੁਰਿ ਪੂਰੈ ਦੇਖਾਲਿਆ ਨਾਨਕ ਹਰਿ ਲਿਵ ਲਾਗਿ ॥੨॥ | Through the Perfect Guru, He is revealed, O Nanak, and one is lovingly attuned to the Lord. ‖2‖ |
| ਪਉੜੀ ॥ | Pauree: |
| ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ | Blessed, blessed, beauteous and fruitful is that moment, when service to the Lord becomes pleasing to the mind. |
| ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥ | So proclaim the story of the Lord, O my GurSikhs; speak the Unspoken Speech of my Lord God. |
| ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ ॥ | How can I attain Him? How can I see Him? My Lord God is All-knowing and All-seeing. |
| ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥ | Through the Word of the Guru's Teachings, the Lord reveals Himself; we merge in absorption in the Naam, the Name of the Lord. |

ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ ॥੧੦॥

Nanak is a sacrifice unto those who meditate on the Lord of Nirvaanaa. ||10||

ਸਲੋਕ ਮਃ ੪ ॥

Shalok, Fourth Mehl:

ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ ॥

One's eyes are anointed by the Lord God, when the Guru bestows the ointment of spiritual wisdom.

ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ ॥੧॥

I have found God, my Best Friend; servant Nanak is intuitively absorbed into the Lord. ||1||

ਮਃ ੪ ॥

Fourth Mehl:

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥

The Gurmukh is filled with peace and tranquility deep within. His mind and body are absorbed in the Naam, the Name of the Lord.

ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥

He thinks of the Naam, and reads the Naam; he remains lovingly attuned to the Naam.

ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥

He obtains the Treasure of the Naam, and is rid of anxiety.

ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ ॥

Meeting with the True Guru, the Naam wells up, and all hunger and thirst depart.

ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੨॥

O Nanak, one who is imbued with the Naam, gathers the Naam in his lap. ||2||

ਪਉੜੀ ॥

Pauree:

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਵਸਗਤਿ ਕੀਤਾ ॥

You Yourself created the world, and You Yourself control it.

ਇਕਿ ਮਨਮੁਖ ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ ॥

Some are self-willed manmukhs - they lose. Others are united with the Guru - they win.

ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ ॥

The Name of the Lord, the Lord God is Sublime. The fortunate ones chant it, through the Word of the Guru's Teachings.

ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ ॥

All pain and poverty are taken away, when the Guru bestows the Lord's Name.

| | |
|---|---|
| ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ ॥੧੧॥ | Let everyone serve the Enticing Enticer of the Mind, the Enticer of the World, who created the world, and controls it all. \|\|11\|\| |
| ਸਲੋਕ ਮਃ ੪ ॥ | Shalok, Fourth Mehl: |
| ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥ | The disease of egotism is deep within the mind; the self-willed manmukhs and the evil beings are deluded by doubt. |
| ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ ॥੧॥ | O Nanak, the disease is cured only by meeting with the True Guru, the Holy Friend. \|\|1\|\| |
| ਮਃ ੪ ॥ | Fourth Mehl: |
| ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ ॥ | My mind and body are embellished and exalted, when I behold the Lord with my eyes. |
| ਨਾਨਕ ਸੋ ਪ੍ਰਭੁ ਮੈ ਮਿਲੈ ਹਉ ਜੀਵਾ ਸਦੁ ਸੁਣੇ ॥੨॥ | O Nanak, meeting with that God, I live, hearing His Voice. \|\|2\|\| |
| ਪਉੜੀ ॥ | Pauree: |
| ਜਗੰਨਾਥ ਜਗਦੀਸਰ ਕਰਤੇ ਅਪਰੰਪਰ ਪੁਰਖੁ ਅਤੋਲੁ ॥ | The Creator is the Lord of the World, the Master of the Universe, the Infinite Primal Immeasurable Being. |
| ਹਰਿ ਨਾਮੁ ਧਿਆਵਹੁ ਮੇਰੇ ਗੁਰਸਿਖਹੁ ਹਰਿ ਊਤਮੁ ਹਰਿ ਨਾਮੁ ਅਮੋਲੁ ॥ | Meditate on the Lord's Name, O my GurSikhs; the Lord is Sublime, the Lord's Name is Invaluable. |
| ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ ਰੋਲੁ ॥ | Those who meditate on Him in their hearts, day and night, merge with the Lord - there is no doubt about it. |
| ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ ॥ | By great good fortune, they join the Sangat, the Holy Congregation, and speak the Word of the Guru, the Perfect True Guru. |
| ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ ਜਿਤੁ ਚੂਕਾ ਜਮ ਝਗੜੁ ਝਗੋਲੁ ॥੧੨॥ | Let everyone meditate on the Lord, the Lord, the All-pervading Lord, by which all disputes and conflicts with Death are ended. \|\|12\|\| |

| | |
|---|---|
| ਸਲੋਕ ਮਃ ੪ ॥ | Shalok, Fourth Mehl: |
| ਹਰਿ ਜਨ ਹਰਿ ਹਰਿ ਚਉਦਿਆ ਸਰੁ ਸੰਧਿਆ ਗਾਵਾਰ ॥ | The humble servant of the Lord chants the Name, Har, Har. The foolish idiot shoots arrows at him. |
| ਨਾਨਕ ਹਰਿ ਜਨ ਹਰਿ ਲਿਵ ਉਬਰੇ ਜਿਨ ਸੰਧਿਆ ਤਿਸੁ ਫਿਰਿ ਮਾਰ ॥੧॥ | O Nanak, the humble servant of the Lord is saved by the Love of the Lord. The arrow is turned around, and kills the one who shot it. \|\|1\|\| |
| **੧੩੧੮** | **1318** |
| ਮਃ ੪ ॥ | Fourth Mehl: |
| ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ ॥ | The eyes which are attracted by the Lord's Love behold the Lord through the Name of the Lord. |
| ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ ॥੨॥ | If they gaze upon something else, O servant Nanak, they ought to be gouged out. \|\|2\|\| |
| ਪਉੜੀ ॥ | Pauree: |
| ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ ॥ | The Infinite Lord totally permeates the water, the land and the sky. |
| ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ ॥ | He cherishes and sustains all beings and creatures; whatever He does comes to pass. |
| ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ ॥ | Without Him, we have no mother, father, children, sibling or friend. |
| ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ ॥ | He is permeating and pervading deep within each and every heart; let everyone meditate on Him. |
| ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ ॥੧੩॥ | Let all chant the Glorious Praises of the Lord of the World, who is manifest all over the world. \|\|13\|\| |
| ਸਲੋਕ ਮਃ ੪ ॥ | Shalok, Fourth Mehl: |
| ਗੁਰਮੁਖਿ ਮਿਲੇ ਸਿ ਸਜਣਾ ਹਰਿ ਪ੍ਰਭ ਪਾਇਆ ਰੰਗੁ ॥ | Those Gurmukhs who meet as friends are blessed with the Lord God's Love. |
| ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹਿ ਵੰਞੁ ॥੧॥ | O servant Nanak, praise the Naam, the Name of the Lord; you shall go to His court in joyous high spirits. \|\|1\|\| |

| | |
|---|---|
| ਮਃ ੪ ॥ | Fourth Mehl: |
| ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮ੍ਹਾਰੇ ॥ | Lord, You are the Great Giver of all; all beings are Yours. |
| ਸਭਿ ਤੁਧੈ ਨੋ ਆਰਾਧਦੇ ਦਾਨੁ ਦੇਹਿ ਪਿਆਰੇ ॥ | They all worship You in adoration; You bless them with Your Bounty, O Beloved. |
| ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ ॥ | The Generous Lord, the Great Giver reaches out with His Hands, and the rain pours down on the world. |
| ਅੰਨੁ ਜੰਮਿਆ ਖੇਤੀ ਭਾਉ ਕਰਿ ਹਰਿ ਨਾਮੁ ਸਮ੍ਹਾਰੇ ॥ | The corn germinates in the fields; contemplate the Lord's Name with love. |
| ਜਨੁ ਨਾਨਕੁ ਮੰਗੈ ਦਾਨੁ ਪ੍ਰਭ ਹਰਿ ਨਾਮੁ ਅਧਾਰੇ ॥੨॥ | Servant Nanak begs for the Gift of the Support of the Name of his Lord God. \|\|2\|\| |
| ਪਉੜੀ ॥ | Pauree: |
| ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥ | The desires of the mind are satisfied, meditating on the Ocean of Peace. |
| ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥ | Worship and adore the Feet of the Lord, through the Word of the Guru's Shabad, the jewel mine. |
| ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥ | Joining the Saadh Sangat, the Company of the Holy, one is saved, and the Decree of Death is torn up. |
| ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥ | The treasure of this human life is won, meditating on the Lord of Detachment. |
| ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥੧੪॥ | Let everyone seek the Sanctuary of the True Guru; let the black spot of pain, the scar of suffering, be erased. \|\|14\|\| |
| ਸਲੋਕ ਮਃ ੪ ॥ | Shalok, Fourth Mehl: |
| ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥ | I was seeking, searching for my Friend, but my Friend is right here with me. |
| ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥੧॥ | O servant Nanak, the Unseen is not seen, but the Gurmukh is given to see Him. \|\|1\|\| |

| | |
|---|---|
| ਮਃ ੪ ॥ | Fourth Mehl: |
| ਨਾਨਕ ਪ੍ਰੀਤਿ ਲਾਈ ਤਿਨਿ ਸਚੈ ਤਿਸੁ ਬਿਨੁ ਰਹਣੁ ਨ ਜਾਈ ॥ | O Nanak, I am in love with the True Lord; I cannot survive without Him. |
| ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥੨॥ | Meeting the True Guru, the Perfect Lord is found, and the tongue savors His Sublime Essence. \|\|2\|\| |
| ਪਉੜੀ ॥ | Pauree: |
| ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥ | Some sing, some listen, and some speak and preach. |
| ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ॥ | The filth and pollution of countless lifetimes is washed away, and the wishes of the mind are fulfilled. |
| ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ॥ | Coming and going in reincarnation ceases, singing the Glorious Praises of the Lord. |
| ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥ | They save themselves, and save their companions; they save all their generations as well. |
| ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥੧੫॥੧॥ ਸੁਧੁ ॥ | Servant Nanak is a sacrifice to those who are pleasing to my Lord God. \|\|15\|\|1\|\| Sudh\|\| |
| ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ | Raag Kaanraa, The Word Of Naam Dayv Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਐਸੋ ਰਾਮ ਰਾਇ ਅੰਤਰਜਾਮੀ ॥ | Such is the Sovereign Lord, the Inner-knower, the Searcher of Hearts; |
| ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥ | He sees everything as clearly as one's face reflected in a mirror. \|\|1\|\|Pause\|\| |
| ਬਸੈ ਘਟਾ ਘਟ ਲੀਪ ਨ ਛੀਪੈ ॥ | He dwells in each and every heart; no stain or stigma sticks to Him. |
| ਬੰਧਨ ਮੁਕਤਾ ਜਾਤੁ ਨ ਦੀਸੈ ॥੧॥ | He is liberated from bondage; He does not belong to any social class. \|\|1\|\| |
| ਪਾਨੀ ਮਾਹਿ ਦੇਖੁ ਮੁਖੁ ਜੈਸਾ ॥ | As one's face is reflected in the water, |

| | |
|---|---|
| ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥ | so does Naam Dayv's Beloved Lord and Master appear. \|\|2\|\|1\|\| |
| **੧੩੧੯** | 1319 |
| ਰਾਗੁ ਕਲਿਆਨ ਮਹਲਾ ੪ | Raag Kalyaan, Fourth Mehl: |
| ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਰਾਮਾ ਰਮ ਰਾਮੈ ਅੰਤੁ ਨ ਪਾਇਆ ॥ | The Lord, the Beauteous Lord - no one has found His limits. |
| ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥ | I am a child - You cherish and sustain me. You are the Great Primal Being, my Mother and Father. \|\|1\|\|Pause\|\| |
| ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥ | The Names of the Lord are Countless and Unfathomable. My Sovereign Lord is Unfathomable and Incomprehensible. |
| ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥ | The virtuous and the spiritual teachers have given it great thought, but they have not found even an iota of His Value. \|\|1\|\| |
| ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥ | They sing the Glorious Praises of the Lord, the Lord of the Universe forever. They sing the Glorious Praises of the Lord of the Universe, but they do not find His limits. |
| ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥ | You are Immeasurable, Unweighable, and Infinite, O Lord and Master; no matter how much one may meditate on You, Your Depth cannot be fathomed. \|\|2\|\| |
| ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ ॥ | Lord, Your humble servants praise You, singing Your Glorious Praises, O Sovereign Lord. |
| ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥੩॥ | You are the ocean of water, and I am Your fish. No one has ever found Your limits. \|\|3\|\| |
| ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥ | Please be Kind to Your humble servant, Lord; please bless me with the meditation of Your Name. |
| ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ ॥੪॥੧॥ | I am a blind fool; Your Name is my only Support. Servant Nanak, as Gurmukh, has found it. \|\|4\|\|1\|\| |

| | |
|---|---|
| ਕਲਿਆਨੁ ਮਹਲਾ ੪ ॥ | Kalyaan, Fourth Mehl: |
| ਹਰਿ ਜਨੁ ਗੁਨ ਗਾਵਤ ਹਸਿਆ ॥ | The humble servant of the Lord sings the Lord's Praise, and blossoms forth. |
| ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ ॥੧॥ ਰਹਾਉ ॥ | My intellect is embellished with devotion to the Lord, Har, Har, through the Guru's Teachings. This is the destiny which God has recorded on my forehead. \|\|1\|\|Pause\|\| |
| ਗੁਰ ਕੇ ਪਗ ਸਿਮਰਉ ਦਿਨੁ ਰਾਤੀ ਮਨਿ ਹਰਿ ਹਰਿ ਹਰਿ ਬਸਿਆ ॥ | I meditate in remembrance on the Guru's Feet, day and night. The Lord, Har, Har, Har, comes to dwell in my mind. |
| ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ ॥੧॥ | The Praise of the Lord, Har, Har, Har, is Excellent and Sublime in this world. His Praise is the sandalwood paste which I rub. \|\|1\|\| |
| ਹਰਿ ਜਨ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ ਖੋਜਿ ਪਇਆ ॥ | The humble servant of the Lord is lovingly attuned to the Lord, Har, Har, Har; all the faithless cynics pursue him. |
| ਜਿਉ ਕਿਰਤ ਸੰਜੋਗਿ ਚਲਿਓ ਨਰ ਨਿੰਦਕੁ ਪਗੁ ਨਾਗਨਿ ਛੁਹਿ ਜਲਿਆ ॥੨॥ | The slanderous person acts in accordance with the record of his past deeds; his foot trips over the snake, and he is stung by its bite. \|\|2\|\| |
| ਜਨ ਕੇ ਤੁਮ੍ ਹਰਿ ਰਾਖੇ ਸੁਆਮੀ ਤੁਮ੍ ਜੁਗਿ ਜੁਗਿ ਜਨ ਰਖਿਆ ॥ | O my Lord and Master, You are the Saving Grace, the Protector of Your humble servants. You protect them, age after age. |
| ਕਹਾ ਭਇਆ ਦੈਤਿ ਕਰੀ ਬਖੀਲੀ ਸਭ ਕਰਿ ਕਰਿ ਝਰਿ ਪਰਿਆ ॥੩॥ | What does it matter, if a demon speaks evil? By doing so, he only gets frustrated. \|\|3\|\| |
| ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ ॥ | All the beings and creatures created by God are caught in the mouth of Death. |
| ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ ਜਨ ਨਾਨਕ ਸਰਨਿ ਪਇਆ ॥੪॥੨॥ | The humble servants of the Lord are protected by the Lord God, Har, Har, Har; servant Nanak seeks His Sanctuary. \|\|4\|\|2\|\| |
| ਕਲਿਆਨ ਮਹਲਾ ੪ ॥ | Kalyaan, Fourth Mehl: |
| **੧੩੨੦** | 1320 |
| ਮੇਰੇ ਮਨ ਜਪੁ ਜਪਿ ਜਗੰਨਾਥੇ ॥ | O my mind, chant and meditate on the Master of the Universe. |

| | |
|---|---|
| ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਦੁਖ ਲਾਥੇ ॥੧॥ ਰਹਾਉ ॥ | Through the Guru's Teachings, meditate on the Lord's Name, and be rid of all the painful past sins. ‖1‖Pause‖ |
| ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ ਰਸੁਨਥੇ ॥ | I have only one tongue - I cannot sing His Praises. Please bless me with many, many tongues. |
| ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ ॥੧॥ | Again and again, each and every instant, with all of them, I would sing His Glorious Praises; but even then, I would not be able to sing all of Your Praises, God. ‖1‖ |
| ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ ॥ | I am so deeply in love with God, my Lord and Master; I long to see God's Vision. |
| ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਾਨਹੁ ਹਮ ਬਿਰਥੇ ॥੨॥ | You are the Great Giver of all beings and creatures; only You know our inner pain. ‖2‖ |
| ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ ਦਿਨਥੇ ॥ | If only someone would show me the Way, the Path of God. Tell me - what could I give him? |
| ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ ॥੩॥ | I would surrender, offer and dedicate all my body and mind to him; if only someone would unite me in God's Union! ‖3‖ |
| ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ ॥ | The Glorious Praises of the Lord are so many and numerous; I can describe only a tiny bit of them. |
| ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥੪॥੩॥ | My intellect is under Your control, God; You are the All-powerful Lord God of servant Nanak. ‖4‖3‖ |
| ਕਲਿਆਨ ਮਹਲਾ ੪ ॥ | Kalyaan, Fourth Mehl: |
| ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ ॥ | O my mind, chant the Glorious Praises of the Lord, which are said to be inexpressible. |
| ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ ॥੧॥ ਰਹਾਉ ॥ | Righteousness and Dharmic faith, success and prosperity, pleasure, the fulfillment of desires and liberation - all follow the humble servant of the Lord like a shadow. ‖1‖Pause‖ |
| ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ ਮਥਈ ॥ | That humble servant of the Lord who has such good fortune written on his forehead meditates on the Name of the Lord, Har, Har. |

| | |
|---|---|
| ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇਥਈ ॥੧॥ | In that Court, where God calls for the accounts, there, you shall be saved only by meditating on the Naam, the Name of the Lord. \|\|1\|\| |
| ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖੁ ਹਉਮੈ ਮੈਲੁ ਲਗਥਈ ॥ | I am stained with the filth of the mistakes of countless lifetimes, the pain and pollution of egotism. |
| ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭ ਕਿਲਬਿਖ ਪਾਪ ਗਥਈ ॥੨॥ | Showering His Mercy, the Guru bathed me in the Water of the Lord, and all my sins and mistakes were taken away. \|\|2\|\| |
| ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ ਭਜਥਈ ॥ | God, our Lord and Master, is deep within the hearts of His humble servants. They vibrate the Naam, the Name of the Lord, Har, Har. |
| ਜਹ ਅੰਤੀ ਅਉਸਰੁ ਆਇ ਬਨਤੁ ਹੈ ਤਹ ਰਾਖੈ ਨਾਮੁ ਸਾਥਈ ॥੩॥ | And when that very last moment comes, then the Naam is our Best Friend and Protector. \|\|3\|\| |
| ਜਨ ਤੇਰਾ ਜਸੁ ਗਾਵਹਿ ਹਰਿ ਹਰਿ ਪ੍ਰਭ ਹਰਿ ਜਪਿਓ ਜਗੰਨਥਈ ॥ | Your humble servants sing Your Praises, O Lord, Har, Har; they chant and meditate on the Lord God, the Master of the Universe. |
| ਜਨ ਨਾਨਕ ਕੇ ਪ੍ਰਭ ਰਾਖੇ ਸੁਆਮੀ ਹਮ ਪਾਥਰ ਰਖੁ ਬੁਡਥਈ ॥੪॥੪॥ | O God, my Saving Grace, Lord and Master of servant Nanak, please save me, the sinking stone. \|\|4\|\|4\|\| |
| ਕਲਿਆਨ ਮਹਲਾ ੪ ॥ | Kalyaan, Fourth Mehl: |
| ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ ॥ | Only the Lord God knows my innermost thoughts. |
| ਅਉਰੁ ਕੋਈ ਨਿੰਦ ਕਰੈ ਹਰਿ ਜਨ ਕੀ ਪ੍ਰਭੁ ਤਾ ਕਾ ਕਹਿਆ ਇਕੁ ਤਿਲੁ ਨਹੀ ਮਾਨੈ ॥੧॥ ਰਹਾਉ ॥ | If someone slanders the humble servant of the Lord, God does not believe even a tiny bit of what he says. \|\|1\|\|Pause\|\| |
| ਅਉਰ ਸਭ ਤਿਆਗਿ ਸੇਵਾ ਕਰਿ ਅਚੁਤ ਜੋ ਸਭ ਤੇ ਊਚ ਠਾਕੁਰੁ ਭਗਵਾਨੈ ॥ | So give up everything else, and serve the Imperishable; The Lord God, our Lord and Master, is the Highest of all. |
| ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ ॥੧॥ | When you serve the Lord, Death cannot even see you. It comes and falls at the feet of those who know the Lord. \|\|1\|\| |
| ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ ਪੈ ਕਾਨੈ ॥ | Those whom my Lord and Master protects - a balanced wisdom comes to their ears. |
| ਤਾ ਕਉ ਕੋਈ ਅਪਰਿ ਨ ਸਾਕੈ ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ ॥੨॥ | No one can equal them; their devotional worship is accepted by my God. \|\|2\|\| |

| | |
|---|---|
| ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥ | So behold the Wondrous and Amazing Play of the Lord. In an instant, He distinguishes the genuine from the counterfeit. |
| ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥੩॥ | And that is why His humble servant is in bliss. Those of pure heart meet together, while the evil ones regret and repent. \|\|3\|\| |
| ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ ॥ | Lord, You are the Great Giver, our All-powerful Lord and Master; O Lord, I beg for only one gift from You. |
| ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ ਸਦ ਬਸਹਿ ਰਿਦੈ ਮੋਹਿ ਹਰਿ ਚਰਾਨੈ ॥੪॥੫॥ | Lord, please bless servant Nanak with Your Grace, that Your Feet may abide forever within my heart. \|\|4\|\|5\|\| |

## ੧੩੨੧ — 1321

| | |
|---|---|
| ਕਲਿਆਨ ਮਹਲਾ ੪ ॥ | Kalyaan, Fourth Mehl: |
| ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥ | O God, Treasure of Mercy, please bless me, that I may sing the Glorious Praises of the Lord. |
| ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ ਰਹਾਉ ॥ | I always place my hopes in You; O God, when will you take me in Your Embrace? \|\|1\|\|Pause\|\| |
| ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥ | I am a foolish and ignorant child; Father, please teach me! |
| ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥੧॥ | Your child makes mistakes again and again, but still, You are pleased with him, O Father of the Universe. \|\|1\|\| |
| ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥ | Whatever You give me, O my Lord and Master - that is what I receive. |
| ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥ | There is no other place where I can go. \|\|2\|\| |
| ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥ | Those devotees who are pleasing to the Lord - the Lord is pleasing to them. |
| ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥ | Their light merges into the Light; the lights are merged and blended together. \|\|3\|\| |
| ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥ | The Lord Himself has shown mercy; He lovingly attunes me to Himself. |

ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥

Servant Nanak seeks the Sanctuary of the Door of the Lord, who protects his honor. ||4||6||

ਛਕਾ ੧ ॥

First Set of Six

ਕਲਿਆਨੁ ਭੋਪਾਲੀ ਮਹਲਾ ੪

Kalyaan Bhopaalee, Fourth Mehl:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ ॥

O Supreme Lord God, Transcendent Lord and Master, Destroyer of pain, Transcendental Lord God.

ਸਗਲ ਭਗਤ ਜਾਚਹਿ ਸੁਖ ਸਾਗਰ ਭਵ ਨਿਧਿ ਤਰਣ ਹਰਿ ਚਿੰਤਾਮਣੇ ॥੧॥ ਰਹਾਉ ॥

All Your devotees beg of You. Ocean of peace, carry us across the terrifying world-ocean; You are the Wish-fulfilling Jewel. ||1||Pause||

ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ ॥

Merciful to the meek and poor, Lord of the world, Support of the earth, Inner-knower, Searcher of hearts, Lord of the Universe.

ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ ॥੧॥

Those who meditate on the Supreme Lord become fearless. Through the Wisdom of the Guru's Teachings, they meditate on the Lord, the Liberator Lord. ||1||

ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ ॥

Those who come to Sanctuary at the Feet of the Lord of the Universe - those humble beings cross over the terrifying world-ocean.

ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥੨॥੧॥੭॥

The Lord preserves the honor of His humble devotees; O servant Nanak, the Lord Himself showers them with His Grace. ||2||1||7||

ਰਾਗੁ ਕਲਿਆਨੁ ਮਹਲਾ ੫ ਘਰੁ ੧

Raag Kalyaan, Fifth Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਹਮਾਰੈ ਏਹ ਕਿਰਪਾ ਕੀਜੈ ॥

Please grant me this blessing:

ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥

May the bumble-bee of my mind be immersed again and again in the Honey of Your Lotus Feet. ||1||Pause||

ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥

I am not concerned with any other water; please bless this songbird with a Drop of Your Water, Lord. ||1||

| | |
|---|---|
| ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥ | Unless I meet my Lord, I am not satisfied. Nanak lives, gazing upon the Blessed Vision of His Darshan. \|\|2\|\|1\|\| |
| ਕਲਿਆਨ ਮਹਲਾ ੫ ॥ | Kalyaan, Fifth Mehl: |
| ਜਾਚਿਕੁ ਨਾਮੁ ਜਾਚੈ ਜਾਚੈ ॥ | This beggar begs and begs for Your Name, Lord. |
| ਸਰਬ ਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ ॥੧॥ ਰਹਾਉ ॥ | You are the Support of all, the Master of all, the Giver of absolute peace. \|\|1\|\|Pause\|\| |
| ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥੧॥ | So many, so very many, beg for charity at Your Door; they receive only what You are pleased to give. \|\|1\|\| |
| ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ ॥ | Fruitful, fruitful, fruitful is the Blessed Vision of His Darshan; touching His Touch, I sing His Glorious Praises. |
| ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ ॥੨॥੨॥ | O Nanak, one's essence is blended into the Essence; the diamond of the mind is pierced through by the Diamond of the Lord. \|\|2\|\|2\|\| |
| **੧੩੨੨** | **1322** |
| ਕਲਿਆਨ ਮਹਲਾ ੫ ॥ | Kalyaan, Fifth Mehl: |
| ਮੇਰੇ ਲਾਲਨ ਕੀ ਸੋਭਾ ॥ | O, the Wondrous Glory of my Beloved! |
| ਸਦ ਨਵਤਨ ਮਨ ਰੰਗੀ ਸੋਭਾ ॥੧॥ ਰਹਾਉ ॥ | My mind is rejuvenated forever by His Wondrous Love. \|\|1\|\|Pause\|\| |
| ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥੧॥ | Brahma, Shiva, the Siddhas, the silent sages and Indra beg for the charity of His Praise and devotion to Him. \|\|1\|\| |
| ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ ॥ | Yogis, spiritual teachers, meditators and the thousand-headed serpent all meditate on the Waves of God. |
| ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥੨॥੩॥ | Says Nanak, I am a sacrifice to the Saints, who are the Eternal Companions of God. \|\|2\|\|3\|\| |
| ਕਲਿਆਨ ਮਹਲਾ ੫ ਘਰੁ ੨ | Kalyaan, Fifth Mehl, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤੇਰੈ ਮਾਨਿ ਹਰਿ ਹਰਿ ਮਾਨਿ ॥ | Belief in You, Lord, brings honor. |

| | |
|---|---|
| ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥੧॥ ਰਹਾਉ ॥ | To see with my eyes, and hear with my ears - every limb and fiber of my being, and my breath of life are in bliss. \|\|1\|\|Pause\|\| |
| ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ ॥੧॥ | Here and there, and in the ten directions You are pervading, in the mountain and the blade of grass. \|\|1\|\| |
| ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥ | Wherever I look, I see the Lord, the Supreme Lord, the Primal Being. |
| ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥ | In the Saadh Sangat, the Company of the Holy, doubt and fear are dispelled. Nanak speaks the Wisdom of God. \|\|2\|\|1\|\|4\|\| |
| ਕਲਿਆਨ ਮਹਲਾ ੫ ॥ | Kalyaan, Fifth Mehl: |
| ਗੁਨ ਨਾਦ ਧੁਨਿ ਅਨੰਦ ਬੇਦ ॥ | The Glory of God is the Sound-current of the Naad, the Celestial Music of Bliss, and the Wisdom of the Vedas. |
| ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥੧॥ ਰਹਾਉ ॥ | Speaking and listening, the silent sages and humble beings join together, in the Realm of the Saints. \|\|1\|\|Pause\|\| |
| ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥੧॥ | Spiritual wisdom, meditation, faith and charity are there; their minds savor the Taste of the Naam, the Name of the Lord. Chanting it, sins are destroyed. \|\|1\|\| |
| ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥ | This is the technology of Yoga, spiritual wisdom, devotion, intuitive knowledge of the Shabad, certain knowledge of the Essence of Reality, chanting and unbroken intensive meditation. |
| ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥ | Through and through, O Nanak, merging into the Light, you shall never again suffer pain and punishment. \|\|2\|\|2\|\|5\|\| |
| ਕਲਿਆਨੁ ਮਹਲਾ ੫ ॥ | Kalyaan, Fifth Mehl: |
| ਕਉਨੁ ਬਿਧਿ ਤਾ ਕੀ ਕਹਾ ਕਰਉ ॥ | What should I do, and how should I do it? |
| ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ ॥੧॥ ਰਹਾਉ ॥ | Should I center myself in meditation, or study the spiritual wisdom of the Shaastras? How can I endure this unendurable state? \|\|1\|\|Pause\|\| |

| | |
|---|---|
| ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥੧॥ | Vishnu, Shiva, the Siddhas, the silent sages and Indra - at whose door should I seek sanctuary? \|\|1\|\| |
| ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥ | Some have power and influence, and some are blessed with heavenly paradise, but out of millions, will anyone find liberation? |
| ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥੨॥੩॥੬॥ | Says Nanak, I have attained the Sublime Essence of the Naam, the Name of the Lord. I touch the feet of the Holy. \|\|2\|\|3\|\|6\|\| |
| ਕਲਿਆਨ ਮਹਲਾ ੫ ॥ | Kalyaan, Fifth Mehl: |
| ਪ੍ਰਾਨਪਤਿ ਦਇਆਲ ਪੁਰਖ ਪ੍ਰਭ ਸਖੇ ॥ | The Lord of the Breath of Life, the Merciful Primal Lord God, is my Friend. |
| ਗਰਭ ਜੋਨਿ ਕਲਿ ਕਾਲ ਜਾਲ ਦੁਖ ਬਿਨਾਸਨੁ ਹਰਿ ਰਖੇ ॥੧॥ ਰਹਾਉ ॥ | The Lord saves us from the womb of reincarnation and the noose of death in this Dark Age of Kali Yuga; He takes away our pain. \|\|1\|\|Pause\|\| |
| ਨਾਮ ਧਾਰੀ ਸਰਨਿ ਤੇਰੀ ॥ | I enshrine the Naam, the Name of the Lord, within; I seek Your Sanctuary, Lord. |
| ਪ੍ਰਭ ਦਇਆਲ ਟੇਕ ਮੇਰੀ ॥੧॥ | O Merciful Lord God, You are my only Support. \|\|1\|\| |
| ਅਨਾਥ ਦੀਨ ਆਸਵੰਤ ॥ | You are the only Hope of the helpless, the meek and the poor. |
| ਨਾਮੁ ਸੁਆਮੀ ਮਨਹਿ ਮੰਤ ॥੨॥ | Your Name, O my Lord and Master, is the Mantra of the mind. \|\|2\|\| |
| ਤੁਝ ਬਿਨਾ ਪ੍ਰਭ ਕਿਛੂ ਨ ਜਾਨੂ ॥ | I know of nothing except You, God. |
| ਸਰਬ ਜੁਗ ਮਹਿ ਤੁਮ ਪਛਾਨੂ ॥੩॥ | Throughout all the ages, I realize You. \|\|3\|\| |
| ਹਰਿ ਮਨਿ ਬਸੇ ਨਿਸਿ ਬਾਸਰੋ ॥ | O Lord, You dwell in my mind night and day. |
| ਗੋਬਿੰਦ ਨਾਨਕ ਆਸਰੋ ॥੪॥੪॥੭॥ | The Lord of the Universe is Nanak's only Support. \|\|4\|\|4\|\|7\|\| |
| ਕਲਿਆਨ ਮਹਲਾ ੫ ॥ | Kalyaan, Fifth Mehl: |
| ਮਨਿ ਤਨਿ ਜਾਪੀਐ ਭਗਵਾਨ ॥ | Within my mind and body I meditate on the Lord God. |
| ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੂਖ ਕਲਿਆਨ ॥੧॥ ਰਹਾਉ ॥ | The Perfect Guru is pleased and satisfied; I am blessed with eternal peace and happiness. \|\|1\|\|Pause\|\| |

| | |
|---|---|
| ਸਰਬ ਕਾਰਜ ਸਿਧਿ ਭਏ ਗਾਇ ਗੁਨ ਗੁਪਾਲ ॥ | All affairs are successfully resolved, singing the Glorious Praises of the Lord of the World. |
| ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ ॥੧॥ | Joining the Saadh Sangat, the Company of the Holy, I dwell upon God, and the pain of death is taken away. \|\|1\|\| |
| ਕਰਿ ਕਿਰਪਾ ਪ੍ਰਭ ਮੇਰਿਆ ਕਰਉ ਦਿਨੁ ਰੈਨਿ ਸੇਵ ॥ | Please take pity on me, O my God, that I may serve You day and night. |
| **੧੩੨੩** | 1323 |
| ਨਾਨਕ ਦਾਸ ਸਰਣਾਗਤੀ ਹਰਿ ਪੁਰਖ ਪੂਰਨ ਦੇਵ ॥੨॥੫॥੮॥ | Slave Nanak seeks the Sanctuary of the Lord, the Perfect, Divine Primal Being. \|\|2\|\|5\|\|8\|\| |
| ਕਲਿਆਨੁ ਮਹਲਾ ੫ ॥ | Kalyaan, Fifth Mehl: |
| ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥ | My God is the Inner-knower, the Searcher of Hearts. |
| ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ ॥੧॥ ਰਹਾਉ ॥ | Take pity on me, O Perfect Transcendent Lord; bless me with the True Eternal Insignia of the Shabad, the Word of God. \|\|1\|\|Pause\|\| |
| ਹਰਿ ਬਿਨੁ ਆਨ ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ ॥ | O Lord, other than You, no one is all-powerful. You are the Hope and the Strength of my mind. |
| ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ ॥੧॥ | You are the Giver to the hearts of all beings, O Lord and Master. I eat and wear whatever You give me. \|\|1\|\| |
| ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥ | Intuitive understanding, wisdom and cleverness, glory and beauty, pleasure, wealth and honor, |
| ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥੨॥੬॥੯॥ | all comforts, bliss, happiness and salvation, O Nanak, come by chanting the Lord's Name. \|\|2\|\|6\|\|9\|\| |
| ਕਲਿਆਨੁ ਮਹਲਾ ੫ ॥ | Kalyaan, Fifth Mehl: |
| ਹਰਿ ਚਰਨ ਸਰਨ ਕਲਿਆਨ ਕਰਨ ॥ | The Sanctuary of the Lord's Feet bring salvation. |
| ਪ੍ਰਭ ਨਾਮੁ ਪਤਿਤ ਪਾਵਨੋ ॥੧॥ ਰਹਾਉ ॥ | God's Name is the Purifier of sinners. \|\|1\|\|Pause\|\| |

| | |
|---|---|
| ਸਾਧਸੰਗਿ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ ॥੧॥ | Whoever chants and meditates in the Saadh Sangat, the Company of the Holy, shall undoubtedly escape being consumed by the Messenger of Death. \|\|1\|\| |
| ਮੁਕਤਿ ਜੁਗਤਿ ਅਨਿਕ ਸੂਖ ਹਰਿ ਭਗਤਿ ਲਵੈ ਨ ਲਾਵਨੋ ॥ | Liberation, the key to success, and all sorts of comforts do not equal loving devotional worship of the Lord. |
| ਪ੍ਰਭ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ ਧਾਵਨੋ ॥੨॥੭॥੧੦॥ | Slave Nanak longs for the Blessed Vision of God's Darshan; he shall never again wander in reincarnation. \|\|2\|\|\|\|7\|\|10\|\| |
| ਕਲਿਆਨ ਮਹਲਾ ੪ ਅਸਟਪਦੀਆ ॥ | Kalyaan, Fourth Mehl, Ashtapadees: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥ | Hearing the Name of the Lord, the All-pervading Lord, my mind is drenched with joy. |
| ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ ਗੁਰਮਤਿ ਸਹਜੇ ਪੀਜੈ ॥੧॥ ਰਹਾਉ ॥ | The Name of the Lord, Har, Har, is Ambrosial Nectar, the most Sweet and Sublime Essence; through the Guru's Teachings, drink it in with intuitive ease. \|\|1\|\|Pause\|\| |
| ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥ | The potential energy of fire is within the wood; it is released if you know how to rub it and generate friction. |
| ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥ | In just the same way, the Lord's Name is the Light within all; the Essence is extracted by following the Guru's Teachings. \|\|1\|\| |
| ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥ | There are nine doors, but the taste of these nine doors is bland and insipid. The Essence of Ambrosial Nectar trickles down through the Tenth Door. |
| ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥ | Please take pity on me - be kind and compassionate, O my Beloved, that I may drink in the Sublime Essence of the Lord, through the Word of the Guru's Shabad. \|\|2\|\| |
| ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥ | The body-village is the most sublime and exalted village, in which the merchandise of the Lord's Sublime Essence is traded. |
| ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥੩॥ | The most precious and priceless gems and jewels are obtained by serving the True Guru. \|\|3\|\| |

| | |
|---|---|
| ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ ਭਰਿ ਸਾਗਰ ਭਗਤਿ ਕਰੀਜੈ ॥ | The True Guru is Inaccessible; Inaccessible is our Lord and Master. He is the overflowing Ocean of bliss - worship Him with loving devotion. |
| ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ ਇਕ ਬੂੰਦ ਨਾਮੁ ਮੁਖਿ ਦੀਜੈ ॥੪॥ | Please take pity on me, and be Merciful to this meek song-bird; please pour a drop of Your Name into my mouth. \|\|4\|\| |
| ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ ॥ | O Beloved Lord, please color my mind with the Deep Crimson Color of Your Love; I have surrendered my mind to the Guru. |
| ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ ॥੫॥ | Those who are imbued with the Love of the Lord, Raam, Raam, Raam, continually drink in this essence in big gulps, savoring its sweet taste. \|\|5\|\| |
| ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥ | If all the gold of the seven continents and the oceans was taken out and placed before them, |
| ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ ॥੬॥ | the humble servants of my Lord and Master would not even want it. They beg for the Lord to bless them with the Lord's Sublime Essence. \|\|6\|\| |
| ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥ | The faithless cynics and mortal beings remain hungry forever; they continually cry out in hunger. |
| ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਥਿ ਦੀਜੈ ॥੭॥ | They hurry and run, and wander all around, caught in the love of Maya; they cover hundreds of thousands of miles in their wanderings. \|\|7\|\| |
| ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥ | The humble servants of the Lord, Har, Har, Har, Har, Har, are sublime and exalted. What praise can we bestow upon them? |
| **੧੩੨੪** | 1324 |
| ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥ | Nothing else can equal the Glory of the Lord's Name; please bless servant Nanak with Your Grace. \|\|8\|\|1\|\| |
| ਕਲਿਆਨ ਮਹਲਾ ੪ ॥ | Kalyaan, Fourth Mehl: |
| ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥ | O Lord, please bless me with the Touch of the Guru, the Philosopher's Stone. |

ਹਮ ਨਿਰਗੁਣੀ ਮਨੂਰ ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ ॥੧॥ ਰਹਾਉ ॥

I was unworthy, utterly useless, rusty slag; meeting with the True Guru, I was transformed by the Philosopher's Stone. ||1||Pause||

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ ॥

Everyone longs for paradise, liberation and heaven; all place their hopes in them.

ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥

The humble long for the Blessed Vision of His Darshan; they do not ask for liberation. Their minds are satisfied and comforted by His Darshan. ||1||

ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥

Emotional attachment to Maya is very powerful; this attachment is a black stain which sticks.

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥੨॥

The humble servants of my Lord and Master are unattached and liberated. They are like ducks, whose feathers do not get wet. ||2||

ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ ॥

The fragrant sandalwood tree is encircled by snakes; how can anyone get to the sandalwood?

ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥

Drawing out the Mighty Sword of the Guru's Spiritual Wisdom, I slaughter and kill the poisonous snakes, and drink in the Sweet Nectar. ||3||

ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ ॥

You may gather wood and stack it in a pile, but in an instant, fire reduces it to ashes.

ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ ॥੪॥

The faithless cynic gathers the most horrendous sins, but meeting with the Holy Saint, they are placed in the fire. ||4||

ਸਾਧੂ ਸਾਧ ਸਾਧ ਜਨ ਨੀਕੇ ਜਿਨ ਅੰਤਰਿ ਨਾਮੁ ਧਰੀਜੈ ॥

The Holy, Saintly devotees are sublime and exalted. They enshrine the Naam, the Name of the Lord, deep within.

ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ ॥੫॥

By the touch of the Holy and the humble servants of the Lord, the Lord God is seen. ||5||

ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ ॥

The thread of the faithless cynic is totally knotted and tangled; how can anything be woven with it?

ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ ॥੬॥

This thread cannot be woven into yarn; do not associate with those faithless cynics. ||6||

ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ ॥

The True Guru and the Saadh Sangat, the Company of the Holy, are exalted and sublime. Joining the Congregation, meditate on the Lord.

ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ ॥੭॥

The gems, jewels and precious stones are deep within; by Guru's Grace, they are found. ||7||

ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ ਮਿਲੀਜੈ ॥

My Lord and Master is Glorious and Great. How can I be united in His Union?

ਨਾਨਕ ਮੇਲਿ ਮਿਲਾਏ ਗੁਰੁ ਪੂਰਾ ਜਨ ਕਉ ਪੂਰਨੁ ਦੀਜੈ ॥੮॥੨॥

O Nanak, the Perfect Guru unites His humble servant in His Union, and blesses him with perfection. ||8||2||

ਕਲਿਆਨੁ ਮਹਲਾ ੪ ॥

Kalyaan, Fourth Mehl:

ਰਾਮਾ ਰਮ ਰਾਮੋ ਰਾਮੁ ਰਵੀਜੈ ॥

Chant the Name of the Lord, the Lord, the All-pervading Lord.

ਸਾਧੂ ਸਾਧ ਸਾਧ ਜਨ ਨੀਕੇ ਮਿਲਿ ਸਾਧੂ ਹਰਿ ਰੰਗੁ ਕੀਜੈ ॥੧॥ ਰਹਾਉ ॥

The Holy, the humble and Holy, are noble and sublime. Meeting with the Holy, I joyfully love the Lord. ||1||Pause||

ਜੀਅ ਜੰਤ ਸਭੁ ਜਗੁ ਹੈ ਜੇਤਾ ਮਨੁ ਡੋਲਤ ਡੋਲ ਕਰੀਜੈ ॥

The minds of all the beings and creatures of the world waver unsteadily.

ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ ਜਗੁ ਥੰਮਨ ਕਉ ਥੰਮੁ ਦੀਜੈ ॥੧॥

Please take pity on them, be merciful to them, and unite them with the Holy; establish this support to support the world. ||1||

ਬਸੁਧਾ ਤਲੈ ਤਲੈ ਸਭ ਊਪਰਿ ਮਿਲਿ ਸਾਧੂ ਚਰਨ ਰੁਲੀਜੈ ॥

The earth is beneath us, and yet its dust falls down on all; let yourself be covered by the dust of the feet of the Holy.

ਅਤਿ ਊਤਮ ਅਤਿ ਊਤਮ ਹੋਵਹੁ ਸਭ ਸਿਸਟਿ ਚਰਨ ਤਲ ਦੀਜੈ ॥੨॥

You shall be utterly exalted, the most noble and sublime of all; the whole world will place itself at your feet. ||2||

ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ ॥

The Gurmukhs are blessed with the Divine Light of the Lord; Maya comes to serve them.

ਮੈਨਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥

Through the Word of the Guru's Teachings, they bite with teeth of wax and chew iron, drinking in the Sublime Essence of the Lord. ||3||

ਰਾਮ ਨਾਮ ਅਨੁਗ੍ਰਹੁ ਬਹੁ ਕੀਆ ਗੁਰ ਸਾਧੂ ਪੁਰਖ ਮਿਲੀਜੈ ॥

The Lord has shown great mercy, and bestowed His Name; I have met with the Holy Guru, the Primal Being.

| | |
|---|---|
| ਗੁਨ ਰਾਮ ਨਾਮ ਬਿਸਥੀਰਨ ਕੀਏ ਹਰਿ ਸਗਲ ਭਵਨ ਜਸੁ ਦੀਜੈ ॥੪॥ | The Glorious Praises of the Lord's Name have spread out everywhere; the Lord bestows fame all over the world. \|\|4\|\| |
| ਸਾਧੂ ਸਾਧ ਸਾਧ ਮਨਿ ਪ੍ਰੀਤਮ ਬਿਨੁ ਦੇਖੇ ਰਹਿ ਨ ਸਕੀਜੈ ॥ | The Beloved Lord is within the minds of the Holy, the Holy Saadhus; without seeing Him, they cannot survive. |
| ਜਿਉ ਜਲ ਮੀਨ ਜਲੰ ਜਲ ਪ੍ਰੀਤਿ ਹੈ ਖਿਨੁ ਜਲ ਬਿਨੁ ਫੂਟਿ ਮਰੀਜੈ ॥੫॥ | The fish in the water loves only the water. Without water, it bursts and dies in an instant. \|\|5\|\| |

## ੧੩੨੫ 1325

| | |
|---|---|
| ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ ॥ | Those who have terrible luck and bad fortune do not drink in the water which washes the dust of the feet of the Holy. |
| ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ ਡੰਡੁ ਧਰਮ ਰਾਇ ਕਾ ਦੀਜੈ ॥੬॥ | The burning fire of their desires is not extinguished; they are beaten and punished by the Righteous Judge of Dharma. \|\|6\|\| |
| ਸਭਿ ਤੀਰਥ ਬਰਤ ਜਗ੍ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ ॥ | You may visit all the sacred shrines, observe fasts and sacred feasts, give generously in charity and waste away the body, melting it in the snow. |
| ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ ॥੭॥ | The weight of the Lord's Name is unweighable, according to the Guru's Teachings; nothing can equal its weight. \|\|7\|\| |
| ਤਵ ਗੁਨ ਬ੍ਰਹਮ ਬ੍ਰਹਮ ਤੂ ਜਾਨਹਿ ਜਨ ਨਾਨਕ ਸਰਨਿ ਪਰੀਜੈ ॥ | O God, You alone know Your Glorious Virtues. Servant Nanak seeks Your Sanctuary. |
| ਤੂ ਜਲ ਨਿਧਿ ਮੀਨ ਹਮ ਤੇਰੇ ਕਰਿ ਕਿਰਪਾ ਸੰਗਿ ਰਖੀਜੈ ॥੮॥੩॥ | You are the Ocean of water, and I am Your fish. Please be kind, and keep me always with You. \|\|8\|\|3\|\| |

| | |
|---|---|
| ਕਲਿਆਨ ਮਹਲਾ ੪ ॥ | Kalyaan, Fourth Mehl: |
| ਰਾਮਾ ਰਮ ਰਾਮੋ ਪੂਜ ਕਰੀਜੈ ॥ | I worship and adore the Lord, the All-pervading Lord. |
| ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥੧॥ ਰਹਾਉ ॥ | I surrender my mind and body, and place everything before Him; following the Guru's Teachings, spiritual wisdom is implanted within me. \|\|1\|\|Pause\|\| |
| ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥ | God's Name is the tree, and His Glorious Virtues are the branches. Picking and gathering up the fruit, I worship Him. |

| | |
|---|---|
| ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥੧॥ | The soul is divine; divine is the soul. Worship Him with love. ‖1‖ |
| ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥ | One of keen intellect and precise understanding is immaculate in all this world. In thoughtful consideration, he drinks in the sublime essence. |
| ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥ | By Guru's Grace, the treasure is found; dedicate this mind to the True Guru. ‖2‖ |
| ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ ॥ | Priceless and utterly sublime is the Diamond of the Lord. This Diamond pierces the diamond of the mind. |
| ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ ॥੩॥ | The mind becomes the jeweller, through the Word of the Guru's Shabad; it appraises the Diamond of the Lord. ‖3‖ |
| ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥ | Attaching oneself to the Society of the Saints, one is exalted and uplifted, as the palaas tree is absorbed by the peepal tree. |
| ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ ॥੪॥ | That mortal being is supreme among all people, who is perfumed by the fragrance of the Lord's Name. ‖4‖ |
| ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥ | One who continually acts in goodness and immaculate purity, sprouts green branches in great abundance. |
| ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥ | The Guru has taught me that Dharmic faith is the flower, and spiritual wisdom is the fruit; this fragrance permeates the world. ‖5‖ |
| ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥ | The One, the Light of the One, abides within my mind; God, the One, is seen in all. |
| ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥ | The One Lord, the Supreme Soul, is spread out everywhere; all place their heads beneath His Feet. ‖6‖ |
| ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥ | Without the Naam, the Name of the Lord, people look like criminals with their noses cut off; bit by bit, their noses are cut off. |
| ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥ | The faithless cynics are called egotistical; without the Name, their lives are cursed. ‖7‖ |

ਜਬ ਲਗੁ ਸਾਸੁ ਸਾਸੁ ਮਨ ਅੰਤਰਿ
ਤਤੁ ਬੇਗਲ ਸਰਨਿ ਪਰੀਜੈ ॥

As long as the breath breathes through the mind deep within, hurry and seek God's Sanctuary.

ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ
ਮੈ ਸਾਧੂ ਚਰਨ ਪਖੀਜੈ ॥੮॥੪॥

Please shower Your Kind Mercy and take pity upon Nanak, that he may wash the feet of the Holy. ||8||4||

ਕਲਿਆਨ ਮਹਲਾ ੪ ॥

Kalyaan, Fourth Mehl:

ਰਾਮਾ ਮੈ ਸਾਧੂ ਚਰਨ ਧੁਵੀਜੈ ॥

O Lord, I wash the feet of the Holy.

ਕਿਲਬਿਖ ਦਹਨ ਹੋਹਿ ਖਿਨ ਅੰਤਰਿ
ਮੇਰੇ ਠਾਕੁਰ ਕਿਰਪਾ ਕੀਜੈ ॥੧॥
ਰਹਾਉ ॥

May my sins be burnt away in an instant; O my Lord and Master, please bless me with Your Mercy. ||1||Pause||

ਮੰਗਤ ਜਨ ਦੀਨ ਖਰੇ ਦਰਿ ਠਾਢੇ
ਅਤਿ ਤਰਸਨ ਕਉ ਦਾਨੁ ਦੀਜੈ ॥

The meek and humble beggars stand begging at Your Door. Please be generous and give to those who are yearning.

ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ
ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥

Save me, save me, O God - I have come to Your Sanctuary. Please implant the Guru's Teachings, and the Naam within me. ||1||

ਕਾਮ ਕਰੋਧੁ ਨਗਰ ਮਹਿ ਸਬਲਾ
ਨਿਤ ਉਠਿ ਉਠਿ ਜੂਝੁ ਕਰੀਜੈ ॥

Sexual desire and anger are very powerful in the body-village; I rise up to fight the battle against them.

ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ
ਪੂਰਾ ਕਾਢਿ ਕਢੀਜੈ ॥੨॥

Please make me Your Own and save me; through the Perfect Guru, I drive them out. ||2||

ਅੰਤਰਿ ਅਗਨਿ ਸਬਲ ਅਤਿ
ਬਿਖਿਆ ਹਿਵ ਸੀਤਲੁ ਸਬਦੁ
ਗੁਰ ਦੀਜੈ ॥

The powerful fire of corruption is raging violently within; the Word of the Guru's Shabad is the ice water which cools and soothes.

## ੧੩੨੬

## 1326

ਤਨਿ ਮਨਿ ਸਾਂਤਿ ਹੋਇ ਅਧਿਕਾਈ
ਰੋਗੁ ਕਾਟੈ ਸੂਖਿ ਸਵੀਜੈ ॥੩॥

My mind and body are calm and tranquil; the disease has been cured, and now I sleep in peace. ||3||

ਜਿਉ ਸੂਰਜੁ ਕਿਰਣਿ ਰਵਿਆ
ਸਰਬ ਠਾਈ ਸਭ ਘਟਿ ਘਟਿ ਰਾਮੁ
ਰਵੀਜੈ ॥

As the rays of the sun spread out everywhere, the Lord pervades each and every heart.

| | |
|---|---|
| ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ ॥੪॥ | Meeting the Holy Saint, one drinks in the Sublime Essence of the Lord; sitting in the home of your own inner being, drink in the essence. \|\|4\|\| |
| ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੂਰੀਜੈ ॥ | The humble being is in love with the Guru, like the chakvi bird which loves to see the sun. |
| ਨਿਰਖਤ ਨਿਰਖਤ ਰੈਨਿ ਸਭ ਨਿਰਖੀ ਮੁਖੁ ਕਾਢੈ ਅੰਮ੍ਰਿਤੁ ਪੀਜੈ ॥੫॥ | She watches, and keeps on watching all through the night; and when the sun shows its face, she drinks in the Amrit. \|\|5\|\| |
| ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥ | The faithless cynic is said to be very greedy - he is a dog. He is overflowing with the filth and pollution of evil-mindedness. |
| ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥੬॥ | He talks excessively about his own interests. How can he be trusted? \|\|6\|\| |
| ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥ | I have sought the Sanctuary of the Saadh Sangat, the Company of the Holy; I have found the Sublime Essence of the Lord. |
| ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ ॥੭॥ | They do good deeds for others, and speak of the Lord's many Glorious Virtues; please bless me to meet these Saints, these devotees of the Lord. \|\|7\|\| |
| ਤੂ ਅਗਮ ਦਇਆਲ ਦਇਆ ਪਤਿ ਦਾਤਾ ਸਭ ਦਇਆ ਧਾਰਿ ਰਖਿ ਲੀਜੈ ॥ | You are the Inaccessible Lord, Kind and Compassionate, the Great Giver; please shower us with Your Mercy, and save us. |
| ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ ॥੮॥੫॥ | You are the Life of all the beings of the world; please cherish and sustain Nanak. \|\|8\|\|5\|\| |
| ਕਲਿਆਨੁ ਮਹਲਾ ੪ ॥ | Kalyaan, Fourth Mehl: |
| ਰਾਮਾ ਹਮ ਦਾਸਨ ਦਾਸ ਕਰੀਜੈ ॥ | O Lord, please make me the slave of Your slaves. |
| ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ ॥੧॥ ਰਹਾਉ ॥ | As long as there is breath deep within my mind, let me drink in the dust of the Holy. \|\|1\|\|Pause\|\| |
| ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥ | Shiva, Naarad, the thousand-headed cobra king and the silent sages long for the dust of the Holy. |
| ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥੧॥ | All the worlds and realms where the Holy place their feet are sanctified. \|\|1\|\| |

| | |
|---|---|
| ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥ | So let go of your shame and renounce all your egotism; join with the Saadh Sangat, the Company of the Holy, and remain there. |
| ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥੨॥ | Give up your fear of the Righteous Judge of Dharma, and you shall be lifted up and saved from drowning in the sea of poison. \|\|2\|\| |
| ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ ॥ | Some are standing, parched and shrivelled up by their doubts; joining the Saadh Sangat, they are rejuvenated. |
| ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ ॥੩॥ | So do not delay, even for an instant - go and fall at the feet of the Holy. \|\|3\|\| |
| ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ ॥ | The Kirtan of the Praise of the Lord's Name is a priceless jewel. The Lord has given it for the Holy to keep. |
| ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ ॥੪॥ | Whoever accepts and follows the Word of the Guru's Teachings as True - this Jewel is taken out and given to him. \|\|4\|\| |
| ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥ | Listen, O Saints; listen, humble Siblings of Destiny: the Guru raises His Arms and sends out the call. |
| ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥ | If you long for everlasting peace and comfort for your soul, then enter the Sanctuary of the True Guru. \|\|5\|\| |
| ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥ | If you have great good fortune and are very noble, then implant the Guru's Teachings and the Naam, the Name of the Lord, within. |
| ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥੬॥ | Emotional attachment to Maya is totally treacherous; drinking in the Sublime Essence of the Lord, you shall easily, intuitively cross over the world-ocean. \|\|6\|\| |
| ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥ | Those who are totally in love with Maya, Maya, shall rot away in Maya. |
| ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥੭॥ | The path of ignorance and darkness is utterly treacherous; they are loaded down with the crushing load of egotism. \|\|7\|\| |
| ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥ | O Nanak, chanting the Name of the Lord, the All-pervading Lord, one is emancipated. |

| | |
|---|---|
| ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥੮॥੬॥ | Meeting the True Guru, the Naam is implanted within; we are united and blended with the Lord's Name. \|\|8\|\|6\|\| |
| ਛਕਾ ੧ ॥ | First Set of Six |
| **੧੩੨੭** | 1327 |
| ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ॥ | Raag Parbhaatee Bibhaas, First Mehl, Chau-Padas, First House: |
| ਨਾਇ ਤੇਰੈ ਤਰਣਾ ਨਾਇ ਪਤਿ ਪੂਜ ॥ | Your Name carries us across; Your Name brings respect and worship. |
| ਨਾਉ ਤੇਰਾ ਗਹਣਾ ਮਤਿ ਮਕਸੂਦੁ ॥ | Your Name embellishes us; it is the object of the awakened mind. |
| ਨਾਇ ਤੇਰੈ ਨਾਉ ਮੰਨੇ ਸਭ ਕੋਇ ॥ | Your Name brings honor to everyone's name. |
| ਵਿਣੁ ਨਾਵੈ ਪਤਿ ਕਬਹੁ ਨ ਹੋਇ ॥੧॥ | Without Your Name, no one is ever respected. \|\|1\|\| |
| ਅਵਰ ਸਿਆਣਪ ਸਗਲੀ ਪਾਜੁ ॥ | All other clever tricks are just for show. |
| ਜੈ ਬਖਸੇ ਤੈ ਪੂਰਾ ਕਾਜੁ ॥੧॥ ਰਹਾਉ ॥ | Whoever the Lord blesses with forgiveness - his affairs are perfectly resolved. \|\|1\|\|Pause\|\| |
| ਨਾਉ ਤੇਰਾ ਤਾਣੁ ਨਾਉ ਦੀਬਾਣੁ ॥ | Your Name is my strength; Your Name is my support. |
| ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥ | Your Name is my army; Your Name is my king. |
| ਨਾਇ ਤੇਰੈ ਮਾਣੁ ਮਹਤ ਪਰਵਾਣੁ ॥ | Your Name brings honor, glory and approval. |
| ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥੨॥ | By Your Grace, one is blessed with the banner and the insignia of Your Mercy. \|\|2\|\| |
| ਨਾਇ ਤੇਰੈ ਸਹਜੁ ਨਾਇ ਸਾਲਾਹ ॥ | Your Name brings intuitive peace and poise; Your Name brings praise. |
| ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ ॥ | Your Name is the Ambrosial Nectar which cleans out the poison. |
| ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ ॥ | Through Your Name, all peace and comfort comes to abide in the mind. |

| | |
|---|---|
| ਬਿਨੁ ਨਾਵੈ ਬਾਧੀ ਜਮ ਪੁਰਿ ਜਾਇ ॥੩॥ | Without the Name, they are bound and gagged, and dragged off to the City of Death. \|\|3\|\| |
| ਨਾਰੀ ਬੇਰੀ ਘਰ ਦਰ ਦੇਸ ॥ | Man is involved with his wife, hearth and home, land and country, |
| ਮਨ ਕੀਆ ਖੁਸੀਆ ਕੀਚਹਿ ਵੇਸ ॥ | the pleasures of the mind and fine clothes; |
| ਜਾਂ ਸਦੇ ਤਾਂ ਢਿਲ ਨ ਪਾਇ ॥ | but when the call comes, he cannot delay. |
| ਨਾਨਕ ਕੂੜੁ ਕੂੜੋ ਹੋਇ ਜਾਇ ॥੪॥੧॥ | O Nanak, in the end, the false turn out to be false. \|\|4\|\|1\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ | Your Name is the Jewel, and Your Grace is the Light. In awareness, there is Your Light. |
| ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥ | Darkness fills the dark, and then everything is lost. \|\|1\|\| |
| ਇਹੁ ਸੰਸਾਰੁ ਸਗਲ ਬਿਕਾਰੁ ॥ | This whole world is corrupt. |
| ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥ | Your Name is the only cure; nothing else works, O Infinite Creator Lord. \|\|1\|\|Pause\|\| |
| ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ | One side of the scale holds tens of thousands, millions of nether regions and realms. |
| ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥ | O my Beloved, Your Worth could only be estimated if something else could be placed on the other side of the scale. \|\|2\|\| |
| **੧੩੨੮** | 1328 |
| ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ | Out of pain, pleasure is produced, and out of pleasure comes pain. |
| ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥ | That mouth which praises You - what hunger could that mouth ever suffer? \|\|3\|\| |
| ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ | O Nanak, you alone are foolish; all the rest of the world is good. |

| | |
|---|---|
| ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥ | That body in which the Naam does not well up - that body becomes miserable. \|\|4\|\|2\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ ॥ | For His sake, Brahma uttered the Vedas, and Shiva renounced Maya. |
| ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ ॥੧॥ | For His sake, the Siddhas became hermits and renunciates; even the gods have not realized His Mystery. \|\|1\|\| |
| ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥ | O Baba, keep the True Lord in your mind, and utter the Name of the True Lord with your mouth; the True Lord will carry you across. |
| ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ ॥੧॥ ਰਹਾਉ ॥ | Enemies and pain shall not even approach you; only a rare few realize the Wisdom of the Lord. \|\|1\|\|Pause\|\| |
| ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ ॥ | Fire, water and air make up the world; these three are the slaves of the Naam, the Name of the Lord. |
| ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥੨॥ | One who does not chant the Naam is a thief, dwelling in the fortress of the five thieves. \|\|2\|\| |
| ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ ॥ | If someone does a good deed for someone else, he totally puffs himself up in his conscious mind. |
| ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥੩॥ | The Lord bestows so many virtues and so much goodness; He does not ever regret it. \|\|3\|\| |
| ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥ | Those who praise You gather the wealth in their laps; this is Nanak's wealth. |
| ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥ | Whoever shows respect to them is not summoned by the Messenger of Death. \|\|4\|\|3\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ ਮੁਖੁ ਮਾਸਾ ॥ | One who has no beauty, no social status, no mouth, no flesh |
| ਸਤਿਗੁਰਿ ਮਿਲੇ ਨਿਰੰਜਨੁ ਪਾਇਆ ਤੇਰੈ ਨਾਮਿ ਹੈ ਨਿਵਾਸਾ ॥੧॥ | - meeting with the True Guru, he finds the Immaculate Lord, and dwells in Your Name. \|\|1\|\| |

| | |
|---|---|
| ਅਉਧੂ ਸਹਜੇ ਤਤੁ ਬੀਚਾਰਿ ॥ | O detached Yogi, contemplate the essence of reality, |
| ਜਾ ਤੇ ਫਿਰਿ ਨ ਆਵਹੁ ਸੈਸਾਰਿ ॥੧॥ ਰਹਾਉ ॥ | and you shall never again come to be born into the world. \|\|1\|\|Pause\|\| |
| ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ ॥ | One who does not have good karma or Dharmic faith, sacred rosary or mala |
| ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ ॥੨॥ | - through the Light of God, wisdom is bestowed; the True Guru is our Protector. \|\|2\|\| |
| ਜਾ ਕੈ ਬਰਤੁ ਨਾਹੀ ਨੇਮੁ ਨਾਹੀ ਨਾਹੀ ਬਕਬਾਈ ॥ | One who does not observe any fasts, make religious vows or chant |
| ਗਤਿ ਅਵਗਤਿ ਕੀ ਚਿੰਤ ਨਾਹੀ ਸਤਿਗੁਰੂ ਫੁਰਮਾਈ ॥੩॥ | - he does not have to worry about good luck or bad, if he obeys the Command of the True Guru. \|\|3\|\| |
| ਜਾ ਕੈ ਆਸ ਨਾਹੀ ਨਿਰਾਸ ਨਾਹੀ ਚਿਤਿ ਸੁਰਤਿ ਸਮਝਾਈ ॥ | One who is not hopeful, nor hopeless, who has trained his intuitive consciousness |
| ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ ॥੪॥੪॥ | - his being blends with the Supreme Being. O Nanak, his awareness is awakened. \|\|4\|\|4\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਤਾ ਕਾ ਕਹਿਆ ਦਰਿ ਪਰਵਾਣੁ ॥ | What he says is approved in the Court of the Lord. |
| ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥੧॥ | He looks upon poison and nectar as one and the same. \|\|1\|\| |
| ਕਿਆ ਕਹੀਐ ਸਰਬੇ ਰਹਿਆ ਸਮਾਇ ॥ | What can I say? You are permeating and pervading all. |
| ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਰਹਾਉ ॥ | Whatever happens, is all by Your Will. \|\|1\|\|Pause\|\| |
| ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ | The Divine Light shines radiantly, and egotistical pride is dispelled. |
| ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥ | The True Guru bestows the Ambrosial Naam, the Name of the Lord. \|\|2\|\| |
| ਕਲਿ ਮਹਿ ਆਇਆ ਸੋ ਜਨੁ ਜਾਣੁ ॥ | In this Dark Age of Kali Yuga, one's birth is approved, |
| ਸਾਚੀ ਦਰਗਹ ਪਾਵੈ ਮਾਣੁ ॥੩॥ | if one is honored in the True Court. \|\|3\|\| |

ਕਹਣਾ ਸੁਨਣਾ ਅਕਥ ਘਰਿ ਜਾਇ ॥
Speaking and listening, one goes to the Celestial Home of the Indescribable Lord.

ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥
Mere words of mouth, O Nanak, are burnt away. ||4||5||

ਪ੍ਰਭਾਤੀ ਮਹਲਾ ੧ ॥
Prabhaatee, First Mehl:

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
One who bathes in the Ambrosial Water of spiritual wisdom takes with him the virtues of the sixty-eight sacred shrines of pilgrimage.

ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥
The Guru's Teachings are the gems and jewels; the Sikh who serves Him searches and finds them. ||1||

ਗੁਰ ਸਮਾਨਿ ਤੀਰਥੁ ਨਹੀ ਕੋਇ ॥
There is no sacred shrine equal to the Guru.

ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
The Guru encompasses the ocean of contentment. ||1||Pause||

## ੧੩੨੯

## 1329

ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
The Guru is the River, from which the Pure Water is obtained forever; it washes away the filth and pollution of evil-mindedness.

ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥
Finding the True Guru, the perfect cleansing bath is obtained, which transforms even beasts and ghosts into gods. ||2||

ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥
He is said to be the Guru, with the scent of sandalwood, who is imbued with the True Name to the bottom of His Heart.

ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥
By His Fragrance, the world of vegetation is perfumed. Lovingly focus yourself on His Feet. ||3||

ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥
The life of the soul wells up for the Gurmukh; the Gurmukh goes to the House of God.

ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥
The Gurmukh, O Nanak, merges in the True One; the Gurmukh attains the exalted state of the self. ||4||6||

| | |
|---|---|
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ | By Guru's Grace, contemplate spiritual knowledge; read it and study it, and you shall be honored. |
| ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ | Within the self, the self is revealed, when one is blessed with the Ambrosial Naam, the Name of the Lord. ‖1‖ |
| ਕਰਤਾ ਤੂ ਮੇਰਾ ਜਜਮਾਨੁ ॥ | O Creator Lord, You alone are my Benefactor. |
| ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥ | I beg for only one blessing from You: please bless me with Your Name. ‖1‖Pause‖ |
| ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥ | The five wandering thieves are captured and held, and the egotistical pride of the mind is subdued. |
| ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥ | Visions of corruption, vice and evil-mindedness run away. Such is the spiritual wisdom of God. ‖2‖ |
| ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥ | Please bless me with the rice of truth and self-restraint, the wheat of compassion, and the leaf-plate of meditation. |
| ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥ | Bless me with the milk of good karma, and the clarified butter, the ghee, of compassion. Such are the gifts I beg of You, Lord. ‖3‖ |
| ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥ | Let forgiveness and patience be my milk-cows, and let the calf of my mind intuitively drink in this milk. |
| ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥ | I beg for the clothes of modesty and the Lord's Praise; Nanak chants the Glorious Praises of the Lord. ‖4‖7‖ |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥ | No one can hold anyone back from coming; how could anyone hold anyone back from going? |
| ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥ | He alone thoroughly understands this, from whom all beings come; all are merged and immersed in Him. ‖1‖ |
| ਤੂਹੈ ਹੈ ਵਾਹੁ ਤੇਰੀ ਰਜਾਇ ॥ | Waaho! - You are Great, and Wondrous is Your Will. |

| | |
|---|---|
| ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥ | Whatever You do, surely comes to pass. Nothing else can happen. ‖1‖Pause‖ |
| ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥ | The buckets on the chain of the Persian wheel rotate; one empties out to fill another. |
| ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥ | This is just like the Play of our Lord and Master; such is His Glorious Greatness. ‖2‖ |
| ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ | Following the path of intuitive awareness, one turns away from the world, and one's vision is enlightened. |
| ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥ | Contemplate this in your mind, and see, O spiritual teacher. Who is the householder, and who is the renunciate? ‖3‖ |
| ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥ | Hope comes from the Lord; surrendering to Him, we remain in the state of nirvaanaa. |
| ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥ | We come from Him; surrendering to Him, O Nanak, one is approved as a householder, and a renunciate. ‖4‖8‖ |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥ | I am a sacrifice to that one who binds in bondage his evil and corrupted gaze. |
| ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥੧॥ | One who does not know the difference between vice and virtue wanders around uselessly. ‖1‖ |
| ਬੋਲਹੁ ਸਚੁ ਨਾਮੁ ਕਰਤਾਰ ॥ | Speak the True Name of the Creator Lord. |
| ਫੁਨਿ ਬਹੁੜਿ ਨ ਆਵਣ ਵਾਰ ॥੧॥ ਰਹਾਉ ॥ | Then, you shall never again have to come into this world. ‖1‖Pause‖ |
| ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ ॥ | The Creator transforms the high into the low, and makes the lowly into kings. |
| ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥੨॥ | Those who know the All-knowing Lord are approved and certified as perfect in this world. ‖2‖ |
| ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ ॥ | If anyone is mistaken and fooled, you should go to instruct him. |

| ੧੩੩੦ | 1330 |
|---|---|
| ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ ॥੩॥ | The Creator Himself plays all the games; only a few understand this. \|\|3\|\| |
| ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥ | Meditate on the Name, and the Word of the Shabad, in the early hours before dawn; leave your worldly entanglements behind. |
| ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥ | Prays Nanak, the slave of God's slaves: the world loses, and he wins. \|\|4\|\|9\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥ | The mind is Maya, the mind is a chaser; the mind is a bird flying across the sky. |
| ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥ | The thieves are overpowered by the Shabad, and then the body-village prospers and celebrates. |
| ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥੧॥ | Lord, when You save someone, he is saved; his capital is safe and sound. \|\|1\|\| |
| ਐਸਾ ਨਾਮੁ ਰਤਨੁ ਨਿਧਿ ਮੇਰੈ ॥ | Such is my Treasure, the Jewel of the Naam; |
| ਗੁਰਮਤਿ ਦੇਹਿ ਲਗਉ ਪਗਿ ਤੇਰੈ ॥੧॥ ਰਹਾਉ ॥ | please bless me with the Guru's Teachings, so that I may fall at Your Feet. \|\|1\|\|Pause\|\| |
| ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥ | The mind is a Yogi, the mind is a pleasure-seeker; the mind is foolish and ignorant. |
| ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥ | The mind is the giver, the mind is the beggar; the mind is the Great Guru, the Creator. |
| ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥੨॥ | The five thieves are conquered, and peace is attained; such is the contemplative wisdom of God. \|\|2\|\| |
| ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥ | The One Lord is said to be in each and every heart, but no one can see Him. |
| ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥ | The false are cast upside-down into the womb of reincarnation; without the Name, they lose their honor. |

| | |
|---|---|
| ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥੩॥ | Those whom You unite, remain united, if it is Your Will. \|\|3\|\| |
| ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ | God does not ask about social class or birth; you must find your true home. |
| ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ | That is your social class and that is your status - the karma of what you have done. |
| ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥੪॥੧੦॥ | The pains of death and rebirth are eradicated; O Nanak, salvation is in the Lord's Name. \|\|4\|\|10\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਜਾਗਤੁ ਬਿਗਸੈ ਮੂਠੋ ਅੰਧਾ ॥ | He is awake, and even happy, but he is being plundered - he is blind! |
| ਗਲਿ ਫਾਹੀ ਸਿਰਿ ਮਾਰੇ ਧੰਧਾ ॥ | The noose is around his neck, and yet, his head is busy with worldly affairs. |
| ਆਸਾ ਆਵੈ ਮਨਸਾ ਜਾਇ ॥ | In hope, he comes and in desire, he leaves. |
| ਉਰਝੀ ਤਾਣੀ ਕਿਛੁ ਨ ਬਸਾਇ ॥੧॥ | The strings of his life are all tangled up; he is utterly helpless. \|\|1\|\| |
| ਜਾਗਸਿ ਜੀਵਣ ਜਾਗਣਹਾਰਾ ॥ | The Lord of Awareness, the Lord of Life is awake and aware. |
| ਸੁਖ ਸਾਗਰ ਅੰਮ੍ਰਿਤ ਭੰਡਾਰਾ ॥੧॥ ਰਹਾਉ ॥ | He is the Ocean of peace, the Treasure of Ambrosial Nectar. \|\|1\|\|Pause\|\| |
| ਕਹਿਓ ਨ ਬੂਝੈ ਅੰਧੁ ਨ ਸੂਝੈ ਭੋਂਡੀ ਕਾਰ ਕਮਾਈ ॥ | He does not understand what he is told; he is blind - he does not see, and so he does his evil deeds. |
| ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥੨॥ | The Transcendent Lord Himself showers His Love and Affection; by His Grace, He bestows glorious greatness. \|\|2\|\| |
| ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਈ ॥ | With the coming of each and every day, his life is wearing away, bit by bit; but still, his heart is attached to Maya. |
| ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬ ਲਗ ਦੂਜੀ ਰਾਈ ॥੩॥ | Without the Guru, he is drowned, and finds no place of rest, as long as he is caught in duality. \|\|3\|\| |
| ਅਹਿਨਿਸਿ ਜੀਆ ਦੇਖਿ ਸਮ੍ਹਾਲੈ ਸੁਖੁ ਦੁਖੁ ਪੁਰਬਿ ਕਮਾਈ ॥ | Day and night, God watches over and takes care of His living beings; they receive pleasure and pain according to their past actions. |

| | |
|---|---|
| ਕਰਮਹੀਣੁ ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ ॥੪॥੧੧॥ | Nanak, the unfortunate one, begs for the charity of Truth; please bless him with this glory. \|\|4\|\|11\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਮਸਟਿ ਕਰਉ ਮੂਰਖੁ ਜਗਿ ਕਹੀਆ ॥ | If I remain silent, the world calls me a fool. |
| ਅਧਿਕ ਬਕਉ ਤੇਰੀ ਲਿਵ ਰਹੀਆ ॥ | If I talk too much, I miss out on Your Love. |
| ਭੂਲ ਚੂਕ ਤੇਰੈ ਦਰਬਾਰਿ ॥ | My mistakes and faults will be judged in Your Court. |
| ਨਾਮ ਬਿਨਾ ਕੈਸੇ ਆਚਾਰ ॥੧॥ | Without the Naam, the Name of the Lord, how can I maintain good conduct? \|\|1\|\| |
| ਐਸੇ ਝੂਠਿ ਮੁਠੇ ਸੰਸਾਰਾ ॥ | Such is the falsehood which is plundering the world. |
| ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ ਰਹਾਉ ॥ | The slanderer slanders me, but even so, I love him. \|\|1\|\|Pause\|\| |
| ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥ | He alone knows the way, who has been slandered. |
| ਗੁਰ ਕੈ ਸਬਦੇ ਦਰਿ ਨੀਸਾਣੈ ॥ | Through the Word of the Guru's Shabad, he is stamped with the Lord's Insignia in His Court. |
| ਕਾਰਣ ਨਾਮੁ ਅੰਤਰਗਤਿ ਜਾਣੈ ॥ | He realizes the Naam, the Cause of causes, deep within himself. |
| ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥੨॥ | He alone knows the way, who is blessed by the Lord's Glance of Grace. \|\|2\|\| |
| ਮੈ ਮੈਲੌ ਊਜਲੁ ਸਚੁ ਸੋਇ ॥ | I am filthy and polluted; the True Lord is Immaculate and Sublime. |
| ਊਤਮੁ ਆਖਿ ਨ ਊਚਾ ਹੋਇ ॥ | Calling oneself sublime, one does not become exalted. |
| ਮਨਮੁਖੁ ਖੂਲਿ੍ ਮਹਾ ਬਿਖੁ ਖਾਇ ॥ | The self-willed manmukh openly eats the great poison. |
| ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥ | But one who becomes Gurmukh is absorbed in the Name. \|\|3\|\| |
| ਅੰਧੌ ਬੋਲੌ ਮੁਗਧੁ ਗਵਾਰੁ ॥ | I am blind, deaf, foolish and ignorant, |
| **੧੩੩੧** | 1331 |
| ਹੀਣੌ ਨੀਚੁ ਬੁਰੌ ਬੁਰਿਆਰੁ ॥ | the lowest of the low, the worst of the worst. |
| ਨੀਧਨ ਕੌ ਧਨੁ ਨਾਮੁ ਪਿਆਰੁ ॥ | I am poor, but I have the Wealth of Your Name, O my Beloved. |
| ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥ | This is the most excellent wealth; all else is poison and ashes. \|\|4\|\| |

| | |
|---|---|
| ਉਸਤਤਿ ਨਿੰਦਾ ਸਬਦੁ ਵੀਚਾਰੁ ॥ | I pay no attention to slander and praise; I contemplate the Word of the Shabad. |
| ਜੋ ਦੇਵੈ ਤਿਸ ਕਉ ਜੈਕਾਰੁ ॥ | I celebrate the One who blesses me with His Bounty. |
| ਤੂ ਬਖਸਹਿ ਜਾਤਿ ਪਤਿ ਹੋਇ ॥ | Whomever You forgive, O Lord, is blessed with status and honor. |
| ਨਾਨਕੁ ਕਹੈ ਕਹਾਵੈ ਸੋਇ ॥੫॥੧੨॥ | Says Nanak, I speak as He causes me to speak. \|\|5\|\|12\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥ | Eating too much, one's filth only increases; wearing fancy clothes, one's home is disgraced. |
| ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥੧॥ | Talking too much, one only starts arguments. Without the Name, everything is poison - know this well. \|\|1\|\| |
| ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ ॥ | O Baba, such is the treacherous trap which has caught my mind; |
| ਬਿਬਲੁ ਝਾਗਿ ਸਹਜਿ ਪਰਗਾਸਿਆ ॥੧॥ ਰਹਾਉ ॥ | riding out the waves of the storm, it will be enlightened by intuitive wisdom. \|\|1\|\|Pause\|\| |
| ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ | They eat poison, speak poison and do poisonous deeds. |
| ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥ | Bound and gagged at Death's door, they are punished; they can be saved only through the True Name. \|\|2\|\| |
| ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥ | As they come, they go. Their actions are recorded, and go along with them. |
| ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥੩॥ | The self-willed manmukh loses his capital, and is punished in the Court of the Lord. \|\|3\|\| |
| ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥ | The world is false and polluted; only the True One is Pure. Contemplate Him through the Word of the Guru's Shabad. |
| ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥ | Those who have God's spiritual wisdom within, are known to be very rare. \|\|4\|\| |
| ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥ | They endure the unendurable, and the Nectar of the Lord, the Embodiment of Bliss, trickles into them continuously. |

| | |
|---|---|
| ਨਾਨਕ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ ॥੫॥੧੩॥ | O Nanak, the fish is in love with the water; if it pleases You, Lord, please enshrine such love within me. \|\|5\|\|13\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਗੀਤ ਨਾਦ ਹਰਖ ਚਤੁਰਾਈ ॥ | Songs, sounds, pleasures and clever tricks; |
| ਰਹਸ ਰੰਗ ਫੁਰਮਾਇਸਿ ਕਾਈ ॥ | joy, love and the power to command; |
| ਪੈਨ੍ਣੁ ਖਾਣਾ ਚੀਤਿ ਨ ਪਾਈ ॥ | fine clothes and food - these have no place in one's consciousness. |
| ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥ | True intuitive peace and poise rest in the Naam. \|\|1\|\| |
| ਕਿਆ ਜਾਨਾਂ ਕਿਆ ਕਰੈ ਕਰਾਵੈ ॥ | What do I know about what God does? |
| ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥ | Without the Naam, the Name of the Lord, nothing makes my body feel good. \|\|1\|\|Pause\|\| |
| ਜੋਗ ਬਿਨੋਦ ਸ੍ਵਾਦ ਆਨੰਦਾ ॥ | Yoga, thrills, delicious flavors and ecstasy; |
| ਮਤਿ ਸਤ ਭਾਇ ਭਗਤਿ ਗੋਬਿੰਦਾ ॥ | wisdom, truth and love all come from devotion to the Lord of the Universe. |
| ਕੀਰਤਿ ਕਰਮ ਕਾਰ ਨਿਜ ਸੰਦਾ ॥ | My own occupation is to work to praise the Lord. |
| ਅੰਤਰਿ ਰਵਤੌ ਰਾਜ ਰਵਿੰਦਾ ॥੨॥ | Deep within, I dwell on the Lord of the sun and the moon. \|\|2\|\| |
| ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ | I have lovingly enshrined the love of my Beloved within my heart. |
| ਦੀਨਾ ਨਾਥੁ ਪੀਉ ਬਨਵਾਰੀ ॥ | My Husband Lord, the Lord of the World, is the Master of the meek and the poor. |
| ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ | Night and day, the Naam is my giving in charity and fasting. |
| ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥ | The waves have subsided, contemplating the essence of reality. \|\|3\|\| |
| ਅਕਥੌ ਕਥਉ ਕਿਆ ਮੈ ਜੋਰੁ ॥ | What power do I have to speak the Unspoken? |
| ਭਗਤਿ ਕਰੀ ਕਰਾਇਹਿ ਮੋਰ ॥ | I worship You with devotion; You inspire me to do so. |
| ਅੰਤਰਿ ਵਸੈ ਚੂਕੈ ਮੈ ਮੋਰ ॥ | You dwell deep within; my egotism is dispelled. |
| ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥ | So whom should I serve? There is no other than You. \|\|4\|\| |
| ਗੁਰ ਕਾ ਸਬਦੁ ਮਹਾ ਰਸੁ ਮੀਠਾ ॥ | The Word of the Guru's Shabad is utterly sweet and sublime. |
| ਐਸਾ ਅੰਮ੍ਰਿਤੁ ਅੰਤਰਿ ਡੀਠਾ ॥ | Such is the Ambrosial Nectar I see deep within. |

ਜਿਨਿ ਚਾਖਿਆ ਪੂਰਾ ਪਦੁ ਹੋਇ ॥
Those who taste this, attain the state of perfection.

ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥
O Nanak, they are satisfied, and their bodies are at peace. ||5||14||

ਪ੍ਰਭਾਤੀ ਮਹਲਾ ੧ ॥
Prabhaatee, First Mehl:

ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥
Deep within, I see the Shabad, the Word of God; my mind is pleased and appeased. Nothing else can touch and imbue me.

ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥
Day and night, God watches over and cares for His beings and creatures; He is the Ruler of all. ||1||

ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥
My God is dyed in the most beautiful and glorious color.

ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥
Merciful to the meek and the poor, my Beloved is the Enticer of the mind; He is so very sweet, imbued with the deep crimson color of His Love. ||1||Pause||

ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥
The Well is high up in the Tenth Gate; the Ambrosial Nectar flows, and I drink it in.

ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥
The creation is His; He alone knows its ways and means. The Gurmukh contemplates spiritual wisdom. ||2||

**੧੩੩੨**

1332

ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥
The rays of light spread out, and the heart-lotus joyfully blossoms forth; the sun enters into the house of the moon.

ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥
I have conquered death; the desires of the mind are destroyed. By Guru's Grace, I have found God. ||3||

ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥
I am dyed in the deep crimson color of His Love. I am not colored by any other color.

ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥੪॥੧੫॥
O Nanak, my tongue is saturated with the taste of God, who is permeating and pervading everywhere. ||4||15||

ਪ੍ਰਭਾਤੀ ਮਹਲਾ ੧ ॥
Prabhaatee, First Mehl:

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥
The Yogis are divided into twelve schools, the Sannyaasees into ten.

| | |
|---|---|
| ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ ॥੧॥ | The Yogis and those wearing religious robes, and the Jains with their all hair plucked out - without the Word of the Shabad, the noose is around their necks. \|\|1\|\| |
| ਸਬਦਿ ਰਤੇ ਪੂਰੇ ਬੈਰਾਗੀ ॥ | Those who are imbued with the Shabad are the perfectly detached renunciates. |
| ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ॥੧॥ ਰਹਾਉ ॥ | They beg to receive charity in the hands of their hearts, embracing love and affection for the One. \|\|1\|\|Pause\|\| |
| ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥ | The Brahmins study and argue about the scriptures; they perform ceremonial rituals, and lead others in these rituals. |
| ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥ | Without true understanding, those self-willed manmukhs understand nothing. Separated from God, they suffer in pain. \|\|2\|\| |
| ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥ | Those who receive the Shabad are sanctified and pure; they are approved in the True Court. |
| ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥ | Night and day, they remain lovingly attuned to the Naam; throughout the ages, they are merged in the True One. \|\|3\|\| |
| ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ | Good deeds, righteousness and Dharmic faith, purification, austere self-discipline, chanting, intense meditation and pilgrimages to sacred shrines - all these abide in the Shabad. |
| ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥ | O Nanak, united in union with the True Guru, suffering, sin and death run away. \|\|4\|\|16\|\| |
| ਪ੍ਰਭਾਤੀ ਮਹਲਾ ੧ ॥ | Prabhaatee, First Mehl: |
| ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ ॥ | The dust of the feet of the Saints, the Company of the Holy, and the Praises of the Lord carry us across to the other side. |
| ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ ॥੧॥ | What can the wretched, terrified Messenger of Death do to the Gurmukhs? The Lord abides in their hearts. \|\|1\|\| |
| ਜਲਿ ਜਾਉ ਜੀਵਨੁ ਨਾਮ ਬਿਨਾ ॥ | Without the Naam, the Name of the Lord, life might just as well be burnt down. |

ਹਰਿ ਜਪਿ ਜਾਪੁ ਜਪਉ ਜਪਮਾਲੀ ਗੁਰਮੁਖਿ ਆਵੈ ਸਾਦੁ ਮਨਾ ॥੧॥ ਰਹਾਉ ॥

The Gurmukh chants and meditates on the Lord, chanting the chant on the mala; the Flavor of the Lord comes into the mind. ||1||Pause||

ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ ॥

Those who follow the Guru's Teachings find true peace - how can I even describe the glory of such a person?

ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ ॥੨॥

The Gurmukh seeks and finds the gems and jewels, diamonds, rubies and treasures. ||2||

ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥

So center yourself on the treasures of spiritual wisdom and meditation; remain lovingly attuned to the One True Lord, and the Word of His Shabad.

ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥

Remain absorbed in the Primal State of the Fearless, Immaculate, Independent, Self-sufficient Lord. ||3||

ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥

The seven seas are overflowing with the Immaculate Water; the inverted boat floats across.

ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥

The mind which wandered in external distractions is restrained and held in check; the Gurmukh is intuitively absorbed in God. ||4||

ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ ॥

He is a householder, he is a renunciate and God's slave, who, as Gurmukh, realizes his own self.

ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥੫॥੧੭॥

Says Nanak, his mind is pleased and appeased by the True Word of the Shabad; there is no other at all. ||5||17||

ਰਾਗੁ ਪ੍ਰਭਾਤੀ ਮਹਲਾ ੩ ਚਉਪਦੇ

Raag Prabhaatee, Third Mehl, Chau-Padas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ ॥

Those who become Gurmukh and understand are very rare; God is permeating and pervading through the Word of His Shabad.

ਨਾਮਿ ਰਤੇ ਸਦਾ ਸੁਖੁ ਪਾਵੈ ਸਾਚਿ ਰਹੈ ਲਿਵ ਲਾਈ ॥੧॥

Those who are imbued with the Naam, the Name of the Lord, find everlasting peace; they remain lovingly attuned to the True One. ||1||

| ੧੩੩੩ | 1333 |
|---|---|
| ਹਰਿ ਹਰਿ ਨਾਮੁ ਜਪਹੁ ਜਨ ਭਾਈ ॥ | Chant the Name of the Lord, Har, Har, O Siblings of Destiny. |
| ਗੁਰ ਪ੍ਰਸਾਦਿ ਮਨੁ ਅਸਥਿਰੁ ਹੋਵੈ ਅਨਦਿਨੁ ਹਰਿ ਰਸਿ ਰਹਿਆ ਅਘਾਈ ॥੧॥ ਰਹਾਉ ॥ | By Guru's Grace, the mind becomes steady and stable; night and day, it remains satisfied with the Sublime Essence of the Lord. \|\|1\|\|Pause\|\| |
| ਅਨਦਿਨੁ ਭਗਤਿ ਕਰਹੁ ਦਿਨੁ ਰਾਤੀ ਇਸੁ ਜੁਗ ਕਾ ਲਾਹਾ ਭਾਈ ॥ | Night and day, perform devotional worship service to the Lord, day and night; this is the profit to be obtained in this Dark Age of Kali Yuga, O Siblings of Destiny. |
| ਸਦਾ ਜਨ ਨਿਰਮਲ ਮੈਲੁ ਨ ਲਾਗੈ ਸਚਿ ਨਾਮਿ ਚਿਤੁ ਲਾਈ ॥੨॥ | The humble beings are forever immaculate; no filth ever sticks to them. They focus their consciousness on the True Name. \|\|2\|\| |
| ਸੁਖੁ ਸੀਗਾਰੁ ਸਤਿਗੁਰੂ ਦਿਖਾਇਆ ਨਾਮਿ ਵਡੀ ਵਡਿਆਈ ॥ | The True Guru has revealed the ornamentation of peace; the Glorious Greatness of the Naam is Great! |
| ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ ਸਦਾ ਹਰਿ ਸੇਵਹੁ ਭਾਈ ॥੩॥ | The Inexhaustible Treasures are overflowing; they are never exhausted. So serve the Lord forever, O Siblings of Destiny. \|\|3\|\| |
| ਆਪੇ ਕਰਤਾ ਜਿਸ ਨੋ ਦੇਵੈ ਤਿਸੁ ਵਸੈ ਮਨਿ ਆਈ ॥ | The Creator comes to abide in the minds of those whom He Himself has blessed. |
| ਨਾਨਕ ਨਾਮੁ ਧਿਆਇ ਸਦਾ ਤੂ ਸਤਿਗੁਰਿ ਦੀਆ ਦਿਖਾਈ ॥੪॥੧॥ | O Nanak, meditate forever on the Naam, which the True Guru has revealed. \|\|4\|\|1\|\| |
| ਪ੍ਰਭਾਤੀ ਮਹਲਾ ੩ ॥ | Prabhaatee, Third Mehl: |
| ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ ॥ | I am unworthy; please forgive me and bless me, O my Lord and Master, and unite me with Yourself. |
| ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ ॥੧॥ | You are Endless; no one can find Your limits. Through the Word of Your Shabad, You bestow understanding. \|\|1\|\| |
| ਹਰਿ ਜੀਉ ਤੁਧੁ ਵਿਟਹੁ ਬਲਿ ਜਾਈ ॥ | O Dear Lord, I am a sacrifice to You. |
| ਤਨੁ ਮਨੁ ਅਰਪੀ ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ ॥੧॥ ਰਹਾਉ ॥ | I dedicate my mind and body and place them in offering before You; I shall remain in Your Sanctuary forever. \|\|1\|\|Pause\|\| |

| | |
|---|---|
| ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ ॥ | Please keep me forever under Your Will, O my Lord and Master; please bless me with the Glorious Greatness of Your Name. |
| ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ ਸਮਾਈ ॥੨॥ | Through the Perfect Guru, God's Will is revealed; night and day, remain absorbed in peace and poise. \|\|2\|\| |
| ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ ॥ | Those devotees who accept Your Will are pleasing to You, Lord; You Yourself forgive them, and unite them with Yourself. |
| ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ ॥੩॥ | Accepting Your Will, I have found everlasting peace; the Guru has extinguished the fire of desire. \|\|3\|\| |
| ਜੋ ਤੂ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ ॥ | Whatever You do comes to pass, O Creator; nothing else can be done. |
| ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ ॥੪॥੨॥ | O Nanak, nothing is as great as the Blessing of the Name; it is obtained through the Perfect Guru. \|\|4\|\|2\|\| |
| ਪ੍ਰਭਾਤੀ ਮਹਲਾ ੩ ॥ | Prabhaatee, Third Mehl: |
| ਗੁਰਮੁਖਿ ਹਰਿ ਸਾਲਾਹਿਆ ਜਿੰਨਾ ਤਿਨ ਸਲਾਹਿ ਹਰਿ ਜਾਤਾ ॥ | The Gurmukhs praise the Lord; praising the Lord, they know Him. |
| ਵਿਚਹੁ ਭਰਮੁ ਗਇਆ ਹੈ ਦੂਜਾ ਗੁਰ ਕੈ ਸਬਦਿ ਪਛਾਤਾ ॥੧॥ | Doubt and duality are gone from within; they realize the Word of the Guru's Shabad. \|\|1\|\| |
| ਹਰਿ ਜੀਉ ਤੂ ਮੇਰਾ ਇਕੁ ਸੋਈ ॥ | O Dear Lord, You are my One and Only. |
| ਤੁਧੁ ਜਪੀ ਤੁਧੈ ਸਾਲਾਹੀ ਗਤਿ ਮਤਿ ਤੁਝ ਤੇ ਹੋਈ ॥੧॥ ਰਹਾਉ ॥ | I meditate on You and praise You; salvation and wisdom come from You. \|\|1\|\|Pause\|\| |
| ਗੁਰਮੁਖਿ ਸਾਲਾਹਨਿ ਸੇ ਸਾਦੁ ਪਾਇਨਿ ਮੀਠਾ ਅੰਮ੍ਰਿਤੁ ਸਾਰੁ ॥ | The Gurmukhs praise You; they receive the most excellent and sweet Ambrosial Nectar. |
| ਸਦਾ ਮੀਠਾ ਕਦੇ ਨ ਫੀਕਾ ਗੁਰ ਸਬਦੀ ਵੀਚਾਰੁ ॥੨॥ | This Nectar is forever sweet; it never loses its taste. Contemplate the Word of the Guru's Shabad. \|\|2\|\| |
| ਜਿਨਿ ਮੀਠਾ ਲਾਇਆ ਸੋਈ ਜਾਣੈ ਤਿਸੁ ਵਿਟਹੁ ਬਲਿ ਜਾਈ ॥ | He makes it seem so sweet to me; I am a sacrifice to Him. |
| ਸਬਦਿ ਸਲਾਹੀ ਸਦਾ ਸੁਖਦਾਤਾ ਵਿਚਹੁ ਆਪੁ ਗਵਾਈ ॥੩॥ | Through the Shabad, I praise the Giver of peace forever. I have eradicated self-conceit from within. \|\|3\|\| |

ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ ॥

My True Guru is forever the Giver. I receive whatever fruits and rewards I desire.

ਨਾਨਕ ਨਾਮੁ ਮਿਲੈ ਵਡਿਆਈ ਗੁਰ ਸਬਦੀ ਸਚੁ ਪਾਏ ॥੪॥੩॥

O Nanak, through the Naam, glorious greatness is obtained; through the Word of the Guru's Shabad, the True One is found. ||4||3||

ਪ੍ਰਭਾਤੀ ਮਹਲਾ ੩ ॥

Prabhaatee, Third Mehl:

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ ਰਾਖਨ ਜੋਗੁ ॥

Those who enter Your Sanctuary, Dear Lord, are saved by Your Protective Power.

ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ ॥੧॥

I cannot even conceive of any other as Great as You. There never was, and there never shall be. ||1||

ਹਰਿ ਜੀਉ ਸਦਾ ਤੇਰੀ ਸਰਣਾਈ ॥

O Dear Lord, I shall remain in Your Sanctuary forever.

ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ ਏਹ ਤੇਰੀ ਵਡਿਆਈ ॥੧॥ ਰਹਾਉ ॥

As it pleases You, You save me, O my Lord and Master; this is Your Glorious Greatness. ||1||Pause||

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ ॥

O Dear Lord, You cherish and sustain those who seek Your Sanctuary.

**੧੩੩੪**

1334

ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ ਪੋਹਿ ਨ ਸਕੈ ਜਮਕਾਲੁ ॥੨॥

O Dear Lord, the Messenger of Death cannot even touch those whom You, in Your Mercy, protect. ||2||

ਤੇਰੀ ਸਰਣਾਈ ਸਚੀ ਹਰਿ ਜੀਉ ਨਾ ਓਹ ਘਟੈ ਨ ਜਾਇ ॥

True Is Your Sanctuary, O Dear Lord; it never diminishes or goes away.

ਜੋ ਹਰਿ ਛੋਡਿ ਦੂਜੈ ਭਾਇ ਲਾਗੈ ਓਹੁ ਜੰਮੈ ਤੈ ਮਰਿ ਜਾਇ ॥੩॥

Those who abandon the Lord, and become attached to the love of duality, shall continue to die and be reborn. ||3||

ਜੋ ਤੇਰੀ ਸਰਣਾਈ ਹਰਿ ਜੀਉ ਤਿਨਾ ਦੂਖ ਭੂਖ ਕਿਛੁ ਨਾਹਿ ॥

Those who seek Your Sanctuary, Dear Lord, shall never suffer in pain or hunger for anything.

ਨਾਨਕ ਨਾਮੁ ਸਲਾਹਿ ਸਦਾ ਤੂ ਸਚੈ ਸਬਦਿ ਸਮਾਹਿ ॥੪॥੪॥

O Nanak, praise the Naam, the Name of the Lord forever, and merge in the True Word of the Shabad. ||4||4||

| | |
|---|---|
| ਪ੍ਰਭਾਤੀ ਮਹਲਾ ੩ ॥ | Prabhaatee, Third Mehl: |
| ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ ॥ | As Gurmukh, meditate on the Dear Lord forever, as long as there is the breath of life. |
| ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥ | Through the Word of the Guru's Shabad, the mind becomes immaculate, and egotistical pride is expelled from the mind. |
| ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ ॥੧॥ | Fruitful and prosperous is the life of that mortal being, who is absorbed in the Name of the Lord. \|\|1\|\| |
| ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥ | O my mind, listen to the Teachings of the Guru. |
| ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ ਹਰਿ ਰਸੁ ਪੀਜੈ ॥੧॥ ਰਹਾਉ ॥ | The Name of the Lord is the Giver of peace forever. With intuitive ease, drink in the Sublime Essence of the Lord. \|\|1\|\|Pause\|\| |
| ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ ॥ | Those who understand their own origin dwell within the home of their inner being, in intuitive peace and poise. |
| ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥ | Through the Word of the Guru's Shabad, the heart-lotus blossoms forth, and egotism and evil-mindedness are eradicated. |
| ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥੨॥ | The One True Lord is pervading amongst all; those who realize this are very rare. \|\|2\|\| |
| ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ ॥ | Through the Guru's Teachings, the mind becomes immaculate, speaking the Ambrosial Essence. |
| ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ ॥ | The Name of the Lord dwells in the mind forever; within the mind, the mind is pleased and appeased. |
| ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ ॥੩॥ | I am forever a sacrifice to my Guru, through whom I have realized the Lord, the Supreme Soul. \|\|3\|\| |
| ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ ॥ | Those human beings who do not serve the True Guru - their lives are uselessly wasted. |
| ਨਦਰਿ ਕਰੇ ਤਾਂ ਸਤਿਗੁਰੁ ਮੇਲੇ ਸਹਜੇ ਸਹਜਿ ਸਮਾਇਆ ॥ | When God bestows His Glance of Grace, then we meet the True Guru, merging in intuitive peace and poise. |
| ਨਾਨਕ ਨਾਮੁ ਮਿਲੈ ਵਡਿਆਈ ਪੂਰੈ ਭਾਗਿ ਧਿਆਇਆ ॥੪॥੫॥ | O Nanak, by great good fortune, the Naam is bestowed; by perfect destiny, meditate. \|\|4\|\|5\|\| |

| | |
|---|---|
| ਪ੍ਰਭਾਤੀ ਮਹਲਾ ੩ ॥ | Prabhaatee, Third Mehl: |
| ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ | God Himself fashioned the many forms and colors; He created the Universe and staged the play. |
| ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ | Creating the creation, He watches over it. He acts, and causes all to act; He gives sustenance to all beings. \|\|1\|\| |
| ਕਲੀ ਕਾਲ ਮਹਿ ਰਵਿਆ ਰਾਮੁ ॥ | In this Dark Age of Kali Yuga, the Lord is All-pervading. |
| ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ | The One God is pervading and permeating each and every heart; the Name of the Lord, Har, Har, is revealed to the Gurmukh. \|\|1\|\|Pause\|\| |
| ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ | The Naam, the Name of the Lord, is hidden, but it is pervasive in the Dark Age. The Lord is totally pervading and permeating each and every heart. |
| ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ | The Jewel of the Naam is revealed within the hearts of those who hurry to the Sanctuary of the Guru. \|\|2\|\| |
| ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ | Whoever overpowers the five sense organs, is blessed with forgiveness, patience and contentment, through the Guru's Teachings. |
| ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥ | Blessed, blessed, perfect and great is that humble servant of the Lord, who is inspired by the Fear of God and detached love, to sing the Glorious Praises of the Lord. \|\|3\|\| |
| ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ | If someone turns his face away from the Guru, and does not enshrine the Guru's Words in his consciousness |
| ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ | - he may perform all sorts of rituals and accumulate wealth, but in the end, he will fall into hell. \|\|4\|\| |
| ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥ | The One Shabad, the Word of the One God, is prevailing everywhere. All the creation came from the One Lord. |
| ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥ | O Nanak, the Gurmukh is united in union. When the Gurmukh goes, he blends into the Lord, Har, Har. \|\|5\|\|6\|\| |

| | |
|---|---|
| ਪ੍ਰਭਾਤੀ ਮਹਲਾ ੩ ॥ | Prabhaatee, Third Mehl: |
| ਮੇਰੇ ਮਨ ਗੁਰੁ ਅਪਣਾ ਸਾਲਾਹਿ ॥ | O my mind, praise your Guru. |
| **੧੩੩੫** | 1335 |
| ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ ॥੧॥ ਰਹਾਉ ॥ | Perfect destiny is inscribed upon your forehead and face; sing the Praises of the Lord forever. \|\|1\|\|Pause\|\| |
| ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ | The Lord bestows the Ambrosial Food of the Naam. |
| ਕੋਟਿ ਮਧੇ ਕੋਈ ਵਿਰਲਾ ਲੇਇ ॥ | Out of millions, only a rare few receive it |
| ਜਿਸ ਨੋ ਅਪਣੀ ਨਦਰਿ ਕਰੇਇ ॥੧॥ | - only those who are blessed by God's Glance of Grace. \|\|1\|\| |
| ਗੁਰ ਕੇ ਚਰਣ ਮਨ ਮਾਹਿ ਵਸਾਇ ॥ | Whoever enshrines the Guru's Feet within his mind, |
| ਦੁਖੁ ਅਨ੍ਹੇਰਾ ਅੰਦਰਹੁ ਜਾਇ ॥ | is rid of pain and darkness from within. |
| ਆਪੇ ਸਾਚਾ ਲਏ ਮਿਲਾਇ ॥੨॥ | The True Lord unites him with Himself. \|\|2\|\| |
| ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ | So embrace love for the Word of the Guru's Bani. |
| ਐਥੈ ਓਥੈ ਏਹੁ ਅਧਾਰੁ ॥ | Here and hereafter, this is your only Support. |
| ਆਪੇ ਦੇਵੈ ਸਿਰਜਨਹਾਰੁ ॥੩॥ | The Creator Lord Himself bestows it. \|\|3\|\| |
| ਸਚਾ ਮਨਾਏ ਅਪਣਾ ਭਾਣਾ ॥ | One whom the Lord inspires to accept His Will, |
| ਸੋਈ ਭਗਤੁ ਸੁਘੜੁ ਸੋੁਜਾਣਾ ॥ | is a wise and knowing devotee. |
| ਨਾਨਕੁ ਤਿਸ ਕੈ ਸਦ ਕੁਰਬਾਣਾ ॥੪॥੭॥੧੭॥੭॥੨੪॥ | Nanak is forever a sacrifice to him. \|\|4\|\|7\|\|17\|\|7\|\|24\|\| |
| ਪ੍ਰਭਾਤੀ ਮਹਲਾ ੪ ਬਿਭਾਸ | Prabhaatee, Fourth Mehl, Bibhaas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥ | Through the Guru's Teachings, I sing the Glorious Praises of the Lord with joyous love and delight; I am enraptured, lovingly attuned to the Naam, the Name of the Lord. |
| ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ ॥੧॥ | Through the Word of the Guru's Shabad, I drink in the Ambrosial Essence; I am a sacrifice to the Naam. \|\|1\|\| |

| | |
|---|---|
| ਹਮਰੇ ਜਗਜੀਵਨ ਹਰਿ ਪ੍ਰਾਨ ॥ | The Lord, the Life of the World, is my Breath of Life. |
| ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ ਦੀਓ ਹਰਿ ਕਾਨ ॥੧॥ ਰਹਾਉ ॥ | The Lofty and Exalted Lord became pleasing to my heart and my inner being, when the Guru breathed the Mantra of the Lord into my ears. \|\|1\|\|Pause\|\| |
| ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ ॥ | Come, O Saints: let us join together, O Siblings of Destiny; let us meet and chant the Name of the Lord, Har, Har. |
| ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥੨॥ | How am I to find my God? Please bless me with the Gift of the Lord's Teachings. \|\|2\|\| |
| ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥ | The Lord, Har, Har, abides in the Society of the Saints; joining this Sangat, the Lord's Glories are known. |
| ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ | By great good fortune, the Society of the Saints is found. Through the Guru, the True Guru, I receive the Touch of the Lord God. \|\|3\|\| |
| ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ ॥ | I sing the Glorious Praises of God, my Inaccessible Lord and Master; singing His Praises, I am enraptured. |
| ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਹਰਿ ਨਾਮੁ ਦੀਓ ਖਿਨ ਦਾਨ ॥੪॥੧॥ | The Guru has showered His Mercy on servant Nanak; in an instant, He blessed him with the Gift of the Lord's Name. \|\|4\|\|1\|\| |
| ਪ੍ਰਭਾਤੀ ਮਹਲਾ ੪ ॥ | Prabhaatee, Fourth Mehl: |
| ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ ॥ | With the rising of the sun, the Gurmukh speaks of the Lord. All through the night, he dwells upon the Sermon of the Lord. |
| ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥੧॥ | My God has infused this longing within me; I seek my Lord God. \|\|1\|\| |
| ਮੇਰਾ ਮਨੁ ਸਾਧੂ ਧੂਰਿ ਰਵਾਲ ॥ | My mind is the dust of the feet of the Holy. |
| ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥ | The Guru has implanted the Sweet Name of the Lord, Har, Har, within me. I dust the Guru's Feet with my hair. \|\|1\|\|Pause\|\| |

ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ ॥

Dark are the days and nights of the faithless cynics; they are caught in the trap of attachment to Maya.

ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ ॥੨॥

The Lord God does not dwell in their hearts, even for an instant; every hair of their heads is totally tied up in debts. ||2||

ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ ॥

Joining the Sat Sangat, the True Congregation, wisdom and understanding are obtained, and one is released from the traps of egotism and possessiveness.

ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ ॥੩॥

The Lord's Name, and the Lord, seem sweet to me. Through the Word of His Shabad, the Guru has made me happy. ||3||

ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ ॥

I am just a child; the Guru is the Unfathomable Lord of the World. In His Mercy, He cherishes and sustains me.

ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ ॥੪॥੨॥

I am drowning in the ocean of poison; O God, Guru, Lord of the World, please save Your child, Nanak. ||4||2||

ਪ੍ਰਭਾਤੀ ਮਹਲਾ ੪ ॥

Prabhaatee, Fourth Mehl:

ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ ਰਸੀਕ ॥

The Lord God showered me with His Mercy for an instant; I sing His Glorious Praises with joyous love and delight.

**੧੩੩੬**

1336

ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ ਖਿਨੁ ਹਰਿ ਪੀਕ ॥੧॥

Both the singer and the listener are liberated, when, as Gurmukh, they drink in the Lord's Name, even for an instant. ||1||

ਮੇਰੈ ਮਨਿ ਹਰਿ ਹਰਿ ਰਾਮ ਨਾਮੁ ਰਸੁ ਟੀਕ ॥

The Sublime Essence of the Name of the Lord, Har, Har, is enshrined within my mind.

ਗੁਰਮੁਖਿ ਨਾਮੁ ਸੀਤਲ ਜਲੁ ਪਾਇਆ ਹਰਿ ਹਰਿ ਨਾਮੁ ਪੀਆ ਰਸੁ ਝੀਕ ॥੧॥ ਰਹਾਉ ॥

As Gurmukh, I have obtained the cooling, soothing Water of the Naam. I eagerly drink in the sublime essence of the Name of the Lord, Har, Har. ||1||Pause||

ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ ॥

Those whose hearts are imbued with the Love of the Lord have the mark of radiant purity upon their foreheads.

ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ ॥੨॥

The Glory of the Lord's humble servant is manifest throughout the world, like the moon among the stars. ||2||

| | |
|---|---|
| ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ ॥ | Those whose hearts are not filled with the Lord's Name - all their affairs are worthless and insipid. |
| ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥ | Kabeer, it is easy to render your account, if your heart is pure. |
| ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥ | In the True Court of the Lord, no one will seize you. \|\|201\|\| |
| ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥ | Kabeer: O duality, you are mighty and powerful in the earth and the sky. |
| ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥੨੦੨॥ | The six Shaastras and the eighty-four Siddhas are entrenched in skepticism. \|\|202\|\| |
| ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ | Kabeer, nothing is mine within myself. Whatever there is, is Yours, O Lord. |
| ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ | If I surrender to You what is already Yours, what does it cost me? \|\|203\|\| |
| ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ | Kabeer, repeating, "You, You", I have become like You. Nothing of me remains in myself. |
| ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥ | When the difference between myself and others is removed, then wherever I look, I see only You. \|\|204\|\| |
| ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥ | Kabeer, those who think of evil and entertain false hopes |
| ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥੨੦੫॥ | - none of their desires shall be fulfilled; they shall depart in despair. \|\|205\|\| |
| ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥ | Kabeer, whoever meditates in remembrance on the Lord, he alone is happy in this world. |
| ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥੨੦੬॥ | One who is protected and saved by the Creator Lord, shall never waver, here or hereafter. \|\|206\|\| |
| ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ ॥ | Kabeer, I was being crushed like sesame seeds in the oil-press, but the True Guru saved me. |

| | |
|---|---|
| ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ ॥੨੦੭॥ | My pre-ordained primal destiny has now been revealed. \|\|207\|\| |
| ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ ॥ | Kabeer, my days have passed, and I have postponed my payments; the interest on my account continues to increase. |
| ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ ॥੨੦੮॥ | I have not meditated on the Lord and my account is still pending, and now, the moment of my death has come! \|\|208\|\| |
| ਮਹਲਾ ੫ ॥ | Fifth Mehl: |
| ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ ॥ | Kabeer, the mortal is a barking dog, chasing after a carcass. |
| ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥੨੦੯॥ | By the Grace of good karma, I have found the True Guru, who has saved me. \|\|209\|\| |
| ਮਹਲਾ ੫ ॥ | Fifth Mehl: |
| ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ | Kabeer, the earth belongs to the Holy, but it is being occupied by thieves. |
| ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੨੧੦॥ | They are not a burden to the earth; they receive its blessings. \|\|210\|\| |
| ਮਹਲਾ ੫ ॥ | Fifth Mehl: |
| ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ | Kabeer, the rice is beaten with a mallet to get rid of the husk. |
| ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥੨੧੧॥ | When people sit in evil company, the Righteous Judge of Dharma calls them to account. \|\|211\|\| |
| ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥ | Trilochan says, O Naam Dayv, Maya has enticed you, my friend. |
| ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨॥ | Why are you printing designs on these sheets, and not focusing your consciousness on the Lord? \|\|212\|\| |
| ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥ | Naam Dayv answers, O Trilochan, chant the Lord's Name with your mouth. |

| ੧੩੭੬ | 1376 |
| --- | --- |
| ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥ | With your hands and feet, do all your work, but let your consciousness remain with the Immaculate Lord. ‖213‖ |
| ਮਹਲਾ ੫ ॥ | Fifth Mehl: |
| ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ ॥ | Kabeer, no one belongs to me, and I belong to no one else. |
| ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ॥੨੧੪॥ | The One who created the creation - into Him I shall be absorbed. ‖214‖ |
| ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ ॥ | Kabeer, the flour has fallen into the mud; nothing has come into my hands. |
| ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥ | That which was eaten while it was being ground - that alone is of any use. ‖215‖ |
| ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ | Kabeer, the mortal knows everything, and knowing, he still makes mistakes. |
| ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥ | What good is a lamp in one’s hand, if he falls into the well? ‖216‖ |
| ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥ | Kabeer, I am in love with the All-knowing Lord; the ignorant ones try to hold me back. |
| ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥ | How could I ever break with the One, who owns our soul and breath of life. ‖217‖ |
| ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥ | Kabeer, why kill yourself for your love of decorations of your home and mansion? |
| ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ॥੨੧੮॥ | In the end, only six feet, or a little more, shall be your lot. ‖218‖ |
| ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥ | Kabeer, whatever I wish for does not happen. What can I accomplish by merely thinking? |
| ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ॥੨੧੯॥ | The Lord does whatever He wishes; it is not up to me at all. ‖219‖ |

| | |
|---|---|
| ਮਃ ੩ ॥ | Third Mehl: |
| ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ ॥ | God Himself makes the mortals anxious, and He Himself takes the anxiety away. |
| ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥੨੨੦॥ | O Nanak, praise the One, who takes care of all. \|\|220\|\| |
| ਮਃ ੫ ॥ | Fifth Mehl: |
| ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥ | Kabeer, the mortal does not remember the Lord; he wanders around, engrossed in greed. |
| ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥੨੨੧॥ | Committing sins, he dies, and his life ends in an instant. \|\|221\|\| |
| ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥ | Kabeer, the body is like a clay vessel or a brittle metal pot. |
| ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥੨੨੨॥ | If you wish to keep it safe and sound, then vibrate and meditate on the Lord; otherwise, the thing shall break. \|\|222\|\| |
| ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ | Kabeer, chant the Name of the Beautifully-haired Lord; do not sleep unaware. |
| ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥੨੨੩॥ | Chanting His Name night and day, the Lord will eventually hear your call. \|\|223\|\| |
| ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ ॥ | Kabeer, the body is a banana forest, and the mind is an intoxicated elephant. |
| ਅੰਕਸੁ ਗ੍ਯ਼ਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥੨੨੪॥ | The jewel of spiritual wisdom is the prod, and the rare Saint is the rider. \|\|224\|\| |
| ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ ॥ | Kabeer, the Lord's Name is the jewel, and the mouth is the purse; open this purse to the Appraiser. |
| ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥੨੨੫॥ | If a buyer can be found, it will go for a high price. \|\|225\|\| |
| ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥ | Kabeer, the mortal does not know the Lord's Name, but he has raised a very large family. |
| ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ ॥੨੨੬॥ | He dies in the midst of his worldly affairs, and then he is not heard in the external world. \|\|226\|\| |

ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ ॥
Kabeer, in the blink of an eye, moment by moment, life is passing by.

ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ ॥੨੨੭॥
The mortal does not give up his worldly entanglements; the Messenger of Death walks in and beats the drum. ||227||

ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥
Kabeer, the Lord is the tree, and disillusionment with the world is the fruit.

ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ ॥੨੨੮॥
The Holy man, who has abandoned useless arguments, is the shade of the tree. ||228||

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥
Kabeer, plant the seeds of such a plant, which shall bear fruit throughout the twelve months,

ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥੨੨੯॥
with cooling shade and abundant fruit, upon which birds joyously play. ||229||

ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥
Kabeer, the Great Giver is the tree, which blesses all with the fruit of compassion.

ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥੨੩੦॥
When the birds migrate to other lands, O Tree, you bear the fruits. ||230||

ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ ॥
Kabeer, the mortal finds the Saadh Sangat, the Company of the Holy, if he has such destiny written upon his forehead.

## ੧੩੭੭ 1377

ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥੨੩੧॥
He obtains the treasure of liberation, and the difficult road to the Lord is not blocked. ||231||

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
Kabeer, whether it is for an hour, half an hour, or half of that,

ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥
whatever it is, it is worthwhile to speak with the Holy. ||232||

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
Kabeer, those mortals who consume marijuana, fish and wine

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥
- no matter what pilgrimages, fasts and rituals they follow, they will all go to hell. ||233||

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥

Kabeer, I keep my eyes lowered, and enshrine my Friend within my heart.

ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥੨੩੪॥

I enjoy all pleasures with my Beloved, but I do not let anyone else know. ||234||

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥

Twenty-four hours a day, every hour, my soul continues to look to You, O Lord.

ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥੨੩੫॥

Why should I keep my eyes lowered? I see my Beloved in every heart. ||235||

ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥

Listen, O my companions: my soul dwells in my Beloved, and my Beloved dwells in my soul.

ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ ॥੨੩੬॥

I realize that there is no difference between my soul and my Beloved; I cannot tell whether my soul or my Beloved dwells in my heart. ||236||

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥

Kabeer, the Brahmin may be the guru of the world, but he is not the Guru of the devotees.

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥

He rots and dies in the perplexities of the four Vedas. ||237||

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥

The Lord is like sugar, scattered in the sand; the elephant cannot pick it up.

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥

Says Kabeer, the Guru has given me this sublime understanding: become an ant, and feed on it. ||238||

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥

Kabeer, if you desire to play the game of love with the Lord, then cut off your head, and make it into a ball.

ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ॥੨੩੯॥

Lose yourself in the play of it, and then whatever will be, will be. ||239||

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥

Kabeer, if you desire to play the game of love with the Lord, play it with someone with commitment.

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥੨੪੦॥

Pressing the unripe mustard seeds produces neither oil nor flour. ||240||

ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥

Searching, the mortal stumbles like a blind person, and does not recognize the Saint.

| | |
|---|---|
| ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥ | Says Naam Dayv, how can one obtain the Lord God, without His devotee? \|\|241\|\| |
| ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ | Forsaking the Diamond of the Lord, the mortals put their hopes in another. |
| ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥ | Those people shall go to hell; Ravi Daas speaks the Truth. \|\|242\|\| |
| ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥ | Kabeer, if you live the householder's life, then practice righteousness; otherwise, you might as well retire from the world. |
| ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥ | If someone renounces the world, and then gets involved in worldly entanglements, he shall suffer terrible misfortune. \|\|243\|\| |
| ਸਲੋਕ ਸੇਖ ਫਰੀਦ ਕੇ | Shaloks Of Shaykh Fareed Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥ | The day of the bride's wedding is pre-ordained. |
| ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ | On that day, the Messenger of Death, of whom she had only heard, comes and shows its face. |
| ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥ | It breaks the bones of the body and pulls the helpless soul out. |
| ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥ | That pre-ordained time of marriage cannot be avoided. Explain this to your soul. |
| ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥ | The soul is the bride, and death is the groom. He will marry her and take her away. |
| ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥ | After the body sends her away with its own hands, whose neck will it embrace? |
| ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥ | The bridge to hell is narrower than a hair; haven't you heard of it with your ears? |
| ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥ | Fareed, the call has come; be careful now - don't let yourself be robbed. \|\|1\|\| |

| | |
|---|---|
| ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥ | Fareed, it is so difficult to become a humble Saint at the Lord's Door. |
| **੧੩੭੮** | **1378** |
| ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥ | I am so accustomed to walking in the ways of the world. I have tied and picked up the bundle; where can I go to throw it away? \|\|2\|\| |
| ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥ | I know nothing; I understand nothing. The world is a smouldering fire. |
| ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥ | My Lord did well to warn me about it; otherwise, I would have been burnt as well. \|\|3\|\| |
| ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥ | Fareed, if I had known that I had so few sesame seeds, I would have been more careful with them in my hands. |
| ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪॥ | If I had known that my Husband Lord was so young and innocent, I would not have been so arrogant. \|\|4\|\| |
| ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥ | If I had known that my robe would come loose, I would have tied a tighter knot. |
| ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥ | I have found none as great as You, Lord; I have looked and searched throughout the world. \|\|5\|\| |
| ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ | Fareed, if you have a keen understanding, then do not write black marks against anyone else. |
| ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥ | Look underneath your own collar instead. \|\|6\|\| |
| ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ | Fareed, do not turn around and strike those who strike you with their fists. |
| ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥ | Kiss their feet, and return to your own home. \|\|7\|\| |
| ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥ | Fareed, when there was time for you to earn good karma, you were in love with the world instead. |
| ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥੮॥ | Now, death has a strong foothold; when the load is full, it is taken away. \|\|8\|\| |

| | |
|---|---|
| ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥ | See, Fareed, what has happened: your beard has become grey. |
| ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥ | That which is coming is near, and the past is left far behind. ‖9‖ |
| ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥ | See, Fareed, what has happened: sugar has become poison. |
| ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥ | Without my Lord, who can I tell of my sorrow? ‖10‖ |
| ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥ | Fareed, my eyes have become weak, and my ears have become hard of hearing. |
| ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥ | The body's crop has become ripe and turned color. ‖11‖ |
| ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥ | Fareed, those who did not enjoy their Spouse when their hair was black - hardly any of them enjoy Him when their hair turns grey. |
| ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥ | So be in love with the Lord, so that your color may ever be new. ‖12‖ |
| ਮਃ ੩ ॥ | Third Mehl: |
| ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥ | Fareed, whether one's hair is black or grey, our Lord and Master is always here if one remembers Him. |
| ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥ | This loving devotion to the Lord does not come by one's own efforts, even though all may long for it. |
| ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥ | This cup of loving devotion belongs to our Lord and Master; He gives it to whomever He likes. ‖13‖ |
| ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥ | Fareed, those eyes which have enticed the world - I have seen those eyes. |
| ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥ | Once, they could not endure even a bit of mascara; now, the birds hatch their young in them! ‖14‖ |
| ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥ | Fareed, they shouted and yelled, and constantly gave good advice. |

| | |
|---|---|
| ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥ | But those whom the devil has spoiled - how can they turn their consciousness towards God? \|\|15\|\| |
| ਫਰੀਦਾ ਥੀਉ ਪਵਾਹੀ ਦਭੁ ॥ | Fareed, become the grass on the path, |
| ਜੇ ਸਾਂਈ ਲੋੜਹਿ ਸਭੁ ॥ | if you long for the Lord of all. |
| ਇਕੁ ਛਿਜਹਿ ਬਿਆ ਲਤਾੜੀਅਹਿ ॥ | One will cut you down, and another will trample you underfoot; |
| ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥ | then, you shall enter the Court of the Lord. \|\|16\|\| |
| ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥ | Fareed, do not slander the dust; noting is as great as dust. |
| ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥ | When we are alive, it is under our feet, and when we are dead, it is above us. \|\|17\|\| |
| ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ | Fareed, when there is greed, what love can there be? When there is greed, love is false. |
| ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥ | How long can one remain in a thatched hut which leaks when it rains? \|\|18\|\| |
| ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ | Fareed, why do you wander from jungle to jungle, crashing through the thorny trees? |
| ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ | The Lord abides in the heart; why are you looking for Him in the jungle? \|\|19\|\| |
| ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥ | Fareed, with these small legs, I crossed deserts and mountains. |
| ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥ | But today, Fareed, my water jug seems hundreds of miles away. \|\|20\|\| |
| ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥ | Fareed, the nights are long, and my sides are aching in pain. |
| **੧੩੭੯** | 1379 |
| ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥ | Cursed are the lives of those who place their hopes in others. \|\|21\|\| |

| | |
|---|---|
| ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥ | Fareed, if I had been there when my friend came, I would have made myself a sacrifice to him. |
| ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥੨੨॥ | Now my flesh is burning red on the hot coals. ‖22‖ |
| ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ | Fareed, the farmer plants acacia trees, and wishes for grapes. |
| ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ | He is spinning wool, but he wishes to wear silk. ‖23‖ |
| ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ | Fareed, the path is muddy, and the house of my Beloved is so far away. |
| ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥ | If I go out, my blanket will get soaked, but if I remain at home, then my heart will be broken. ‖24‖ |
| ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ | My blanket is soaked, drenched with the downpour of the Lord's Rain. |
| ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ | I am going out to meet my Friend, so that my heart will not be broken. ‖25‖ |
| ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ | Fareed, I was worried that my turban might become dirty. |
| ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥ | My thoughtless self did not realize that one day, dust will consume my head as well. ‖26‖ |
| ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥ | Fareed: sugar cane, candy, sugar, molasses, honey and buffalo's milk |
| ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥ | - all these things are sweet, but they are not equal to You. ‖27‖ |
| ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ | Fareed, my bread is made of wood, and hunger is my appetizer. |
| ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥ | Those who eat buttered bread, will suffer in terrible pain. ‖28‖ |
| ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥ | Eat dry bread, and drink cold water. |

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥

Fareed, if you see someone else's buttered bread, do not envy him for it. ||29||

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

This night, I did not sleep with my Husband Lord, and now my body is suffering in pain.

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦॥

Go and ask the deserted bride, how she passes her night. ||30||

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥

She finds no place of rest in her father-in-law's home, and no place in her parents' home either.

ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥

Her Husband Lord does not care for her; what sort of a blessed, happy soul-bride is she? ||31||

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥

In her father-in-law's home hereafter, and in her parents' home in this world, she belongs to her Husband Lord. Her Husband is Inaccessible and Unfathomable.

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥

O Nanak, she is the happy soul-bride, who is pleasing to her Carefree Lord. ||32||

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥

Bathing, washing and decorating herself, she comes and sleeps without anxiety.

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥

Fareed, she still smells like asafoetida-spice; the fragrance of musk is gone. ||33||

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥

I am not afraid of losing my youth, as long as I do not lose the Love of my Husband Lord.

ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥

Fareed, so many youths, without His Love, have dried up and withered away. ||34||

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥

Fareed, anxiety is my bed, pain is my mattress, and the pain of separation is my blanket and quilt.

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥

Behold, this is my life, O my True Lord and Master. ||35||

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

Many talk of the pain and suffering of separation; O pain, you are the ruler of all.

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥

Fareed, that body, within which love of the Lord does not well up - look upon that body as a cremation ground. ||36||

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥

Fareed, these are poisonous sprouts coated with sugar.

ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥

Some die planting them, and some are ruined, harvesting and enjoying them. ||37||

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥

Fareed, the hours of the day are lost wandering around, and the hours of the night are lost in sleep.

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥

God will call for your account, and ask you why you came into this world. ||38||

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥

Fareed, you have gone to the Lord's Door. Have you seen the gong there?

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥

This blameless object is being beaten - imagine what is in store for us sinners! ||39||

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥

Each and every hour, it is beaten; it is punished every day.

ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥੪੦॥

This beautiful body is like the gong; it passes the night in pain. ||40||

## ੧੩੮੦

## 1380

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥

Shaykh Fareed has grown old, and his body has begun to tremble.

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥

Even if he could live for hundreds of years, his body will eventually turn to dust. ||41||

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥

Fareed begs, O Lord, do not make me sit at another's door.

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥

If this is the way you are going to keep me, then go ahead and take the life out of my body. ||42||

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥

With the axe on his shoulder, and a bucket on his head, the blacksmith is ready to cut down the tree.

| | |
|---|---|
| ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥ | Fareed, I long for my Lord; you long only for the charcoal. \|\|43\|\| |
| ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥ | Fareed, some have lots of flour, while others do not even have salt. |
| ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥੪੪॥ | When they go beyond this world, it shall be seen, who will be punished. \|\|44\|\| |
| ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥ | Drums were beaten in their honor, there were canopies above their heads, and bugles announced their coming. |
| ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥ | They have gone to sleep in the cemetery, buried like poor orphans. \|\|45\|\| |
| ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥ | Fareed, those who built houses, mansions and lofty buildings, are also gone. |
| ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥ | They made false deals, and were dropped into their graves. \|\|46\|\| |
| ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥ | Fareed, there are many seams on the patched coat, but there are no seams on the soul. |
| ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥ | The shaykhs and their disciples have all departed, each in his own turn. \|\|47\|\| |
| ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥ | Fareed, the two lamps are lit, but death has come anyway. |
| ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥ | It has captured the fortress of the body, and plundered the home of the heart; it extinguishes the lamps and departs. \|\|48\|\| |
| ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥ | Fareed, look at what has happened to the cotton and the sesame seed, |
| ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ | the sugar cane and paper, the clay pots and the charcoal. |
| ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥ | This is the punishment for those who do evil deeds. \|\|49\|\| |
| ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥ | Fareed, you wear your prayer shawl on your shoulders and the robes of a Sufi; your words are sweet, but there is a dagger in your heart. |

| | |
|---|---|
| ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥ | Outwardly, you look bright, but your heart is dark as night. ‖50‖ |
| ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥ | Fareed, not even a drop of blood would issue forth, if someone cut my body. |
| ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥ | Those bodies which are imbued with the Lord - those bodies contain no blood. ‖51‖ |
| ਮਃ ੩ ॥ | Third Mehl: |
| ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ | This body is all blood; without blood, this body could not exist. |
| ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥ | Those who are imbued with their Lord, do not have the blood of greed in their bodies. |
| ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥ | When the Fear of God fills the body, it becomes thin; the blood of greed departs from within. |
| ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ | Just as metal is purified by fire, the Fear of God removes the filthy residues of evil-mindedness. |
| ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥ | O Nanak, those humble beings are beautiful, who are imbued with the Lord's Love. ‖52‖ |
| ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ | Fareed, seek that sacred pool, in which the genuine article is found. |
| ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥ | Why do you bother to search in the pond? Your hand will only sink into the mud. ‖53‖ |
| ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥ | Fareed, when she is young, she does not enjoy her Husband. When she grows up, she dies. |
| ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥ | Lying in the grave, the soul-bride cries, "I did not meet You, my Lord."‖54‖ |
| ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ | Fareed, your hair has turned grey, your beard has turned grey, and your moustache has turned grey. |
| ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥ | O my thoughtless and insane mind, why are you indulging in pleasures? ‖55‖ |

| | |
|---|---|
| ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥ | Fareed, how long can you run on the rooftop? You are asleep to your Husband Lord - give it up! |
| ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੬॥ | The days which were allotted to you are numbered, and they are passing, passing away. \|\|56\|\| |
| ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥ | Fareed, houses, mansions and balconies - do not attach your consciousness to these. |
| ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥ | When these collapse into heaps of dust, none of them will be your friend. \|\|57\|\| |
| ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥ | Fareed, do not focus on mansions and wealth; center your consciousness on death, your powerful enemy. |
| **੧੩੮੧** | 1381 |
| ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥੫੮॥ | Remember that place where you must go. \|\|58\|\| |
| ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ | Fareed, those deeds which do not bring merit - forget about those deeds. |
| ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥ | Otherwise, you shall be put to shame, in the Court of the Lord. \|\|59\|\| |
| ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥ | Fareed, work for your Lord and Master; dispel the doubts of your heart. |
| ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥ | The dervishes, the humble devotees, have the patient endurance of trees. \|\|60\|\| |
| ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ | Fareed, my clothes are black, and my outfit is black. |
| ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥ | I wander around full of sins, and yet people call me a dervish - a holy man. \|\|61\|\| |
| ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥ | The crop which is burnt will not bloom, even if it is soaked in water. |
| ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥੬੨॥ | Fareed, she who is forsaken by her Husband Lord, grieves and laments. \|\|62\|\| |

| | |
|---|---|
| ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥ | When she is a virgin, she is full of desire; but when she is married, then her troubles begin. |
| ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥ | Fareed, she has this one regret, that she cannot be a virgin again. \|\|63\|\| |
| ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥ | The swans have landed in a small pond of salt water. |
| ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ ॥੬੪॥ | They dip in their bills, but do not drink; they fly away, still thirsty. \|\|64\|\| |
| ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥ | The swans fly away, and land in the fields of grain. The people go to chase them away. |
| ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥ | The thoughtless people do not know, that the swans do not eat the grain. \|\|65\|\| |
| ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ॥ | The birds which lived in the pools have flown away and left. |
| ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥ | Fareed, the overflowing pool shall also pass away, and only the lotus flowers shall remain. \|\|66\|\| |
| ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥ | Fareed, a stone will be your pillow, and the earth will be your bed. The worms shall eat into your flesh. |
| ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥੬੭॥ | Countless ages will pass, and you will still be lying on one side. \|\|67\|\| |
| ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥ | Fareed, your beautiful body shall break apart, and the subtle thread of the breath shall be snapped. |
| ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥੬੮॥ | In which house will the Messenger of Death be a guest today? \|\|68\|\| |
| ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥ | Fareed, your beautiful body shall break apart, and the subtle thread of the breath shall be snapped. |
| ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥ | Those friends who were a burden on the earth - how can they come today? \|\|69\|\| |
| ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ | Fareed: O faithless dog, this is not a good way of life. |

| | |
|---|---|
| ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥ | You never come to the mosque for your five daily prayers. \|\|70\|\| |
| ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ | Rise up, Fareed, and cleanse yourself; chant your morning prayer. |
| ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥ | The head which does not bow to the Lord - chop off and remove that head. \|\|71\|\| |
| ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ | That head which does not bow to the Lord - what is to be done with that head? |
| ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥ | Put it in the fireplace, instead of firewood. \|\|72\|\| |
| ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥ | Fareed, where are your mother and father, who gave birth to you? |
| ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥ | They have left you, but even so, you are not convinced that you shall also have to go. \|\|73\|\| |
| ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥ | Fareed, flatten out your mind; smooth out the hills and valleys. |
| ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥੭੪॥ | Hereafter, the fires of hell shall not even approach you. \|\|74\|\| |
| ਮਹਲਾ ੫ ॥ | Fifth Mehl: |
| ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ | Fareed, the Creator is in the Creation, and the Creation abides in God. |
| ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ | Whom can we call bad? There is none without Him. \|\|75\|\| |
| ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥ | Fareed, if on that day when my umbilical cord was cut, my throat had been cut instead, |
| ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥੭੬॥ | I would not have fallen into so many troubles, or undergone so many hardships. \|\|76\|\| |
| ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥ | My teeth, feet, eyes and ears have stopped working. |

| | |
|---|---|
| ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥ | My body cries out, "Those whom I knew have left me!"‖77‖ |
| ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ | Fareed, answer evil with goodness; do not fill your mind with anger. |
| **੧੩੮੨** | **1382** |
| ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ | Your body shall not suffer from any disease, and you shall obtain everything. ‖78‖ |
| ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ | Fareed, the bird is a guest in this beautiful world-garden. |
| ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥ | The morning drums are beating - get ready to leave! ‖79‖ |
| ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥ | Fareed, musk is released at night. Those who are sleeping do not receive their share. |
| ਜਿੰਨ੍ਾ ਨੈਣ ਨੀਂਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ ॥੮੦॥ | Those whose eyes are heavy with sleep - how can they receive it? ‖80‖ |
| ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ | Fareed, I thought that I was in trouble; the whole world is in trouble! |
| ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥ | When I climbed the hill and looked around, I saw this fire in each and every home. ‖81‖ |
| ਮਹਲਾ ੫ ॥ | Fifth Mehl: |
| ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥ | Fareed, in the midst of this beautiful earth, there is a garden of thorns. |
| ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ ॥੮੨॥ | Those humble beings who are blessed by their spiritual teacher, do not suffer even a scratch. ‖82‖ |
| ਮਹਲਾ ੫ ॥ | Fifth Mehl: |
| ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ | Fareed, life is blessed and beautiful, along with the beautiful body. |

| | |
|---|---|
| ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ ॥੮੩॥ | Only a rare few are found, who love their Beloved Lord. \|\|83\|\| |
| ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥ | O river, do not destroy your banks; you too will be asked to give your account. |
| ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥੮੪॥ | The river flows in whatever direction the Lord orders. \|\|84\|\| |
| ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ | Fareed, the day passes painfully; the night is spent in anguish. |
| ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥ | The boatman stands up and shouts, “The boat is caught in the whirlpool!”\|\|85\|\| |
| ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ | The river flows on and on; it loves to eat into its banks. |
| ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥ | What can the whirlpool do to the boat, if the boatman remains alert? \|\|86\|\| |
| ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ | Fareed, there are dozens who say they are friends; I search, but I cannot find even one. |
| ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਾ ਮਾ ਪਿਰੀ ॥੮੭॥ | I yearn for my beloved like a smouldering fire. \|\|87\|\| |
| ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥ | Fareed, this body is always barking. Who can stand this constant suffering? |
| ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮॥ | I have put plugs in my ears; I don’t care how much the wind is blowing. \|\|88\|\| |
| ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਿ ॥ | Fareed, God’s dates have ripened, and rivers of honey flow. |
| ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥ | With each passing day, your life is being stolen away. \|\|89\|\| |
| ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ | Fareed, my withered body has become a skeleton; the crows are pecking at my palms. |
| ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ | Even now, God has not come to help me; behold, this is the fate of all mortal beings. \|\|90\|\| |

| | |
|---|---|
| ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ | The crows have searched my skeleton, and eaten all my flesh. |
| ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥ | But please do not touch these eyes; I hope to see my Lord. \|\|91\|\| |
| ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ | O crow, do not peck at my skeleton; if you have landed on it, fly away. |
| ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥ | Do not eat the flesh from that skeleton, within which my Husband Lord abides. \|\|92\|\| |
| ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥ | Fareed, the poor grave calls out, “O homeless one, come back to your home. |
| ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ ॥੯੩॥ | You shall surely have to come to me; do not be afraid of death.”\|\|93\|\| |
| ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥ | These eyes have seen a great many leave. |
| ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥ | Fareed, the people have their fate, and I have mine. \|\|94\|\| |
| ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ | God says, “If you reform yourself, you shall meet me, and meeting me, you shall be at peace. |
| ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ | O Fareed, if you will be mine, the whole world will be yours.”\|\|95\|\| |
| ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ | How long can the tree remain implanted on the river-bank? |
| ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥ | Fareed, how long can water be kept in a soft clay pot? \|\|96\|\| |
| ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥ | Fareed, the mansions are vacant; those who lived in them have gone to live underground. |
| **੧੩੮੩** | 1383 |
| ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ | They remain there, in those unhonored graves. |

| | |
|---|---|
| ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥ | O Shaykh, dedicate yourself to God; you will have to depart, today or tomorrow. \|\|97\|\| |
| ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥ | Fareed, the shore of death looks like the river-bank, being eroded away. |
| ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥ | Beyond is the burning hell, from which cries and shrieks are heard. |
| ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥ | Some understand this completely, while others wander around carelessly. |
| ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥ | Those actions which are done in this world, shall be examined in the Court of the Lord. \|\|98\|\| |
| ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥ | Fareed, the crane perches on the river bank, playing joyfully. |
| ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥ | While it is playing, a hawk suddenly pounces on it. |
| ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ | When the Hawk of God attacks, playful sport is forgotten. |
| ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥ | God does what is not expected or even considered. \|\|99\|\| |
| ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ | The body is nourished by water and grain. |
| ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥ | The mortal comes into the world with high hopes. |
| ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥ | But when the Messenger of Death comes, it breaks down all the doors. |
| ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥ | It binds and gags the mortal, before the eyes of his beloved brothers. |
| ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥ | Behold, the mortal being is going away, carried on the shoulders of four men. |
| ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥ | Fareed, only those good deeds done in the world will be of any use in the Court of the Lord. \|\|100\|\| |

| | |
|---|---|
| ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥ | Fareed, I am a sacrifice to those birds which live in the jungle. |
| ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥ | They peck at the roots and live on the ground, but they do not leave the Lord's side. \|\|101\|\| |
| ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥ | Fareed, the seasons change, the woods shake and the leaves drop from the trees. |
| ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥ | I have searched in the four directions, but I have not found any resting place anywhere. \|\|102\|\| |
| ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥ | Fareed, I have torn my clothes to tatters; now I wear only a rough blanket. |
| ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥ | I wear only those clothes which will lead me to meet my Lord. \|\|103\|\| |
| ਮਃ ੩ ॥ | Third Mehl: |
| ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ | Why do you tear apart your fine clothes, and take to wearing a rough blanket? |
| ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥ | O Nanak, even sitting in your own home, you can meet the Lord, if your mind is in the right place. \|\|104\|\| |
| ਮਃ ੫ ॥ | Fifth Mehl: |
| ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥ | Fareed, those who are very proud of their greatness, wealth and youth, |
| ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥ | shall return empty-handed from their Lord, like sand hills after the rain. \|\|105\|\| |
| ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥ | Fareed, the faces of those who forget the Lord's Name are dreadful. |
| ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥ | They suffer terrible pain here, and hereafter they find no place of rest or refuge. \|\|106\|\| |
| ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥ | Fareed, if you do not awaken in the early hours before dawn, you are dead while yet alive. |

| | |
|---|---|
| ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ | Although you have forgotten God, God has not forgotten you. \|\|107\|\| |
| ਮਃ ੫ ॥ | Fifth Mehl: |
| ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥ | Fareed, my Husband Lord is full of joy; He is Great and Self-sufficient. |
| ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥ | To be imbued with the Lord God - this is the most beautiful decoration. \|\|108\|\| |
| ਮਃ ੫ ॥ | Fifth Mehl: |
| ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥ | Fareed, look upon pleasure and pain as the same; eradicate corruption from your heart. |
| ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥ | Whatever pleases the Lord God is good; understand this, and you will reach His Court. \|\|109\|\| |
| ਮਃ ੫ ॥ | Fifth Mehl: |
| ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥ | Fareed, the world dances as it dances, and you dance with it as well. |
| ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥ | That soul alone does not dance with it, who is under the care of the Lord God. \|\|110\|\| |
| ਮਃ ੫ ॥ | Fifth Mehl: |
| ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥ | Fareed, the heart is imbued with this world, but the world is of no use to it at all. |
| **੧੩੮੪** | 1384 |
| ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥ | It is so difficult to be like the fakeers - the Holy Saints; it is only achieved by perfect karma. \|\|111\|\| |
| ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥ | The first watch of the night brings flowers, and the later watches of the night bring fruit. |

| | |
|---|---|
| ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥ | Those who remain awake and aware, receive the gifts from the Lord. \|\|112\|\| |
| ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ | The gifts are from our Lord and Master; who can force Him to bestow them? |
| ਇਕਿ ਜਾਗੰਦੇ ਨਾ ਲਹਨਿ ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥ | Some are awake, and do not receive them, while He awakens others from sleep to bless them. \|\|113\|\| |
| ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ | You search for your Husband Lord; you must have some fault in your body. |
| ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥੧੧੪॥ | Those who are known as happy soul-brides, do not look to others. \|\|114\|\| |
| ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ | Within yourself, make patience the bow, and make patience the bowstring. |
| ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥ | Make patience the arrow, the Creator will not let you miss the target. \|\|115\|\| |
| ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ | Those who are patient abide in patience; in this way, they burn their bodies. |
| ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥ | They are close to the Lord, but they do not reveal their secret to anyone. \|\|116\|\| |
| ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥ | Let patience be your purpose in life; implant this within your being. |
| ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥ | In this way, you will grow into a great river; you will not break off into a tiny stream. \|\|117\|\| |
| ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥ | Fareed, it is difficult to be a dervish - a Holy Saint; it is easier to love bread when it is buttered. |
| ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥ | Only a rare few follow the way of the Saints. \|\|118\|\| |
| ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥ | My body is cooking like an oven; my bones are burning like firewood. |

| | |
|---|---|
| ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥੧੧੯॥ | If my feet become tired, I will walk on my head, if I can meet my Beloved. \|\|119\|\| |
| ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ | Do not heat up your body like an oven, and do not burn your bones like firewood. |
| ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥ | What harm have your feet and head done to you? Behold your Beloved within yourself. \|\|120\|\| |
| ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ | I search for my Friend, but my Friend is already with me. |
| ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥ | O Nanak, the Unseen Lord cannot be seen; He is revealed only to the Gurmukh. \|\|121\|\| |
| ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥ | Seeing the swans swimming, the cranes became excited. |
| ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥ | The poor cranes were drowned to death, with their heads below the water and their feet sticking out above. \|\|122\|\| |
| ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ | I knew him as a great swan, so I associated with him. |
| ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥ | If I had known that he was a only wretched crane, I would never in my life have crossed paths with him. \|\|123\|\| |
| ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ | Who is a swan, and who is a crane, if God blesses him with His Glance of Grace? |
| ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥ | If it pleases Him, O Nanak, He changes a crow into a swan. \|\|124\|\| |
| ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ | There is only one bird in the lake, but there are fifty trappers. |
| ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥ | This body is caught in the waves of desire. O my True Lord, You are my only hope! \|\|125\|\| |
| ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥ | What is that word, what is that virtue, and what is that magic mantra? |
| ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥ | What are those clothes, which I can wear to captivate my Husband Lord? \|\|126\|\| |

| | |
|---|---|
| ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ | Humility is the word, forgiveness is the virtue, and sweet speech is the magic mantra. |
| ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ | Wear these three robes, O sister, and you will captivate your Husband Lord. \|\|127\|\| |
| ਮਤਿ ਹੋਦੀ ਹੋਇ ਇਆਣਾ ॥ | If you are wise, be simple; |
| ਤਾਣ ਹੋਦੇ ਹੋਇ ਨਿਤਾਣਾ ॥ | if you are powerful, be weak; |
| ਅਣਹੋਦੇ ਆਪੁ ਵੰਡਾਏ ॥ | and when there is nothing to share, then share with others. |
| ਕੋ ਐਸਾ ਭਗਤੁ ਸਦਾਏ ॥੧੨੮॥ | How rare is one who is known as such a devotee. \|\|128\|\| |
| ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ | Do not utter even a single harsh word; your True Lord and Master abides in all. |
| ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ | Do not break anyone's heart; these are all priceless jewels. \|\|129\|\| |
| ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ | The minds of all are like precious jewels; to harm them is not good at all. |
| ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥ | If you desire your Beloved, then do not break anyone's heart. \|\|130\|\| |

## ੧੩੮੫ — 1385

| | |
|---|---|
| ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ॥ | Swaiyas From The Mouth Of The Great Fifth Mehl: |
| ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥ | O Primal Lord God, You Yourself are the Creator, the Cause of all causes. |
| ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥ | The Siddhas and seekers long to meet with Guru Amar Daas. |
| ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥ | Meeting with Guru Amar Daas, the mortal meditates on the Lord, and his journey comes to its end. |

| | |
|---|---|
| ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥ | Meeting with Guru Amar Daas, the Fearless Lord is obtained, and the cycle of reincarnation is brought to an end. |
| **੧੩੯੫** | 1395 |
| ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥ | Realizing the One Lord, love of duality ceases, and one comes to accept the Sublime Mantra of the Guru. |
| ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥ | So speaks Jaalap: countless treasures are obtained, by the sight of Guru Amar Daas. \|\|5\|\|14\|\| |
| ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥ | Guru Nanak gathered up the True Name of the Creator Lord, and implanted it within. |
| ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥ | Through Him, Lehnaa became manifest in the form of Guru Angad, who remained lovingly attuned to His Feet. |
| ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥ | Guru Amar Daas of that dynasty is the home of hope. How can I express His Glorious Virtues? |
| ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥ | His Virtues are unknowable and unfathomable. I do not know the limits of His Virtues. |
| ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ ॥ | The Creator, the Architect of Destiny, has made Him a boat to carry all His generations across, along with the Sangat, the Holy Congregation. |
| ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥੧॥੧੫॥ | So speaks Keerat: O Guru Amar Daas, please protect me and save me; I seek the Sanctuary of Your Feet. \|\|1\|\|15\|\| |
| ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ | The Lord Himself wielded His Power and entered the world. |
| ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ | The Formless Lord took form, and with His Light He illuminated the realms of the world. |
| ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ | He is All-pervading everywhere; the Lamp of the Shabad, the Word, has been lit. |
| ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥ | Whoever gathers in the essence of the teachings shall be absorbed in the Feet of the Lord. |
| ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥ | Lehnaa, who became Guru Angad, and Guru Amar Daas, have been reincarnated into the pure house of Guru Nanak. |

| | |
|---|---|
| ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੨॥੧੬॥ | Guru Amar Daas is our Saving Grace, who carries us across; in lifetime after lifetime, I seek the Sanctuary of Your Feet. ‖2‖16‖ |
| ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥ | Gazing upon the Blessed Vision of His Darshan, the Gursikh is blessed with chanting and deep meditation, truth and contentment. |
| ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ ॥ | Whoever seeks His Sanctuary is saved; his account is cleared in the City of Death. |
| ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥ | His heart is totally filled with loving devotion; he chants to the Creator Lord. |
| ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ ॥ | The Guru is the river of pearls; in an instant, he carries the drowning ones across. |
| ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ ॥ | He was reincarnated into the House of Guru Nanak; He chants the Glorious Praises of the Creator Lord. |
| ਗੁਰੁ ਅਮਰਦਾਸੁ ਜਿਨ੍ਹ ਸੇਵਿਅਉ ਤਿਨ੍ਹ ਦੁਖੁ ਦਰਿਦ੍ਰੁ ਪਰਹਰਿ ਪਰੈ ॥੩॥੧੭॥ | Those who serve Guru Amar Daas - their pains and poverty are taken away, far away. ‖3‖17‖ |
| ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥ | I consciously pray within my consciousness, but I cannot express it in words. |
| ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥ | I place all my worries and anxieties before You; I look to the Saadh Sangat, the Company of the Holy, for help. |
| ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ | By the Hukam of Your Command, I am blessed with Your Insignia; I serve my Lord and Master. |
| ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ | When You, O Guru, gaze at me with Your Glance of Grace, the fruit of the Naam, the Name of the Creator, is placed within my mouth. |
| ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥ | The Unfathomable and Unseen Primal Lord God, the Cause of causes - as He orders, so do I speak. |
| ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥੪॥੧੮॥ | O Guru Amar Daas, Doer of deeds, Cause of causes, as You keep me, I remain; as You protect me, I survive. ‖4‖18‖ |
| ਭਿਖੇ ਕੇ ॥ | Of Bhikhaa: |
| ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ | In deep meditation, and the spiritual wisdom of the Guru, one's essence merges with the essence of reality. |

| | |
|---|---|
| ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥ | In truth, the True Lord is recognized and realized, when one is lovingly attuned to Him, with one-pointed consciousness. |
| ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ | Lust and anger are brought under control, when the breath does not fly around, wandering restlessly. |
| ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥ | Dwelling in the land of the Formless Lord, realizing the Hukam of His Command, His contemplative wisdom is attained. |
| ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥ | In this Dark Age of Kali Yuga, the Guru is the Form of the Creator, the Primal Lord God; he alone knows, who has tried it. |
| ਗੁਰੁ ਮਿਲ੍ਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥ | So speaks Bhikhaa: I have met the Guru. With love and intuitive affection, He has bestowed the Blessed Vision of His Darshan. \|\|1\|\|19\|\| |
| ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ | I have been searching for the Saints; I have seen so many Holy and spiritual people. |
| ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ | The hermits, Sannyaasees, ascetics, penitents, fanatics and Pandits all speak sweetly. |
| ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ | I wandered around lost for a year, but no one touched my soul. |
| **੧੩੯੬** | 1396 |
| ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ | I listened to preachers and teachers, but I could not be happy with their lifestyles. |
| ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥ | Those who have abandoned the Lord's Name, and become attached to duality - why should I speak in praise of them? |
| ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥ | So speaks Bhikhaa: the Lord has led me to meet the Guru. As You keep me, I remain; as You protect me, I survive. \|\|2\|\|20\|\| |
| ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥ | Wearing the armor of Samaadhi, the Guru has mounted the saddled horse of spiritual wisdom. |
| ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥ | Holding the bow of Dharma in His Hands, He has shot the arrows of devotion and humility. |

| | |
|---|---|
| ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ | He is fearless in the Fear of the Eternal Lord God; He has thrust the spear of the Word of the Guru's Shabad into the mind. |
| ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥ | He has cut down the five demons of unfulfilled sexual desire, unresolved anger, unsatisfied greed, emotional attachment and self-conceit. |
| ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥ | Guru Amar Daas, the son of Tayj Bhaan, of the noble Bhalla dynasty, blessed by Guru Nanak, is the Master of kings. |
| ਗੁਰ ਅਮਰਦਾਸ ਸਚੁ ਸਲ੍ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥ | Sal speaks the truth; O Guru Amar Daas, you have conquered the army of evil, fighting the battle this way. ‖1‖21‖ |
| ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥ | The raindrops of the clouds, the plants of the earth, and the flowers of the spring cannot be counted. |
| ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥ | Who can know the limits of the rays of the sun and the moon, the waves of the ocean and the Ganges? |
| ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੋੁ ਗਾਵੈ ॥ | With Shiva's meditation and the spiritual wisdom of the True Guru, says Bhal the poet, these may be counted. |
| ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥ | O Guru Amar Daas, Your Glorious Virtues are so sublime; Your Praises belong only to You. ‖1‖22‖ |

## ਸਵਈਏ ਮਹਲੇ ਚਉਥੇ ਕੇ ੪ — Swaiyas In Praise Of The Fourth Mehl:

ੴ ਸਤਿਗੁਰ ਪ੍ਰਸਾਦਿ ॥ — One Universal Creator God. By The Grace Of The True Guru:

| | |
|---|---|
| ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥ | Meditate single-mindedly on the Immaculate Primal Lord God. |
| ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥ | By Guru's Grace, sing the Glorious Praises of the Lord forever. |
| ਗੁਨ ਗਾਵਤ ਮਨਿ ਹੋਇ ਬਿਗਾਸਾ ॥ | Singing His Praises, the mind blossoms forth in ecstasy. |
| ਸਤਿਗੁਰ ਪੂਰਿ ਜਨਹ ਕੀ ਆਸਾ ॥ | The True Guru fulfills the hopes of His humble servant. |
| ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥ | Serving the True Guru, the supreme status is obtained. |
| ਅਬਿਨਾਸੀ ਅਬਿਗਤੁ ਧਿਆਯਉ ॥ | Meditate on the Imperishable, Formless Lord God. |
| ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥ | Meeting with Him, one escapes poverty. |

ਕਲ੍ਯ੍ਯ ਸਹਾਰੁ ਤਾਸੁ ਗੁਣ ਜੰਪੈ ॥

Kal Sahaar chants His Glorious Praises.

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥

I chant the pure praises of that humble being who has been blessed with the Ambrosial Nectar of the Naam, the Name of the Lord.

ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥

He served the True Guru and was blessed with the sublime essence of the Shabad, the Word of God. The Immaculate Naam has been enshrined in his heart.

ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥

He enjoys and savors the Lord's Name, and purchases the Glorious Virtues of the Lord of the Universe. He seeks the essence of reality; he is the Fountain of even-handed justice.

ਕਵਿ ਕਲ੍ਯ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੧॥

So speaks Kal the poet: Guru Raam Daas, the son of Har Daas, fills the empty pools to overflowing. ||1||

ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥

The stream of ambrosial nectar flows and the immortal status is obtained; the pool is forever overflowing with Ambrosial Nectar.

ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥

Those Saints who have served the Lord in the past drink in this Nectar, and bathe their minds in it.

ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ ॥

God takes their fears away, and blesses them with the state of fearless dignity. Through the Word of His Shabad, He has saved them.

ਕਵਿ ਕਲ੍ਯ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੨॥

So speaks Kal the poet: Guru Raam Daas, the son of Har Daas, fills the empty pools to overflowing. ||2||

ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥

The True Guru's understanding is deep and profound. The Sat Sangat is His Pure Congregation. His Soul is drenched in the deep crimson color of the Lord's Love.

ਜਾਗ੍ਯ੍ਯਾ ਮਨੁ ਕਵਲੁ ਸਹਜਿ ਪਰਕਾਸ੍ਯ੍ਯਾ ਅਭੈ ਨਿਰੰਜਨੁ ਘਰਹਿ ਲਹਾ ॥

The Lotus of His mind remains awake and aware, illuminated with intuitive wisdom. In His own home, He has obtained the Fearless, Immaculate Lord.

## ੧੩੯੭

## 1397

ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥

The Merciful True Guru has implanted the Lord's Name within me, and by His Grace, I have overpowered the five thieves.

ਕਵਿ ਕਲ੍ਯ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੩॥

So speaks Kal the poet: Guru Raam Daas, the son of Har Daas, fills the empty pools to overflowing. ||3||

| | |
|---|---|
| ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥ | With intuitive detachment, He is lovingly attuned to the Fearless, Unmanifest Lord; He met with Guru Amar Daas, the Philosopher's Stone, within his own home. |
| ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥ | By the Grace of the True Guru, He attained the supreme status; He is overflowing with the treasures of loving devotion. |
| ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥ | He was released from reincarnation, and the fear of death was taken away. His consciousness is attached to the Lord, the Ocean of contentment. |
| ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥ | So speaks Kal the poet: Guru Raam Daas, the son of Har Daas, fills the empty pools to overflowing. ‖4‖ |
| ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥ | He fills the empty to overflowing; He has enshrined the Infinite within His heart. |
| ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ ॥ | Within His mind, He contemplates the essence of reality, the Destroyer of pain, the Enlightener of the soul. |
| ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ ॥ | He yearns for the Lord's Love forever; He Himself knows the sublime essence of this Love. |
| ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ ॥ | By the Grace of the True Guru, He intuitively enjoys this Love. |
| ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥ | By the Grace of Guru Nanak, and the sublime teachings of Guru Angad, Guru Amar Daas broadcast the Lord's Command. |
| ਗੁਰ ਰਾਮਦਾਸ ਕਲ੍ਚਰੈ ਤੈਂ ਅਟਲ ਅਮਰ ਪਦੁ ਪਾਇਓ ॥੫॥ | So speaks Kal: O Guru Raam Daas, You have attained the status of eternal and imperishable dignity. ‖5‖ |
| ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ | You abide in the pool of contentment; Your tongue reveals the Ambrosial Essence. |
| ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥ | Meeting with You, a tranquil peace wells up, and sins run far away. |
| ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥ | You have attained the Ocean of peace, and You never grow tired on the Lord's path. |
| ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥ | The armor of self-restraint, truth, contentment and humility can never be pierced. |
| ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥ | The Creator Lord certified the True Guru, and now the world blows the trumpet of His Praises. |

| | |
|---|---|
| ਗੁਰ ਰਾਮਦਾਸ ਕਲੁਚਰੈ ਤੈ ਅਭੈ ਅਮਰ ਪਦੁ ਪਾਇਓ ॥੬॥ | So speaks Kal: O Guru Raam Daas, You have attained the state of fearless immortality. \|\|6\|\| |
| ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥ | O certified True Guru, You have conquered the world; You meditate single-mindedly on the One Lord. |
| ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥ | Blessed, blessed is Guru Amar Daas, the True Guru, who implanted the Naam, the Name of the Lord, deep within. |
| ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥ | The Naam is the wealth of the nine treasures; prosperity and supernatural spiritual powers are His slaves. |
| ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥ | He is blessed with the ocean of intuitive wisdom; He has met with the Imperishable Lord God. |
| ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਓ ॥ | The Guru has implanted the Naam deep within; attached to the Naam, the devotees have been carried across since ancient times. |
| ਗੁਰ ਰਾਮਦਾਸ ਕਲੁਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਓ ॥੭॥ | So speaks Kal: O Guru Raam Daas, You have obtained the wealth of the Lord's Love. \|\|7\|\| |
| ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥ | The flow of loving devotion and primal love does not stop. |
| ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥ | The True Guru drinks in the stream of nectar, the sublime essence of the Shabad, the Infinite Word of God. |
| ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥ | Wisdom is His mother, and contentment is His father; He is absorbed in the ocean of intuitive peace and poise. |
| ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥ | The Guru is the Embodiment of the Unborn, Self-illumined Lord; by the Word of His Teachings, the Guru carries the world across. |
| ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਓ ॥ | Within His mind, the Guru has enshrined the Shabad, the Word of the Unseen, Unfathomable, Infinite Lord. |
| ਗੁਰ ਰਾਮਦਾਸ ਕਲੁਚਰੈ ਤੈ ਜਗਤ ਉਧਾਰਣੁ ਪਾਇਓ ॥੮॥ | So speaks Kal: O Guru Raam Daas, You have attained the Lord, the Saving Grace of the world. \|\|8\|\| |
| ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥ | The Saving Grace of the world, the nine treasures, carries the devotees across the world-ocean. |
| ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥ | The Drop of Ambrosial Nectar, the Lord's Name, is the antidote to the poison of sin. |

| | |
|---|---|
| ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ | The tree of intuitive peace and poise blossoms and bears the ambrosial fruit of spiritual wisdom. |
| ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥ | Blessed are those fortunate people who receive it, by Guru's Grace. |
| ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥ | They are liberated through the Shabad, the Word of the True Guru; their minds are filled with the Guru's Wisdom. |
| ਗੁਰ ਰਾਮਦਾਸ ਕਲੁਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥ | So speaks Kal: O Guru Raam Daas, You beat the drum of the Shabad. ‖9‖ |

## ੧੩੯੮ 1398

| | |
|---|---|
| ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥ | On the bed of faith, with the blankets of intuitive peace and poise and the canopy of contentment, You are embellished forever with the armor of humility. |
| ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ ॥ | Through the Word of the Guru's Shabad, you practice the Naam; You lean on its Support, and give Your Fragrance to Your companions. |
| ਅਜੋਨੀਉ ਭਲੁ ਅਮਲੁ ਸਤਿਗੁਰ ਸੰਗਿ ਨਿਵਾਸੁ ॥ | You abide with the Unborn Lord, the Good and Pure True Guru. |
| ਗੁਰ ਰਾਮਦਾਸ ਕਲੁਚਰੈ ਤੁਅ ਸਹਜ ਸਰੋਵਰਿ ਬਾਸੁ ॥੧੦॥ | So speaks Kal: O Guru Raam Daas, You abide in the sacred pool of intuitive peace and poise. ‖10‖ |
| ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥ | The Lord's Name abides in the hearts of those who are pleasing to the Guru. |
| ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥ | Sins run far away from those who are pleasing to the Guru. |
| ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥ | Those who are pleasing to the Guru eradicate pride and egotism from within. |
| ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥ | Those who are pleasing to the Guru are attached to the Shabad, the Word of God; they are carried across the terrifying world-ocean. |
| ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ॥ | Those who are blessed with the wisdom of the certified Guru - blessed and fruitful is their birth into the world. |
| ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ॥੧੧॥ | Kal the poet runs to the Sanctuary of the Great Guru; attached to the Guru, they are blessed with worldly enjoyments, liberation and everything. ‖11‖ |

| | |
|---|---|
| ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥ | The Guru has pitched the tent; under it, all the ages are gathered. |
| ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ ॥ | He carries the spear of intuition, and takes the Support of Naam, the Name of the Lord, through which the devotees are fulfilled. |
| ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥ | Guru Nanak, Guru Angad and Guru Amar Daas, through devotional worship, have merged into the Lord. |
| ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ਹ੍ਹੂ ਰਸੁ ਜਾਣੇ ॥੧੨॥ | O Guru Raam Daas, You alone know the taste of this Raja Yoga. \|\|12\|\| |
| ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥ | He alone is enlightened like Janaka, who links the chariot of his mind to the state of ecstatic realization. |
| ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥ | He gathers in truth and contentment, and fills up the empty pool within. |
| ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥ | He speaks the Unspoken Speech of the eternal city. He alone obtains it, unto whom God gives it. |
| ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ ॥੧੩॥ | O Guru Raam Daas, Your sovereign rule, like that of Janak, is Yours alone. \|\|13\|\| |
| ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹੁ ਤਿਨ੍ਹ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥ | Tell me, how can sin and suffering cling to that humble being who chants the Naam, given by the Guru, with single-minded love and firm faith? |
| ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥ | When the Lord, the Boat to carry us across, bestows His Glance of Grace, even for an instant, the mortal contemplates the Shabad within his heart; unfulfilled sexual desire and unresolved anger are eradicated. |
| ਜੀਅਨ ਸਭਨ ਦਾਤਾ ਅਗਮ ਗ੍ਯ੍ਯਾਨ ਬਿਖ੍ਯ੍ਯਾਤਾ ਅਹਿਨਿਸਿ ਧ੍ਯ੍ਯਾਨ ਧਾਵੈ ਪਲਕ ਨ ਸੋਵੈ ਜੀਉ ॥ | The Guru is the Giver to all beings; He speaks the spiritual wisdom of the Unfathomable Lord, and meditates on Him day and night. He never sleeps, even for an instant. |
| ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥ | Seeing Him, poverty vanishes, and one is blessed with the treasure of the Naam, the Name of the Lord. The spiritual wisdom of the Guru's Word washes away the filth of evil-mindedness. |
| ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹੁ ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥੧॥ | Tell me, how can sin and suffering cling to that humble being who chants the Naam, given by the Guru, with single-minded love and firm faith? \|\|1\|\| |

| | |
|---|---|
| ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ | Dharmic faith and the karma of good deeds are obtained from the Perfect True Guru. |
| ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ ਸਬਦ ਸਾਰੁ ਏਕ ਲਿਵ ਲਾਈ ਹੈ ॥ | The Siddhas and Holy Saadhus, the silent sages and angelic beings, yearn to serve Him; through the most excellent Word of the Shabad, they are lovingly attuned to the One Lord. |
| ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥ | Who can know Your limits? You are the Embodiment of the Fearless, Formless Lord. You are the Speaker of the Unspoken Speech; You alone understand this. |
| ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਹਾਈ ਹੈ ॥ | O foolish worldly mortal, you are deluded by doubt; give up birth and death, and you shall not be punished by the Messenger of Death. Meditate on the Guru's Teachings. |
| ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥ | You foolish mortal being, reflect on this in your mind; chant and meditate day and night. Dharmic faith and the karma of good deeds are obtained from the Perfect True Guru. ‖2‖ |
| ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ | I am a sacrifice, a sacrifice, to the True Name, O my True Guru. |
| ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥ | What Praises can I offer to You? What service can I do for You? I have only one mouth and tongue; with my palms pressed together, I chant to You with joy and delight. |
| ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ ॥ | In thought, word and deed, I know the Lord; I do not worship any other. The Guru has enshrined the most excellent Name of the Infinite Lord within my heart. |
| **੧੩੯੯** | 1399 |
| ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥ | So speaks Nal the poet: touching the Philosopher's Stone, glass is transformed into gold, and the sandalwood tree imparts its fragrance to other trees; meditating in remembrance on the Lord, I am transformed. |
| ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥੩॥ | Seeing His Door, I am rid of sexual desire and anger. I am a sacrifice, a sacrifice, to the True Name, O my True Guru. ‖3‖ |
| ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ | Guru Raam Daas was blessed with the Throne of Raja Yoga. |

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥

First, Guru Nanak illuminated the world, like the full moon, and filled it with bliss. To carry humanity across, He bestowed His Radiance.

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥

He blessed Guru Angad with the treasure of spiritual wisdom, and the Unspoken Speech; He overcame the five demons and the fear of the Messenger of Death.

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥

The Great and True Guru, Guru Amar Daas, has preserved honor in this Dark Age of Kali Yuga. Seeing His Lotus Feet, sin and evil are destroyed.

ਸਭ ਬਿਧਿ ਮਾਨ੍ਯ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥

When His mind was totally satisfied in every way, when He was totally pleased, He bestowed upon Guru Raam Daas the Throne of Raja Yoga. ||4||

ਰਡ ॥

Radd:

ਜਿਸਹਿ ਧਾਰ੍ਯ੍ਯਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ ॥

He established the earth, the sky and the air, the water of the oceans, fire and food.

ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥

He created the moon, the starts and the sun, night and day and mountains; he blessed the trees with flowers and fruits.

ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥

He created the gods, human beings and the seven seas; He established the three worlds.

ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥੧॥੫॥

Guru Amar Daas was blessed with the Light of the One Name, the True Name of the Lord. ||1||5||

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥

Glass is transformed into gold, listening to the Word of the Guru's Shabad.

ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥

Poison is transformed into ambrosial nectar, speaking the Name of the True Guru.

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥

Iron is transformed into jewels, when the True Guru bestows His Glance of Grace.

ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥

Stones are transformed into emeralds, when the mortal chants and contemplates the spiritual wisdom of the Guru.

| | |
|---|---|
| ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ | The True Guru transforms ordinary wood into sandalwood, eradicating the pains of poverty. |
| ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥ | Whoever touches the Feet of the True Guru, is transformed from a beast and a ghost into an angelic being. ‖2‖6‖ |
| ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥ | One who has the Guru on his side - how could he be proud of his wealth? |
| ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥ | One who has the Guru on his side - what would hundreds of thousands of supporters do for him? |
| ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥ | One who has the Guru on his side, does not depend on anyone else for spiritual wisdom and meditation. |
| ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥ | One who has the Guru on his side contemplates the Shabad and the Teachings, and abides in the Home of Truth. |
| ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥ | The Lord's humble slave and poet utters this prayer: whoever chants to the Guru night and day, |
| ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥ | whoever enshrines the Name of the Guru within his heart, is rid of both birth and death. ‖3‖7‖ |
| ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ | Without the Guru, there is utter darkness; without the Guru, understanding does not come. |
| ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ | Without the Guru, there is no intuitive awareness or success; without the Guru, there is no liberation. |
| ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥ | So make Him your Guru, and contemplate the Truth; make Him your Guru, O my mind. |
| ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥ | Make Him your Guru, who is embellished and exalted in the Word of the Shabad; all your sins shall be washed away. |
| ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ ॥ | So speaks Nal the poet: with your eyes, make Him your Guru; with the words you speak, make Him your Guru, your True Guru. |
| ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪॥੮॥ | Those who have not seen the Guru, who have not made Him their Guru, are useless in this world. ‖4‖8‖ |
| ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥ | Dwell upon the Guru, the Guru, the Guru, O my mind. |

## ੧੪੦੦ 1400

ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥

The All-powerful Guru is the Boat to carry us across in this Dark Age of Kali Yuga. Hearing the Word of His Shabad, we are transported into Samaadhi.

ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥

He is the Spiritual Hero who destroys pain and brings peace. Whoever meditates on Him, dwells near Him.

ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ ॥

He is the Perfect Primal Being, who meditates in remembrance on the Lord within his heart; seeing His Face, sins run away.

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥੫॥੯॥

If you long for wisdom, wealth, spiritual perfection and prosperity, O my mind, dwell upon the Guru, the Guru, the Guru. ||5||9||

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥

Gazing upon the Face of the Guru, I find peace.

ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ ॥

I was thirsty, yearning to drink in the Nectar; to fulfill that wish, the Guru laid out the way.

ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥

My mind has become perfect; it dwells in the Lord's Place; it had been wandering in all directions, in its desire for tastes and pleasures.

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਯ੍ਯਨ ਤੀਰਿ ਬਿਪਾਸ ਬਨਾਯਉ ॥

Goindwal is the City of God, built on the bank of the Beas River.

ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥

The pains of so many years have been taken away; gazing upon the Face of the Guru, I find peace. ||6||10||

ਸਮਰਥ ਗੁਰੂ ਸਿਰਿ ਹਥੁ ਧਰ੍ਯ੍ਯਉ ॥

The All-powerful Guru placed His hand upon my head.

ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਯ੍ਯਉ ॥

The Guru was kind, and blessed me with the Lord's Name. Gazing upon His Feet, my sins were dispelled.

ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਯ੍ਯਉ ॥

Night and day, the Guru meditates on the One Lord; hearing His Name, the Messenger of Death is scared away.

ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਯ੍ਯਉ ॥

So speaks the Lord's slave: Guru Raam Daas placed His Faith in Guru Amar Daas, the Guru of the World; touching the Philosopher's Stone, He was transformed into the Philosopher's Stone.

ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯ੍ਯਉ ॥੭॥੧੧॥

Guru Raam Daas recognized the Lord as True; the All-powerful Guru placed His hand upon His head. ||7||11||

ਅਬ ਰਾਖਹੁ ਦਾਸ ਭਾਟ ਕੀ ਲਾਜ ॥

Now, please preserve the honor of Your humble slave.

ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥

God saved the honor of the devotee Prahlaad, when Harnaakhash tore him apart with his claws.

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥

And the Dear Lord God saved the honor of Dropadi; when her clothes were stripped from her, she was blessed with even more.

ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥

Sudaamaa was saved from misfortune; and Ganikaa the prostitute - when she chanted Your Name, her affairs were perfectly resolved.

ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥੮॥੧੨॥

O Great True Guru, if it pleases You, please save the honor of Your slave in this Dark Age of Kali Yuga. ||8||12||

ਝੋਲਨਾ ॥

Jholnaa:

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥

Chant Guru, Guru, Guru, Guru, Guru, O mortal beings.

ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥

Chant the Shabad, the Word of the Lord, Har, Har; the Naam, the Name of the Lord, brings the nine treasures. With your tongue, taste it, day and night, and know it as true.

ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ੍ਯਾਨੀਅਹੁ ॥

Then, you shall obtain His Love and Affection; become Gurmukh, and meditate on Him. Give up all other ways; vibrate and meditate on Him, O spiritual people.

ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥

Enshrine the Word of the Guru's Teachings within your heart, and overpower the five passions. Your life, and your generations, shall be saved, and you shall be honored at the Lord's Door.

ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥

If you desire all the peace and comforts of this world and the next, then chant Guru, Guru, Guru, Guru, Guru, O mortal beings. ||1||13||

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥

Chant Guru, Guru, Guru, Guru, Guru, and know Him as true.

ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯ੍ਯਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥

Know that the Lord is the Treasure of Excellence. Enshrine Him in your mind, and meditate on Him. Enshrine the Word of the Guru's Teachings within your heart.

ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥

Then, cleanse yourself in the Immaculate and Unfathomable Water of the Guru; O Gursikhs and Saints, cross over the Ocean of Love of the True Name.

ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥

Meditate lovingly forever on the Lord, free of hate and vengeance, Formless and Fearless; lovingly savor the Word of the Guru's Shabad, and implant devotional worship of the Lord deep within.

ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥

O foolish mind, give up your doubts; as Gurmukh, vibrate and meditate on the Naam. Chant Guru, Guru, Guru, Guru, Guru, and know Him as true. ||2||14||

## ੧੪੦੧

## 1401

ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥

Chant Guru, Guru, Guru; through the Guru, the Lord is obtained.

ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ ॥

The Guru is an Ocean, deep and profound, infinite and unfathomable. Lovingly attuned to the Lord's Name, you shall be blessed with jewels, diamonds and emeralds.

ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯ੍ਯਾਈਐ ॥

And, the Guru makes us fragrant and fruitful, and His Touch transforms us into gold. The filth of evil-mindedness is washed away, meditating on the Word of the Guru's Shabad.

ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥

The Stream of Ambrosial Nectar flows constantly from His Door. The Saints and Sikhs bathe in the immaculate pool of the Guru's spiritual wisdom.

ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥੩॥੧੫॥

Enshrine the Naam, the Name of the Lord, within your heart, and dwell in Nirvaanaa. Chant Guru, Guru, Guru; through the Guru, the Lord is obtained. ||3||15||

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥

Chant Guru, Guru, Guru, Guru, Guru, O my mind.

ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ ॥

Serving Him, Shiva and the Siddhas, the angels and demons and servants of the gods, and the thirty-three million gods cross over, listening to the Word of the Guru's Teachings.

| | |
|---|---|
| ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥ | And, the Saints and loving devotees are carried across, chanting Guru, Guru. Prahlaad and the silent sages met the Guru, and were carried across. |
| ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨ ਰੇ ॥ | Naarad and Sanak and those men of God who became Gurmukh were carried across; attached to the One Name, they abandoned other tastes and pleasures, and were carried across. |
| ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥੪॥੧੬॥੨੯॥ | This is the prayer of the Lord's humble slave: the Gurmukh obtains the Naam, the Name of the Lord, chanting Guru, Guru, Guru, Guru, Guru, O my mind. \|\|4\|\|16\|\|29\|\| |
| ਸਿਰੀ ਗੁਰੂ ਸਾਹਿਬੁ ਸਭ ਊਪਰਿ ॥ | The Great, Supreme Guru showered His Mercy upon all; |
| ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥ | in the Golden Age of Sat Yuga, He blessed Dhroo. |
| ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ | He saved the devotee Prahlaad, |
| ਹਸ੍ਤ ਕਮਲ ਮਾਥੇ ਪਰ ਧਰੀਅੰ ॥ | placing the Lotus of His Hand upon his forehead. |
| ਅਲਖ ਰੂਪ ਜੀਅ ਲਖ੍ਯਾ ਨ ਜਾਈ ॥ | The Unseen Form of the Lord cannot be seen. |
| ਸਾਧਿਕ ਸਿਧ ਸਗਲ ਸਰਣਾਈ ॥ | The Siddhas and seekers all seek His Sanctuary. |
| ਗੁਰ ਕੇ ਬਚਨ ਸਤਿ ਜੀਅ ਧਾਰਹੁ ॥ | True are the Words of the Guru's teachings. Enshrine them in your soul. |
| ਮਾਣਸ ਜਨਮੁ ਦੇਹ ਨਿਸ੍ਤਾਰਹੁ ॥ | Emancipate your body, and redeem this human incarnation. |
| ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥ | The Guru is the Boat, and the Guru is the Boatman. Without the Guru, no one can cross over. |
| ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥ | By Guru's Grace, God is obtained. Without the Guru, no one is liberated. |
| ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ | Guru Nanak dwells near the Creator Lord. |
| ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ | He established Lehnaa as Guru, and enshrined His Light in the world. |
| ਲਹਣੈ ਪੰਥੁ ਧਰਮ ਕਾ ਕੀਆ ॥ | Lehnaa established the path of righteousness and Dharma, |
| ਅਮਰਦਾਸ ਭਲੇ ਕਉ ਦੀਆ ॥ | which He passed on to Guru Amar Daas, of the Bhalla dynasty. |
| ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ ॥ | Then, He firmly established the Great Raam Daas of the Sodhi dynasty. |

| | |
|---|---|
| ਹਰਿ ਕਾ ਨਾਮੁ ਅਖੈ ਨਿਧਿ ਅਪ੍ਉ ॥ | He was blessed with the inexhaustible treasure of the Lord's Name. |
| ਅਪ੍ਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥ | He was blessed with the treasure of the Lord's Name; throughout the four ages, it is inexhaustible. Serving the Guru, He received His reward. |
| ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ ॥ | Those who bow at His Feet and seek His Sanctuary, are blessed with peace; those Gurmukhs are blessed with supreme bliss. |
| ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥ | The Guru's Body is the Embodiment of the Supreme Lord God, our Lord and Master, the Form of the Primal Being, who nourishes and cherishes all. |
| ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥ | So serve the Guru, the True Guru; His ways and means are inscrutable. The Great Guru Raam Daas is the Boat to carry us across. \|\|1\|\| |
| ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥ | The Holy people chant the Ambrosial Words of His Bani with delight in their minds. |
| ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥ | The Blessed Vision of the Guru's Darshan is fruitful and rewarding in this world; it brings lasting bliss and joy. |
| ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥ | The Guru's Darshan is fruitful and rewarding in this world, like the Ganges. Meeting Him, the supreme sacred status is obtained. |
| ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥ | Even sinful people conquer the realm of Death, if they become the Lord's humble servants, and are imbued with the Guru's spiritual wisdom. |
| ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ॥ | He is certified, like the handsome Ram Chander in the house of Dasrath of the Raghwa dynasty. Even the silent sages seek His Sanctuary. |
| **੧੪੦੨** | **1402** |
| ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥ | So serve the Guru, the True Guru; His ways and means are inscrutable. The Great Guru Raam Daas is the Boat to carry us across. \|\|2\|\| |
| ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥ | The Name of the Lord, from the Mouth of the Guru, is the Raft to cross over the unfathomable world-ocean. |
| ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥ | The cycle of birth and death in this world is ended for those who have this faith in their hearts. |

| | |
|---|---|
| ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ਹ ਕਉ ਪਦਵੀ ਉਚ ਭਈ ॥ | Those humble beings who have this faith in their hearts, are awarded the highest status. |
| ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥ | They forsake Maya, emotional attachment and greed; they are rid of the frustrations of possessiveness, sexual desire and anger. |
| ਅਵਲੋਕੵਾ ਬ੍ਰਹਮੁ ਭਰਮੁ ਸਭੁ ਛੁਟਕੵਾ ਦਿਬੵ ਦ੍ਰਿਸ੍ਟਿ ਕਾਰਣ ਕਰਣੰ ॥ | They are blessed with the Inner Vision to see God, the Cause of causes, and all their doubts are dispelled. |
| ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥ | So serve the Guru, the True Guru; His ways and means are inscrutable. The Great Guru Raam Daas is the Boat to carry us across. \|\|3\|\| |
| ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ ॥ | The Glorious Greatness of the Guru is manifest forever in each and every heart. His humble servants sing His Praises. |
| ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥ | Some read and listen and sing of Him, taking their cleansing bath in the early hours of the morning before the dawn. |
| ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥ | After their cleansing bath in the hours before the dawn, they worship the Guru with their minds pure and clear. |
| ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧੵਾਨੁ ਧਰੰ ॥ | Touching the Philosopher's Stone, their bodies are transformed into gold. They focus their meditation on the Embodiment of Divine Light. |
| ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ ॥ | The Master of the Universe, the very Life of the World pervades the sea and the land, manifesting Himself in myriads of ways. |
| ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥ | So serve the Guru, the True Guru; His ways and means are inscrutable. The Great Guru Raam Daas is the Boat to carry us across. \|\|4\|\| |
| ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥ | Those who realize the Eternal, Unchanging Word of God, like Dhroo, are immune to death. |
| ਤਿਨ੍ਹ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ ॥ | They cross over the terrifying world-ocean in an instant; the Lord created the world like a bubble of water. |
| ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥ | The Kundalini rises in the Sat Sangat, the True Congregation; through the Word of the Guru, they enjoy the Lord of Supreme Bliss. |

| | |
|---|---|
| ਸਿਰੀ ਗੁਰੂ ਸਾਹਿਬੁ ਸਭ ਊਪਰਿ<br>ਮਨ ਬਚ ਕ੍ਰੰਮ ਸੇਵੀਐ ਸਚਾ ॥੫॥ | The Supreme Guru is the Lord and Master over all; so serve the True Guru, in thought, word and deed. \|\|5\|\| |
| ਵਾਹਿਗੁਰੂ ਵਾਹਿਗੁਰੂ ਵਾਹਿਗੁਰੂ<br>ਵਾਹਿ ਜੀਉ ॥ | Waahay Guru, Waahay Guru, Waahay Guru, Waahay Jee-o. |
| ਕਵਲ ਨੈਨ ਮਧੁਰ ਬੈਨ ਕੋਟਿ ਸੈਨ<br>ਸੰਗ ਸੋਭ ਕਹਤ ਮਾ ਜਸੋਦ ਜਿਸਹਿ<br>ਦਹੀ ਭਾਤੁ ਖਾਹਿ ਜੀਉ ॥ | You are lotus-eyed, with sweet speech, exalted and embellished with millions of companions. Mother Yashoda invited You as Krishna to eat the sweet rice. |
| ਦੇਖਿ ਰੂਪੁ ਅਤਿ ਅਨੂਪੁ ਮੋਹ<br>ਮਹਾ ਮਗ ਭਈ ਕਿੰਕਨੀ ਸਬਦ<br>ਝਨਤਕਾਰ ਖੇਲੁ ਪਾਹਿ ਜੀਉ ॥ | Gazing upon Your supremely beautiful form, and hearing the musical sounds of Your silver bells tinkling, she was intoxicated with delight. |
| ਕਾਲ ਕਲਮ ਹੁਕਮੁ ਹਾਥਿ ਕਹਹੁ<br>ਕਉਨੁ ਮੇਟਿ ਸਕੈ ਈਸੁ ਬੰਮ੍ਯ੍ਯੁ ਗ੍ਯ੍ਯਾਨੁ<br>ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ ॥ | Death's pen and command are in Your hands. Tell me, who can erase it? Shiva and Brahma yearn to enshrine Your spiritual wisdom in their hearts. |
| ਸਤਿ ਸਾਚੁ ਸ੍ਰੀ ਨਿਵਾਸੁ ਆਦਿ<br>ਪੁਰਖੁ ਸਦਾ ਤੁਹੀ ਵਾਹਿਗੁਰੂ<br>ਵਾਹਿਗੁਰੂ ਵਾਹਿਗੁਰੂ ਵਾਹਿ ਜੀਉ<br>॥੧॥੬॥ | You are forever True, the Home of Excellence, the Primal Supreme Being. Waahay Guru, Waahay Guru, Waahay Guru, Waahay Jee-o. \|\|1\|\|6\|\| |
| ਰਾਮ ਨਾਮ ਪਰਮ ਧਾਮ ਸੁਧ ਬੁਧ<br>ਨਿਰੀਕਾਰ ਬੇਸੁਮਾਰ ਸਰਬਰ ਕਉ<br>ਕਾਹਿ ਜੀਉ ॥ | You are blessed with the Lord's Name, the supreme mansion, and clear understanding. You are the Formless, Infinite Lord; who can compare to You? |
| ਸੁਥਰ ਚਿਤ ਭਗਤ ਹਿਤ ਭੇਖੁ<br>ਧਰਿਓ ਹਰਨਾਖਸੁ ਹਰਿਓ ਨਖ<br>ਬਿਦਾਰਿ ਜੀਉ ॥ | For the sake of the pure-hearted devotee Prahlaad, You took the form of the man-lion, to tear apart and destroy Harnaakhash with your claws. |
| ਸੰਖ ਚਕ੍ਰ ਗਦਾ ਪਦਮ ਆਪਿ ਆਪੁ<br>ਕੀਓ ਛਦਮ ਅਪਰੰਪਰ ਪਾਰਬ੍ਰਹਮ<br>ਲਖੈ ਕਉਨੁ ਤਾਹਿ ਜੀਉ ॥ | You are the Infinite Supreme Lord God; with your symbols of power, You deceived Baliraja; who can know You? |
| ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ<br>ਸਦਾ ਤੁਹੀ ਵਾਹਿਗੁਰੂ ਵਾਹਿਗੁਰੂ<br>ਵਾਹਿਗੁਰੂ ਵਾਹਿ ਜੀਉ ॥੨॥੭॥ | You are forever True, the Home of Excellence, the Primal Supreme Being. Waahay Guru, Waahay Guru, Waahay Guru, Waahay Jee-o. \|\|2\|\|7\|\| |
| ਪੀਤ ਬਸਨ ਕੁੰਦ ਦਸਨ ਪ੍ਰਿਅ<br>ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ<br>ਪੰਖ ਚਾਹਿ ਜੀਉ ॥ | As Krishna, You wear yellow robes, with teeth like jasmine flowers; You dwell with Your lovers, with Your mala around Your neck, and You joyfully adorn Your head with the crow of peacock feathers. |

## ੧੪੦੩ 1403

ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ ॥

You have no advisors, You are so very patient; You are the Upholder of the Dharma, unseen and unfathomable. You have staged the play of the Universe with joy and delight.

ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥

No one can speak Your Unspoken Speech. You are pervading the three worlds. You assume the form of spiritual perfection, O King of kings.

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥

You are forever True, the Home of Excellence, the Primal Supreme Being. Waahay Guru, Waahay Guru, Waahay Guru, Waahay Jee-o. ||3||8||

ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥

The True Guru, the True Guru, the True Guru is the Lord of the Universe Himself.

ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥

Enticer of Baliraja, who smothers the mighty, and fulfills the devotees; the Prince Krishna, and Kalki; the thunder of His army and the beat of His drum echoes across the Universe.

ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥

The Lord of contemplation, Destroyer of sin, who brings pleasure to the beings of all realms, He Himself is the God of gods, Divinity of the divine, the thousand-headed king cobra.

ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥

He took birth in the Incarnations of the Fish, Tortoise and Wild Boar, and played His part. He played games on the banks of the Jamunaa River.

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥

Enshrine this most excellent Name within your heart, and renounce the wickedness of the mind, O Gayand the True Guru, the True Guru, the True Guru is the Lord of the Universe Himself. ||4||9||

ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥

The Supreme Guru, the Supreme Guru, the Supreme Guru, the True, Dear Lord.

ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯ਼ਾਨੁ ਲਹਹਿ ਪਰਮ ਗਤਿ ਜੀਉ ॥

Respect and obey the Guru's Word; this is your own personal treasure - know this mantra as true. Night and day, you shall be saved, and blessed with the supreme status.

ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥

Renounce sexual desire, anger, greed and attachment; give up your games of deception. Snap the noose of egotism, and let yourself be at home in the Saadh Sangat, the Company of the Holy.

ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥

Free your consciousness of attachment to your body, your home, your spouse, and the pleasures of this world. Serve forever at His Lotus Feet, and firmly implant these teachings within.

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥

Enshrine this most excellent Name within your heart, and renounce the wickedness of the mind, O Gayand. the Supreme Guru, the Supreme Guru, the Supreme Guru, the True, Dear Lord. ||5||10||

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥

Your servants are totally fulfilled, throughout the ages; O Waahay Guru, it is all You, forever.

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥

O Formless Lord God, You are eternally intact; no one can say how You came into being.

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥

You created countless Brahmas and Vishnus; their minds were intoxicated with emotional attachment.

ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥

You created the 8.4 million species of beings, and provide for their sustenance.

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥

Your servants are totally fulfilled, throughout the ages; O Waahay Guru, it is all You, forever. ||1||11||

ਵਾਹੁ ਵਾਹੁ ਕਾ ਬਡਾ ਤਮਾਸਾ ॥

Waaho! Waaho! Great! Great is the Play of God!

ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ॥

He Himself laughs, and He Himself thinks; He Himself illumines the sun and the moon.

ਆਪੇ ਜਲੁ ਆਪੇ ਥਲੁ ਥੰਮ੍ਹਨੁ ਆਪੇ ਕੀਆ ਘਟਿ ਘਟਿ ਬਾਸਾ ॥

He Himself is the water, He Himself is the earth and its support. He Himself abides in each and every heart.

ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ ॥

He Himself is male, and He Himself is female; He Himself is the chessman, and He Himself is the board.

ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ ॥੨॥੧੨॥

As Gurmukh, join the Sangat, and consider all this: Waaho! Waaho! Great! Great is the Play of God! ||2||12||

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥

You have formed and created this play, this great game. O Waahay Guru, this is all You, forever.

ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯ਼ਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥

You are pervading and permeating the water, land, skies and nether regions; Your Words are sweeter than Ambrosial Nectar.

ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥

Brahmas and Shivas respect and obey You. O Death of death, Formless Lord, I beg of You.

## ੧੪੦੪

## 1404

ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥

By Guru's Grace, the greatest thing is obtained, and the mind is involved with the Sat Sangat, the True Congregation.

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥

You have formed and created this play, this great game. O Waahay Guru, this is all Your making. ||3||13||42||

ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥

The Lord is Inaccessible, Infinite, Eternal and Primordial; no one knows His beginning.

ਸਿਵ ਬਿਰੰਚਿ ਧਰਿ ਧ੍ਯ਼ਾਨੁ ਨਿਤਹਿ ਜਿਸੁ ਬੇਦੁ ਬਖਾਣੈ ॥

Shiva and Brahma meditate on Him; the Vedas describe Him again and again.

ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥

The Lord is Formless, beyond hate and vengeance; there is no one else like Him.

ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥

He creates and destroys - He is All-powerful; God is the Boat to carry all across.

ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥

He created the world in its various aspects; His humble servant Mat'huraa delights in His Praises.

ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥੧॥

Sat Naam, the Great and Supreme True Name of God, the Personification of Creativity, dwells in the Consciousness of Guru Raam Daas. ||1||

ਗੁਰੂ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ ॥

I have grasped hold of the All-powerful Guru; He has made my mind steady and stable, and embellished me with clear consciousness.

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ ॥

And, His Banner of Righteousness waves proudly forever, to defend against the waves of sin.

ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ ॥

His humble servant Mat'hraa knows this as true, and speaks it from his soul; there is nothing else to consider.

| | |
|---|---|
| ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ ॥੨॥ | In this Dark Age of Kali Yuga, the Lord's Name is the Great Ship, to carry us all across the terrifying world-ocean, safely to the other side. \|\|2\|\| |
| ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ ॥ | The Saints dwell in the Saadh Sangat, the Company of the Holy; imbued with pure celestial love, they sing the Lord's Praises. |
| ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥ | The Support of the Earth has established this Path of Dharma; He Himself remains lovingly attuned to the Lord, and does not wander in distraction. |
| ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ ॥ | So speaks Mat'huraa: those blessed with good fortune receive the fruits of their minds' desires. |
| ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥ | Those who focus their consciousness on the Guru's Feet, they do not fear the judgement of Dharamraj. \|\|3\|\| |
| ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥ | The Immaculate, Sacred Pool of the Guru is overflowing with the waves of the Shabad, radiantly revealed in the early hours before the dawn. |
| ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥ | He is Deep and Profound, Unfathomable and utterly Great, eternally overflowing with all sorts of jewels. |
| ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥ | The Saint-swans celebrate; their fear of death is erased, along with the accounts of their pain. |
| ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥ | In this Dark Age of Kali Yuga, the sins are taken away; the Blessed Vision of the Guru's Darshan is the Ocean of all peace and comfort. \|\|4\|\| |
| ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥ | For His Sake, the silent sages meditated and focused their consciousness, wandering all the ages through; rarely, if ever, their souls were enlightened. |
| ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥ | In the Hymns of the Vedas, Brahma sang His Praises; for His Sake, Shiva the silent sage held his place on the Kailaash Mountain. |
| ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥ | For His Sake, the Yogis, celibates, Siddhas and seekers, the countless sects of fanatics with matted hair wear religious robes, wandering as detached renunciates. |

| | |
|---|---|
| ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥ | That True Guru, by the Pleasure of His Will, showered His Mercy upon all beings, and blessed Guru Raam Daas with the Glorious Greatness of the Naam. \|\|5\|\| |
| ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥ | He focuses His Meditation deep within; the Embodiment of Light, He illuminates the three worlds. |
| ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥ | Gazing upon the Blessed Vision of His Darshan, doubt runs away, pain is eradicated, and celestial peace spontaneously wells up. |
| ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥ | The selfless servants and Sikhs are always totally captivated by it, like bumble bees lured by the fragrance of the flower. |
| ਬਿਦ੍ਯ੍ਯਮਾਨ ਗੁਰਿ ਆਪਿ ਥਪ੍ਯ੍ਯਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥੬॥ | The Guru Himself established the Eternal Throne of Truth, in Guru Raam Daas. \|\|6\|\| |

## ੧੪੦੫ 1405

| | |
|---|---|
| ਤਾਰ੍ਯ੍ਯਉ ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ ॥ | The Universe is intoxicated with the wine of Maya, but it has been saved; the All-powerful Guru has blessed it with the Ambrosial Nectar of the Naam. |
| ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ ॥ | And, the Praiseworthy Guru is blessed with eternal peace, wealth and prosperity; the supernatural spiritual powers of the Siddhis never leave him. |
| ਦਾਨਿ ਬਡੌ ਅਤਿਵੰਤੁ ਮਹਾਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ ॥ | His Gifts are vast and great; His awesome Power is supreme. Your humble servant and slave speaks this truth. |
| ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥੭॥੪੯॥ | One, upon whose head the Guru has placed His Hand - with whom should he be concerned? \|\|7\|\|49\|\| |
| ਤੀਨਿ ਭਵਨ ਭਰਪੂਰਿ ਰਹਿਓ ਸੋਈ ॥ | He is totally pervading and permeating the three realms; |
| ਅਪਨ ਸਰਸੁ ਕੀਅਉ ਨ ਜਗਤ ਕੋਈ ॥ | in all the world, He has not created another like Himself. |
| ਆਪੁਨ ਆਪੁ ਆਪ ਹੀ ਉਪਾਯਉ ॥ | He Himself created Himself. |
| ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥ | The angels, human beings and demons have not found His limits. |
| ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ ॥ | The angels, demons and human beings have not found His limits; the heavenly heralds and celestial singers wander around, searching for Him. |

ਅਬਿਨਾਸੀ ਅਚਲੁ ਅਜੋਨੀ ਸੰਭਉ
ਪੁਰਖੋਤਮੁ ਅਪਾਰ ਪਰੇ ॥

The Eternal, Imperishable, Unmoving and Unchanging, Unborn, Self-Existent, Primal Being of the Soul, the Infinity of the Infinite,

ਕਰਣ ਕਾਰਣ ਸਮਰਥੁ ਸਦਾ ਸੋਈ
ਸਰਬ ਜੀਅ ਮਨਿ ਧੵਾਇਯਉ ॥

the Eternal All-powerful Cause of causes - all beings meditate on Him in their minds.

ਸ੍ਰੀ ਗੁਰ ਰਾਮਦਾਸ ਜਯੋ ਜਯ
ਜਗ ਮਹਿ ਤੈ ਹਰਿ ਪਰਮ ਪਦੁ
ਪਾਇਯਉ ॥੧॥

O Great and Supreme Guru Raam Daas, Your Victory resounds across the universe. You have attained the supreme status of the Lord. ||1||

ਸਤਿਗੁਰਿ ਨਾਨਕਿ ਭਗਤਿ ਕਰੀ
ਇਕ ਮਨਿ ਤਨੁ ਮਨੁ ਧਨੁ ਗੋਬਿੰਦ
ਦੀਅਉ ॥

Nanak, the True Guru, worships God single-mindedly; He surrenders His body, mind and wealth to the Lord of the Universe.

ਅੰਗਦਿ ਅਨੰਤ ਮੂਰਤਿ ਨਿਜ
ਧਾਰੀ ਅਗਮ ਗੵਾਨਿ ਰਸਿ
ਰਸੵਉ ਹੀਅਉ ॥

The Infinite Lord enshrined His Own Image in Guru Angad. In His heart, He delights in the spiritual wisdom of the Unfathomable Lord.

ਗੁਰਿ ਅਮਰਦਾਸਿ ਕਰਤਾਰੁ ਕੀਅਉ
ਵਸਿ ਵਾਹੁ ਵਾਹੁ ਕਰਿ ਧੵਾਇਯਉ ॥

Guru Amar Daas brought the Creator Lord under His control. Waaho! Waaho! Meditate on Him!

ਸ੍ਰੀ ਗੁਰ ਰਾਮਦਾਸ ਜਯੋ ਜਯ
ਜਗ ਮਹਿ ਤੈ ਹਰਿ ਪਰਮ ਪਦੁ
ਪਾਇਯਉ ॥੨॥

O Great and Supreme Guru Raam Daas, Your Victory resounds across the universe. You have attained the supreme status of the Lord. ||2||

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ
ਭਗਤ ਹਰਿ ਕੇ ਜੁ ਗਣੰ ॥

Naarad, Dhroo, Prahlaad and Sudaamaa are accounted among the Lord's devotees of the past.

ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ
ਅਵਰੁ ਕਬੀਰੁ ਭਣੰ ॥

Ambreek, Jai Dayv, Trilochan, Naam Dayv and Kabeer are also remembered.

ਤਿਨ ਕੌ ਅਵਤਾਰੁ ਭਯਉ
ਕਲਿ ਭਿੰਤਰਿ ਜਸੁ ਜਗਤ੍ਰ
ਪਰਿ ਛਾਇਯਉ ॥

They were incarnated in this Dark Age of Kali Yuga; their praises have spread over all the world.

ਸ੍ਰੀ ਗੁਰ ਰਾਮਦਾਸ ਜਯੋ ਜਯ
ਜਗ ਮਹਿ ਤੈ ਹਰਿ ਪਰਮ ਪਦੁ
ਪਾਇਯਉ ॥੩॥

O Great and Supreme Guru Raam Daas, Your Victory resounds across the universe. You have attained the supreme status of the Lord. ||3||

ਮਨਸਾ ਕਰਿ ਸਿਮਰੰਤ ਤੁਝੈ ਨਰ
ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥

Those who meditate in remembrance on You within their minds - their sexual desire and anger are taken away.

ਬਾਚਾ ਕਰਿ ਸਿਮਰੰਤ ਤੁਝੈ ਤਿਨ੍
ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥

Those who remember You in meditation with their words, are rid of their poverty and pain in an instant.

| | |
|---|---|
| ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥ | Those who obtain the Blessed Vision of Your Darshan, by the karma of their good deeds, touch the Philosopher's Stone, and like Bal the poet, sing Your Praises. |
| ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥ | O Great and Supreme Guru Raam Daas, Your Victory resounds across the universe. You have attained the supreme status of the Lord. \|\|4\|\| |
| ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥ | Those who meditate in remembrance on the True Guru - the darkness of their eyes is removed in an instant. |
| ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥ | Those who meditate in remembrance on the True Guru within their hearts, are blessed with the Lord's Name, day by day. |
| ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥ | Those who meditate in remembrance on the True Guru within their souls - the fire of desire is extinguished for them. |
| ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ ॥ | Those who meditate in remembrance on the True Guru, are blessed with wealth and prosperity, supernatural spiritual powers and the nine treasures. |
| ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥ | So speaks Bal the poet: Blessed is Guru Raam Daas; joining the Sangat, the Congregation, call Him blessed and great. |
| ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥੫॥੫੪॥ | Meditate on the True Guru, O men, through Whom the Lord is obtained. \|\|5\|\|54\|\| |
| ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥ | Living the Word of the Shabad, He attained the supreme status; while performing selfless service, He did not leave the side of Guru Amar Daas. |
| ਤਾ ਤੇ ਗਉਹਰੁ ਗ੍ਯ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯ੍ਯਾਰ ਕੋ ਨਾਸੁ ॥ | From that service, the light from the jewel of spiritual wisdom shines forth, radiant and bright; it has destroyed pain, poverty and darkness. |
| **੧੪੦੬** | **1406** |
| ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥ | So speaks Keerat the poet: those who grasp hold of the feet of the Saints, are not afraid of death, sexual desire or anger. |

ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥

Just as Guru Nanak was part and parcel, life and limb with Guru Angad, so is Guru Amar Daas one with Guru Raam Daas. ||1||

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥

Whoever serves the True Guru obtains the treasure; night and day, he dwells at the Lord's Feet.

ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥

And so, the entire Sangat loves, fears and respects You. You are the sandalwood tree; Your fragrance spreads gloriously far and wide.

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ ॥

Dhroo, Prahlaad, Kabeer and Trilochan chanted the Naam, the Name of the Lord, and His Illumination radiantly shines forth.

ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥

Seeing Him, the mind is totally delighted; Guru Raam Daas is the Helper and Support of the Saints. ||2||

ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥

Guru Nanak realized the Immaculate Naam, the Name of the Lord. He was lovingly attuned to loving devotional worship of the Lord.

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥

Guru Angad was with Him, life and limb, like the ocean; He showered His consciousness with the Word of the Shabad.

ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥

The Unspoken Speech of Guru Amar Daas cannot be expressed with only one tongue.

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥

Guru Raam Daas of the Sodhi dynasty has now been blessed with Glorious Greatness, to carry the whole world across. ||3||

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥

I am overflowing with sins and demerits; I have no merits or virtues at all. I abandoned the Ambrosial Nectar, and I drank poison instead.

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥

I am attached to Maya, and deluded by doubt; I have fallen in love with my children and spouse.

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥

I have heard that the most exalted Path of all is the Sangat, the Guru's Congregation. Joining it, the fear of death is taken away.

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

Keerat the poet offers this one prayer: O Guru Raam Daas, save me! Take me into Your Sanctuary! ||4||58||

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਯਉ ॥

He has crushed and overpowered emotional attachment. He seized sexual desire by the hair, and threw it down.

ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਯਉ ॥

With His Power, He cut anger into pieces, and sent greed away in disgrace.

ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥

Life and death, with palms pressed together, respect and obey the Hukam of His Command.

ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥

He brought the terrifying world-ocean under His Control; by His Pleasure, He carried His Sikhs across.

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥

He is seated upon the Throne of Truth, with the canopy above His Head; He is embellished with the powers of Yoga and the enjoyment of pleasures.

ਗੁਰ ਰਾਮਦਾਸ ਸਚੁ ਸਲ੍ਯ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥੧॥

So speaks Sal the poet: O Guru Raam Daas, Your sovereign power is eternal and unbreakable; Your army is invincible. ||1||

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

You are the True Guru, throughout the four ages; You Yourself are the Transcendent Lord.

ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥

The angelic beings, seekers, Siddhas and Sikhs have served You, since the very beginning of time.

ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥

You are the Primal Lord God, from the very beginning, and throughout the ages; Your Power supports the three worlds.

ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥

You are Inaccessible; You are the Saving Grace of the Vedas. You have conquered old age and death.

ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥

Guru Amar Daas has permanently established You; You are the Emancipator, to carry all across to the other side.

ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥

So speaks Sal the poet: O Guru Raam Daas, You are the Destroyer of sins; I seek Your Sanctuary. ||2||60||

| | |
|---|---|
| ਸਵਈਏ ਮਹਲੇ ਪੰਜਵੇ ਕੇ ੫ | Swaiyas In Praise Of The Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ | Meditate in remembrance on the Primal Lord God, Eternal and Imperishable. |
| ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ | Remembering Him in meditation, the filth of evil-mindedness is eradicated. |
| ਸਤਿਗੁਰ ਚਰਣ ਕਵਲ ਰਿਦਿ ਧਾਰੰ ॥ | I enshrine the Lotus Feet of the True Guru within my heart. |
| ੧੪੦੭ | 1407 |
| ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ | With intuitive peace and poise, I contemplate the Glorious Virtues of Guru Arjun. |
| ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ | He was revealed in the House of Guru Raam Daas, |
| ਸਗਲ ਮਨੋਰਥ ਪੂਰੀ ਆਸਾ ॥ | and all hopes and desires were fulfilled. |
| ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ | From birth, He realized God through the Guru's Teachings. |
| ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥ | With palms pressed together, Kal the poet speaks His praises. |
| ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ | The Lord brought Him into the world, to practice the Yoga of devotional worship. |
| ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ | The Word of the Guru's Shabad has been revealed, and the Lord dwells on His tongue. |
| ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ | Attached to Guru Nanak, Guru Angad and Guru Amar Daas, He attained the supreme status. |
| ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥ | In the House of Guru Raam Daas, the devotee of the Lord, Guru Arjun was born. ‖1‖ |
| ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥ | By great good fortune, the mind is uplifted and exalted, and the Word of the Shabad dwells in the heart. |
| ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥ | The jewel of the mind is contented; the Guru has implanted the Naam, the Name of the Lord, within. |
| ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥ | The Inaccessible and Unfathomable, Supreme Lord God is revealed through the True Guru. |
| ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥ | In the House of Guru Raam Daas, Guru Arjun has appeared as the Embodiment of the Fearless Lord. ‖2‖ |

| | |
|---|---|
| ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥ | The benign rule of Raja Janak has been established, and the Golden Age of Sat Yuga has begun. |
| ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ ॥ | Through the Word of the Guru's Shabad, the mind is pleased and appeased; the unsatisfied mind is satisfied. |
| ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥ | Guru Nanak laid the foundation of Truth; He is blended with the True Guru. |
| ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥ | In the House of Guru Raam Daas, Guru Arjun has appeared as the Embodiment of the Infinite Lord. \|\|3\|\| |
| ਖੇਲੁ ਗੂੜ੍ਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਉ ਬਿਮਲ ਬੁਧਿ ਸਤਿਗੁਰਿ ਸਮਾਣਉ ॥ | The Sovereign Lord King has staged this wondrous play; contentment was gathered together, and pure understanding was infused in the True Guru. |
| ਆਜੋਨੀ ਸੰਭਵਿਅਉ ਸੁਜਸੁ ਕਲ੍ ਕਵੀਅਣਿ ਬਖਾਣਿਅਉ ॥ | Kal the poet utters the Praises of the Unborn, Self-existent Lord. |
| ਗੁਰਿ ਨਾਨਕਿ ਅੰਗਦੁ ਵਰ੍ਉ ਗੁਰਿ ਅੰਗਦਿ ਅਮਰ ਨਿਧਾਨੁ ॥ | Guru Nanak blessed Guru Angad, and Guru Angad blessed Guru Amar Daas with the treasure. |
| ਗੁਰਿ ਰਾਮਦਾਸ ਅਰਜੁਨੁ ਵਰ੍ਉ ਪਾਰਸੁ ਪਰਸੁ ਪ੍ਰਮਾਣੁ ॥੪॥ | Guru Raam Daas blessed Guru Arjun, who touched the Philosopher's Stone, and was certified. \|\|4\|\| |
| ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥ | O Guru Arjun, You are Eternal, Invaluable, Unborn, Self-existent, |
| ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥ | the Destroyer of fear, the Dispeller of pain, Infinite and Fearless. |
| ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥ | You have grasped the Ungraspable, and burnt away doubt and skepticism. You bestow cooling and soothing peace. |
| ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥ | The Self-existent, Perfect Primal Lord God Creator has taken birth. |
| ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥ | First, Guru Nanak, then Guru Angad and Guru Amar Daas, the True Guru, have been absorbed into the Word of the Shabad. |
| ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥ | Blessed, blessed is Guru Raam Daas, the Philosopher's Stone, who transformed Guru Arjun unto Himself. \|\|5\|\| |
| ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥ | His victory is proclaimed all over the world; His Home is blessed with good fortune; He remains united with the Lord. |

| | |
|---|---|
| ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥ | By great good fortune, He has found the Perfect Guru; He remains lovingly attuned to Him, and endures the load of the earth. |
| ਭਯ ਭੰਜਨੁ ਪਰ ਪੀਰ ਨਿਵਾਰਨੁ ਕਲੵ ਸਹਾਰੁ ਤੋਹਿ ਜਸੁ ਬਕਤਾ ॥ | He is the Destroyer of fear, the Eradicator of the pains of others. Kall Sahaar the poet utters Your Praise, O Guru. |
| ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥ | In the Sodhi family, is born Arjun, the son of Guru Raam Daas, the holder of the banner of Dharma and the devotee of God. \|\|6\|\| |
| ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥ | The Support of the Dharma, immersed in the deep and profound Teachings of the Guru, the Remover of the pains of others. |
| ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥ | The Shabad is excellent and sublime, kind and generous like the Lord, the Destroyer of egotism. |
| ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥ | The Great Giver, the spiritual wisdom of the True Guru, His mind does not grow weary of its yearning for the Lord. |
| ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥ | The Embodiment of Truth, the Mantra of the Lord's Name, the nine treasures are never exhausted. |
| ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥ | O Son of Guru Raam Daas, You are contained amidst all; the canopy of intuitive wisdom is spread above You. |
| ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥ | So speaks Kal the poet: O Guru Arjun, You know the sublime essence of Raja Yoga, the Yoga of meditation and success. \|\|7\|\| |

## ੧੪੦੮ — 1408

| | |
|---|---|
| ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥ | In the Fear of God, You enjoy the Fearless Lord; among the thousands of beings, You see the Unseen Lord. |
| ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥ | Through the True Guru, You have realized the state of the Inaccessible, Unfathomable, Profound Lord. |
| ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥ | Meeting with the Guru, You are certified and approved; You practice Yoga in the midst of wealth and power. |
| ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥ | Blessed, blessed, blessed is the Guru, who has filled to overflowing the pools which were empty. |
| ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥ | Reaching up to the certified Guru, You endure the unendurable; You are immersed in the pool of contentment. |

| | |
|---|---|
| ਗੁਰ ਅਰਜੁਨ ਕਲੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥ | So speaks Kal: O Guru Arjun, You have intuitively attained the state of Yoga within Yourself. \|\|8\|\| |
| ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਯ੍ਯਉ ॥ | Nectar drips from Your tongue, and Your mouth gives Blessings, O Incomprehensible and Infinite Spiritual Hero. O Guru, the Word of Your Shabad eradicates egotism. |
| ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਯ੍ਯਉ ॥ | You have overpowered the five enticers, and established with intuitive ease the Absolute Lord within Your own being. |
| ਹਰਿ ਨਾਮਿ ਲਾਗਿ ਜਗ ਉਧਰ੍ਯ੍ਯਉ ਸਤਿਗੁਰੁ ਰਿਦੈ ਬਸਾਇਅਉ ॥ | Attached to the Lord's Name, the world is saved; enshrine the True Guru within your heart. |
| ਗੁਰ ਅਰਜੁਨ ਕਲੁਚਰੈ ਤੈ ਜਨਕਹ ਕਲਸੁ ਦੀਪਾਇਅਉ ॥੯॥ | So speaks Kal: O Guru Arjun, You have illuminated the highest pinnacle of wisdom. \|\|9\|\| |
| ਸੋਰਠੇ ॥ | Sorat'h: |
| ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ | Guru Arjun is the certified Primal Person; like Arjuna, He never leaves the field of battle. |
| ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥ | The Naam, the Name of the Lord, is His spear and insignia. He is embellished with the Shabad, the Word of the True Guru. \|\|1\|\| |
| ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥ | The Lord's Name is the Boat, the Bridge to cross over the terrifying world-ocean. |
| ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਯ੍ਯਉ ॥੨॥ | You are in love with the True Guru; attached to the Naam, You have saved the world. \|\|2\|\| |
| ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥ | The Naam is the Saving Grace of the world; by the Pleasure of the True Guru, it is obtained. |
| ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥੩॥੧੨॥ | Now, I am not concerned with anything else; at Your Door, I am fulfilled. \|\|3\|\|12\|\| |
| ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ | The Embodiment of Light, the Lord Himself is called Guru Nanak. |
| ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ | From Him, came Guru Angad; His essence was absorbed into the essence. |
| ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ | Guru Angad showed His Mercy, and established Amar Daas as the True Guru. |

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥

Guru Amar Daas blessed Guru Raam Daas with the umbrella of immortality.

ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥

So speaks Mat'huraa: gazing upon the Blessed Vision, the Darshan of Guru Raam Daas, His speech became as sweet as nectar.

ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

With your eyes, see the certified Primal Person, Guru Arjun, the Fifth Manifestation of the Guru. ||1||

ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥

He is the Embodiment of Truth; He has enshrined the True Name, Sat Naam, Truth and contentment within His heart.

ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥

From the very beginning, the Primal Being has written this destiny upon His forehead.

ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥

His Divine Light shines forth, dazzling and radiant; His Glorious Grandeur pervades the realms of the world.

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥

Meeting the Guru, touching the Philosopher's Stone, He was acclaimed as Guru.

ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥

So speaks Mat'huraa: I constantly focus my consciousness on Him; as sunmukh, I look to Him.

ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥

In this Dark Age of Kali Yuga, Guru Arjun is the Boat; attached to him, the entire universe is safely carried across. ||2||

ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥

I beg from that humble being who is known all over the world, who lives in, and loves the Name, night and day.

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੌ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥

He is supremely unattached, and imbued with the Love of the Transcendent Lord; he is free of desire, but he lives as a family man.

ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯੌ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥

He is dedicated to the Love of the Infinite, Limitless Primal Lord God; he has no concerns for any other pleasure, except for the Lord God.

ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥

Guru Arjun is the All-pervading Lord God of Mat'huraa. Devoted to His Worship, he remains attached to the Lord's Feet. ||3||

| ੧੪੦੯ | 1409 |
|---|---|
| ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥ | All the gods, silent sages, Indra, Shiva and Yogis have not found the Lord's limits |
| ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਹਿਉ ਏਕ ਘਰੀ ॥ | not even Brahma who contemplates the Vedas. I shall not give up meditating on the Lord, even for an instant. |
| ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥ | The God of Mat'huraa is Merciful to the meek; He blesses and uplifts the Sangats throughout the Universe. |
| ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥ | Guru Raam Daas, to save the world, enshrined the Guru's Light into Guru Arjun. \|\|4\|\| |
| ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥ | In the great darkness of this world, the Lord revealed Himself, incarnated as Guru Arjun. |
| ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥ | Millions of pains are taken away, from those who drink in the Ambrosial Nectar of the Naam, says Mat'huraa. |
| ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥ | O mortal being, do not leave this path; do not think that there is any difference between God and Guru. |
| ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ | The Perfect Lord God has manifested Himself; He dwells in the heart of Guru Arjun. \|\|5\|\| |
| ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥ | As long as the destiny written upon my forehead was not activated, I wandered around lost, running in all directions. |
| ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥ | I was drowning in the horrible world-ocean of this Dark Age of Kali Yuga, and my remorse would never have ended. |
| ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ | O Mat'huraa, consider this essential truth: to save the world, the Lord incarnated Himself. |
| ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ | Whoever meditates on Guru Arjun Dayv, shall not have to pass through the painful womb of reincarnation ever again. \|\|6\|\| |
| ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥ | In the ocean of this Dark Age of Kali Yuga, the Lord's Name has been revealed in the Form of Guru Arjun, to save the world. |

| | |
|---|---|
| ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥ | Pain and poverty are taken away from that person, within whose heart the Saint abides. |
| ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥ | He is the Pure, Immaculate Form of the Infinite Lord; except for Him, there is no other at all. |
| ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥ | Whoever knows Him in thought, word and deed, becomes just like Him. |
| ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ | He is totally pervading the earth, the sky and the nine regions of the planet. He is the Embodiment of the Light of God. |
| ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥੧੯॥ | So speaks Mat'huraa: there is no difference between God and Guru; Guru Arjun is the Personification of the Lord Himself. ‖7‖19‖ |
| ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥ | The stream of the Lord's Name flows like the Ganges, invincible and unstoppable. The Sikhs of the Sangat all bathe in it. |
| ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥ | It appears as if the holy texts like the Puraanaas are being recited there and Brahma himself sings the Vedas. |
| ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥ | The invincible chauri, the fly-brush, waves over His head; with His mouth, He drinks in the Ambrosial Nectar of the Naam. |
| ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥ | The Transcendent Lord Himself has placed the royal canopy over the head of Guru Arjun. |
| ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥ | Guru Nanak, Guru Angad, Guru Amar Daas and Guru Raam Daas met together before the Lord. |
| ਹਰਿਬੰਸ ਜਗਤਿ ਜਸੁ ਸੰਚਰੵਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥ | So speaks Harbans: Their Praises echo and resound all over the world; who can possibly say that the Great Gurus are dead? ‖1‖ |
| ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥ | When it was the Will of the Transcendent Lord Himself, Guru Raam Daas went to the City of God. |
| ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥ | The Lord offered Him His Royal Throne, and seated the Guru upon it. |
| ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥ | The angels and gods were delighted; they proclaimed and celebrated Your victory, O Guru. |
| ਅਸੁਰ ਗਏ ਤੇ ਭਾਗਿ ਪਾਪ ਤਿਨੑ ਭੀਤਰਿ ਕੰਪਹਿ ॥ | The demons ran away; their sins made them shake and tremble inside. |

ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥

Those people who found Guru Raam Daas were rid of their sins.

ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥੨॥੨੧॥੯॥੧੧॥੧੦॥੧੦॥੨੨॥੬੦॥੧੪੩॥

He gave the Royal Canopy and Throne to Guru Arjun, and came home. ||2||21||9||11||10||10||22||60||143||

## ੧੪੧੦

## 1410

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਸਲੋਕ ਵਾਰਾਂ ਤੇ ਵਧੀਕ ॥

Shaloks In Addition To The Vaars.

ਮਹਲਾ ੧ ॥

First Mehl:

ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥

O you with swollen breasts, let your consciousness become deep and profound.

ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥

O mother-in-law, how can I bow? Because of my stiff nipples, I cannot bow.

ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥

O sister, those mansions built as high as mountains

ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੧॥

- I have seen them come crumbling down. O bride, do not be so proud of your nipples. ||1||

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥

O bride with deer-like eyes, listen to the words of deep and infinite wisdom.

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥

First, examine the merchandise, and then, make the deal.

ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥

Proclaim that you will not associate with evil people; celebrate victory with your friends.

ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥

This proclamation, to meet with your friends,
O bride - give it some thought.

ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥

Surrender mind and body to the Lord your Friend; this is the most excellent pleasure.

ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥

Do not fall in love with one who is destined to leave.

| | |
|---|---|
| ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥੨॥ | O Nanak, I am a sacrifice to those who understand this. \|\|2\|\| |
| ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ ॥ | If you wish to swim across the water, then consult those who know how to swim. |
| ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ ॥੩॥ | Those who have survived these treacherous waves are very wise. \|\|3\|\| |
| ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥ | The storm rages and the rain floods the land; thousands of waves rise and surge. |
| ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ | If you cry out for help from the True Guru, you have nothing to fear - your boat will not sink. \|\|4\|\| |
| ਨਾਨਕ ਦੁਨੀਆ ਕੈਸੀ ਹੋਈ ॥ | O Nanak, what has happened to the world? |
| ਸਾਲਕੁ ਮਿਤੁ ਨ ਰਹਿਓ ਕੋਈ ॥ | There is no guide or friend. |
| ਭਾਈ ਬੰਧੀ ਹੇਤੁ ਚੁਕਾਇਆ ॥ | There is no love, even among brothers and relatives. |
| ਦੁਨੀਆ ਕਾਰਣਿ ਦੀਨੁ ਗਵਾਇਆ ॥੫॥ | For the sake of the world, people have lost their faith. \|\|5\|\| |
| ਹੈ ਹੈ ਕਰਿ ਕੈ ਓਹਿ ਕਰੇਨਿ ॥ | They cry and weep and wail. |
| ਗਲ੍ਹਾ ਪਿਟਨਿ ਸਿਰੁ ਖੋਹੇਨਿ ॥ | They slap their faces and pull their hair out. |
| ਨਾਉ ਲੈਨਿ ਅਰੁ ਕਰਨਿ ਸਮਾਇ ॥ | But if they chant the Naam, the Name of the Lord, they shall be absorbed into it. |
| ਨਾਨਕ ਤਿਨ ਬਲਿਹਾਰੈ ਜਾਇ ॥੬॥ | O Nanak, I am a sacrifice to them. \|\|6\|\| |
| ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥ | O my mind, do not waver or walk on the crooked path; take the straight and true path. |
| ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ ॥ | The terrible tiger is behind you, and the pool of fire is ahead. |
| ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥ | My soul is skeptical and doubtful, but I cannot see any other way to go. |
| ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥੭॥ | O Nanak, as Gurmukh, dwell with your Beloved Lord, and you shall be saved. \|\|7\|\| |
| ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ | The tiger is killed, and the mind is killed, through the Teachings of the True Guru. |

| | |
|---|---|
| ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ | One who understands himself, meets with the Lord, and never dies again. |
| **੧੪੧੧** | **1411** |
| ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ | One who sees the One and Only Lord with his eyes - his hands shall not get muddy and dirty. |
| ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥ | O Nanak, the Gurmukhs are saved; the Guru has surrounded the ocean with the embankment of Truth. \|\|8\|\| |
| ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ | If you wish to put out the fire, then look for water; without the Guru, the ocean of water is not found. |
| ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ | You shall continue to wander lost in reincarnation through birth and death, even if you do thousands of other deeds. |
| ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥ | But you shall not be taxed by the Messenger of Death, if you walk in harmony with the Will of the True Guru. |
| ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥ | O Nanak, the immaculate, immortal status is obtained, and the Guru will unite you in the Lord's Union. \|\|9\|\| |
| ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ | The crow rubs and washes itself in the mud puddle. |
| ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥ | Its mind and body are polluted with its own mistakes and demerits, and its beak is filled with dirt. |
| ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ | The swan in the pool associated with the crow, not knowing that it was evil. |
| ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ | Such is the love of the faithless cynic; understand this, O spiritually wise ones, through love and devotion. |
| ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ | So proclaim the victory of the Society of the Saints, and act as Gurmukh. |
| ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥ | Immaculate and pure is that cleansing bath, O Nanak, at the sacred shrine of the Guru's river. \|\|10\|\| |
| ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ ॥ | What should I account as the rewards of this human life, if one does not feel love and devotion to the Lord? |
| ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥ | Wearing clothes and eating food is useless, if the mind is filled with the love of duality. |

| | |
|---|---|
| ਵੇਖਣੁ ਸੁਣਣਾ ਝੂਠੁ ਹੈ ਮੁਖਿ ਝੂਠਾ ਆਲਾਉ ॥ | Seeing and hearing is false, if one speaks lies. |
| ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥੧੧॥ | O Nanak, praise the Naam, the Name of the Lord; everything else is coming and going in egotism. ‖11‖ |
| ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ | The Saints are few and far between; everything else in the world is just a pompous show. ‖12‖ |
| ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥ | O Nanak, one who is struck by the Lord dies instantaneously; the power to live is lost. |
| ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥ | If someone dies by such a stroke, then he is accepted. |
| ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ॥ | He alone is struck, who is struck by the Lord; after such a stroke, he is approved. |
| ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ ॥੧੩॥ | The arrow of love, shot by the All-knowing Lord, cannot be pulled out. ‖13‖ |
| ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ | Who can wash the unbaked clay pot? |
| ਧਾਤੂ ਪੰਜਿ ਰਲਾਇ ਕੂੜਾ ਪਾਜਿਆ ॥ | Joining the five elements together, the Lord made a false cover. |
| ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ | When it pleases Him, He makes it right. |
| ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥ | The supreme light shines forth, and the celestial song vibrates and resounds. ‖14‖ |
| ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ | Those who are totally blind in their minds, do not have the integrity to keep their word. |
| ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ | With their blind minds, and their upside-down heart-lotus, they look totally ugly. |
| ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ | Some know how to speak and understand what they are told. Those people are wise and good-looking. |
| ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥ | Some do not know the Sound-current of the Naad, spiritual wisdom or the joy of song. They do not even understand good and bad. |

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥

Some have no idea of perfection, wisdom or understanding; they know nothing about the mystery of the Word.

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥

O Nanak, those people are really donkeys; they have no virtue or merit, but still, they are very proud. ||15||

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥

He alone is a Brahmin, who knows God.

ਜਪੁ ਤਪੁ ਸੰਜਮੁ ਕਮਾਵੈ ਕਰਮੁ ॥

He chants and meditates, and practices austerity and good deeds.

ਸੀਲ ਸੰਤੋਖ ਕਾ ਰਖੈ ਧਰਮੁ ॥

He keeps to the Dharma, with faith, humility and contentment.

ਬੰਧਨ ਤੋੜੈ ਹੋਵੈ ਮੁਕਤੁ ॥

Breaking his bonds, he is liberated.

ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥

Such a Brahmin is worthy of being worshipped. ||16||

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥

He alone is a Kh'shaatriyaa, who is a hero in good deeds.

ਪੁੰਨ ਦਾਨ ਕਾ ਕਰੈ ਸਰੀਰੁ ॥

He uses his body to give in charity;

ਖੇਤੁ ਪਛਾਣੈ ਬੀਜੈ ਦਾਨੁ ॥

he understands his farm, and plants the seeds of generosity.

ਸੋ ਖਤ੍ਰੀ ਦਰਗਹ ਪਰਵਾਣੁ ॥

Such a Kh'shaatriyaa is accepted in the Court of the Lord.

ਲਬੁ ਲੋਭੁ ਜੇ ਕੂੜੁ ਕਮਾਵੈ ॥

Whoever practices greed, possessiveness and falsehood,

ਅਪਣਾ ਕੀਤਾ ਆਪੇ ਪਾਵੈ ॥੧੭॥

shall receive the fruits of his own labors. ||17||

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥

Do not heat your body like a furnace, or burn your bones like firewood.

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥

What have your head and feet done wrong? See your Husband Lord within yourself. ||18||

## ੧੪੧੨

## 1412

ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥

God the Cosmic Husband dwells within all hearts; without Him, there is no heart at all.

ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥੧੯॥

O Nanak, the Gurmukhs are the happy, virtuous soul-brides; the Lord is revealed to them. ||19||

ਜਉ ਤਉ ਪ੍ਰੇਮ ਖੇਲਣ ਕਾ ਚਾਉ ॥

If you desire to play this game of love with Me,

ਸਿਰੁ ਧਰਿ ਤਲੀ ਗਲੀ ਮੇਰੀ ਆਉ ॥

then step onto My Path with your head in hand.

ਇਤੁ ਮਾਰਗਿ ਪੈਰੁ ਧਰੀਜੈ ॥

When you place your feet on this Path,

| | |
|---|---|
| ਸਿਰੁ ਦੀਜੈ ਕਾਣਿ ਨ ਕੀਜੈ ॥੨੦॥ | give Me your head, and do not pay any attention to public opinion. \|\|20\|\| |
| ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ | False is friendship with the false and greedy. False is its foundation. |
| ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥ | O Moollah, no one knows where death shall strike. \|\|21\|\| |
| ਗਿਆਨ ਹੀਣੰ ਅਗਿਆਨ ਪੂਜਾ ॥ | Without spiritual wisdom, the people worship ignorance. |
| ਅੰਧ ਵਰਤਾਵਾ ਭਾਉ ਦੂਜਾ ॥੨੨॥ | They grope in the darkness, in the love of duality. \|\|22\|\| |
| ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ | Without the Guru, there is no spiritual wisdom; without Dharma, there is no meditation. |
| ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ | Without Truth, there is no credit; without capital, there is no balance. \|\|23\|\| |
| ਮਾਣੂ ਘਲੈ ਉਠੀ ਚਲੈ ॥ | The mortals are sent into the world; then, they arise and depart. |
| ਸਾਦੁ ਨਾਹੀ ਇਵੇਹੀ ਗਲੈ ॥੨੪॥ | There is no joy in this. \|\|24\|\| |
| ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥ | Raam Chand, sad at heart, assembled his army and forces. |
| ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ ॥ | The army of monkeys was at his service; his mind and body became eager for war. |
| ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ॥ | Raawan captured his wife Sita, and Lachhman was cursed to die. |
| ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ ॥੨੫॥ | O Nanak, the Creator Lord is the Doer of all; He watches over all, and destroys what He has created. \|\|25\|\| |
| ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ ॥ | In his mind, Raam Chand mourned for Sita and Lachhman. |
| ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥ | Then, he remembered Hanuman the monkey-god, who came to him. |
| ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ ॥ | The misguided demon did not understand that God is the Doer of deeds. |
| ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ ॥੨੬॥ | O Nanak, the actions of the Self-existent Lord cannot be erased. \|\|26\|\| |

| | |
|---|---|
| ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥ | The city of Lahore suffered terrible destruction for four hours. \|\|27\|\| |
| ਮਹਲਾ ੩ ॥ | Third Mehl: |
| ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥ | The city of Lahore is a pool of ambrosial nectar, the home of praise. \|\|28\|\| |
| ਮਹਲਾ ੧ ॥ | First Mehl: |
| ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ ॥ | What are the signs of a prosperous person? His stores of food never run out. |
| ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ ॥ | Prosperity dwells in his home, with the sounds of girls and women. |
| ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ ॥ | All the women of his home shout and cry over useless things. |
| ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ ॥੨੯॥ | Whatever he takes, he does not give back. Seeking to earn more and more, he is troubled and uneasy. \|\|29\|\| |
| ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ | O lotus, your leaves were green, and your blossoms were gold. |
| ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥ | What pain has burnt you, and made your body black? O Nanak, my body is battered. |
| ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥ | I have not received that water which I love. |
| ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥੩੦॥ | Seeing it, my body blossomed forth, and I was blessed with a deep and beautiful color. \|\|30\|\| |
| ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥ | No one lives long enough to accomplish all he wishes. |
| ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥ | Only the spiritually wise live forever; they are honored for their intuitive awareness. |
| ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ॥ | Bit by bit, life passes away, even though the mortal tries to hold it back. |
| ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ ॥੩੧॥ | O Nanak, unto whom should we complain? Death takes one's life away without anyone's consent. \|\|31\|\| |

ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ ॥

Do not blame the Sovereign Lord; when someone grows old, his intellect leaves him.

ਗਲਾਂ ਕਰੇ ਘਣੇਰੀਆ ਤਾਂ ਅੰਨ੍ੇ ਪਵਣਾ ਖਾਤੀ ਟੋਵੈ ॥੩੨॥

The blind man talks and babbles, and then falls into the ditch. ||32||

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥

All that the Perfect Lord does is perfect; there is not too little, or too much.

ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੩੩॥

O Nanak, knowing this as Gurmukh, the mortal merges into the Perfect Lord God. ||33||

## ੧੪੧੩

## 1413

ਸਲੋਕ ਮਹਲਾ ੩

ੴ ਸਤਿਗੁਰ ਪ੍ਰਸਾਦਿ ॥

Shalok, Third Mehl:

One Universal Creator God.
By The Grace Of The True Guru:

ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ ॥

Do not call the wandering beggars holy men, if their minds are filled with doubt.

ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ ॥੧॥

Whoever gives to them, O Nanak, earns the same sort of merit. ||1||

ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ ॥

One who begs for the supreme status of the Fearless and Immaculate Lord

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੨॥

- how rare are those who have the opportunity, O Nanak, to give food to such a person. ||2||

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥

If I were a religious scholar, an astrologer, or one who could recite the four Vedas,

ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ ॥੩॥

I could be famous throughout the nine regions of the earth, for my wisdom and thoughtful contemplation. ||3||

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥

If a Brahmin kills a cow or a female infant, and accepts the offerings of an evil person,

ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥

he is cursed with the leprosy of curses and criticism; he is forever and ever filled with egotistical pride.

ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥

One who forgets the Naam, O Nanak, is covered by countless sins.

| | |
|---|---|
| ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥੪॥ | Let all wisdom be burnt away, except for the essence of spiritual wisdom. \|\|4\|\| |
| ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥ | No one can erase that primal destiny written upon one's forehead. |
| ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ ॥੫॥ | O Nanak, whatever is written there, comes to pass. He alone understands, who is blessed by God's Grace. \|\|5\|\| |
| ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ | Those who forget the Naam, the Name of the Lord, and become attached to greed and fraud, |
| ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥ | are engrossed in the entanglements of Maya the enticer, with the fire of desire within them. |
| ਜਿਨ੍ਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ ॥ | Those who, like the pumpkin vine, are too stubborn climb the trellis, are cheated by Maya the cheater. |
| ਮਨਮੁਖਿ ਬੰਨ੍ਿ ਚਲਾਈਅਹਿ ਨਾ ਮਿਲਹੀ ਵਗਿ ਸਗਿ ॥ | The self-willed manmukhs are bound and gagged and led away; the dogs do not join the herd of cows. |
| ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥ | The Lord Himself misleads the misguided ones, and He Himself unites them in His Union. |
| ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ ॥੬॥ | O Nanak, the Gurmukhs are saved; they walk in harmony with the Will of the True Guru. \|\|6\|\| |
| ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ ॥ | I praise the Praiseworthy Lord, and sing the Praises of the True Lord. |
| ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ ॥੭॥ | O Nanak, the One Lord alone is True; stay away from all other doors. \|\|7\|\| |
| ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ ॥ | O Nanak, wherever I go, I find the True Lord. |
| ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ॥੮॥ | Wherever I look, I see the One Lord. He reveals Himself to the Gurmukh. \|\|8\|\| |
| ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥ | The Word of the Shabad is the Dispeller of sorrow, if one enshrines it in the mind. |
| ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥੯॥ | By Guru's Grace, it dwells in the mind; by God's Mercy, it is obtained. \|\|9\|\| |

ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ ॥

O Nanak, acting in egotism, countless thousands have wasted away to death.

ਸਤਿਗੁਰ ਮਿਲੇ ਸੁ ਉਬਰੇ ਸਾਚੈ ਸਬਦਿ ਅਲੰਖ ॥੧੦॥

Those who meet with the True Guru are saved, through the Shabad, the True Word of the Inscrutable Lord. ||10||

ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ ॥

Those who serve the True Guru single-mindedly - I fall at the feet of those humble beings.

ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ ॥

Through the Word of the Guru's Shabad, the Lord abides in the mind, and the hunger for Maya departs.

ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ ਨਾਮਿ ਸਮਾਇ ॥

Immaculate and pure are those humble beings, who, as Gurmukh, merge in the Naam.

ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥

O Nanak, other empires are false; they alone are true emperors, who are imbued with the Naam. ||11||

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥

The devoted wife in her husband's home has a great longing to perform loving devotional service to him;

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥

she prepares and offers to him all sorts of sweet delicacies and dishes of all flavors.

ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥

In the same way, the devotees praise the Word of the Guru's Bani, and focus their consciousness on the Lord's Name.

ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥

They place mind, body and wealth in offering before the Guru, and sell their heads to Him.

ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ ਲੋਚਾ ਪੂਰਿ ਮਿਲਾਇ ॥

In the Fear of God, His devotees yearn for His devotional worship; God fulfills their desires, and merges them with Himself.

## ੧੪੧੪ 1414

ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ ॥

My Lord God is Self-existent and Independent. What does He need to eat to be satisfied?

ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ ॥

Whoever walks in harmony with the Will of the True Guru, and sings the Glorious Praises of the Lord, is pleasing to Him.

ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥੧੨॥

Blessed, blessed are they, in this Dark Age of Kali Yuga, O Nanak, who walk in harmony with the Will of the True Guru. ||12||

| | |
|---|---|
| ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥ | Those who do not serve the True Guru, and do not keep the Shabad enshrined in their hearts |
| ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥ | cursed are their lives. Why did they even come into the world? |
| ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥ | If one follows the Guru's Teachings, and keeps the Fear of God in his mind, then he is lovingly attuned to the sublime essence of the Lord. |
| ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥੧੩॥ | By his primal destiny, he obtains the Name; O Nanak, he is carried across. ‖13‖ |
| ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥ | The world wanders lost in emotional attachment to Maya; it does not realize that its own home is being plundered. |
| ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ | The self-willed manmukh is blind in the world; his mind is lured away by sexual desire and anger. |
| ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥ | With the sword of spiritual wisdom, kill the five demons. Remain awake and aware to the Guru's Teachings. |
| ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ | The Jewel of the Naam is revealed, and the mind and body are purified. |
| ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥ | Those who lack the Naam wander around lost, with their noses cut off; without the Name, they sit and cry. |
| ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥ | O Nanak, no one can erase that which is pre-ordained by the Creator Lord. ‖14‖ |
| ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ | The Gurmukhs earn the wealth of the Lord, contemplating the Word of the Guru's Shabad. |
| ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥ | They receive the wealth of the Naam; their treasures are overflowing. |
| ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ | Through the Word of the Guru's Bani, they utter the Glorious Praises of the Lord, whose end and limitations cannot be found. |
| ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥੧੫॥ | O Nanak, the Creator is the Doer of all; the Creator Lord beholds all. ‖15‖ |
| ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥ | Within the Gurmukh is intuitive peace and poise; his mind ascends to the Tenth Plane of the Akaashic Ethers. |

| | |
|---|---|
| ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ | No one is sleepy or hungry there; they dwell in the peace of the Ambrosial Name of the Lord. |
| ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥ | O Nanak, pain and pleasure do not afflict anyone, where the Light of the Lord, the Supreme Soul, illuminates. \|\|16\|\| |
| ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ | All have come, wearing the robes of sexual desire and anger. |
| ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥ | Some are born, and some pass away. They come and go according to the Hukam of the Lord's Command. |
| ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥ | Their comings and goings in reincarnation do not end; they are imbued with the love of duality. |
| ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥ | Bound in bondage, they are made to wander, and they cannot do anything about it. \|\|17\|\| |
| ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥ | Those, upon whom the Lord showers His Mercy, come and meet the True Guru. |
| ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥ | Meeting with the True Guru, they turn away from the world; they remain dead while still alive, with intuitive peace and poise. |
| ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥ | O Nanak, the devotees are imbued with the Lord; they are absorbed in the Name of the Lord. \|\|18\|\| |
| ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥ | The intellect of the self-willed manmukh is fickle; he is very tricky and clever within. |
| ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥ | Whatever he has done, and all that he does, is useless. Not even an iota of it is acceptable. |
| ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥ | The charity and generosity he pretends to give will be judged by the Righteous Judge of Dharma. |
| ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ ॥ | Without the True Guru, the Messenger of Death does not leave the mortal alone; he is ruined by the love of duality. |
| ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ ॥ | Youth slips away imperceptibly, old age comes, and then he dies. |
| ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ ॥ | The mortal is caught in love and emotional attachment to children and spouse, but none of them will be his helper and support in the end. |

| | |
|---|---|
| ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥ | Whoever serves the True Guru finds peace; the Name comes to abide in the mind. |
| ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥੧੯॥ | O Nanak, great and very fortunate are those who, as Gurmukh, are absorbed in the Naam. \|\|19\|\| |
| ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ ॥ | The self-willed manmukhs do not even think of the Name; without the Name, they cry in pain. |
| **੧੪੧੫** | **1415** |
| ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ ॥ | They do not worship the Lord, the Supreme Soul; how can they find peace in duality? |
| ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥ | They are filled with the filth of egotism; they do not wash it away with the Word of the Shabad. |
| ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥੨੦॥ | O Nanak, without the Name, they die in their filth; they waste the priceless opportunity of this human life. \|\|20\|\| |
| ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ | The self-willed manmukhs are deaf and blind; they are filled with the fire of desire. |
| ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥ | They have no intuitive understanding of the Guru's Bani; they are not illumined with the Shabad. |
| ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥ | They do not know their own inner being, and they have no faith in the Guru's Word. |
| ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥ | The Word of the Guru's Shabad is within the being of the spiritually wise ones. They always blossom in His love. |
| ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ ॥ | The Lord saves the honor of the spiritually wise ones. I am forever a sacrifice to them. |
| ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥੨੧॥ | Servant Nanak is the slave of those Gurmukhs who serve the Lord. \|\|21\|\| |
| ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥ | The poisonous snake, the serpent of Maya, has surrounded the world with its coils, O mother! |
| ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥ | The antidote to this poisonous venom is the Name of the Lord; the Guru places the magic spell of the Shabad into the mouth. |
| ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ | Those who are blessed with such pre-ordained destiny come and meet the True Guru. |

| | |
|---|---|
| ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥ | Meeting with the True Guru, they become immaculate, and the poison of egotism is eradicated. |
| ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥ | Radiant and bright are the faces of the Gurmukhs; they are honored in the Court of the Lord. |
| ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ ॥੨੨॥ | Servant Nanak is forever a sacrifice to those who walk in harmony with the Will of the True Guru. \|\|22\|\| |
| ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿਵ ਲਾਇ ॥ | The True Guru, the Primal Being, has no hatred or vengeance. His heart is constantly attuned to the Lord. |
| ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ ॥ | Whoever directs hatred against the Guru, who has no hatred at all, only sets his own home on fire. |
| ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥ | Anger and egotism are within him night and day; he burns, and suffers constant pain. |
| ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ ॥ | They babble and tell lies, and keep on barking, eating the poison of the love of duality. |
| ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ ॥ | For the sake of the poison of Maya, they wander from house to house, and lose their honor. |
| ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ ॥ | They are like the son of a prostitute, who does not know the name of his father. |
| ਹਰਿ ਹਰਿ ਨਾਮੁ ਨ ਚੇਤਨੀ ਕਰਤੈ ਆਪਿ ਖੁਆਇ ॥ | They do not remember the Name of the Lord, Har, Har; the Creator Himself brings them to ruin. |
| ਹਰਿ ਗੁਰਮੁਖਿ ਕਿਰਪਾ ਧਾਰੀਅਨੁ ਜਨ ਵਿਛੁੜੇ ਆਪਿ ਮਿਲਾਇ ॥ | The Lord showers His Mercy upon the Gurmukhs, and reunites the separated ones with Himself. |
| ਜਨ ਨਾਨਕੁ ਤਿਸੁ ਬਲਿਹਾਰਣੈ ਜੋ ਸਤਿਗੁਰ ਲਾਗੇ ਪਾਇ ॥੨੩॥ | Servant Nanak is a sacrifice to those who fall at the Feet of the True Guru. \|\|23\|\| |
| ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਂਹਿ ॥ | Those who are attached to the Naam, the Name of the Lord, are saved; without the Name, they must go to the City of Death. |
| ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ ॥੨੪॥ | O Nanak, without the Name, they find no peace; they come and go in reincarnation with regrets. \|\|24\|\| |
| ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥ | When anxiety and wanderings come to an end, the mind becomes happy. |
| ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ ॥ | By Guru's Grace, the soul-bride understands, and then she sleeps without worry. |

| | |
|---|---|
| ਜਿਨ ਕਉ ਪੂਰਬਿ ਲਿਖਿਆ ਤਿਨ੍ਾ ਭੇਟਿਆ ਗੁਰ ਗੋਵਿੰਦੁ ॥ | Those who have such pre-ordained destiny meet with the Guru, the Lord of the Universe. |
| ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥੨੫॥ | O Nanak, they merge intuitively into the Lord, the Embodiment of Supreme Bliss. ‖25‖ |
| ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥ | Those who serve their True Guru, who contemplate the Word of the Guru's Shabad, |
| ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥ | who honor and obey the Will of the True Guru, who keep the Lord's Name enshrined within their hearts, |
| ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥ | are honored, here and hereafter; they are dedicated to the business of the Lord's Name. |
| ਗੁਰਮੁਖਿ ਸਬਦਿ ਸਿਞਾਪਦੇ ਤਿਤੁ ਸਾਚੈ ਦਰਬਾਰਿ ॥ | Through the Word of the Shabad, the Gurmukhs gain recognition in that Court of the True Lord. |
| ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥ | The True Name is their merchandise, the True Name is their expenditure; the Love of their Beloved fills their inner beings. |
| ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥ | The Messenger of Death does not even approach them; the Creator Lord Himself forgives them. |
| **੧੪੧੬** | **1416** |
| ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥ | O Nanak, they alone are wealthy, who are imbued with the Naam; the rest of the world is poor. ‖26‖ |
| ਜਨ ਕੀ ਟੇਕ ਹਰਿ ਨਾਮੁ ਹਰਿ ਬਿਨੁ ਨਾਵੈ ਠਵਰ ਨ ਠਾਉ ॥ | The Lord's Name is the Support of the Lord's humble servants. Without the Lord's Name, the there is no other place, no place of rest. |
| ਗੁਰਮਤੀ ਨਾਉ ਮਨਿ ਵਸੈ ਸਹਜੇ ਸਹਜਿ ਸਮਾਉ ॥ | Following the Guru's Teachings, the Name abides in the mind, and one is intuitively, automatically absorbed in the Lord. |
| ਵਡਭਾਗੀ ਨਾਮੁ ਧਿਆਇਆ ਅਹਿਨਿਸਿ ਲਾਗਾ ਭਾਉ ॥ | Those with great good fortune meditate on the Naam; night and day, they embrace love for the Name. |
| ਜਨ ਨਾਨਕੁ ਮੰਗੈ ਧੂੜਿ ਤਿਨ ਹਉ ਸਦ ਕੁਰਬਾਣੈ ਜਾਉ ॥੨੭॥ | Servant Nanak begs for the dust of their feet; I am forever a sacrifice to them. ‖27‖ |
| ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ ॥ | The 8.4 million species of beings burn in desire and cry in pain. |

ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ ॥

All this show of emotional attachment to Maya shall not go with you at that very last instant.

ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ ॥

Without the Lord, peace and tranquility do not come; unto whom should we go and complain?

ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ ॥

By great good fortune, one meets the True Guru, and comes to understand the contemplation of God.

ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ ॥੨੮॥

The fire of desire is totally extinguished, O servant Nanak, enshrining the Lord within the heart. ||28||

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥

I make so many mistakes, there is no end or limit to them.

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥

O Lord, please be merciful and forgive me; I am a sinner, a great offender.

ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥

O Dear Lord, if You made an account of my mistakes, my turn to be forgiven would not even come. Please forgive me, and unite me with Yourself.

ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥

The Guru, in His Pleasure, has united me with the Lord God; He has cut away all my sinful mistakes.

ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥੨੯॥

Servant Nanak celebrates the victory of those who meditate on the Name of the Lord, Har, Har. ||29||

ਵਿਛੁੜਿ ਵਿਛੁੜਿ ਜੋ ਮਿਲੇ ਸਤਿਗੁਰ ਕੇ ਭੈ ਭਾਇ ॥

Those who have been separated and alienated from the Lord are united with Him again, through the Fear and the Love of the True Guru.

ਜਨਮ ਮਰਣ ਨਿਹਚਲੁ ਭਏ ਗੁਰਮੁਖਿ ਨਾਮੁ ਧਿਆਇ ॥

They escape the cycle of birth and death, and, as Gurmukh, they meditate on the Naam, the Name of the Lord.

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍ ॥

Joining the Saadh Sangat, the Guru's Congregation, the diamonds and jewels are obtained.

ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ੍ ॥੩੦॥

O Nanak, the jewel is priceless; the Gurmukhs seek and find it. ||30||

ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸੁ ॥

The self-willed manmukhs do not even think of the Naam. Cursed are their lives, and cursed are their homes.

ਜਿਸ ਦਾ ਦਿਤਾ ਖਾਣਾ ਪੈਨਣਾ ਸੋ ਮਨਿ ਨ ਵਸਿਓ ਗੁਣਤਾਸੁ ॥

That Lord who gives them so much to eat and wear - they do not enshrine that Lord, the Treasure of Virtue, in their minds.

ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸੁ ॥

This mind is not pierced by the Word of the Shabad; how can it come to dwell in its true home?

ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ ॥

The self-willed manmukhs are like discarded brides, ruined by coming and going in the cycle of reincarnation.

ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥

The Gurmukhs are embellished and exalted by the Naam, the Name of the Lord; the jewel of destiny is engraved upon their foreheads.

ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ ॥

They enshrine the Name of the Lord, Har, Har, within their hearts; the Lord illumines their heart-lotus.

ਸਤਿਗੁਰੁ ਸੇਵਨਿ ਆਪਣਾ ਹਉ ਸਦ ਬਲਿਹਾਰੀ ਤਾਸੁ ॥

I am forever a sacrifice to those who serve their True Guru.

ਨਾਨਕ ਤਿਨ ਮੁਖ ਉਜਲੇ ਜਿਨ ਅੰਤਰਿ ਨਾਮੁ ਪ੍ਰਗਾਸੁ ॥੩੧॥

O Nanak, radiant and bright are the faces of those whose inner beings are illuminated with the Light of the Naam. ||31||

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥

Those who die in the Word of the Shabad are saved. Without the Shabad, no one is liberated.

ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥

They wear religious robes and perform all sorts of rituals, but they are ruined; in the love of duality, their world is ruined.

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥੩੨॥

O Nanak, without the True Guru, the Name is not obtained, even though one may long for it hundreds of times. ||32||

ਹਰਿ ਕਾ ਨਾਉ ਅਤਿ ਵਡ ਊਚਾ ਊਚੀ ਹੂ ਊਚਾ ਹੋਈ ॥

The Name of the Lord is utterly great, lofty and high, the highest of the high.

ਅਪੜਿ ਕੋਇ ਨ ਸਕਈ ਜੇ ਸਉ ਲੋਚੈ ਕੋਈ ॥

No one can climb up to it, even though one may long for it, hundreds of times.

ਮੁਖਿ ਸੰਜਮ ਹਛਾ ਨ ਹੋਵਈ ਕਰਿ ਭੇਖ ਭਵੈ ਸਭ ਕੋਈ ॥

Speaking about self-discipline, no one become pure; everyone walks around wearing religious robes.

ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ ॥

Those blessed by the karma of good deeds go and climb the ladder of the Guru.

ਅੰਤਰਿ ਆਇ ਵਸੈ ਗੁਰ ਸਬਦੁ ਵੀਚਾਰੈ ਕੋਇ ॥

The Lord comes and dwells within that one who contemplates the Word of the Guru's Shabad.

## ੧੪੧੭ 1417

ਨਾਨਕ ਸਬਦਿ ਮਰੈ ਮਨੁ ਮਾਨੀਐ ਸਾਚੇ ਸਾਚੀ ਸੋਇ ॥੩੩॥

O Nanak, when someone dies in the Word of the Shabad, the mind is pleased and appeased. True is the reputation of those who are true. ||33||

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥

Emotional attachment to Maya is a treacherous ocean of pain and poison, which cannot be crossed.

ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥

Screaming, “Mine, mine!”, they rot and die; they pass their lives in egotism.

ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ ॥

The self-willed manmukhs are in limbo, neither on this side, nor the other; they are stuck in the middle.

ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥

They act as they are pre-destined; they cannot do anything else.

ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥

Following the Guru’s Teachings, the jewel of spiritual wisdom abides in the mind, and then God is easily seen in all.

ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥

O Nanak, the very fortunate ones embark on the Boat of the True Guru; they are carried across the terrifying world-ocean. ||34||

ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥

Without the True Guru, there is no giver who can bestow the Support of the Lord’s Name.

ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ ॥

By Guru’s Grace, the Name comes to dwell in the mind; keep it enshrined in your heart.

ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ ॥

The fire of desire is extinguished, and one finds satisfaction, through the Love of the Name of the Lord.

ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ ॥੩੫॥

O Nanak, the Gurmukh finds the Lord, when He showers His Mercy. ||35||

ਬਿਨੁ ਸਬਦੈ ਜਗਤੁ ਬਰਲਿਆ ਕਹਣਾ ਕਛੂ ਨ ਜਾਇ ॥

Without the Shabad, the world is so insane, that it cannot even be described.

ਹਰਿ ਰਖੇ ਸੇ ਉਬਰੇ ਸਬਦਿ ਰਹੇ ਲਿਵ ਲਾਇ ॥

Those who are protected by the Lord are saved; they remain lovingly attuned to the Word of the Shabad.

ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ ਰਖੀ ਬਣਤ ਬਣਾਇ ॥੩੬॥

O Nanak, the Creator who made this making knows everything. ||36||

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥

The Pandits, the religious scholars, have grown weary of making fire-offerings and sacrifices, making pilgrimages to all the sacred shrines, and reading the Puraanas.

ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥

But they cannot get rid of the poison of emotional attachment to Maya; they continue to come and go in egotism.

ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥

Meeting with the True Guru, one's filth is washed off, meditating on the Lord, the Primal Being, the All-knowing One.

ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥

Servant Nanak is forever a sacrifice to those who serve their Lord God. ||37||

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥

Mortals give great thought to Maya and emotional attachment; they harbor great hopes, in greed and corruption.

ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥

The self-willed manmukhs do not become steady and stable; they die and are gone in an instant.

ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥

Only those who are blessed with great good fortune meet the True Guru, and leave behind their egotism and corruption.

ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥

Chanting the Name of the Lord, they find peace; servant Nanak contemplates the Word of the Shabad. ||38||

ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥

Without the True Guru, there is no devotional worship, and no love of the Naam, the Name of the Lord.

ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥੩੯॥

Servant Nanak worships and adores the Naam, with love and affection for the Guru. ||39||

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥

Do not trust greedy people, if you can avoid doing so.

ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥

At the very last moment, they will deceive you there, where no one will be able to lend a helping hand.

ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥

Whoever associates with the self-willed manmukhs, will have his face blackened and dirtied.

ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥

Black are the faces of those greedy people; they lose their lives, and leave in disgrace.

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥

O Lord, let me join the Sat Sangat, the True Congregation; may the Name of the Lord God abide in my mind.

| | |
|---|---|
| ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥੪੦॥ | The filth and pollution of birth and death is washed away, O servant Nanak, singing the Glorious Praises of the Lord. \|\|40\|\| |
| ਧੁਰਿ ਹਰਿ ਪ੍ਰਭਿ ਕਰਤੈ ਲਿਖਿਆ ਸੁ ਮੇਟਣਾ ਨ ਜਾਇ ॥ | Whatever is pre-destined by the Lord God Creator, cannot be erased. |
| ਜੀਉ ਪਿੰਡੁ ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ ॥ | Body and soul are all His. The Sovereign Lord King cherishes all. |
| ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥ | The gossipers and slanderers shall remain hungry and die, rolling in the dust; their hands cannot reach anywhere. |
| ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥ | Outwardly, they do all the proper deeds, but they are hypocrites; in their minds and hearts, they practice deception and fraud. |
| ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥ | Whatever is planted in the farm of the body, shall come and stand before them in the end. |
| **੧੪੧੮** | **1418** |
| ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥੪੧॥ | Nanak offers this prayer: O Lord God, please forgive me, and unite me with Yourself. \|\|41\|\| |
| ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ ॥ | The mortal being does not understand the comings and goings of reincarnation; he does not see the Court of the Lord. |
| ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥ | He is wrapped up in emotional attachment and Maya, and within his being is the darkness of ignorance. |
| ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ ॥ | The sleeping person wakes, only when he is hit on the head by a heavy club. |
| ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ ॥ | The Gurmukhs dwell upon the Lord; they find the door of salvation. |
| ਨਾਨਕ ਆਪਿ ਓਹਿ ਉਧਰੇ ਸਭ ਕੁਟੰਬ ਤਰੇ ਪਰਵਾਰ ॥੪੨॥ | O Nanak, they themselves are saved, and all their relatives are carried across as well. \|\|42\|\| |
| ਸਬਦਿ ਮਰੈ ਸੋ ਮੁਆ ਜਾਪੈ ॥ | Whoever dies in the Word of the Shabad, is known to be truly dead. |
| ਗੁਰ ਪਰਸਾਦੀ ਹਰਿ ਰਸਿ ਧ੍ਰਾਪੈ ॥ | By Guru's Grace, the mortal is satisfied by the sublime essence of the Lord. |

| | |
|---|---|
| ਹਰਿ ਦਰਗਹਿ ਗੁਰ ਸਬਦਿ ਸਿਞਾਪੈ ॥ | Through the Word of the Guru's Shabad, he is recognized in the Court of the Lord. |
| ਬਿਨੁ ਸਬਦੈ ਮੁਆ ਹੈ ਸਭੁ ਕੋਇ ॥ | Without the Shabad, everyone is dead. |
| ਮਨਮੁਖੁ ਮੁਆ ਅਪੁਨਾ ਜਨਮੁ ਖੋਇ ॥ | The self-willed manmukh dies; his life is wasted. |
| ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ ॥ | Those who do not remember the Name of the Lord, shall cry in pain in the end. |
| ਨਾਨਕ ਕਰਤਾ ਕਰੇ ਸੁ ਹੋਇ ॥੪੩॥ | O Nanak, whatever the Creator Lord does, comes to pass. \|\|43\|\| |
| ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥ | The Gurmukhs never grow old; within them is intuitive understanding and spiritual wisdom. |
| ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥ | They chant the Praises of the Lord, forever and ever; deep within, they intuitively meditate on the Lord. |
| ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥ | They dwell forever in blissful knowledge of the Lord; they look upon pain and pleasure as one and the same. |
| ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥ | They see the One Lord in all, and realize the Lord, the Supreme Soul of all. \|\|44\|\| |
| ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਾ ਅੰਤਰਿ ਹਰਿ ਸੁਰਤਿ ਨਾਹੀ ॥ | The self-willed manmukhs are like stupid children; they do not keep the Lord in their thoughts. |
| ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥ | They do all their deeds in egotism, and they must answer to the Righteous Judge of Dharma. |
| ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥ | The Gurmukhs are good and immaculately pure; they are embellished and exalted with the Word of the Guru's Shabad. |
| ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥ | Not even a tiny bit of filth sticks to them; they walk in harmony with the Will of the True Guru. |
| ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ | The filth of the manmukhs is not washed away, even if they wash hundreds of times. |
| ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥੪੫॥ | O Nanak, the Gurmukhs are united with the Lord; they merge into the Guru's Being. \|\|45\|\| |
| ਬੁਰਾ ਕਰੇ ਸੁ ਕੇਹਾ ਸਿਝੈ ॥ | How can someone do bad things, and still live with himself? |
| ਆਪਣੈ ਰੋਹਿ ਆਪੇ ਹੀ ਦਝੈ ॥ | By his own anger, he only burns himself. |

| | |
|---|---|
| ਮਨਮੁਖਿ ਕਮਲਾ ਰਗੜੈ ਲੁਝੈ ॥ | The self-willed manmukh drives himself crazy with worries and stubborn struggles. |
| ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥ | But those who become Gurmukh understand everything. |
| ਨਾਨਕ ਗੁਰਮੁਖਿ ਮਨ ਸਿਉ ਲੁਝੈ ॥੪੬॥ | O Nanak, the Gurmukh struggles with his own mind. \|\|46\|\| |
| ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ | Those who do not serve the True Guru, the Primal Being, and do not reflect upon the Word of the Shabad |
| ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ | - do not call them human beings; they are just animals and stupid beasts. |
| ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥ | They have no spiritual wisdom or meditation within their beings; they are not in love with the Lord. |
| ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥ | The self-willed manmukhs die in evil and corruption; they die and are reborn, again and again. |
| ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ ॥ | They alone live, who join with the living; enshrine the Lord, the Lord of Life, within your heart. |
| ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥੪੭॥ | O Nanak, the Gurmukhs look beautiful in that Court of the True Lord. \|\|47\|\| |
| ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ | The Lord built the Harimandir, the Temple of the Lord; the Lord dwells within it. |
| ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥ | Following the Guru's Teachings, I have found the Lord; my emotional attachment to Maya has been burnt away. |
| ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥ | Countless things are in the Harimandir, the Temple of the Lord; contemplate the Naam, and the nine treasures will be yours. |
| ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥ | Blessed is that happy soul-bride, O Nanak, who, as Gurmukh, seeks and finds the Lord. |
| ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥ | By great good fortune, one searches the temple of the body-fortress, and finds the Lord within the heart. \|\|48\|\| |
| ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥ | The self-willed manmukhs wander lost in the ten directions, led by intense desire, greed and corruption. |

| ੧੪੧੯ | 1419 |
|---|---|
| ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥ | Their attachment to Maya does not cease; they die, only to be reborn, over and over again. |
| ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥ | Serving the True Guru, peace is found; intense desire and corruption are discarded. |
| ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥ | The pains of death and birth are taken away; servant Nanak reflects upon the Word of the Shabad. \|\|49\|\| |
| ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ | Meditate on the Name of the Lord, Har, Har, O mortal being, and you shall be honored in the Court of the Lord. |
| ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥ | All your sins and terrible mistakes shall be taken away, and you shall be rid of your pride and egotism. |
| ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥ | The heart-lotus of the Gurmukh blossoms forth, realizing God, the Soul of all. |
| ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥ | O Lord God, please shower Your Mercy upon servant Nanak, that he may chant the Name of the Lord. \|\|50\|\| |
| ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥ | In Dhanaasaree, the soul-bride is known to be wealthy, O Siblings of Destiny, when she works for the True Guru. |
| ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥ | She surrenders her body, mind and soul, O Siblings of Destiny, and lives according to the Hukam of His Command. |
| ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ ॥ | I sit where He wishes me to sit, O Siblings of Destiny; wherever He sends me, I go. |
| ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥ | There is no other wealth as great, O Siblings of Destiny; such is the greatness of the True Name. |
| ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ ॥ | I sing forever the Glorious Praises of the True Lord; I shall remain with the True One forever. |
| ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥ | So wear the clothes of His Glorious Virtues and goodness, O Siblings of Destiny; eat and enjoy the flavor of your own honor. |
| ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥ | How can I praise Him, O Siblings of Destiny? I am a sacrifice to the Blessed Vision of His Darshan. |

| | |
|---|---|
| ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥ | Great is the Glorious Greatness of the True Guru, O Siblings of Destiny; if one is blessed with good karma, He is found. |
| ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ | Some do not know how to submit to the Hukam of His Command, O Siblings of Destiny; they wander around lost in the love of duality. |
| ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥ | They find no place of rest in the Sangat, O Siblings of Destiny; they find no place to sit. |
| ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ ॥ | Nanak: they alone submit to His Command, O Siblings of Destiny, who are pre-destined to live the Name. |
| ਤਿਨ੍ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ ॥੫੧॥ | I am a sacrifice to them, O Siblings of Destiny, I am forever a sacrifice to them. \|\|51\|\| |
| ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍ ॥ | Those beards are true, which brush the feet of the True Guru. |
| ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍ ॥ | Those who serve their Guru night and day, live in bliss, night and day. |
| ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥੫੨॥ | O Nanak, their faces appear beautiful in the Court of the True Lord. \|\|52\|\| |
| ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ | True are the faces and true are the beards, of those who speak the Truth and live the Truth. |
| ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥ | The True Word of the Shabad abides in their minds; they are absorbed in the True Guru. |
| ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ | True is their capital, and true is their wealth; they are blessed with the ultimate status. |
| ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥ | They hear the Truth, they believe in the Truth; they act and work in the Truth. |
| ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥ | They are given a place in the Court of the True Lord; they are absorbed in the True Lord. |
| ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥੫੩॥ | O Nanak, without the True Guru, the True Lord is not found. The self-willed manmukhs leave, wandering around lost. \|\|53\|\| |

| | |
|---|---|
| ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ ॥ | The rainbird cries, "Pri-o! Pri-o! Beloved! Beloved!" She is in love with the treasure, the water. |
| ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ ॥ | Meeting with the Guru, the cooling, soothing water is obtained, and all pain is taken away. |
| ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥ | My thirst has been quenched, and intuitive peace and poise have welled up; my cries and screams of anguish are past. |
| ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ ॥੫੪॥ | O Nanak, the Gurmukhs are peaceful and tranquil; they enshrine the Naam, the Name of the Lord, within their hearts. \|\|54\|\| |
| ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ ॥ | O rainbird, chirp the True Name, and let yourself be attuned to the True Lord. |
| ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ ॥ | Your word shall be accepted and approved, if you speak as Gurmukh. |
| ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ ॥ | Remember the Shabad, and your thirst shall be relieved; surrender to the Will of the Lord. |
| **੧੪੨੦** | **1420** |
| ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥ | The clouds are heavy, hanging low, and the rain is pouring down on all sides; the rain-drop is received, with natural ease. |
| ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥ | From water, everything is produced; without water, thirst is not quenched. |
| ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥ | O Nanak, whoever drinks in the Water of the Lord, shall never feel hunger again. \|\|55\|\| |
| ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥ | O rainbird, speak the Shabad, the True Word of God, with natural peace and poise. |
| ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥ | Everything is with you; the True Guru will show you this. |
| ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥ | So understand your own self, and meet your Beloved; His Grace shall rain down in torrents. |
| ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ | Drop by drop, the Ambrosial Nectar rains down softly and gently; thirst and hunger are completely gone. |
| ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥ | Your cries and screams of anguish have ceased; your light shall merge into the Light. |

| | |
|---|---|
| ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥ | O Nanak, the happy soul-brides sleep in peace; they are absorbed in the True Name. ‖56‖ |
| ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ॥ | The Primal Lord and Master has sent out the True Hukam of His Command. |
| ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ ॥ | Indra mercifully sends forth the rain, which falls in torrents. |
| ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥ | The body and mind of the rainbird are happy. only when the rain-drop falls into its mouth. |
| ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ ॥ | The corn grows high, wealth increases, and the earth is embellished with beauty. |
| ਅਨਦਿਨੁ ਲੋਕੁ ਭਗਤਿ ਕਰੇ ਗੁਰ ਕੈ ਸਬਦਿ ਸਮਾਇ ॥ | Night and day, people worship the Lord with devotion, and are absorbed in the Word of the Guru's Shabad. |
| ਆਪੇ ਸਚਾ ਬਖਸਿ ਲਏ ਕਰਿ ਕਿਰਪਾ ਕਰੈ ਰਜਾਇ ॥ | The True Lord Himself forgives them, and showering them with His Mercy, He leads them to walk in His Will. |
| ਹਰਿ ਗੁਣ ਗਾਵਹੁ ਕਾਮਣੀ ਸਚੈ ਸਬਦਿ ਸਮਾਇ ॥ | O brides, sing the Glorious Praises of the Lord, and be absorbed in the True Word of His Shabad. |
| ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥ | Let the Fear of God be your decoration, and remain lovingly attuned to the True Lord. |
| ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥੫੭॥ | O Nanak, the Naam abides in the mind, and the mortal is saved in the Court of the Lord. ‖57‖ |
| ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥ | The rainbird wanders all over the earth, soaring high through the skies. |
| ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ॥ | But it obtains the drop of water, only when it meets the True Guru, and then, its hunger and thirst are relieved. |
| ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥ | Soul and body and all belong to Him; everything is His. |
| ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥ | He knows everything, without being told; unto whom should we offer our prayers? |
| ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥ | O Nanak, the One Lord is pervading and permeating each and every heart; the Word of the Shabad brings illumination. ‖58‖ |

| | |
|---|---|
| ਨਾਨਕ ਤਿਸੈ ਬਸੰਤੁ ਹੈ ਜਿ ਸਤਿਗੁਰੁ ਸੇਵਿ ਸਮਾਇ ॥ | O Nanak, the season of spring comes to one who serves the True Guru. |
| ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ ॥੫੯॥ | The Lord rains His Mercy down upon him, and his mind and body totally blossom forth; the entire world becomes green and rejuvenated. \|\|59\|\| |
| ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥ | The Word of the Shabad brings eternal spring; it rejuvenates the mind and body. |
| ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ ॥੬੦॥ | O Nanak, do not forget the Naam, the Name of the Lord, which has created everyone. \|\|60\|\| |
| ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥ | O Nanak, it is the spring season, for those Gurmukhs, within whose minds the Lord abides. |
| ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥ | When the Lord showers His Mercy, the mind and body blossom forth, and all the world turns green and lush. \|\|61\|\| |
| ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥ | In the early hours of the morning, whose name should we chant? |
| ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥੬੨॥ | Chant the Name of the Transcendent Lord, who is All-powerful to create and destroy. \|\|62\|\| |
| ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥ | The Persian wheel also cries out, “Too! Too! You! You!”, with sweet and sublime sounds. |
| ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥ | Our Lord and Master is always present; why do you cry out to Him in such a loud voice? |
| ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ ਤਿਸੈ ਵਿਟਹੁ ਕੁਰਬਾਣੁ ॥ | I am a sacrifice to that Lord who created the world, and who loves it. |
| ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥ | Give up your selfishness, and then you shall meet your Husband Lord. Consider this Truth. |
| ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥ | Speaking in shallow egotism, no one understands the Ways of God. |
| ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ ॥ | The forests and fields, and all the three worlds meditate on You, O Lord; this is the way they pass their days and nights forever. |
| ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥ | Without the True Guru, no one finds the Lord. People have grown weary of thinking about it. |

## ੧੪੨੧ | 1421

ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ ॥

But if the Lord casts His Glance of Grace, then He Himself embellishes us.

ਨਾਨਕ ਗੁਰਮੁਖਿ ਜਿਨ੍ੀ ਧਿਆਇਆ ਆਏ ਸੇ ਪਰਵਾਣੁ ॥੬੩॥

O Nanak, the Gurmukhs meditate on the Lord; blessed and approved is their coming into the world. ||63||

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥

Yoga is not obtained by wearing saffron robes; Yoga is not obtained by wearing dirty robes.

ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥

O Nanak, Yoga is obtained even while sitting in your own home, by following the Teachings of the True Guru. ||64||

ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ ॥

You may wander in all four directions, and read the Vedas throughout the four ages.

ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ ॥੬੫॥

O Nanak, if you meet with the True Guru, the Lord shall come to dwell within your mind, and you shall find the door of salvation. ||65||

ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥

O Nanak, the Hukam, the Command of your Lord and Master, is prevailing. The intellectually confused person wanders around lost, misled by his fickle consciousness.

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥

If you make friends with the self-willed manmukhs, O friend, who can you ask for peace?

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥

Make friends with the Gurmukhs, and focus your consciousness on the True Guru.

ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥

The root of birth and death will be cut away, and then, you shall find peace, O friend. ||66||

ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥

The Lord Himself instructs those who are misguided, when He casts His Glance of Grace.

ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ ॥੬੭॥

O Nanak, those who are not blessed by His Glance of Grace, cry and weep and wail. ||67||

ਸਲੋਕ ਮਹਲਾ ੪

Shalok, Fourth Mehl:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

| | |
|---|---|
| ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ ॥ | Blessed and very fortunate are those happy soul-brides who, as Gurmukh, meet their Sovereign Lord King. |
| ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥ | The Light of God shines within them; O Nanak, they are absorbed in the Naam, the Name of the Lord. \|\|1\|\| |
| ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥ | Waaho! Waaho! Blessed and Great is the True Guru, the Primal Being, who has realized the True Lord. |
| ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥ | Meeting Him, thirst is quenched, and the body and mind are cooled and soothed. |
| ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥ | Waaho! Waaho! Blessed and Great is the True Guru, the True Primal Being, who looks upon all alike. |
| ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥ | Waaho! Waaho! Blessed and Great is the True Guru, who has no hatred; slander and praise are all the same to Him. |
| ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥ | Waaho! Waaho! Blessed and Great is the All-knowing True Guru, who has realized God within. |
| ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ | Waaho! Waaho! Blessed and Great is the Formless True Guru, who has no end or limitation. |
| ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥ | Waaho! Waaho! Blessed and Great is the True Guru, who implants the Truth within. |
| ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥ | O Nanak, Blessed and Great is the True Guru, through whom the Naam, the Name of the Lord, is received. \|\|2\|\| |
| ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ | For the Gurmukh, the true Song of Praise is to chant the Name of the Lord God. |
| ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥ | Chanting the Praises of the Lord, their minds are in ecstasy. |
| ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥ | By great good fortune, they find the Lord, the Embodiment of perfect, supreme bliss. |
| ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੩॥ | Servant Nanak praises the Naam, the Name of the Lord; no obstacle will block his mind or body. \|\|3\|\| |
| ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥ | I am in love with my Beloved; how can I meet my Dear Friend? |
| ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ ॥ | I seek that friend, who is embellished with Truth. |

| | |
|---|---|
| ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥ | The True Guru is my Friend; if I meet Him, I will offer this mind as a sacrifice to Him. |
| ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ ॥ | He has shown me my Beloved Lord, my Friend, the Creator. |
| ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥੪॥ | O Nanak, I was searching for my Beloved; the True Guru has shown me that He has been with me all the time. \|\|4\|\| |
| ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥ | I stand by the side of the road, waiting for You; O my Friend, I hope that You will come. |
| ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥ | If only someone would come today and unite me in Union with my Beloved. |
| **੧੪੨੨** | 1422 |
| ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥ | I would cut my living body into four pieces for anyone who shows me my Beloved. |
| ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥੫॥ | O Nanak, when the Lord becomes merciful, then He leads us to meet the Perfect Guru. \|\|5\|\| |
| ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥ | The power of egotism prevails within, and the body is controlled by Maya; the false ones come and go in reincarnation. |
| ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥ | If someone does not obey the Command of the True Guru, he cannot cross over the treacherous world-ocean. |
| ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥ | Whoever is blessed with the Lord's Glance of Grace, walks in harmony with the Will of the True Guru. |
| ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ ॥ | The Blessed Vision of the True Guru's Darshan is fruitful; through it, one obtains the fruits of his desires. |
| ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ ॥ | I touch the feet of those who believe in and obey the True Guru. |
| ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ ਰਹੈ ਲਿਵ ਲਾਇ ॥੬॥ | Nanak is the slave of those who, night and day, remain lovingly attuned to the Lord. \|\|6\|\| |
| ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ ॥ | Those who are in love with their Beloved - how can they find satisfaction without His Darshan? |
| ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥੭॥ | O Nanak, the Gurmukhs meet Him with ease, and this mind blossoms forth in joy. \|\|7\|\| |

| | |
|---|---|
| ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ ॥ | Those who are in love with their Beloved - how can they live without Him? |
| ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ ॥੮॥ | When they see their Husband Lord, O Nanak, they are rejuvenated. \|\|8\|\| |
| ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ | Those Gurmukhs who are filled with love for You, my True Beloved, |
| ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥੯॥ | O Nanak, remain immersed in the Lord's Love, night and day. \|\|9\|\| |
| ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥ | The love of the Gurmukh is true; through it, the True Beloved is attained. |
| ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ ॥੧੦॥ | Night and day, remain in bliss, O Nanak, immersed in intuitive peace and poise. \|\|10\|\| |
| ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ | True love and affection are obtained from the Perfect Guru. |
| ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥ | They never break, O Nanak, if one sings the Glorious Praises of the Lord. \|\|11\|\| |
| ਜਿਨ੍ਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਿ ਪਿਰੀ ਵਿਹੂਣਿਆ ॥ | How can those who have true love within them live without their Husband Lord? |
| ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥੧੨॥ | The Lord unites the Gurmukhs with Himself, O Nanak; they were separated from Him for such a long time. \|\|12\|\| |
| ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥ | You grant Your Grace to those whom You Yourself bless with love and affection. |
| ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥ | O Lord, please let Nanak meet with You; please bless this beggar with Your Name. \|\|13\|\| |
| ਗੁਰਮੁਖਿ ਹਸੈ ਗੁਰਮੁਖਿ ਰੋਵੈ ॥ | The Gurmukh laughs, and the Gurmukh cries. |
| ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥ | Whatever the Gurmukh does, is devotional worship. |
| ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ | Whoever becomes Gurmukh contemplates the Lord. |
| ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥ | The Gurmukh, O Nanak, crosses over to the other shore. \|\|14\|\| |

| | |
|---|---|
| ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ | Those who have the Naam within, contemplate the Word of the Guru's Bani. |
| ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ | Their faces are always radiant in the Court of the True Lord. |
| ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥ | Sitting down and standing up, they never forget the Creator, who forgives them. |
| ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥ | O Nanak, the Gurmukhs are united with the Lord. Those united by the Creator Lord, shall never be separated again. \|\|15\|\| |
| ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ | To work for the Guru, or a spiritual teacher, is terribly difficult, but it brings the most excellent peace. |
| ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥ | The Lord casts His Glance of Grace, and inspires love and affection. |
| ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ | Joined to the service of the True Guru, the mortal being crosses over the terrifying world-ocean. |
| ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥ | The fruits of the mind's desires are obtained, with clear contemplation and discriminating understanding within. |
| ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥ | O Nanak, meeting the True Guru, God is found; He is the Eradicator of all sorrow. \|\|16\|\| |
| ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ | The self-willed manmukh may perform service, but his consciousness is attached to the love of duality. |
| ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥ | Through Maya, his emotional attachment to children, spouse and relatives increases. |
| ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ | He shall be called to account in the Court of the Lord, and in the end, no one will be able to save him. |
| **੧੪੨੩** | 1423 |
| ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥ | Without the Lord's Name, all is pain. Attachment to Maya is agonizingly painful. |
| ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥ | O Nanak, the Gurmukh comes to see, that attachment to Maya separates all from the Lord. \|\|17\|\| |

| | |
|---|---|
| ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ | The Gurmukh obeys the Order of her Husband Lord God; through the Hukam of His Command, she finds peace. |
| ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥ | In His Will, she serves; in His Will, she worship and adores Him. |
| ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥ | In His Will, she merges in absorption. His Will is her fast, vow, purity and self-discipline; through it, she obtains the fruits of her mind's desires. |
| ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥ | She is always and forever the happy, pure soul-bride, who realizes His Will; she serves the True Guru, inspired by loving absorption. |
| ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥ | O Nanak, those upon whom the Lord showers His Mercy, are merged and immersed in His Will. \|\|18\|\| |
| ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥ | The wretched, self-willed manmukhs do not realize His Will; they continually act in ego. |
| ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥ | By ritualistic fasts, vows, purities, self-disciplines and worship ceremonies, they still cannot get rid of their hypocrisy and doubt. |
| ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥ | Inwardly, they are impure, pierced through by attachment to Maya; they are like elephants, who throw dirt all over themselves right after their bath. |
| ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥ | They do not even think of the One who created them. Without thinking of Him, they cannot find peace. |
| ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥ | O Nanak, the Primal Creator has made the drama of the Universe; all act as they are pre-ordained. \|\|19\|\| |
| ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ ॥ | The Gurmukh has faith; his mind is contented and satisfied. Night and day, he serves the Lord, absorbed in Him. |
| ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥ | The Guru, the True Guru, is within; all worship and adore Him. Everyone comes to see the Blessed Vision of His Darshan. |
| ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥ | So believe in the True Guru, the supreme sublime Contemplator. Meeting with Him, hunger and thirst are completely relieved. |

| | |
|---|---|
| ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥ | I am forever a sacrifice to my Guru, who leads me to meet the True Lord God. |
| ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥ | O Nanak, those who come and fall at the Feet of the Guru are blessed with the karma of Truth. ‖20‖ |
| ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥ | That Beloved, with whom I am in love, that Friend of mine is with me. |
| ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥੨੧॥ | I wander around inside and outside, but I always keep Him enshrined within my heart. ‖21‖ |
| ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥ | Those who meditate on the Lord single-mindedly, with one-pointed concentration, link their consciousness to the True Guru. |
| ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥ | They are rid of pain, hunger, and the great illness of egotism; lovingly attuned to the Lord, they become free of pain. |
| ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ ॥ | They sing His Praises, and chant His Praises; in His Glorious Praises, they sleep in absorption. |
| ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ ॥੨੨॥ | O Nanak, through the Perfect Guru, they come to meet God with intuitive peace and poise. ‖22‖ |
| ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ | The self-willed manmukhs are emotionally attached to Maya; they are not in love with the Naam. |
| ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥ | They practice falsehood, gather falsehood, and eat the food of falsehood. |
| ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥ | Gathering the poisonous wealth and property of Maya, they die; in the end, they are all reduced to ashes. |
| ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥ | They perform religious rituals of purity and self-discipline, but they are filled with greed, evil and corruption. |
| ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥ | O Nanak, the actions of the self-willed manmukhs are not accepted; in the Court of the Lord, they are miserable. ‖23‖ |
| ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ | Among all Ragas, that one is sublime, O Siblings of Destiny, by which the Lord comes to abide in the mind. |

| | |
|---|---|
| ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ | Those Ragas which are in the Sound-current of the Naad are totally true; their value cannot be expressed. |
| ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥ | Those Ragas which are not in the Sound-current of the Naad - by these, the Lord's Will cannot be understood. |
| ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥ | O Nanak, they alone are right, who understand the Will of the True Guru. |
| ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥ | Everything happens as He wills. ‖24‖ |

## ੧੪੨੪ 1424

| | |
|---|---|
| ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ | The Ambrosial Nectar of the Naam, the Name of the Lord, is within the True Guru. |
| ਗੁਰਮਤੀ ਨਾਮੁ ਨਿਰਮਲੋੁ ਨਿਰਮਲ ਨਾਮੁ ਧਿਆਇ ॥ | Following the Guru's Teachings, one meditates on the Immaculate Naam, the Pure and Holy Naam. |
| ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ | The Ambrosial Word of His Bani is the true essence. It comes to abide in the mind of the Gurmukh. |
| ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥ | The heart-lotus blossoms forth, and one's light merges in the Light. |
| ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥ | O Nanak, they alone meet with the True Guru, who have such pre-ordained destiny inscribed upon their foreheads. ‖25‖ |
| ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ | Within the self-willed manmukhs is the fire of desire; their hunger does not depart. |
| ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥ | Emotional attachments to relatives are totally false; they remain engrossed in falsehood. |
| ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ | Night and day, they are troubled by anxiety; bound to anxiety, they depart. |
| ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥ | Their comings and goings in reincarnation never end; they do their deeds in egotism. |
| ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥ | But in the Guru's Sanctuary, they are saved, O Nanak, and set free. ‖26‖ |
| ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥ | The True Guru meditates on the Lord, the Primal Being. The Sat Sangat, the True Congregation, loves the True Guru. |

| | |
|---|---|
| ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥ | Those who join the Sat Sangat, and serve the True Guru - the Guru unites them in the Lord's Union. |
| ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥ | This world, this universe, is a terrifying ocean. On the Boat of the Naam, the Name of the Lord, the Guru carries us across. |
| ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ | The Sikhs of the Guru accept and obey the Lord's Will; the Perfect Guru carries them across. |
| ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ | O Lord, please bless me with the dust of the feet of the Guru's Sikhs. I am a sinner - please save me. |
| ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ | Those who have such pre-ordained destiny written upon their foreheads by the Lord God, come to meet Guru Nanak. |
| ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ | The Messenger of Death is beaten and driven away; we are saved in the Court of the Lord. |
| ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥ | Blessed and celebrated are the Sikhs of the Guru; in His Pleasure, the Lord unites them in His Union. \|\|27\|\| |
| ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥ | The Perfect Guru has implanted the Lord's Name within me; it has dispelled my doubts from within. |
| ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥ | Singing the Kirtan of the Praises of the Lord's Name, the Lord's path is illuminated and shown to His Sikhs. |
| ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ | Conquering my egotism, I remain lovingly attuned to the One Lord; the Naam, the Name of the Lord, dwells within me. |
| ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥ | I follow the Guru's Teachings, and so the Messenger of Death cannot even see me; I am immersed in the True Name. |
| ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ | The Creator Himself is All-pervading; as He pleases, He links us to His Name. |
| ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥ | Servant Nanak lives, chanting the Name. Without the Name, he dies in an instant. \|\|28\|\| |
| ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥ | Within the minds of the faithless cynics is the disease of egotism; these evil people wander around lost, deluded by doubt. |
| ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥ | O Nanak, this disease is eradicated only by meeting with the True Guru, the Holy Friend. \|\|29\|\| |

ਗੁਰਮਤੀ ਹਰਿ ਹਰਿ ਬੋਲੇ ॥

Following the Guru's Teachings, chant the Name of the Lord, Har, Har.

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥

Attracted by the Lord's Love, day and night, the body-robe is imbued with the Lord's Love.

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥

I have not found any being like the Lord, although I have searched and looked all over the world.

ਗੁਰ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥

The Guru, the True Guru, has implanted the Naam within; now, my mind does not waver or wander anywhere else.

ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥

Servant Nanak is the slave of the Lord, the slave of the slaves of the Guru, the True Guru. ||30||

## ੧੪੨੫

## 1425

ਸਲੋਕ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

Shalok, Fifth Mehl:

One Universal Creator God.
By The Grace Of The True Guru:

ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥

They alone are imbued with the Lord, who do not turn their faces away from Him - they realize Him.

ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥੧॥

The false, immature lovers do not know the way of love, and so they fall. ||1||

ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥

Without my Master, I will burn my silk and satin clothes in the fire.

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥੨॥

Even rolling in the dust, I look beautiful, O Nanak, if my Husband Lord is with me. ||2||

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥

Through the Word of the Guru's Shabad, I worship and adore the Naam, with love and balanced detachment.

ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥੩॥

When the five enemies are overcome, O Nanak, this musical measure of Raga Maaroo becomes fruitful. ||3||

ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥

When I have the One Lord, I have tens of thousands. Otherwise, people like me beg from door to door.

ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥੪॥

O Brahmin, your life has passed away uselessly; you have forgotten the One who created you. ||4||

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥

In Raga Sorat'h, drink in this sublime essence, which never loses its taste.

| | |
|---|---|
| ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥੫॥ | O Nanak, singing the Glorious Praises of the Lord's Name, one's reputation is immaculate in the Court of the Lord. \|\|5\|\| |
| ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਈ ॥ | No one can kill those whom God Himself protects. |
| ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਈ ॥ | The treasure of the Naam, the Name of the Lord, is within them. They cherish His Glorious Virtues forever. |
| ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ ਧਾਰਈ ॥ | They take the Support of the One, the Inaccessible Lord; they enshrine God in their mind and body. |
| ਲਗਾ ਰੰਗੁ ਅਪਾਰੁ ਕੋ ਨ ਉਤਾਰਈ ॥ | They are imbued with the Love of the Infinite Lord, and no one can wipe it away. |
| ਗੁਰਮੁਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਈ ॥ | The Gurmukhs sing the Glorious Praises of the Lord; they obtain the most excellent celestial peace and poise. |
| ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ ॥੬॥ | O Nanak, they enshrine the treasure of the Naam in their hearts. \|\|6\|\| |
| ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ ॥ | Whatever God does, accept that as good; leave behind all other judgements. |
| ਅਪਣੀ ਨਦਰਿ ਨਿਹਾਲਿ ਆਪੇ ਲੈਹੁ ਲਾਇ ॥ | He shall cast His Glance of Grace, and attach you to Himself. |
| ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ | Instruct yourself with the Teachings, and doubt will depart from within. |
| ਜੋ ਧੁਰਿ ਲਿਖਿਆ ਲੇਖੁ ਸੋਈ ਸਭ ਕਮਾਇ ॥ | Everyone does that which is pre-ordained by destiny. |
| ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ ॥ | Everything is under His control; there is no other place at all. |
| ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥੭॥ | Nanak is in peace and bliss, accepting the Will of God. \|\|7\|\| |
| ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ | Those who meditate in remembrance on the Perfect Guru, are exalted and uplifted. |
| ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥੮॥ | O Nanak, dwelling on the Naam, the Name of the Lord, all affairs are resolved. \|\|8\|\| |
| ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ | The sinners act, and generate bad karma, and then they weep and wail. |

| | |
|---|---|
| ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥੯॥ | O Nanak, just as the churning stick churns the butter, so does the Righteous Judge of Dharma churn them. ‖9‖ |
| ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥ | Meditating on the Naam, O friend, the treasure of life is won. |
| ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥ | O Nanak, speaking in Righteousness, one's world becomes sanctified. ‖10‖ |
| ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥ | I am stuck in an evil place, trusting the sweet words of an evil advisor. |
| ਨਾਨਕ ਸੇਈ ਉਬਰੇ ਜਿਨਾ ਭਾਗੁ ਮਥਾਹਿ ॥੧੧॥ | O Nanak, they alone are saved, who have such good destiny inscribed upon their foreheads. ‖11‖ |
| ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ ॥ | They alone sleep and dream in peace, who are imbued with the Love of their Husband Lord. |
| ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨ੍ਹਿ ॥੧੨॥ | Those who have been separated from the Love of their Master, scream and cry twenty-four hours a day. ‖12‖ |
| ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ | Millions are asleep, in the false illusion of Maya. |
| ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥੧੩॥ | O Nanak, they alone are awake and aware, who chant the Naam with their tongues. ‖13‖ |
| ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ ॥ | Seeing the mirage, the optical illusion, the people are confused and deluded. |
| ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ ॥੧੪॥ | Those who worship and adore the True Lord, O Nanak, their minds and bodies are beautiful. ‖14‖ |
| ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ ॥ | The All-powerful Supreme Lord God, the Infinite Primal Being, is the Saving Grace of sinners. |
| **੧੪੨੬** | 1426 |
| ਜਿਸਹਿ ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ ॥੧੫॥ | Those whom He saves, meditate in remembrance on the Creator Lord. ‖15‖ |
| ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥ | Forsake duality and the ways of evil; focus your consciousness on the One Lord. |

ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥

In the love of duality, O Nanak, the mortals are being washed downstream. ||16||

ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥

In the markets and bazaars of the three qualities, the merchants make their deals.

ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥੧੭॥

Those who load the true merchandise are the true traders. ||17||

ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥

Those who do not know the way of love are foolish; they wander lost and confused.

ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ ॥੧੮॥

O Nanak, forgetting the Lord, they fall into the deep, dark pit of hell. ||18||

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥

In his mind, the mortal does not forget Maya; he begs for more and more wealth.

ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥੧੯॥

That God does not even come into his consciousness; O Nanak, it is not in his karma. ||19||

ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ ॥

The mortal does not run out of capital, as long as the Lord Himself is merciful.

ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥੨੦॥

The Word of the Shabad is Guru Nanak's inexhaustible treasure; this wealth and capital never runs out, no matter how much it is spent and consumed. ||20||

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥

If I could find wings for sale, I would buy them with an equal weight of my flesh.

ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥

I would attach them to my body, and seek out and find my Friend. ||21||

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥

My Friend is the True Supreme King, the King over the heads of kings.

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥

Sitting by His side, we are exalted and beautified; He is the Support of all. ||22||

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਹਲਾ ੯ ॥

One Universal Creator God.
By The Grace Of The True Guru:
Shalok, Ninth Mehl:

| | |
|---|---|
| ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥ | If you do not sing the Praises of the Lord, your life is rendered useless. |
| ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥ | Says Nanak, meditate, vibrate upon the Lord; immerse your mind in Him, like the fish in the water. \|\|1\|\| |
| ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥ | Why are you engrossed in sin and corruption? You are not detached, even for a moment! |
| ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥ | Says Nanak, meditate, vibrate upon the Lord, and you shall not be caught in the noose of death. \|\|2\|\| |
| ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥ | Your youth has passed away like this, and old age has overtaken your body. |
| ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥ | Says Nanak, meditate, vibrate upon the Lord; your life is fleeting away! \|\|3\|\| |
| ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ | You have become old, and you do not understand that death is overtaking you. |
| ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥ | Says Nanak, you are insane! Why do you not remember and meditate on God? \|\|4\|\| |
| ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥ | Your wealth, spouse, and all the possessions which you claim as your own |
| ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥ | - none of these shall go along with you in the end. O Nanak, know this as true. \|\|5\|\| |
| ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥ | He is the Saving Grace of sinners, the Destroyer of fear, the Master of the masterless. |
| ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥ | Says Nanak, realize and know Him, who is always with you. \|\|6\|\| |
| ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥ | He has given you your body and wealth, but you are not in love with Him. |
| ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥ | Says Nanak, you are insane! Why do you now shake and tremble so helplessly? \|\|7\|\| |
| ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥ | He has given you your body, wealth, property, peace and beautiful mansions. |

| | |
|---|---|
| ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥ | Says Nanak, listen, mind: why don't you remember the Lord in meditation? ‖8‖ |
| ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ | The Lord is the Giver of all peace and comfort. There is no other at all. |
| ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥ | Says Nanak, listen, mind: meditating in remembrance on Him, salvation is attained. ‖9‖ |
| **੧੪੨੭** | **1427** |
| ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥ | Remembering Him in meditation, salvation is attained; vibrate and meditate on Him, O my friend. |
| ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥ | Says Nanak, listen, mind: your life is passing away! ‖10‖ |
| ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ | Your body is made up of the five elements; you are clever and wise - know this well. |
| ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥ | Believe it - you shall merge once again into the One, O Nanak, from whom you originated. ‖11‖ |
| ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ | The Dear Lord abides in each and every heart; the Saints proclaim this as true. |
| ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥ | Says Nanak, meditate and vibrate upon Him, and you shall cross over the terrifying world-ocean. ‖12‖ |
| ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ | One who is not touched by pleasure or pain, greed, emotional attachment and egotistical pride |
| ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥ | - says Nanak, listen, mind: he is the very image of God. ‖13‖ |
| ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥ | One who is beyond praise and slander, who looks upon gold and iron alike |
| ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥ | - says Nanak, listen, mind: know that such a person is liberated. ‖14‖ |
| ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥ | One who is not affected by pleasure or pain, who looks upon friend and enemy alike |

| | |
|---|---|
| ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥ | - says Nanak, listen, mind: know that such a person is liberated. \|\|15\|\| |
| ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ | One who does not frighten anyone, and who is not afraid of anyone else |
| ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ | - says Nanak, listen, mind: call him spiritually wise. \|\|16\|\| |
| ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ | One who has forsaken all sin and corruption, who wears the robes of neutral detachment |
| ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥ | - says Nanak, listen, mind: good destiny is written on his forehead. \|\|17\|\| |
| ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ | One who renounces Maya and possessiveness and is detached from everything |
| ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥ | - says Nanak, listen, mind: God abides in his heart. \|\|18\|\| |
| ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ | That mortal, who forsakes egotism, and realizes the Creator Lord |
| ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥ | - says Nanak, that person is liberated; O mind, know this as true. \|\|19\|\| |
| ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥ | In this Dark Age of Kali Yuga, the Name of the Lord is the Destroyer of fear, the Eradicator of evil-mindedness. |
| ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥ | Night and day, O Nanak, whoever vibrates and meditates on the Lord's Name, sees all of his works brought to fruition. \|\|20\|\| |
| ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥ | Vibrate with your tongue the Glorious Praises of the Lord of the Universe; with your ears, hear the Lord's Name. |
| ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥ | Says Nanak, listen, man: you shall not have to go to the house of Death. \|\|21\|\| |
| ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ | That mortal who renounces possessiveness, greed, emotional attachment and egotism |

| | |
|---|---|
| ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥ | - says Nanak, he himself is saved, and he saves many others as well. \|\|22\|\| |
| ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ | Like a dream and a show, so is this world, you must know. |
| ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥ | None of this is true, O Nanak, without God. \|\|23\|\| |
| ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ | Night and day, for the sake of Maya, the mortal wanders constantly. |
| ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ | Among millions, O Nanak, there is scarcely anyone, who keeps the Lord in his consciousness. \|\|24\|\| |
| ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ | As the bubbles in the water well up and disappear again, |
| ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥ | so is the universe created; says Nanak, listen, O my friend! \|\|25\|\| |
| ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ | The mortal does not remember the Lord, even for a moment; he is blinded by the wine of Maya. |
| ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥ | Says Nanak, without meditating on the Lord, he is caught by the noose of Death. \|\|26\|\| |
| ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ | If you yearn for eternal peace, then seek the Sanctuary of the Lord. |
| ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥ | Says Nanak, listen, mind: this human body is difficult to obtain. \|\|27\|\| |
| ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ | For the sake of Maya, the fools and ignorant people run all around. |
| ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥ | Says Nanak, without meditating on the Lord, life passes away uselessly. \|\|28\|\| |
| ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ | That mortal who meditates and vibrates upon the Lord night and day - know him to be the embodiment of the Lord. |

| ੧੪੨੮ | 1428 |
|---|---|
| ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥ | There is no difference between the Lord and the humble servant of the Lord; O Nanak, know this as true. \|\|29\|\| |
| ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ | The mortal is entangled in Maya; he has forgotten the Name of the Lord of the Universe. |
| ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥ | Says Nanak, without meditating on the Lord, what is the use of this human life? \|\|30\|\| |
| ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥ | The mortal does not think of the Lord; he is blinded by the wine of Maya. |
| ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥ | Says Nanak, without meditating on the Lord, he is caught in the noose of Death. \|\|31\|\| |
| ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥ | In good times, there are many companions around, but in bad times, there is no one at all. |
| ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥ | Says Nanak, vibrate, and meditate on the Lord; He shall be your only Help and Support in the end. \|\|32\|\| |
| ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥ | Mortals wander lost and confused through countless lifetimes; their fear of death is never removed. |
| ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥ | Says Nanak, vibrate and meditate on the Lord, and you shall dwell in the Fearless Lord. \|\|33\|\| |
| ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥ | I have tried so many things, but the pride of my mind has not been dispelled. |
| ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥ | I am engrossed in evil-mindedness, Nanak. O God, please save me! \|\|34\|\| |
| ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ | Childhood, youth and old age - know these as the three stages of life. |
| ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ | Says Nanak, without meditating on the Lord, everything is useless; you must appreciate this. \|\|35\|\| |
| ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ | You have not done what you should have done; you are entangled in the web of greed. |

| | |
|---|---|
| ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥ | Nanak, your time is past and gone; why are you crying now, you blind fool? \|\|36\|\| |
| ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥ | The mind is absorbed in Maya - it cannot escape it, my friend. |
| ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥ | Nanak, it is like a picture painted on the wall - it cannot leave it. \|\|37\|\| |
| ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ | The man wishes for something, but something different happens. |
| ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥ | He plots to deceive others, O Nanak, but he places the noose around his own neck instead. \|\|38\|\| |
| ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ | People make all sorts of efforts to find peace and pleasure, but no one tries to earn pain. |
| ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥ | Says Nanak, listen, mind: whatever pleases God comes to pass. \|\|39\|\| |
| ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ | The world wanders around begging, but the Lord is the Giver of all. |
| ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥ | Says Nanak, meditate in remembrance on Him, and all your works will be successful. \|\|40\|\| |
| ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ | Why do you take such false pride in yourself? You must know that the world is just a dream. |
| ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥ | None of this is yours; Nanak proclaims this truth. \|\|41\|\| |
| ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥ | You are so proud of your body; it shall perish in an instant, my friend. |
| ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥ | That mortal who chants the Praises of the Lord, O Nanak, conquers the world. \|\|42\|\| |
| ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥ | That person, who meditates in remembrance on the Lord in his heart, is liberated - know this well. |

| | |
|---|---|
| ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥ | There is no difference between that person and the Lord: O Nanak, accept this as the Truth. \|\|43\|\| |
| ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ | That person, who does not feel devotion to God in his mind |
| ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥ | - O Nanak, know that his body is like that of a pig, or a dog. \|\|44\|\| |
| ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥ | A dog never abandons the home of his master. |
| ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥ | O Nanak, in just the same way, vibrate, and meditate on the Lord, single-mindedly, with one-pointed consciousness. \|\|45\|\| |
| ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ | Those who make pilgrimages to sacred shrines, observe ritualistic fasts and make donations to charity while still taking pride in their minds |
| ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ | - O Nanak, their actions are useless, like the elephant, who takes a bath, and then rolls in the dust. \|\|46\|\| |
| ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ | The head shakes, the feet stagger, and the eyes become dull and weak. |
| ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥ | Says Nanak, this is your condition. And even now, you have not savored the sublime essence of the Lord. \|\|47\|\| |
| **੧੪੨੯** | **1429** |
| ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥ | I had looked upon the world as my own, but no one belongs to anyone else. |
| ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥ | O Nanak, only devotional worship of the Lord is permanent; enshrine this in your mind. \|\|48\|\| |
| ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ | The world and its affairs are totally false; know this well, my friend. |
| ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥ | Says Nanak, it is like a wall of sand; it shall not endure. \|\|49\|\| |
| ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ | Raam Chand passed away, as did Raawan, even though he had lots of relatives. |

| | |
|---|---|
| ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥ | Says Nanak, nothing lasts forever; the world is like a dream. \|\|50\|\| |
| ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ | People become anxious, when something unexpected happens. |
| ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ | This is the way of the world, O Nanak; nothing is stable or permanent. \|\|51\|\| |
| ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ | Whatever has been created shall be destroyed; everyone shall perish, today or tomorrow. |
| ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥ | O Nanak, sing the Glorious Praises of the Lord, and give up all other entanglements. \|\|52\|\| |
| ਦੋਹਰਾ ॥ | Dohraa: |
| ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ | My strength is exhausted, and I am in bondage; I cannot do anything at all. |
| ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ | Says Nanak, now, the Lord is my Support; He will help me, as He did the elephant. \|\|53\|\| |
| ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ | My strength has been restored, and my bonds have been broken; now, I can do everything. |
| ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥ | Nanak: everything is in Your hands, Lord; You are my Helper and Support. \|\|54\|\| |
| ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ | My associates and companions have all deserted me; no one remains with me. |
| ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥ | Says Nanak, in this tragedy, the Lord alone is my Support. \|\|55\|\| |
| ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ | The Naam remains; the Holy Saints remain; the Guru, the Lord of the Universe, remains. |
| ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥ | Says Nanak, how rare are those who chant the Guru's Mantra in this world. \|\|56\|\| |
| ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥ | I have enshrined the Lord's Name within my heart; there is nothing equal to it. |

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥੧॥

Meditating in remembrance on it, my troubles are taken away; I have received the Blessed Vision of Your Darshan. ||57||1||

ਮੁੰਦਾਵਣੀ ਮਹਲਾ ੫ ॥

Mundaavanee, Fifth Mehl:

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

Upon this Plate, three things have been placed: Truth, Contentment and Contemplation.

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥

The Ambrosial Nectar of the Naam, the Name of our Lord and Master, has been placed upon it as well; it is the Support of all.

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

One who eats it and enjoys it shall be saved.

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

This thing can never be forsaken; keep this always and forever in your mind.

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

The dark world-ocean is crossed over, by grasping the Feet of the Lord; O Nanak, it is all the extension of God. ||1||

ਸਲੋਕ ਮਹਲਾ ੫ ॥

Shalok, Fifth Mehl:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥

I have not appreciated what You have done for me, Lord; only You can make me worthy.

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

I am unworthy - I have no worth or virtues at all. You have taken pity on me.

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥

You took pity on me, and blessed me with Your Mercy, and I have met the True Guru, my Friend.

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

O Nanak, if I am blessed with the Naam, I live, and my body and mind blossom forth. ||1||

ੴ ਸਤਿਗੁਰ ਪ੍ਰਸਾਦਿ

One Universal Creator God.
By The Grace Of The True Guru:

ਰਾਗ ਮਾਲਾ ॥

Raag Maalaa:

ਰਾਗ ਏਕ ਸੰਗਿ ਪੰਚ ਬਰੰਗਨ ॥

Each Raga has five wives,

ਸੰਗਿ ਅਲਾਪਹਿ ਆਠਉ ਨੰਦਨ ॥

and eight sons, who emit distinctive notes.

ਪ੍ਰਥਮ ਰਾਗ ਭੈਰਉ ਵੈ ਕਰਹੀ ॥

In the first place is Raag Bhairao.

| ੧੪੩੦ | 1430 |
|---|---|
| ਪੰਚ ਰਾਗਨੀ ਸੰਗਿ ਉਚਰਹੀ ॥ | It is accompanied by the voices of its five Raaginis: |
| ਪ੍ਰਥਮ ਭੈਰਵੀ ਬਿਲਾਵਲੀ ॥ | First come Bhairavee, and Bilaavalee; |
| ਪੁੰਨਿਆਕੀ ਗਾਵਹਿ ਬੰਗਲੀ ॥ | then the songs of Punni-aakee and Bangalee; |
| ਪੁਨਿ ਅਸਲੇਖੀ ਕੀ ਭਈ ਬਾਰੀ ॥ | and then Asalaykhee. |
| ਏ ਭੈਰਉ ਕੀ ਪਾਚਉ ਨਾਰੀ ॥ | These are the five consorts of Bhairao. |
| ਪੰਚਮ ਹਰਖ ਦਿਸਾਖ ਸੁਨਾਵਹਿ ॥ | The sounds of Pancham, Harakh and Disaakh; |
| ਬੰਗਾਲਮ ਮਧੁ ਮਾਧਵ ਗਾਵਹਿ ॥੧॥ | the songs of Bangaalam, Madh and Maadhav. \|\|1\|\| |
| ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ | Lalat and Bilaaval - each gives out its own melody. |
| ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥ | when these eight sons of Bhairao are sung by accomplished musicians. \|\|1\|\| |
| ਦੁਤੀਆ ਮਾਲਕਉਸਕ ਆਲਾਪਹਿ ॥ | In the second family is Maalakausak, |
| ਸੰਗਿ ਰਾਗਨੀ ਪਾਚਉ ਥਾਪਹਿ ॥ | who brings his five Raaginis: |
| ਗੋਂਡਕਰੀ ਅਰੁ ਦੇਵਗੰਧਾਰੀ ॥ | Gondakaree and Dayv Gandhaaree, |
| ਗੰਧਾਰੀ ਸੀਹੁਤੀ ਉਚਾਰੀ ॥ | the voices of Gandhaaree and Seehutee, |
| ਧਨਾਸਰੀ ਏ ਪਾਚਉ ਗਾਈ ॥ | and the fifth song of Dhanaasaree. |
| ਮਾਲ ਰਾਗ ਕਉਸਕ ਸੰਗਿ ਲਾਈ ॥ | This chain of Maalakausak brings along : |
| ਮਾਰੂ ਮਸਤਅੰਗ ਮੇਵਾਰਾ ॥ | Maaroo, Masta-ang and Mayvaaraa, |
| ਪ੍ਰਬਲਚੰਡ ਕਉਸਕ ਉਭਾਰਾ ॥ | Prabal, Chandakausak, |
| ਖਉਖਟ ਅਉ ਭਉਰਾਨਦ ਗਾਏ ॥ | Khau, Khat and Bauraanad singing. |
| ਅਸਟ ਮਾਲਕਉਸਕ ਸੰਗਿ ਲਾਏ ॥੧॥ | These are the eight sons of Maalakausak. \|\|1\|\| |
| ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥ | Then comes Hindol with his five wives and eight sons; |
| ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥ | it rises in waves when the sweet-voiced chorus sings. \|\|1\|\| |
| ਤੇਲੰਗੀ ਦੇਵਕਰੀ ਆਈ ॥ | There come Taylangee and Darvakaree; |
| ਬਸੰਤੀ ਸੰਦੂਰ ਸੁਹਾਈ ॥ | Basantee and Sandoor follow; |
| ਸਰਸ ਅਹੀਰੀ ਲੈ ਭਾਰਜਾ ॥ | then Aheeree, the finest of women. |

| | |
|---|---|
| ਸੰਗਿ ਲਾਈ ਪਾਂਚਉ ਆਰਜਾ ॥ | These five wives come together. |
| ਸੁਰਮਾਨੰਦ ਭਾਸਕਰ ਆਏ ॥ | The sons: Surmaanand and Bhaaskar come, |
| ਚੰਦ੍ਰਬਿੰਬ ਮੰਗਲਨ ਸੁਹਾਏ ॥ | Chandrabinb and Mangalan follow. |
| ਸਰਸਬਾਨ ਅਉ ਆਹਿ ਬਿਨੋਦਾ ॥ | Sarasbaan and Binodaa then come, |
| ਗਾਵਹਿ ਸਰਸ ਬਸੰਤ ਕਮੋਦਾ ॥ | and the thrilling songs of Basant and Kamodaa. |
| ਅਸਟ ਪੁਤ੍ਰ ਮੈ ਕਹੇ ਸਵਾਰੀ ॥ | These are the eight sons I have listed. |
| ਪੁਨਿ ਆਈ ਦੀਪਕ ਕੀ ਬਾਰੀ ॥੧॥ | Then comes the turn of Deepak. \|\|1\|\| |
| ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥ | Kachhaylee, Patamanjaree and Todee are sung; |
| ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥ | Kaamodee and Goojaree accompany Deepak. \|\|1\|\| |
| ਕਾਲੰਕਾ ਕੁੰਤਲ ਅਉ ਰਾਮਾ ॥ | Kaalankaa, Kuntal and Raamaa, |
| ਕਮਲਕੁਸਮ ਚੰਪਕ ਕੇ ਨਾਮਾ ॥ | Kamalakusam and Champak are their names; |
| ਗਉਰਾ ਅਉ ਕਾਨਰਾ ਕਲ੍ਯ੍ਯਾਨਾ ॥ | Gauraa, Kaanaraa and Kaylaanaa; |
| ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥ | these are the eight sons of Deepak. \|\|1\|\| |
| ਸਭ ਮਿਲਿ ਸਿਰੀਰਾਗ ਵੈ ਗਾਵਹਿ ॥ | All join together and sing Siree Raag, |
| ਪਾਂਚਉ ਸੰਗਿ ਬਰੰਗਨ ਲਾਵਹਿ ॥ | which is accompanied by its five wives.: |
| ਬੈਰਾਰੀ ਕਰਨਾਟੀ ਧਰੀ ॥ | Bairaaree and Karnaatee, |
| ਗਵਰੀ ਗਾਵਹਿ ਆਸਾਵਰੀ ॥ | the songs of Gawree and Aasaavaree; |
| ਤਿਹ ਪਾਛੈ ਸਿੰਧਵੀ ਅਲਾਪੀ ॥ | then follows Sindhavee. |
| ਸਿਰੀਰਾਗ ਸਿਉ ਪਾਂਚਉ ਥਾਪੀ ॥੧॥ | These are the five wives of Siree Raag. \|\|1\|\| |
| ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥ | Saaloo, Saarang, Saagaraa, Gond and Gambheer |
| ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥ | - the eight sons of Siree Raag include Gund, Kumb and Hameer. \|\|1\|\| |
| ਖਸਟਮ ਮੇਘ ਰਾਗ ਵੈ ਗਾਵਹਿ ॥ | In the sixth place, Maygh Raag is sung, |
| ਪਾਂਚਉ ਸੰਗਿ ਬਰੰਗਨ ਲਾਵਹਿ ॥ | with its five wives in accompaniment: |
| ਸੋਰਠਿ ਗੋਂਡ ਮਲਾਰੀ ਧੁਨੀ ॥ | Sorat'h, Gond, and the melody of Malaaree; |

| | |
|---|---|
| ਪੁਨਿ ਗਾਵਹਿ ਆਸਾ ਗੁਨ ਗੁਨੀ ॥ | then the harmonies of Aasaa are sung. |
| ਊਚੈ ਸੁਰਿ ਸੂਹਉ ਪੁਨਿ ਕੀਨੀ ॥ | And finally comes the high tone Soohau. |
| ਮੇਘ ਰਾਗ ਸਿਉ ਪਾਂਚਉ ਚੀਨੀ ॥੧॥ | These are the five with Maygh Raag. \|\|1\|\| |
| ਬੈਰਾਧਰ ਗਜਧਰ ਕੇਦਾਰਾ ॥ | Bairaadhar, Gajadhar, Kaydaaraa, |
| ਜਬਲੀਧਰ ਨਟ ਅਉ ਜਲਧਾਰਾ ॥ | Jabaleedhar, Nat and Jaladhaaraa. |
| ਪੁਨਿ ਗਾਵਹਿ ਸੰਕਰ ਅਉ ਸਿਆਮਾ ॥ | Then come the songs of Shankar and Shi-aamaa. |
| ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ | These are the names of the sons of Maygh Raag. \|\|1\|\| |
| ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ | So all together, they sing the six Raagas and the thirty Raaginis, |
| ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥ | and all the forty-eight sons of the Raagas. \|\|1\|\|1\|\| |